गांधी
गाथा

# ਸਾਚੀ ਸਾਖੀ

['ਕਮੀਊਨਲ ਅਵਾਰਡ' ਦੇ ਪਿਛੋਕੜ ਵਿਚ ਸਿੱਖ ਤਵਾਰੀਖ ਅਤੇ ਹਿੰਦੁਸਤਾਨ ਦੇ ਇਤਿਹਾਸ ਦੇ ਸਿਧਾਂਤਕ ਤੱਤਾਂ ਦਾ ਨਿਰਣਾ ਅਤੇ ਪਿਛਲੇਰੇ ਚੌਂਹ ਦਹਾਕਿਆਂ ਦੇ ਕੁਝ ਅਖੀਂ ਡਿਠੇ ਹਾਲ ।]


ਕਰਤਾ :

**ਸਿਰਦਾਰ ਕਪੂਰ ਸਿੰਘ**, ਐਮ.ਏ., (ਪੰਜਾਬ), ਐਮ.ਏ., (ਕੰਟਬ)., ਭੂਤਪੂਰਵ ਆਈ. ਸੀ. ਐਸ., ਧਾਰਮਿਕ ਪ੍ਰੋਫੈਸਰ, ਖਾਲਸਾ ਕਾਲਜ, ਬੰਬਈ, ਮੈਂਬਰ ਪਾਰਲੀਮੈਂਟ (ਲੋਕਸਭਾ), ਮੈਂਬਰ ਪੰਜਾਬ ਵਿਧਾਨ ਸਭਾ, ਆਦਿ

ਡਾਕਟਰ ਗੰਡਾ ਸਿੰਘ,
ਐਮ.ਏ., ਪੀ.ਐਚ.ਡੀ., ਡੀ. ਲਿੱਟ ਲਿਖਤ ਮੁਖਬੰਧ ਸਹਿਤ



**ਪ੍ਰਕਾਸ਼ਕ** : ਰਾਜ ਰੂਪ ਪ੍ਰਕਾਸ਼ਨ, ਜਲੰਧਰ ।

**ਮੁਦ੍ਰਿਕ** : ਮਨਜੀਤ ਪ੍ਰਿੰਟ੍ਰਿਗ ਪ੍ਰੈਸ, ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ, ਅਤੇ ਗੌਡਵਿਨ ਪ੍ਰਿੰਟ੍ਰਜ਼, ਚੰਡੀਗੜ੍ਹ ।



Copyright 1972 KAPUR SINGH


Rs 2 5 60

ਸੰਤਨਿ ਕੀ ਸੁਣਿ ਸਾਚੀ ਸਾਖੀ, ਸੋ ਬੋਲਹਿ ਜੋ ਪੇਖਹਿ ਆਖੀ ।

—ਗੁਰੂ ਗ੍ਰੰਥ ਸਾਹਿਬ, ਰਾਮਕਲੀ, v, 25, 36.

**ਇਸੇ ਕਲਮ ਦੀਆਂ ਹੋਰ ਰਚਨਾਵਾਂ :-**

1. **ਹਸ਼ੀਸ਼** (ਕਵਿਤਾ)
2. **ਪੁੰਦ੍ਰੀਕ** (ਸਾਂਸਕ੍ਰਿਤਕ ਨਿਬੰਧ)
3. **ਬਹੁ ਵਿਸਤਾਰ** (ਇਤਿਹਾਸਿਕ ਤੇ ਧਾਰਮਿਕ ਨਿਬੰਧ)
4. **ਸਪਤ ਸ਼੍ਰਿੰਗ** (ਮਹਾਨ ਜੀਵਨੀਆਂ)
5. Sacred writings of the Sikhs, (et al, UNESCO)
6. Parasharprasna (A thesis on the status and singnificance of Sikhism)
7. Me Judice (A miscellany)–in Press

500 ਕਾਪੀ, 1972.

# ਤਤਕਰਾ


| | |
|---|---|
| **ਸ਼ੁੱਧੀ ਪਤ੍ਰ** | |
| **ਭੂਮਿਕਾ** | (i)—(xi) |
| **ਮੁਖਬੰਧ** | ੧—੮ |
| **ਕਮਊਨਲ ਅਵਾਰਡ** | ੯—੧੦੧ |
| **ਅੰਤਿਕਾ** ॥੧॥ ਸੈਕੂਲਰ ਹਿੰਦੂ ਰਾਜ ਦਾ ਪ੍ਰਾਰੰਭ | ੧੦੩—੧੩੦ |
| **ਅੰਤਿਕਾ** ॥੨॥ ਅਗਮ ਨਿਗਮ ਦੀ ਗੱਲ | ੧੩੧—੧੩੨ |
| **ਅੰਤਿਕਾ** ॥੩॥ ਲੋਕ ਸਭਾ ਵਿਚ ਭਾਸ਼ਨ | ੧੩੩—੧੪੩ |
| **ਅੰਤਿਕਾ** ॥੪॥ ਪੰਥ ਨੂੰ ਕੌਡੀਆਂ ਦੇ ਭਾਅ ਵੇਚਿਆ | ੧੪੫—੧੪੭ |
| **ਅੰਤਿਕਾ** ॥੫॥ ਜਿਨਾਹ ਨੂੰ ਮਿਲਣ ਤੋਂ ਇਨਕਾਰ | ੧੪੮—੧੫੦ |

# ਸ਼ੁੱਧੀ ਪਤ੍ਰ

(ਲੇਖਕ ਅਤੇ ਛਾਪਕ, ਦੋਹਾਂ ਦੇ ਯਤਨਾਂ ਦੇ ਬਾਵਜੂਦ ਬਹੁਤ ਅਸ਼ੁਧੀਆਂ ਇਸ ਪੁਸਤਕ ਦੀ ਛਾਪ ਵਿਚ ਰਹਿ ਗਈਆਂ ਹਨ। ਵਡੀਆਂ ਤੇ ਠੋਸ ਅਸ਼ੁੱਧੀਆਂ ਤਾਂ ਦਰਜਨ ਦੇ ਕਰੀਬ ਹੀ ਹਨ, ਪਰ ਅਨੇਕ ਅਸ਼ੁੱਧੀਆਂ, ਇਸ ਕਿਤਾਬ ਦਾ ਟਾਇਪ ਛੋਟੇ ਪੁਆਇੰਟ ਦੇ ਹੋਣ ਦੇ ਕਾਰਣ ਲਗਾਂ ਮਾਤ੍ਰਾਂ ਯਾ ਅਖਰ, ਛਾਪਣ ਸਮੇਂ ਡਿਗ ਜਾਣ ਕਰਕੇ, ਬਣ ਗਈਆਂ ਹਨ। ਐਸੀਆਂ ਅਸ਼ੁੱਧੀਆਂ ਦਾ ਤਤਕਰਾ ਦੇਣਾ ਕਠਨ ਭੀ ਹੈ, ਤੇ ਇਹ ਵਿਸ਼ਵਾਸ ਭੀ ਹੈ ਕਿ ਸੋਝੀਵਾਨ ਪਾਠਕ ਇਨ੍ਹਾਂ ਭੁੱਲਾਂ ਚੁੱਕਾਂ ਦਾ ਸੁਧਾਰ ਆਪ ਹੀ ਕਰ ਲੈਣਗੇ। ਇਸ ਕਰਕੇ, ਹੇਠਾਂ ਕੁਝਕੁ ਮੋਟੀਆਂ ਮੋਟੀਆਂ ਅਸ਼ੁਧੀਆਂ ਦਰਸਾਈਆਂ ਜਾਂਦੀਆਂ ਹਨ।)

| ਸਫਾ | ਸਤਰ | ਅਸ਼ੁਧ | ਸ਼ੁਧ |
|---|---|---|---|
| 23 | 24 | ਕੇਦ੍ਰਿਤ | ਕੇਂਦ੍ਰਿਤ |
| 27 | 6 | (ਅਲਫ਼ ਬਾਨੀ) | (ਅਲਫ਼ ਬਾਨੀ) |
| 34 | 4 | ਜੀਵੇਂਬਹਮੇਵ | ਜੀਵੋ ਬ੍ਰਹਮੇਵ |
| 34 | 14 | ਕਿਤ੍ਰ | ਕਿੰਤ੍ਰ |
| 37 | 25 | ਸਿਧ | ਸਿੰਧ |
| 40 | 1 | ਸਾਹਿਥ | ਸਾਹਿਬ |
| 41 | 2 | ਪਭ੍ਰੂ-ਭਗਤੀ | ਪ੍ਰਭੂ-ਭਗਤੀ |
| ,, | 4 | ਾਸਖ਼ਮਤ | ਸਿਖ ਮਤ |
| ,, | 9 | ਭਮਣ | ਭ੍ਰਮਣ |
| 45 | 1 | ਅਸੇ | ਐਸੇ |
| ,, | ,, | ਸਾਹਮਣ | ਸਾਹਮਣੇ |
| ,, | 18 | ਨਿੱਤਪਰਵਾਰ | ਨਿੱਤ ਪਰਵਾਹ |
| 47 | 32 | [illegible] | [illegible] |
| 49 | 5 | ਅਤਮ | ਅੰਤਮ |
| 51 | 1,2 | ਕਾਂਗੈਸ | ਕਾਂਗ੍ਰੈਸ |
| 53 | 16 | ਕਨਿਸ਼ਨ | ਕਮਿਸ਼ਨ |
| 54 | 33 | ਚਲੇ ਗਈ | ਚਲੀ ਗਈ |
| 62 | 4 | ਸੰਨ 1936 | ਸੰਨ 1938 |
| 63 | 33 | [illegible] | علم |
| 72 | 13 | ਸਜੀਠੀਆਂ | ਮਜੀਠੀਆ |
| 74 | 23 | ਸਾਹੇਸ਼ | ਸਾਰੇਸ਼ |

| ਸਫਾ | ਸਤਰ | ਅਸ਼ੁਧ | ਸ਼ੁਧ |
|---|---|---|---|
| ,, | 25 | ਪਿਹਲਾ | ਪਹਿਲਾਂ |
| 79 | 28 | ਪ੍ਰਤਿਸ਼ਤਾ | ਪ੍ਰਤਿਸ਼ਠਾ |
| ,, | 30 | ਸੈਕਲਰ | ਸੈਕੂਲਰ |
| ,, | 31 | ਮਖੀ | ਮੁਖੀ |
| 82 | 4 | ਤਿਸਕਾਰ | ਤ੍ਰਿਸਕਾਰ |
| 92 | 32 | ਮਰਖਤਾ | ਮੂਰਖਤਾ |
| 93 | 6 | ਕਾਬ | ਕਾਬੂ |
| ,, | 28 | **ਲਾਹੌਰ** | **ਦਿੱਲੀ** |
| 95 | 28 | ਫੇਰਨ | ਫੇਰਨ |
| 103 | 17 | ਅਪ੍ਰਸੰਸ਼ਾ ਕਾਹਣ | ਅਪ੍ਰਸੰਸ਼ਾ ਕਾਰਣ |
| 107 | 18 | ''ਇਸ ਨੀਤੀ | ਇਸ ਨੀਤੀ |
| ,, | 21 | ਇਹਵਾਂ | ਇਹ |
| ,, | 22 | ਤੇਦੋ | ਅਤੇ |
| ,, | 25 | ''ਕਰਦਿਆਂ | ਕਰਦਿਆਂ |
| 112 | 6 | ਦੇ ਅਪਫ | ਅਫਸਰ |
| ,, | 32 | ਸੇਫਟੀ ਐਕਟ | ਸੇਫਟੀ ਐਕਟ |
| 113 | 23 | ਮਰੇ | ਮੇਰੇ |
| ,, | 26 | ਭੰਗੀਰ | ਗੰਭੀਰ |
| 118 | 11 | ਬਦੋਬਦੀ | ਬਦੋਬਦੀ |
| 119 | 21 | ਦੇਵਵਗਾ | ਦੇ ਦੇਵੇਗਾ |
| 125 | 32 | ਮਗਰੋਂ ਵ | ਮਗਰੋਂ ਭੀ |
| 129 | 10 | ਕਾਨੂਨ, ਵਿਧਾਨੂੰ ਦੋਸੀ ਦੇ | ਕਾਨੂਨ ਵਿਧਾਨ ਨੂੰ ਤੋੜ ਕੇ, ਦੋਸ਼ੀ ਦੇ |
| 131 | 1 | **ਬੰਦ੍ਰਬਦਨ** | **ਚੰਦ੍ਰਬਦਨ** |
| ,, | 25 | ਮੇਰੇ ਮਨੁ | ਮੇਰੇ ਮਨ |
| 132 | 19 | ਮਾਹਾਨ | ਮਹਾਨ |
| 136 | 7 | ਜਾਵੇ ਕਿ | ਜਾਵੇ ਜਿਥੇ ਕਿ |
| 149 | 20 | ਕਰ ਦਿਤਾ | ਕਰ ਦਿਤੀ |

## ਭੂਮਿਕਾ

ਜਿਵੇਂ ਕਿ ਡਾਕਟਰ ਗੰਡਾ ਸਿੰਘ ਜੀ ਨੇ ਅਗੇ ਛਪੇ 'ਮੁਖਬੰਧ' ਵਿਚ ਕਿਹਾ ਹੈ, ਇਸ ਪੁਸਤਕ ਦੇ ਮੂਲ ਲੇਖ, 'ਕਮੀਊਨਲ ਅਵਾਰਡ' ਨੂੰ ਇਕ ਹੋਰ ਗ੍ਰੰਥ ਦੇ ਅਧਿਆਇ ਦੇ ਰੂਪ ਵਿਚ, ਸੰਨ 1960 ਵਿਚ ਲਿਖਿਆ ਗਿਆ ਸੀ। ਉਸ ਗ੍ਰੰਥ ਵਿਚ ਇਹ ਲੇਖ ਸੰਨ 1962 ਵਿਚ ਇਸ ਕਾਰਣ ਨਾ ਛਾਪਿਆ ਗਿਆ ਕਿ ਇਸ ਦਾ ਅਕਾਰ ਭੀ ਵਡੇਰਾ ਹੈ ਅਤੇ ਇਸ ਦਾ ਵਿਸ਼ਾ ਨਿਰੂਪਣ ਭੀ ਇਕ ਸੁਤੰਤਰ ਪੁਸਤਕ ਦੇ ਹਾਣ ਦਾ ਹੈ ਅਤੇ ਇਸ ਨੂੰ ਹੋਰਨਾਂ ਲੇਖਾਂ ਦਾ ਪਿਛਲਗ ਲੇਖ ਬਨਾਉਣਾ ਅਯੋਗ ਹੋਵੇਗਾ।

ਇਉਂ ਇਹ ਲੇਖ, 'ਕਮੀਊਨਿਲ ਅਵਾਰਡ,' ਕਿਸੇ ਚੰਗੇ ਸਮੇਂ ਦੀ ਉਡੀਕ ਵਿਚ ਕਈ ਵਰ੍ਹੇ ਪਿਆ ਰਿਹਾ ਅਤੇ ਕਿਤੇ ਸੰਨ 1968 ਵਿਚ ਜਾਕੇ ਇਸ ਨੂੰ ਪੁਸਤਕ ਰੂਪ ਵਿਚ ਛਾਪਣ ਦੇ ਕੁਝ ਸਾਧਨ ਬਣਦੇ ਨਜ਼ਰ ਆਏ।

ਡਾਕਟਰ ਗੰਡਾ ਸਿੰਘ ਜੀ ਤੋਂ ਮੈਂ ਇਸ ਲੇਖ ਵਿਚ ਨਿਰੂਪਣ ਕੀਤੇ ਹੋਏ ਆਪਣੇ ਇਸ ਇਤਿਹਾਸਕ ਵਿਸ਼ਲੇਸ਼ਨ ਦੀ ਪਰਵਾਨਗੀ ਮੰਗੀ ਸੀ, ਕਿ (1) ਸਤ੍ਹਾਂਰਵੀਂ, ਅਠ੍ਹਾਰਵੀਂ ਸਦੀ ਦਾ, ਮੁਗ਼ਲ ਸਾਮਰਾਜ ਨਾਲ ਸਿਖ ਮੱਤ ਤੇ ਸਿਖ ਪੰਥ ਦਾ ਸੰਘਰਸ਼, ਕੋਈ ਐਵੇਂ ਓਪਰੀ ਤੇ ਇਤਫਾਕਿਆ ਘਟਨਾ ਨਹੀ ਸੀ, ਸਗੋਂ ਬੁਨਿਆਦੀ ਆਤਮਿਕ ਤੇ ਸਮਾਜਕ ਸਿਧਾਂਤਾਂ ਦਾ ਭੇੜ ਸੀ, ਅਤੇ (2) ਸ਼ੇਖ਼ ਮੁਜੱਦਦ ਅਲਫਥਾਨੀ ਸਿਰਹੰਦੀ, ਇਸਲਾਮ ਦੇ ਝੰਡੇ ਹੇਠਾਂ, ਇਸ ਸੰਘਰਸ਼ ਦਾ ਜਰਨੈਲ ਸੀ, ਜਿਸ ਨੇ ਅਤੇ ਜਿਸ ਦੇ ਉਤ੍ਰਾਧਿਕਾਰੀ ਗੱਦੀਦਾਰਾਂ ਨੇ ਸਾਹਿਬ ਪੰਚਮ ਪਾਤਸ਼ਾਹ ਨੂੰ ਕਤਲ ਕਰਾਇਆ, ਗੁਰੂ ਹਰ ਗੋਬਿੰਦ ਨੂੰ ਮਰਵਾਉਣ ਦੀ ਕੋਸ਼ਸ਼ ਕੀਤੀ ਤੇ ਬੰਦੀਖ਼ਾਨੇ ਪੁਵਾਇਆ, ਗੁਰੂ ਹਰਿਕ੍ਰਿਸ਼ਨ ਨੂੰ ਸਮਾਪਤ ਕਰਨ ਦਾ ਯਤਨ ਕੀਤਾ, ਗੁਰੂ ਤੇਗ਼ ਬਹਾਦਰ ਦਾ ਸੀਸ ਕਲਮ ਕਰਵਾਇਆ, ਸ਼ੀਰਖੋਰ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚੁਣਵਾਇਆ, ਸਾਹਿਬ ਦਸਮਪਾਤਸ਼ਾਹ ਉਤੇ ਘਾਤਕ ਹਮਲਾ ਕਰਵਾਇਆ, ਸਿਖਾਂ ਵਿਰੁਧ ਕਤਲੇਆਮ ਦਾ ਸ਼ਾਹੀ ਹੁਕਮ ਜਾਰੀ ਕਰਵਾਇਆ, ਬੰਦਾ ਸਿੰਘ ਅਤੇ ਉਸ ਤੇ ਸਾਥੀਆਂ ਨੂੰ ਦਿੱਲੀ ਵਿਚ ਕਤਲ ਕਰਵਾਇਆ, ਵਡੇ ਘਲੂਘਾਰੇ ਦੇ ਸੰਚਾਲਕ ਬਣੇ ਅਤੇ ਉਨ੍ਹੀਵੀਂ ਸਦੀ ਵਿਚ ਅਹਿਮਦਸ਼ਾਹ ਬਰੇਲਵੀ ਦੀ ਸਿਰਕਰਦਗੀ ਵਿਚ ਸਿਖਰਾਜ ਦੇ ਵਿਰੁੱਧ ਜਹਾਦ ਦਾ ਝੰਡਾ ਖੜ੍ਹਾ ਕੀਤਾ। ਇਹੋ ਸਿਧਾਂਤਕ ਰੁਚੀਆ ਹੀ 'ਕਮੀਊਨਿਲ ਅਵਾਰਡ' ਅਤੇ ਪਾਕਿਸਤਾਨ ਦੀ ਸਥਾਪਤੀ ਦੀ ਪਿਠ ਉੱਤੇ ਹਨ।

ਤੀਜਾ ਨੁਕਤਾ (3) ਮੈਂ ਅਪਣੇ ਲੇਖ, 'ਕਮੀਊਨਲ ਅਵਾਰਡ, ਵਿਚ ਇਹ ਪੈਦਾ ਕੀਤਾ ਸੀ ਕਿ ਵਯਾਕਰਣ ਅਤੇ ਥੋਲੀ ਦਾ ਆਧਾਰ ਕੁਝ ਪਾਰਭੌਤਕ (metaphysical) ਪੂਰਵ-ਕਲਪਨਾਵਾਂ (postulates) ਹਨ ਜਿਨ੍ਹਾਂ ਦੀ ਤਰਕ-ਸਿੱਧੀ ਤਾਂ ਸੰਭਵ

ਨਹੀਂ ਪਰ ਜਿਨ੍ਹਾਂ ਨੂੰ ਸ੍ਵੀਕਾਰ ਕੀਤੇ ਬਿਨਾਂ ਅਸੀਂ ਭਾਸ਼ਾ ਤੇ ਵਯਾਕਰਣ ਨੂੰ ਨ ਹੀ ਸਮਝ ਸਕਦੇ ਹਾਂ ਅਤੇ ਨਾ ਸੀ ਅਧਯਨ ਕਰ ਸਕਦੇ ਹਾਂ। ਇਹ ਪੂਰਵ-ਕਲਪਨਾਵਾਂ ਮਨੁਖੀ ਮਨ ਦੇ ਅਧਿਆਤਮਕ ਤੱਤ ਦੀਆਂ ਹੀ ਰੁਚੀਆਂ ਹਨ, ਜਿਨ੍ਹਾਂ ਵਿਚੋਂ ਭਾਸ਼ਾ ਦੀ ਵਾਕ ਬਣਤਰ ਅਤੇ ਵਯਾਕਰਣ ਦਾ ਨਿਕਾਸ ਹੁੰਦਾ ਹੈ। ਵਿਭਕਤਿ, ਸੰਗਿਆ, ਲਿੰਗ, ਪੁਰਸ਼ ਆਦਿ ਵਯਾਕਰਣ ਦੇ ਅੰਗਾਂ ਦੀਆਂ ਜੜ੍ਹਾਂ ਇਨਾਂ ਪੂਰਵ-ਕਲਪਨਾਵਾਂ ਵਿਚ ਹੀ ਸਥਿਤ ਹਨ। ਸੰਸਕ੍ਰਿਤ ਦੇ ਗ੍ਰੰਥ 'ਵਾਕਪਦੀਯ' (ਬ੍ਰਹਮਕਾਂਡ, ੧੬) ਵਿਚ ਜੋ ਕਿਹਾ ਗਿਆ ਹੈ ਕਿ "ਵਿਯਾਕਰਣ ਮੋਕਸ਼ ਪ੍ਰਾਪਤੀ ਦੀ ਪੌੜੀ ਦਾ ਪਹਿਲਾ ਡੰਡਾ ਹੈ ਅਤੇ ਨਿਰਵਾਣ ਪਦ ਪ੍ਰਾਪਤੀ ਦੇ ਜਗਿਆਸੂਆਂ ਲਈ ਇਹ ਰਾਜਪੱਥ ਸਮਾਨ ਹੈ", ਉਸ ਦਾ ਇਹੋ ਰਹੱਸਯ ਹੈ ਕਿ ਭਾਸ਼ਾ ਵਿਗਿਆਨ ਦੀਆਂ ਪੂਰਵ-ਕਲਪਨਾਵਾਂ ਮਨੁਖੀ ਮਨ ਦੇ ਤੱਤਾਂ ਨੂੰ ਸਮਝਣ ਅਤੇ ਅਧਿਆਤਮਕ ਵਿਦਿਆ ਦੀ ਪ੍ਰਾਪਤੀ ਵਿਚ ਸਹਾਇਕ ਹੋ ਸਕਦੀਆਂ ਹਨ। ਇਉਂ ਵਿਚਾਰਿਆਂ, 'ਕਮੀਊਨਿਲ ਅਵਾਰਡ' ਸ਼ਬਦ ਦੀ ਵਯਾਕਰਣਕ ਚੀਰਫਾੜ ਕਰਨ ਨਾਲ, ਉਹਨਾਂ ਇਤਿਹਾਸਕ ਤੱਥਾਂ ਨੂੰ ਠੀਕ ਸਮਝਿਆ ਜਾ ਸਕਦਾ ਹੈ, ਜਿਸ ਦੀ 'ਕਮੀਊਨਲ ਅਵਾਰਡ' ਅਤੇ ਇਸ ਦਾ ਅੱਗਾ ਪਿੱਛਾ ਉਪਜ ਹੈ।

ਡਾਕਟਰ ਗੰਡਾ ਸਿੰਘ ਜੀ ਜਿਸ ਇਤਿਹਾਸਕਾਰਾਂ ਦੀ ਪ੍ਰਣਾਲੀ ਦੇ ਸਿਰਮੌਰ ਹਨ, ਉਸ ਕੋਲੋਂ ਮੈਂ ਇਸ ਤੀਸਰੇ ਨੁਕਤੇ ਦੀ ਪਰਵਾਨਗੀ ਦੀ ਤਾਂ ਆਸ ਹੀ ਨਹੀਂ ਸੀ ਰਖਦਾ, ਪਰ ਪਹਿਲੇ ਨੁਕਤੇ (1) ਨੂੰ ਉਹਨਾਂ ਨੇ ਪਰਵਾਣ ਕਰ ਲਿਆ। ਦੂਜੇ ਨੁਕਤੇ (2) ਬਾਬਤ ਕਿੰਤੂ ਕੀਤਾ ਕਿ ਜਿਤਨਾ ਚਿਰ ਕੋਈ ਅਜੇਹੀ ਲਿਖਤ ਮੁਜੱਦਦ ਅਲਫ ਥਾਨੀ ਦੀ ਆਪਣੀ ਨਹੀਂ ਲੱਭ ਪੈਂਦੀ ਜਿਸ ਵਿਚ ਉਸ ਨੇ ਗੁਰੂ ਅਰਜਨ ਦੇਵ ਦਾ ਨਾਮ ਯਾ ਸਪਸ਼ਟ ਸੰਕੇਤ ਕਰਕੇ ਗੁਰੂ ਸਾਹਿਬ ਦੀ ਸ਼ਹੀਦੀ ਦੀ ਤਾਈਦ ਕੀਤੀ ਹੋਵੇ, ਉਤਨਾ ਚਿਰ ਨੁਕਤੇ (2) ਨੂੰ ਕਬੂਲ ਕਰਨਾ ਕਠਨ ਹੈ। ਇਹ ਗਲ ਉਹਨਾਂ ਨੇ ਮੈਨੂੰ ਸੰਨ 1960 ਵਿਚ ਆਖੀ ਸੀ ਅਤੇ ਮੈਂ ਉਹਨਾਂ ਨੂੰ ਉਦੋਂ ਹੀ ਬੇਨਤੀ ਕੀਤੀ ਸੀ, ਕਿ ਮੈਨੂੰ ਆਪਣੀ ਯਾਦਦਾਸ਼ਤ ਉਤੇ ਭਰੋਸਾ ਹੈ ਕਿ ਅਜੇਹੀ ਸ਼ਹਾਦਤ, ਮੁਜੱਦਦ ਅਲਫ਼ਥਾਨੀ ਦੀਆਂ ਆਪਣੀਆਂ ਲਿਖਤਾਂ, 'ਮਕਤੂਬਾਤੇ ਅਮਾਮੇ ਰੱਬਾਨੀ' ਵਿਚ ਅੰਕਤ ਹੈ। ਪਰ, ਮੈਂ ਇਸ ਵੇਲੇ ਸ਼ਿਮਲੇ ਦੇ ਪਹਾੜਾਂ ਵਿਚ ਕੈਦ ਹੋਇਆ ਬੈਠਾ ਹਾਂ ਅਤੇ ਤੁਰ ਫਿਰ ਕੇ ਅਸਲ ਲਿਖਤ ਢੂੰਡ ਨਹੀਂ ਸਕਦਾ।

ਡਾਕਟਰ ਗੰਡਾ ਸਿੰਘ ਜੀ ਨੇ, ਇਸ ਤੋਂ ਛੇਤੀ ਹੀ ਪਿਛੋਂ ਇਹ ਸ਼ਹਾਦਤ ਆਪੂੰ ਲਭ ਲਈ। ਇਹ ਇਸ ਪ੍ਰਕਾਰ ਹੈ :

"ਇਹਨਾਂ ਦਿਨਾਂ ਵਿਚ ਹੀ ਜੋ ਗੋਇੰਦਵਾਲ ਦੇ ਭ੍ਰਸ਼ਟੇ ਹੋਏ ਕਾਫਰ ਨੂੰ ਕਤਲ ਕਰ ਦਿਤਾ ਗਿਆ ਹੈ, ਇਹ ਬੜੀ ਸ਼ੁਭ ਘਟਨਾ ਹੋਈ ਹੈ ਅਤੇ ਇਸ ਨਾਲ ਹਿੰਦੂਆਂ ਨੂੰ ਇਕ ਵੱਡੀ ਸਿਕਸ਼ਤ ਹੋਈ ਹੈ। ਉਸ ਨੂੰ ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਭੀ ਮਾਰ ਸੁਟਣ ਨਾਲ ਕਾਫਰਾਂ ਦੀ ਵਡੀ ਹਾਨੀ ਹੋਈ ਹੈ ਅਤੇ ਮੁਸਲਮਾਨਾਂ ਲਈ ਇਹ ਮਹਾਨ ਲਾਭ ਦੀ ਗੱਲ ਬਣੀ ਹੈ। ਇਸ ਬੇਈਮਾਨ ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਦਿੱਬ ਸੁਪਨਾ ਆਇਆ ਸੀ ਕਿ ਪਾਤਸ਼ਾਹ (ਜਹਾਂਗੀਰ) ਨੇ ਭ੍ਰਸ਼ਟ ਅਧਰਮ ਦਾ ਸਿਰ ਕੁਚਲ ਦਿਤਾ ਹੈ। ਇਸ ਵਿਚ ਸੰਸ਼ਾ ਨਹੀ ਕਿ ਉਹ (ਗੁਰੂਅਰਜਨ) ਕਾਫਰ ਹਿੰਦੂਆਂ ਦਾ ਜਗਦਗੁਰੂ ਸੀ ਤੇ ਅਧਾਰਮਿਕ

ਰੁਚੀਆ ਰੱਖਣ ਵਾਲਿਆਂ ਦਾ ਸ਼ਹਿਨਸ਼ਾਹ ਸੀ''.........ਆਦਿ*

ਇਉਂ ਜਦੋਂ ਮੈਨੂੰ ਅਪਣੇ ਮੁਢਲੇ ਵਿਚਾਰਾਂ ਦੀ ਪ੍ਰੌੜਤਾ ਡਾਕਟਰ ਗੰਡਾ ਸਿੰਘ ਜੀ ਵਰਗੇ ਚੂੜਾਮਣਿ ਇਤਿਹਾਸਕਾਰ ਕੋਲੋਂ ਭੀ ਮਿਲ ਗਈ ਤਾਂ ਮੈਂ 'ਸਾਚੀ ਸਾਖੀ' ਪੁਸਤਕ ਨੂੰ ਅੰਤਮ ਰੂਪ ਦੇਣਾ ਸ਼ੁਰੂ ਕਰ ਦਿਤਾ, ਜਿਸ ਦਾ ਸਿਟਾ ਕਿ ਇਹ ਪੁਸਤਕ ਹੁਣ ਤੁਹਾਡੇ ਹਥਾਂ ਵਿਚ ਹੈ।

ਇਸ ਪੁਸਤਕ ਵਿਚ ਪਹਿਲਾਂ ਤਾਂ 'ਕਮੀਊਨਲ ਅਵਾਰਡ' ਨਾਮੀ ਲੇਖ ਹੈ, ਅਤੇ ਫੇਰ ਪੰਜ ਅੰਤਿਕੇ ਆਉਂਦੇ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

ਅੰਤਿਕਾ ॥੧॥ ਉਹ ਲਿਖਤੀ ਬਿਆਨ ਹੈ, ਜਿਹੜਾ ਮੈਂ ਸੰਨ 1950 ਵਿਚ, ਉਸ ਵਿਭਾਗੀ ਪੜਤਾਲ ਵਿਚ ਦਿਤਾ, ਜਿਸ ਵਿਚ ਮੇਰੇ ਉਤੇ ਅਠ ਦਸ ਦੂਸ਼ਨ ਪੰਜਾਬ ਸਰਕਾਰ ਨੇ ਲਾਏ ਸਨ ਅਤੇ ਜਿਸ ਦੇ ਨਤੀਜੇ ਵਜੋਂ ਮੈਨੂੰ ਆਈ. ਸੀ. ਐਸ. ਦੀ ਪ੍ਰਤਿਸ਼ਟ ਨੌਕਰੀ ਤੋਂ, ਬਿਨਾਂ ਕਾਨੂੰਨ ਵਿਧਾਨ ਵਿਚਾਰੇ ਦੇ, ਹਟਾ ਦਿਤਾ ਗਿਆ।

ਇਥੇ ਦ੍ਰਿਸ਼ਟੀ ਗੋਚਰ ਰਖਣ ਵਾਲੀ ਗਲ ਇਹ ਹੈ ਕਿ ਜਿਹੜੇ ਵਾਕਿਆਤ ਤੇ ਤੱਥ ਇਸ ਲਿਖਤੀ ਬਿਆਨ ਵਿਚ ਮੈਂ ਵਰਨਣ ਕੀਤੇ ਹਨ, ਉਹਨਾਂ ਨੂੰ ਪੰਜਾਬ ਸਰਕਾਰ ਯਾ ਹਿੰਦ ਸਰਕਾਰ ਨੇ, ਕਿਸੇ ਪੱਧਰ ਉਤੇ ਭੀ, ਵਿਭਾਗੀ ਪੜਤਾਲ ਤੋਂ ਲੈ ਕੇ ਸੁਪ੍ਰੀਮਕੋਰਟ ਤਕ, ਨ ਤਾਂ ਮੰਨਣੋਂ ਤੇ ਤਸਲੀਮ ਕਰਨੋਂ ਇਨਕਾਰ ਕੀਤਾ ਹੈ ਅਤੇ ਨ ਹੀ ਹੋਰ ਕਿਵੇਂ ਝੁਠਲਾਉਣ ਦਾ ਯਤਨ ਕੀਤਾ ਹੈ। ਕਾਨੂੰਨ ਅਨੁਸਾਰ ਅਤੇ ਯਥਾਰਥ ਤੌਰ ਤੇ, ਇਸ ਦੇ ਅਰਥ ਏਹੋ ਬਣਦੇ ਹਨ ਕਿ ਇਹ ਤੱਥ ਅਤੇ ਇਹ ਵਾਕਿਆਤ, ਇੰਨ ਬਿੰਨ ਜਿਵੇਂ ਕਿ ਮੈਂ ਬਿਆਨੇ ਹਨ, ਸਰਕਾਰ ਨੇ ਸੱਚੇ ਤਸਲੀਮ ਕਰ ਲਏ ਹਨ।

ਇਸ ਪੁਸਤਕ ਵਿਚ 'ਕਮੀਊਨਲ ਅਵਾਰਡ' ਬਾਰੇ ਜੋ ਵਿਸ਼ਲੇਸ਼ਨ ਤੇ ਤਸ਼ਰੀਹ ਕੀਤੀ ਗਈ ਹੈ, ਉਸ ਨੂੰ ਸਮਝਣ ਲਈ ਅਤੇ ਉਸਦੀ ਵਾਕਿਆਤੀ ਪ੍ਰੌੜਤਾ ਲਈ ਇਹ ਅੰਤਿਕਾ ਇਕ ਵਡਮੁਲੀ ਦਸਤਾਵੇਜ਼ ਦਾ ਰੂਪ ਧਾਰਨ ਕਰ ਗਿਆ ਹੈ।

ਪਿਛੋਕੜ ਮੇਰੇ ਵਿਰੁੱਧ ਵਿਭਾਗੀ ਪੜਤਾਲ ਦਾ ਇਹ ਬਣਿਆ ਕਿ ਸੰਨ 1947 ਵਿਚ ਜਦੋਂ ਦੇਸ਼ ਦਾ ਬਟਵਾਰਾ ਹੋਇਆ, ਤਾਂ ਮੈਂ ਜ਼ਿਲੇ ਕਾਂਗੜੇ ਵਿਚ, ਧਰਮਸਾਲਾ, ਡਿਪਟੀ ਕਮਿਸ਼ਨਰ ਲਗਾ ਹੋਇਆ ਸੀ। ਨੌਵੰਬਰ 1947 ਵਿਚ ਮੈਨੂੰ ਇਤਲਾਅ ਮਿਲੀ ਕਿ ਮੇਰੇ ਮਾਤਾ ਪਿਤਾ ਅਤੇ ਹੋਰ ਸੰਬੰਧੀ, ਪਾਕਿਸਤਾਨ ਵਿਚੋਂ ਸਹੀ ਸਲਾਮਤ ਨਿਕਲ ਆਏ ਹਨ ਅਤੇ ਲੁਧਿਆਣੇ ਦੇ ਜ਼ਿਲੇ ਵਿਚ, ਕਿਸੇ ਥਾਂ, ਪੁਜ ਚੁੱਕੇ ਹਨ। ਮੈਂ ਛੁਟੀ ਲੈਕੇ ਉਨ੍ਹਾਂ ਦੀ ਭਾਲ ਤੇ ਦਰਸ਼ਨ ਕਰਨ ਪਹਾੜਾਂ ਤੋਂ ਹੇਠਾਂ ਉਤਰਿਆ ਤਾਂ ਸ੍ਰੀ ਅੰਮ੍ਰਿਤਸਰ ਮਾਸਟਰ ਤਾਰਾ ਸਿੰਘ ਜੀ ਦੇ ਘਰ,

---

* دریں وقت کشتن کافر لعین گوئندوال او بسیار خوب
واقع شد و باعث شکست عظیم بر ہنود مردود
گشت، بہر نیتے کہ کشتہ باشند و بہر غرضے کہ
ہلاک کردہ خوارئ کفار نقد وقت اہل اسلام است۔
ایں فقیر پیش ازاں کہ ایں کافر را بکشند در خواب
دیدہ بود کہ بادشاہ وقت کلہ سر شرک را شکستہ است
والحق کہ آں کافر رئیس اہل شرک بود و امام اہل کفر---
——— "مکتوبات امام ربانی" دفتر اول حصہ سوم
صفحہ ۹۵-۹۶ - نور کمپنی، لاہور ۱۹۶۴ -

ਉਨ੍ਹਾਂ ਨੂੰ ਭੀ ਮਿਲਨ ਚਲਾ ਗਿਆ। ਮਾਸਟਰ ਤਾਰਾ ਸਿੰਘ ਨਾਲ ਮੇਰੇ ਸੰਬੰਧ ਮੇਰੇ ਵਿਦਿਆਰਥੀ ਹੋਣ ਦੇ ਸਮੇਂ ਤੋਂ ਬਣੇ ਹੋਏ ਸਨ ਅਤੇ ਉਹ ਪਿਛਲੇਰੇ 20, 25 ਸਾਲਾਂ ਤੋਂ ਮੁਤਵਾਤਰ ਚਲੇ ਆਉਂਦੇ ਸਨ। ਉਨ੍ਹਾਂ ਦੇ ਘਰ ਜਾ ਕੇ ਪਤਾ ਲਗਾ ਕਿ ਉਹ ਬਹੁਤ ਬੀਮਾਰ ਹਨ ਅਤੇ ਉਨ੍ਹਾਂ ਦੇ ਡਾਕਟਰਾਂ ਨੇ ਮੈਨੂੰ ਦਸਿਆ ਕਿ ਉਨ੍ਹਾਂ ਦੀ ਸਿਹਤਯਾਬੀ ਦਾ ਇਕੋ ਇੱਕ ਰਾਹ ਹੁਣ ਰਹਿ ਗਿਆ ਹੈ ਕਿ ਕੋਈ ਉਨ੍ਹਾਂ ਨੂੰ, ਅਮ੍ਰਿਤਸਰੋਂ ਦੂਰ, ਕਿਸੇ ਨਿਵੇਕਲੇ ਥਾਂ ਲੈ ਜਾਵੇ, ਜਿਥੇ ਉਨ੍ਹਾਂ ਨੂੰ ਚੰਗੀ ਖੁਰਾਕ ਅਤੇ ਮੁਕੰਮਲ ਆਰਾਮ ਮਿਲ ਸਕੇ ਅਤੇ ਜਿਥੇ ਉਨ੍ਹਾਂ ਨੂੰ ਮਿਲਣ ਵਾਲੇ, ਦੇਸ਼ ਦੇ ਬਟਵਾਰੇ ਦੀਆਂ ਦੁਖ ਭਰੀਆਂ ਖਬਰਾਂ ਨਿਤਾਪ੍ਰਤਿ ਸੁਣਾ ਕੇ, ਉਨ੍ਹਾਂ ਦੇ ਮਨ ਨੂੰ ਡੁਲਾਉਣ ਨਾ। ਇਨ੍ਹਾਂ ਹਾਲਾਤ ਵਿਚ ਮੈਂ ਮੁੜਦੀ ਵਾਰੀ ਮਾਸਟਰ ਜੀ ਨੂੰ ਅਪਣੀ ਕਾਰ ਵਿਚ ਧਰਮਸਾਲਾ ਲੈ ਆਇਆ, ਜਿਥੇ ਉਹ ਮਹੀਨਾ ਕੁ ਮੇਰੇ ਕੋਲ ਟਿਕੇ ਰਹੇ ਅਤੇ ਤਕੜੇ ਹੋਣ ਉਤੇ ਹੀ ਹੇਠਾਂ ਮੈਦਾਨਾਂ ਨੂੰ ਪਰਤੇ।

ਬਸ, 'ਇਤਨੀ ਸੀ ਬਾਤ ਥੀ ਜਿਸੇ ਅਫ਼ਸਾਨਾ ਕਰ ਦੀਆ'। ਅਨੇਕ ਹਿੰਦੂਆਂ ਸਿਖਾਂ ਨੇ ਜਵਾਹਰ ਲਾਲ ਤਕ ਬਤੰਗੜ ਬਣਾ ਬਣਾ ਕੇ ਪੁਚਾਏ : ਮਾਸਟਰ ਤਾਰਾ ਸਿੰਘ ਤੇ ਕਪੂਰ ਸਿੰਘ ਸਿਖ ਰਾਜ ਨੂੰ ਪੁਨਰ ਸਥਾਪਤ ਕਰਨ ਦੀਆਂ ਬਿਉਂਤਾਂ ਬਣਾ ਰਹੇ ਹਨ। ਚੀਨ ਤੇ ਪਾਕਿਸਤਾਨ, ਅਮ੍ਰੀਕਾ ਤੇ ਇੰਗਲੈਂਡ ਨਾਲ ਸੰਬੰਧ ਸਥਾਪਤ ਕਰ ਲਏ ਗਏ ਹਨ ਅਤੇ ਪਹਾੜਾਂ ਵਿਚ ਹਥਿਆਰਾਂ ਦੇ ਢੇਰਾਂ ਦੇ ਢੇਰ ਇਕੱਠੇ ਹੋ ਚੁਕੇ ਹਨ, ਆਦਿ। ਪੰਡਿਤ ਜਵਾਹਰ ਲਾਲ ਜੀ ਬੜੇ ਬੁੱਧੀਵਾਨ, ਸਿਆਣੇ, ਧੱਕੋਸ਼ਾਹੀ ਤੇ ਅਨਿਆ ਨੂੰ ਸ਼ਹਿ ਨ ਦੇਣ ਵਾਲੇ ਸਜਣ ਸਨ ਪਰ ਰਾਜਕਾਜ ਚਲਾਉਣ ਦੀਆਂ ਅੰਦਰੂਨੀ ਮਨੋਵ੍ਰਿਤੀਆਂ ਦੀ ਸੂਝ ਬੂਝ ਵਿਚ ਨਿਪੁਣ ਨਹੀਂ ਸਨ। ਹੁੰਦੇ ਭੀ ਕਿਵੇਂ, ਸਾਰੀ ਉਮਰ ਤਾਂ ਅੰਜੀਟੇਸ਼ਨਾਂ ਕਰਦਿਆਂ ਤੇ ਸਮਾਜ-ਸਿਧਾਂਤ ਦੇ ਆਧੁਨਿਕ ਗ੍ਰੰਥ ਪੜ੍ਹਦਿਆਂ ਅਤੇ ਰਾਜਸੱਤਾ ਨੂੰ ਜੱਫਾ ਮਾਰਨ ਦੀ ਮਹਾਵਿਦਿਆ ਦੀ ਘੋਖ ਵਿਚ ਲੰਘੀ ਅਤੇ ਸਦਾ ਆਦ੍ਰਸ਼ਵਾਦ ਦੇ ਗਗਨਾਂ ਦੇ ਹੀ ਉਡਾਰੂ ਰਹੇ, ਧਰਤੀ ਉਤੇ ਰੀਂਗਣ ਵਾਲਿਆਂ ਦੀਆਂ ਚਾਲਾਂ ਤੋਂ ਉੱਕਾ ਅਗਿਆਤ। ਝਟ ਇਕ ਚਿੱਠੀ ਗਵਰਨਰ ਪੰਜਾਬ, ਸ੍ਰੀ ਚੰਦੂਲਾਲ ਤ੍ਰਿਵੇਦੀ, ਤੇ ਮੁਖ ਮੰਤ੍ਰੀ, ਡਾਕਟਰ ਗੋਪੀ ਚੰਦ ਭਾਰਗਵ, ਨੂੰ ਲਿਖ ਮਾਰੀ ਕਿ ਇਸ ਕਪੂਰ ਸਿੰਘ ਦਾ ਮੱਕੂ ਕਿਉਂ ਨਹੀਂ ਠੱਪਿਆ ਜਾਂਦਾ।

ਇਹ ਚਿੱਠੀਆਂ ਮੈਂ ਅਪਣੇ ਵਿਰੁਧ ਹੋਈ ਵਿਭਾਗੀ ਪੜਤਾਲ ਵਿਚ, ਸ਼ਹਾਦਤ ਵਜੋਂ ਤਲਬ ਕੀਤੀਆਂ ਸਨ, ਪਰ ਮੇਰੀ ਬੇਨਤੀ, ਅਯੋਗ ਤੌਰ ਤੇ ਅਤੇ ਕਾਨੂਨ ਦੇ ਮਨਸ਼ਾ ਦੇ ਖਿਲਾਫ ਠੁਕਰਾ ਦਿੱਤੀ ਗਈ।

ਕਦੇ ਸੁਣਿਆ ਹੈ ਕਿ ਮਗਰਮੱਛਾਂ ਦਾ ਮਹਾਧੀਸ਼ ਦਰਿਆ ਦੇ ਮਗਰਮਛਾਂ ਨੂੰ ਹੁਕਮ ਦੇਵੇ ਕਿ ਫਲਾਣੀ ਮੱਛੀ ਨੂੰ ਨਿਗਲ ਲਓ ਅਤੇ ਉਸ ਮੱਛੀ ਦੀ ਜੀਵਣ-ਯਾਤਰਾ ਦਾ ਸ਼ੀਘਰ ਅੰਤ ਨ ਹੋਇਆ ਹੋਵੇ ? ਅੰਗ੍ਰੇਜ਼ਾਂ ਦੇ ਰਾਜ ਵਿਚ ਇਹ ਦੋ ਚਿੱਠੀਆਂ ਹੀ, ਮੇਰੇ ਵਿਰੁਧ ਹੋਈ ਕਿਸੇ ਭੀ ਵਿਭਾਗੀ ਪੜਤਾਲ ਤੋਂ ਮੈਨੂੰ ਸਾਫ ਬਰੀ ਕਰਾਉਣ ਲਈ ਕਾਫੀ ਸਨ। ਪਰ ਸਮਾਂ ਬਦਲ ਚੁੱਕਾ ਸੀ।

ਅੰਤਿਕਾ ॥੧॥ ਵਿਚ ਜੋ ਵਾਕਿਆਤ ਤੇ ਤੱਥ ਅੰਕਤ ਕੀਤੇ ਗਏ ਹਨ, ਉਹ ਅਸਲ ਵਿਚ, ਪੰਡਤ ਜਵਾਹਰ ਲਾਲ ਜੀ ਦੀਆਂ ਚਿੱਠੀਆਂ ਨੂੰ ਫੁੱਲ ਚੜ੍ਹਾਉਣ ਦੇ ਯਤਨਾਂ ਦੀ ਇਕ

ਕੜੀ ਹੀ ਸਮਝਣੀ ਚਾਹੀਏ ਅਤੇ ਨਾਲ ਹੀ ਉਹਨਾਂ ਫਿਰਕੂ ਰੁਹਜਾਨਾਂ ਦਾ ਪ੍ਰਗਟਾਵਾ, ਜਿਨ੍ਹਾਂ ਦੇ ਫਲਸਰੂਪ 'ਕਮੀਊਨਲ ਅਵਾਰਡ' ਹੋਂਦ ਵਿਚ ਆਇਆ ਤੇ ਸੰਨ 1947 ਵਿਚ ਹਿੰਦੁਸਤਾਨ ਦੋ ਟੁਕੜੀਆਂ ਵਿਚ ਵੰਡ ਦਿਤਾ ਗਿਆ ।

12 ਅਪ੍ਰੈਲ ਸੰਨ 1949 ਨੂੰ ਮੈਂ ਚਾਰ ਮਹੀਨੇ ਦੀ ਛੁੱਟੀ ਉਤੇ ਸ਼ਿਮਲੇ ਠਹਿਰਿਆ ਹੋਇਆ ਸੀ । ਉਸ ਦਿਨ ਭਾਰਗਵ ਦੀ ਵਜ਼ਾਰਤ ਦੇ ਖਿਲਾਫ ਬੇ-ਪ੍ਰਤੀਤੀ ਦਾ ਮਤਾ ਪੰਜਾਬ ਦੀ ਵਿਧਾਨ ਸਭਾ ਵਿਚ ਪਾਸ ਹੋ ਗਿਆ । 13 ਅਪ੍ਰੈਲ ਨੂੰ ਵਸਾਖੀ ਦੀ ਛੁੱਟੀ ਸੀ ਅਤੇ 14 ਅਪ੍ਰੈਲ ਨੂੰ ਸਵੇਰੇ ਡਾਕਟਰ ਗੋਪੀ ਚੰਦ ਭਾਰਗਵ ਦੀ ਵਜ਼ਾਰਤ ਨੇ ਨਵੇਂ ਮੰਤ੍ਰੀ ਮੰਡਲ ਨੂੰ ਹਕੂਮਤ ਸੰਭਾਲ ਦੇਣੀ ਸੀ ।

13 ਅਪ੍ਰੈਲ ਤੇ 14 ਅਪ੍ਰੈਲ ਸੰਨ 1949 ਦੀ ਦਰਮਿਆਨੀ ਰਾਤ ਨੂੰ ਡਾਕਟਰ ਗੋਪੀ ਚੰਦ ਦੀ ਵਜ਼ਾਰਤ ਦੇ ਅਧਿਕਾਰਾਂ ਥੱਲੇ, ਰਾਤ ਦੇ ਸਾਢੇ ਬਾਰਾਂ ਵਜੇ, ਮੈਨੂੰ ਆਈ. ਸੀ. ਐਸ. ਤੋਂ ਮੁਅੱਤਲੀ ਦਾ ਹੁਕਮ ਦੇ ਦਿਤਾ ਗਿਆ । ਬਿਨਾਂ ਕਿਸੇ ਦੋਸ਼ ਲਾਏ ਦੇ, ਬਿਨਾਂ ਕਿਸੇ ਪੁਛ ਪੜਤਾਲ ਦੇ, ਤੇ ਬਿਨਾਂ ਕਾਇਦਾ ਕਾਨੂਨ ਵਿਚਾਰੇ ਦੇ ।

ਆਈ. ਸੀ. ਐਸ. ਦੇ ਅਫਸਰ ਨੂੰ, ਕਾਨੂੰਨ ਅਨੁਸਾਰ, ਮੁਅੱਤਲ ਕੀਤਾ ਹੀ ਨਹੀਂ ਜਾ ਸਕਦਾ, ਜਿਤਨਾ ਚਿਰ ਕਿ ਉਸ ਉਤੇ ਕੋਈ ਗੰਭੀਰ ਦੋਸ਼, ਪੜਤਾਲ ਕਰਨ ਪਿਛੋਂ ਸਿੱਧ ਨ ਹੋ ਜਾਵੇ । ਇਹ ਗਲ ਹੁਣ ਸੁਪ੍ਰੀਮ ਕੋਰਟ ਨੇ ਕਈ ਕੇਸਾਂ ਵਿਚ ਮੰਨ ਲਈ ਹੈ ।

ਡੰਗ ਟਪਾਊ ਸਰਕਾਰਾਂ, ਜਿਹੀ ਕਿ ਡਾਕਟਰ ਭਾਰਗਵ ਦੀ, 12 ਅਪ੍ਰੈਲ ਸੰਨ 1949 ਨੂੰ ਬਣ ਗਈ ਸੀ, ਉਹ ਕਦੇ ਵੀ ਇਸ ਪ੍ਰਕਾਰ ਦੇ ਠੋਸ ਕਦਮ, ਜਿਨ੍ਹਾਂ ਦੀ ਕਿ ਪੈਰਵੀ ਤੇ ਪੂਰਤੀ ਉਹ ਆਪ ਕਰਣ ਤੋਂ ਅਸਮ੍ਰਥ ਹਨ, ਨਹੀਂ ਚੁੱਕਦੀਆਂ । ਇਹ ਸਪਸ਼ਟ ਅਤੇ ਪ੍ਰਮਾਣੀਕ ਰਾਜ ਕ੍ਰਿਆ ਦਾ ਵਿਧਾਨ ਹੈ ।

ਛੁੱਟੀ ਉਤੇ ਵਿਚਰ ਰਹੇ ਸਰਕਾਰੀ ਨੌਕਰ ਉਤੇ ਕਦੇ ਮੁਅੱਤਲੀ ਦਾ ਹੁਕਮ ਲਾਗੂ ਨਹੀ ਕੀਤਾ ਜਾ ਸਕਦਾ ਜਿਤਨਾਂ ਚਿਰ ਉਸ ਨੂੰ ਪਹਿਲਾਂ ਛੁੱਟੀਓਂ ਬੁਲਾਕੇ, ਅਪਣੇ ਉਹਦੇ ਉਤੇ ਲਗਾ ਨ ਲਿਆ ਜਾਵੇ ।

ਸਰਕਾਰੀ ਛੁੱਟੀ ਵਾਲੇ ਦਿਨ ਅਤੇ ਅੱਧੀ ਰਾਤ ਨੂੰ ਸਰਕਾਰੀ ਅਫਸਰਾਂ ਨੂੰ ਮੁਅੱਤਲ ਕਰਨ ਦੇ ਹੁਕਮ ਪਾਸ ਕਰਨਾ ਨ ਵਿਧਾਨ ਹੈ ਅਤੇ ਨ ਰੀਤੀ ।

ਪਰ, ਹੁਣ ਸੈਕੂਲਰ ਹਿੰਦੂਰਾਜ ਦਾ ਪ੍ਰਾਰੰਭ ਹੋ ਚੁਕਾ ਸੀ : 'ਕਲੂ ਆਇਓ ਰੇ, ਕਲੂ ਆਇਓ '!

ਇਉਂ ਪੂਰਾ ਇਕ ਵਰ੍ਹਾ ਜਦ ਮੈਂ, ਨ ਧਰਤੀ ਨ ਅਸਮਾਨ, ਵਿਚ ਲਟਕਦਾ ਰਿਹਾ ਤਦ ਮੈਂ ਇਕ ਸਵਿਸਤਾਰ ਰੋਸ-ਪਤ੍ਰ ਦਿੱਲੀ ਦੀ ਸਰਕਾਰ ਨੂੰ ਲਿਖਿਆ ਕਿ ਮੈਨੂੰ ਕਿਉਂ, ਕਾਨੂਨ ਤੇ ਵਿਧਾਨ ਦੇ ਵਿਰੁੱਧ, ਇਉਂ ਸੂਲੀ ਉਤੇ ਟੰਗਿਆ ਹੋਇਆ ਹੈ । ਗਲ ਨੂੰ ਇਕ ਪਾਸੇ ਕਿਉਂ ਨਹੀਂ ਕੀਤਾ ਜਾਂਦਾ ?

ਤਦ ਦਿੱਲੀ ਦੀ ਸਰਕਾਰ, ਜਿਸ ਦੇ ਕਰਤਾ ਧਰਤਾ ਪੰਡਿਤ ਜਵਾਹਰ ਲਾਲ ਜੀ ਤੇ ਸਰਦਾਰ ਪਟੇਲ ਹੀ ਸਨ, ਨੇ ਸਾਰੇ ਹਿੰਦੁਸਤਾਨ ਦੀਆਂ ਰਾਜ ਸਰਕਾਰਾਂ ਨੂੰ ਹੁਕਮ ਜਾਰੀ ਕੀਤਾ

ਕਿ ਕਿਸੇ ਆਈ. ਸੀ. ਐਸ. ਅਫਸਰ ਨੂੰ, ਬਿਨਾਂ ਦੋਸ਼ ਪੜਤਾਲੇ ਤੇ ਸਿੱਧ ਕੀਤੇ ਦੇ ਮੁਅਤਲ ਅਗੇ ਤੋਂ ਨ ਕੀਤਾ ਜਾਵੇ, ਪਰ ਮੇਰੀ ਬਾਬਤ ਹੁਕਮ ਇਹ ਹੋਇਆ ਕਿ ਪੰਜਾਬ ਸਰਕਾਰ ਮੇਰੇ ਉਤੇ ਦੋਸ਼ ਆਰੋਪਣ ਕਰਕੇ, ਵਿਭਾਗੀ ਪੜਤਾਲ ਕਰਵਾਏ ।

ਇਸ ਅਨੁਸਾਰ ਪੰਜਾਬ ਸਰਕਾਰ ਨੇ ਮੇਰੇ ਉਤੇ ਅਠ ਦਸ ਦੋਸ਼ ਆਰੋਪਣ ਕਰ ਦਿਤੇ ਅਤੇ ਇੱਕ ਅੰਗ੍ਰੇਜ਼ ਜੱਜ ਨੂੰ, ਜਿਹੜਾ ਕਿ ਇਹਨਾਂ ਦਿਨਾਂ ਵਿਚ ਹੀ ਬੰਬਈ ਤੋਂ ਬੁਲਾਕੇ ਪੰਜਾਬ ਦਾ ਚੀਫ ਜੱਜ ਨਿਯੁਕਤ ਕੀਤਾ ਗਿਆ ਸੀ, ਉਸ ਨੂੰ ਪੰਜਾਬ ਸਰਕਾਰ ਨੇ ਮੇਰੇ ਵਿਰੁੱਧ, ਵਿਭਾਗੀ ਪੜਤਾਲ ਕਰਨ ਲਈ ਮੁਕਰਰ ਕਰ ਦਿੱਤਾ ।

ਜਿਹੜੇ ਦੋਸ਼ ਮੇਰੇ ਉਤੇ ਲਾਏ ਗਏ ਸੀ, ਉਹ ਵਿਸ਼ੇਸ਼ ਕਰਕੇ ਇਹ ਸਨ ਕਿ, ਕੋਈ ਦਸ ਕੁ ਹਜਾਰ ਰੁਪਈਆ ਮੈਨੂੰ ਕੁਝ ਸਭਾ ਸੋਸਾਇਟੀਆਂ ਨੇ, ਇਹ ਕਹਿ ਕੇ ਦਿਤਾ ਸੀ ਕਿ ਇਸ ਰਕਮ ਨੂੰ ਉਸ ਸਮੇਂ ਆਏ ਹੋਏ ਅਤੇ ਆ ਰਹੇ, ਲਖਾਂ ਸ਼ਰਨਾਰਥੀਆਂ ਦੀ ਸਹਾਇਤਾ ਲਈ, "ਜਿਵੇਂ ਡਿਪਟੀ ਕਮਿਸ਼ਨਰ ਸਾਹਿਬ ਚਾਹੁਣ" ਖਰਚ ਦੇਣ । ਅਤੇ ਇਹ ਛੋਟੀ ਜਹੀ ਰਕਮ ਇਉਂ ਹੀ ਖਰਚ ਕਰ ਦਿੱਤੀ ਗਈ ਸੀ । ਦੋਸ਼ ਇਹ ਨਹੀਂ ਸਨ ਕਿ ਰਕਮ ਖਰਚੀ ਨਹੀਂ ਗਈ, ਸਗੋਂ, ਜਿਵੇਂ ਕਿ ਪਿਛੋਂ ਸ਼ਪਸ਼ਟ ਹੋਇਆ, ਦੋਸ਼ ਇਹ ਸਨ, ਕਿ ਜਿਨ੍ਹਾਂ ਸਰਨਾਰਥੀਆਂ ਉਤੇ ਇਹ ਰਕਮ ਖਰਚੀ ਗਈ, ਉਹਨਾਂ ਕੋਲੋਂ ਰਸੀਦਾਂ ਕਿਉਂ ਨਹੀ ਲਈਆਂ ਗਈਆਂ ।

ਮੇਰੀ ਸਫਾਈ ਇਹ ਸੀ, ਕਿ ਪੰਜਾਬ ਸਰਕਾਰ ਦਾ ਅਪਣਾ ਸਪਸ਼ਟ ਆਦੇਸ਼ ਇਹੋ ਸੀ ਕਿ ਰਸੀਦਾਂ ਆਦਿ ਦੇ ਝਮੇਲੇ ਵਿਚ. ਸ਼ਰਨਾਰਥੀਆਂ ਦੀ ਸਹਾਇਤਾ ਵੇਲੇ ਨ ਪਿਆ ਜਾਵੇ, (2) ਜਿਨੀ ਲੋੜ ਪਵੇ, ਸਰਕਾਰੀ ਖਜਾਨੇ ਵਿਚੋਂ ਭੀ, ਬਿਨਾਂ ਮਨਜ਼ੂਰੀ ਦੇ, ਰਕਮ ਕਢ ਕੇ ਇਸ ਕੰਮ ਲਈ ਖਰਚ ਲਈ ਜਾਵੇ. (3) ਪੰਜਾਬ ਦੇ ਹੋਰ ਬਾਕੀ ਜਿਲਿਆਂ ਵਿਚ ਲੱਖਾਂ ਰੁਪੈ ਸਰਕਾਰੀ ਖਜ਼ਾਨਿਆਂ ਵਿਚੋਂ, ਡਿਪਟੀ ਕਮਿਸ਼ਨਰਾਂ ਨੇ ਕਢ ਕੇ, ਇਉਂ ਵਰਤੇ ਹਨ, ਬਿਨਾਂ ਕਿਸੇ ਮਨਜ਼ੂਰੀ ਤੇ ਰਸੀਦਾਂ ਆਦਿ ਲੈਣ ਤੋਂ. (4) ਮੈਂ ਕੋਈ ਰਕਮ ਖਜ਼ਾਨੇ ਵਿਚੋਂ ਇਸ ਮਦ ਲਈ ਨ ਕੱਢੀ ਹੈ ਤੇ ਨ ਵਰਤੀ ਹੈ, (5) ਇਹ ਦਸ ਕੁ ਹਜਾਰ ਰੁਪਈਆ ਮੈਂ ਜਿਵੇਂ ਵੰਡਿਆ ਹੈ, ਉਸਦੀ ਮੁਕੰਮਲ ਸ਼ਹਾਦਤ ਮੈਂ ਭੁਗਤਾ ਦਿਤੀ ਹੈ. ਅਤੇ (6) ਰਸੀਦਾਂ ਤਾਂ ਸ਼ਰਨਾਰਥੀਆਂ ਕੋਲੋਂ ਲੈਣੀਆਂ ਸੰਭਵ ਹੀ ਨਹੀ ਸਨ, ਕਿਉਂਕਿ ਕੌਣ ਉਨ੍ਹਾਂ ਦੇ ਨਾਮ ਗ੍ਰਾਮ ਦੀ ਤਸਦੀਕ ਕਰਦਾ ਤੇ ਇਉਂ ਝੂਠੀ ਸਚੀ ਰਸੀਦ ਦਾ ਕੋਈ ਅੰਤਰ ਰਹਿ ਨਹੀ ਸੀ ਜਾਣਾ ।

ਜਦੋਂ ਮੇਰੀ ਇਸ ਪ੍ਰਕਾਰ ਦੀ ਸ਼ਹਾਦਤ ਵਿਭਾਗੀ ਪੜਤਾਲ ਵਿਚ ਪੇਸ਼ ਹੋਈ ਤੇ ਹੋਣ ਲਗੀ, ਤਦ ਵਿਭਾਗੀ ਪੜਤਾਲ ਕੁਝ ਸਮੇਂ ਲਈ ਮੁਲਤਵੀ ਕਰ ਦਿਤੀ ਗਈ ਅਤੇ ਫੇਰ ਦੋ ਕਦਮ ਹੋਰ ਚੁਕੇ ਗਏ । ਇੱਕ, ਅੰਗ੍ਰੇਜ਼ ਚੀਫ ਜੱਜ, ਜਿਸਦਾ ਨਾਮ ਕਿ 'ਵੈਸਟਨ' ਸੀ ਨੇ ਹੁਕਮ ਕਰ ਦਿਤਾ ਕਿ ਉਹ ਉਪ੍ਰੋਕਤ ਸਫਾਈ ਦੀ ਸ਼ਹਾਦਤ ਦੀਆਂ ਉਪ੍ਰੋਕਤ (1) (2) ਤੇ (3) ਮਦਾਂ ਬਾਬਤ ਕੋਈ ਗਵਾਹੀ ਸੱਦਣ ਯਾ ਲਿਖਣ ਨੂੰ ਤਿਆਰ ਨਹੀਂ । ਸ: ਕਪੂਰ ਸਿੰਘ ਅਪਣੀ ਜੋ ਚਾਰਾਜੋਈ ਚਾਹਵੇ ਹੁਣ ਯਾ ਪਿਛੋਂ ਕਰ ਲਵੇ । ਦੋ, ਸਰਦਾਰ ਪਟੇਲ ਦੇ ਹੋਮ ਡੀਪਾਰਟਮੈਂਟ ਵਲੋਂ ਇਕ ਆਰਡੀਨੈਂਸ ਜਾਰੀ ਹੋਇਆ, ਜੋ ਕਿ ਗਜ਼ਟ ਭੀ ਕਰ ਦਿਤਾ

ਗਿਆ ਕਿ ਭਾਵੇਂ ਹਿੰਦ ਦਾ ਵਿਧਾਨ ਜਿਹੜਾ ਕਿ ਸੰਨ 1950 ਵਿਚ ਲਾਗੂ ਹੋ ਚੁਕਾ ਸੀ, ਉਸ ਅਨੁਸਾਰ ਕੋਈ ਗੈਰ-ਭਾਰਤੀ ਸੁਪ੍ਰੀਮ ਕੋਰਟ ਦਾ ਜੱਜ ਬਣ ਨਹੀਂ ਸਕਦਾ ਪਰ ਵਿਧਾਨ ਵਿਚ ਇਹ ਸੰਸ਼ੋਧਨ ਕੀਤਾ ਜਾਵੇ ਕਿ ਇਹ ਪ੍ਰਤਿਬੰਧ ਉਹਨਾਂ ਅੰਗ੍ਰੇਜ਼ ਜੱਜਾਂ ਉਤੇ ਲਾਗੂ ਨਹੀ ਹੋਵੇਗਾ ਜਿਹੜੇ ਸੰਨ 1950 ਵਿਚ, ਭਾਰਤ ਵਿਚ ਕਿਸੇ ਹਾਈ ਕੋਰਟ ਦੇ ਚੀਫ ਜੱਜ ਸਨ ।

ਭਾਵ ਸਪਸ਼ਟ ਹੀ ਸੀ ਕਿ ਨ ਤਾ ਸ: ਕਪੂਰ ਸਿੰਘ ਨੂੰ ਸਫਾਈ ਦੀ ਸ਼ਹਾਦਤ ਪੇਸ਼ ਕਰਕੇ, ਬਚ ਕੇ ਨਿਕਲਣ ਦੇਣਾ ਹੈ ਅਤੇ ਨਾਲ ਹੀ ਜੱਜ ਵੈਸਟਨ ਨੂੰ ਸੁਪ੍ਰੀਮ ਕੋਰਟ ਦੀ ਜੱਜੀ ਦਾ ਚੋਗਾ ਪਾਉਣਾ ਹੈ ਕਿ ਉਹ ਸ਼ਹਾਦਤ ਦੇ ਕਾਨੂੰਨ, ਐਵੀਡੈਂਸ ਐਕਟ, ਨੂੰ ਬੇਸ਼ਕ ਛਿੱਕੇ ਟੰਗ ਦੇਵੇ, ਪਰ ਕਪੂਰ ਸਿੰਘ ਨੂੰ ਸੁੱਕਾ ਨ ਜਾਣ ਦੇਵੇ । ਦ੍ਰਿਸ਼ਟੀ ਗੋਚਰ ਰੱਖਣ ਵਾਲੀ ਗਲ ਇਹ ਹੈ ਕਿ ਜਦੋਂ ਸਰਦਾਰ ਪਟੇਲ ਨੇ ਇਹ ਆਰਡੀਨੈਂਸ ਜਾਰੀ ਕੀਤਾ ਉਦੋਂ, ਸਾਰੇ ਹਿੰਦੁਸਤਾਨ ਵਿਚ ਇੱਕੋ ਇੱਕ ਗੈਰ-ਭਾਰਤੀ ਚੀਫ ਜੱਜ, ਇਹ ਸ੍ਰੀ ਵੈਸਟਨ ਹੀ ਸੀ ।

ਇਉਂ ਸ੍ਰੀ ਵੈਸਟਨ ਨੇ ਮੇਰੇ ਵਿਰੁੱਧ ਰਪੋਰਟ ਕਰ ਦਿਤੀ ਕਿ ਸ: ਕਪੂਰ ਸਿੰਘ ਨੇ ਚੂੰਕਿ ਇਹਨਾਂ ਦੋਸ਼-ਆਰੋਪਤ ਮੁਆਮਲਿਆਂ ਵਿਚ ਰਸੀਦਾਂ ਨਹੀਂ ਲਈਆਂ, ਇਸ ਲਈ ਉਸਨੂੰ 'ਅਮਾਨਤ ਵਿਚ ਖਿਆਨਤ' ਦਾ ਦੋਸ਼ੀ ਮਿਥਿਆ ਜਾਵੇ ।

ਇਸ 'ਰਿਪੋਰਟ' ਨੂੰ ਮੰਨਕੇ ਨਹਿਰੂ ਦੀ ਸਰਕਾਰ ਨੇ, ਮੈਨੂੰ ਆਈ. ਸੀ. ਐਸ. ਵਿਚੋਂ ਬਿਨਾਂ ਪਿਨਸ਼ਨ ਆਦਿ ਦੇਣ ਦੇ ਕੱਢ ਦਿਤਾ ਅਤੇ ਮੈਨੂੰ ਛੇ ਸਤ ਸਾਲ ਹੋਰ, ਹਾਈ ਕੋਰਟ, ਸੁਪ੍ਰੀਮ ਕੋਰਟ ਵਿਚ ਅਪੀਲਾਂ ਕਰਨ ਵਿਚ ਉਲਝਾ ਲਿਆ ਅਤੇ ਇਉਂ ਮੈਨੂੰ ਪੂਰੇ ਬਾਰਾਂ ਵਰਹੇ ਖੁਆਰ ਤੇ ਬਰਬਾਦ ਕਰਨ ਦੇ ਭਰਪੂਰ ਯਤਨ ਸਫਲ ਹੋਏ ।

ਜਦੋਂ ਮਿਸਟਰ ਵੈਸਟਨ ਮੇਰੇ ਵਿਰੁਧ 'ਰਿਪੋਰਟ' ਭੇਜ ਚੁਕੇ ਤਦ ਸਰਕਾਰ ਹਿੰਦ ਨੇ ਉਹ ਆਰਡੀਨੈਂਸ, ਜਿਸ ਦੁਆਰਾ ਵੈਸਟਨ ਸਾਹਿਬ ਸੁਪ੍ਰੀਮਕੋਰਟ ਦੇ ਜੱਜ ਬਣਣੇ ਸਨ, ਉਸ ਨੂੰ, ਵਿਧਾਨ ਅਨੁਸਾਰ, ਛੇ ਮਹੀਨੇ ਅੰਦਰ ਅੰਦਰ ਪਾਰਲੀਮੈਂਟ ਵਿਚ ਪੇਸ਼ ਹੀ ਨ ਕੀਤਾ ਅਤੇ ਇਉਂ ਉਹ ਅਭਾਵ (lapse) ਹੋ ਗਿਆ, ਪਰ ਪਿਛੋਂ ਸ੍ਰੀ ਵੈਸਟਨ ਦੀਆਂ ਅੱਖਾਂ ਪੂੰਝਣ ਲਈ, ਹਿੰਦ ਸਰਕਾਰ ਨੇ, ਬਰਤਾਨੀਆਂ ਦੀ ਸਰਕਾਰ ਨੂੰ, ਲੰਡਨ ਸਿਫਾਰਸ਼ ਕਰ ਭੇਜੀ ਕਿ ਇਸ ਗੋਰੇ ਜੱਜ ਨੇ ਕੋਈ ਵਰ੍ਹਾ ਕੁ ਪੰਜਾਬ ਵਿਚ ਚੀਫ ਜੱਜੀ ਦੇ ਹੁੱਦੇ ਉਤੇ ਕੰਮ ਕਰਕੇ, 'ਜਨਤਾ' ਦੀ ਬਹੁਮੁਲੀ ਸੇਵਾ ਕੀਤੀ ਹੈ, ਇਸ ਲਈ ਸਰਕਾਰ ਬਰਤਾਨੀਆ ਇਸ ਨੂੰ 'ਸਰ' ਦਾ ਖਿਤਾਬ ਪ੍ਰਦਾਨ ਕਰ ਦੇਵੇ ।

ਇਉਂ ਅਗਲੇ ਨਵੇਂ ਸਾਲ ਦੀ ਵਰ੍ਹੇ ਗੰਢ ਉਤੇ, ਮਿਸਟਰ ਵੈਸਟਨ ਨੂੰ ਬਰਤਾਨੀਆਂ ਦੀ ਮਲਿਕਾ ਨੇ 'ਸਰ' ਦੀ ਉੱਚ ਉਪਾਧੀ ਗਜ਼ਟ ਕਰ ਦਿੱਤੀ । ਚੇਤੇ ਰਹੇ ਕਿ ਮਿਸਟਰ ਵੈਸਟਨ ਪੰਜਾਬ ਵਿਚ ਕੋਈ ਪੰਦਰਾਂ ਚੋਦਾਂ ਮਹੀਨੇ ਹੀ ਚੀਫ ਜੱਜ ਰਹੇ ਸਨ ਅਤੇ ਇਸ ਸਮੇਂ ਵਿਚ ਉਹ ਸਾਲਕੁ ਭਰ ਮੇਰੇ ਵਿਰੁਧ ਵਿਭਾਗੀ ਪੜਤਾਲ ਹੀ ਕਰਦੇ ਰਹੇ, ਚੀਫ ਜੱਜੀ ਦਾ ਅਸਲੀ ਕੰਮ ਘਟ ਵਧ ਹੀ ਕੀਤਾ । ਇਹ ਵਿਭਾਗੀ ਪੜਤਾਲ ਹੀ ਉਹਨਾਂ ਦੀ 'ਜਨਤਕ ਸੇਵਾ' ਸੀ ।

ਹਾਈ ਕੋਰਟ ਤੇ ਸੁਪ੍ਰੀਮ ਕੋਰਟ ਵਿਚ ਕੀਤੀਆਂ ਅਪੀਲਾਂ ਵਿਚ ਮੈਂ, ਵਿਸ਼ੇਸ਼ ਕਰਕੇ, ਇਹ ਨੁਕਤੇ ਉਠਾਏ ਕਿ (1) ਪੰਜਾਬ ਯਾ ਕੋਈ ਰਾਜ ਸਰਕਾਰ, ਕਾਨੂੰਨ ਤੇ ਵਿਧਾਨ ਅਨੁਸਾਰ, ਆਈ. ਸੀ. ਅਫਸਰ ਨੂੰ ਮੁਅੱਤਲ ਨਹੀਂ ਕਰ ਸਕਦੀ। (2) ਆਈ. ਸੀ. ਐਸ ਅਫਸਰ ਕੇਵਲ ਸ਼ਕ ਸ਼ੁਭੇ ਵਿਚ ਹੀ ਮੁਅੱਤਲ ਨਹੀਂ ਕੀਤਾ ਜਾ ਸਕਦਾ, ਪਹਿਲਾਂ ਉਸ ਦੇ ਵਿਰੁੱਧ ਦੋਸ਼ ਸਿੱਧ ਕੀਤਾ ਜਾਣਾ ਚਾਹੀਏ। (3) ਪੰਜਾਬ ਗਵਰਨਰ, ਯਾ ਕੋਈ ਰਾਜ ਸਰਕਾਰ ਕਿਸੇ ਹਾਈ ਕੋਰਟ ਦੇ ਜੱਜ ਨੂੰ ਕਿਸੇ ਵਿਭਾਗੀ ਪੜਤਾਲ ਆਦਿ, ਵਾਧੂ ਕੰਮ ਕਰਨ ਦਾ ਹੁਕਮ ਨਹੀਂ ਦੇ ਸਕਦੀ, ਅਜੇਹੀ "ਬੇਨਤੀ" ਕੇਵਲ ਰਾਸ਼ਟਰਪਤੀ ਹੀ ਵਿਧਾਨ ਅਨੁਸਾਰ ਕਰ ਸਕਦੇ ਹਨ। (4) ਜੇ ਕੋਈ ਜੱਜ ਕਿਸੇ ਰਾਜਸਰਕਾਰ ਦੇ ਕਹੇ ਤੇ ਅਜੇਹਾ ਵਾਧੂ ਕੰਮ ਕਰਨਾ ਮੰਨ ਲਵੇ ਤਦ ਉਸ ਦਾ ਉਹ ਕੀਤਾ ਕੰਮ ਸਰਕਾਰੀ ਤੌਰ ਤੇ ਕੀਤਾ ਹੋਇਆ (duty) ਨਹੀਂ ਸਮਝਿਆ ਜਾ ਸਕਦਾ ਅਤੇ ਨ ਹੀ ਉਹ ਜੱਜ, ਅਜੇਹੇ ਸਮੇ ਲਈ ਤਨਖਾਹ ਆਦਿ ਲੈਣ ਦਾ ਅਧਿਕਾਰੀ ਹੈ। ਇਤੇਂ ਉਸ ਦੀ ਕੀਤੀ ਹੋਈ 'ਰਿਪੋਰਟ' ਆਦਿਕ ਭੀ ਕੋਈ ਕਾਨੂੰਨੀ ਹੈਸੀਅਤ ਨਹੀ ਰਖਦੀ। (5) ਜਿਸ ਕਾਨੂੰਨ, ਪਬਲਿਕ ਸਰਵੇਂਟਸ ਇਨ-ਕੁਆਇਰੀ ਐਕਟ, 1852 ਦੇ ਤਹਿਤ ਮੇਰੇ ਵਿਰੁਧ ਵਿਭਾਗੀ ਪੜਤਾਲ ਹੋਈ ਹੈ, ਉਹ ਐਕਟ ਤਾਂ ਆਈ. ਸੀ. ਐਸ ਉਤੇ ਲਾਗੂ ਹੀ ਨਹੀਂ, ਉਸ ਹੇਠ ਹੋਈ ਸਾਰੀ ਵਿਭਾਗੀ ਪੜਤਾਲ ਗੈਰਕਾਨੂੰਨੀ ਹੈ (6) ਇਸ ਐਕਟ ਅਨੁਸਾਰ ਭੀ, ਪੰਜਾਬ ਸਰਕਾਰ ਨੂੰ ਨ ਮੇਰੇ ਬਰ ਖਿਲਾਫ ਦੋਸ਼ ਆਰੋਪਣ ਕਰਨ ਦਾ ਕਾਨੂੰਨੀ ਅਧਿਕਾਰ ਹੈ ਅਤੇ ਨ ਵਿਭਾਗੀ ਪੜਤਾਲ ਕਰਵਾਉਣ ਦਾ। ਇਹ ਕੰਮ ਸਰਕਾਰ ਹਿੰਦ ਹੀ, ਕਾਨੂੰਨ ਅਨੁਸਾਰ ਕਰ ਸਕਦੀ ਹੈ। (7) ਜਦੋਂ ਮੇਰੀ ਨਿੱਗਰ ਤੇ ਲੋੜੀਂਦੀ ਸਫਾਈ ਦੀ ਸ਼ਹਾਦਤ ਹੀ ਨਹੀਂ ਲਈ ਗਈ ਤਾਂ ਮੇਰੇ ਵਿਰੁਧ ਕਿਹੜੇ ਨਿਆਂ ਨੂੰ ਵਿਚਾਰ ਕੇ ਧੱਕਾ ਕੀਤਾ ਜਾ ਰਿਹਾ ਹੈ ?

ਇਹ ਠੋਸ ਤੇ ਨਿੱਗਰ ਕਾਨੂੰਨੀ ਨੁਕਤੇ ਅਤੇ ਅਨੇਕਾਂ ਹੋਰ ਵਿਧਾਨਕ ਨੁਕਤੇ, ਹਾਈ ਕੋਰਟਾਂ ਅਤੇ ਸੁਪ੍ਰੀਮ ਕੋਰਟ ਨੇ ਇਕਦਮ ਰੱਦ ਕਰ ਦਿਤੇ ਅਤੇ ਆਈ. ਐਸ. ਵਿਚੋਂ ਮੇਰੇ ਕੱਢੇ ਜਾਣ ਨੂੰ ਕਾਨੂਨੀ ਤੌਰ ਤੇ ਹੱਕ ਬਜਾਨਬ ਕਰਾਰ ਦਿਤਾ।

ਕੁਝ ਸਮਾਂ ਬੀਤਣ ਉਪ੍ਰਾਂਤ ਸੰਨ 1962 ਦੇ ਨੇੜੇ ਤੇੜੇ, ਜਦੋਂ ਕਿ ਮੈਂ ਪਾਰਲੀਮੈਂਟ ਦਾ ਮੈਂਬਰ ਬਣ ਚੁੱਕਾ ਸਾਂ, ਭਾਣਾ ਗੁਰੂ ਦਾ ਐਸਾ ਵਰਤਿਆ ਕਿ ਇਕ ਪੰਜਾਬ ਨਿਯੁਕਟ ਹਿੰਦੂ ਆਈ. ਸੀ. ਐਸ. ਅਫਸਰ, ਰਘੁਪਤੀ ਕਪੂਰ, ਦੀ ਪੰਜਾਬ ਦੇ ਸਿੱਖ ਮੁਖ ਮੰਤ੍ਰੀ, ਸ੍ਰੀ ਪਰਤਾਪ ਸਿੰਘ ਕੈਰੋਂ ਨਾਲ ਖੜਕ ਪਈ। ਸ੍ਰੀ ਕੈਰੋਂ ਨੂੰ ਉਸ "ਕਾਨੂੰਨ" ਤੇ 'ਵਿਧਾਨ' ਦਾ ਪਤਾ ਸੀ, ਜਿਸਦੀ ਕਿ ਸਾਰ-ਵਿਆਖਿਆ ਪੰਜਾਬ ਹਾਈ ਕੋਰਟ ਅਤੇ ਸੁਪ੍ਰੀਮ ਕੋਰਟ, ਮੇਰੇ ਵਿਰੁਧ ਕਰ ਚੁਕੇ ਸਨ। ਉਸ ਦਾ ਸਹਾਰਾ ਲੈਕੇ, ਸ੍ਰੀ ਕੈਰੋਂ ਨੇ ਮਿਸਟਰ ਆਰ. ਪੀ. ਕਪੂਰ, ਆਈ. ਸੀ. ਐਸ ਨੂੰ ਮੁਅੱਤਲ ਭੀ ਕਰ ਦਿਤਾ ਅਤੇ ਉਸ ਦੇ ਵਿਰੁੱਧ ਦੋਸ਼ ਆਰੋਪਣ ਕਰਕੇ, ਵਿਭਾਗੀ ਪੜਤਾਲ ਲਈ ਹਾਈ ਕੋਰਟ ਦਾ ਜੱਜ ਭੀ ਨਿਯੁਕਤ ਕਰ ਦਿਤਾ।

ਇਸ ਗੈਰ ਵਿਧਾਨਿਕ "ਸਿੱਖਾਸ਼ਾਹੀ" ਦੇ ਵਿਰੁਧ ਮਿਸਟਰ ਕਪੂਰ ਨੇ ਸੁਪ੍ਰੀਮ ਕੋਰਟ ਵਿਚ ਅਪੀਲ ਕੀਤੀ ਅਤੇ ਇੰਨ ਬਿੰਨ ਉਹੋ ਛੇ ਕਾਨੂੰਨੀ ਨੁਕਤੇ ਉਠਾਏ ਜਿਹੜੇ ਕਿ ਮੈਂ ਅਪਣੀ ਅਸਫਲ ਅਪੀਲ ਵਿਚ ਉਠਾ ਚੁੱਕਾ ਸੀ। ਸੁਪ੍ਰੀਮ ਕੋਰਟ ਨੇ ਉਹ ਸਾਰੇ ਦੇ ਸਾਰੇ

ਛੇ ਕਾਨੂੰਨੀ ਨੁਕਤੇ ਠੀਕ ਤਸਲੀਮ ਕਰ ਲਏ ਅਤੇ ਮਿਸਟਰ ਕਪੂਰ ਆਈ. ਸੀ. ਐਸ. ਵਿਚ ਬਹਾਲ ਕਰ ਦਿੱਤੇ ਗਏ ਅਤੇ ਹੁਣ ਗਿਆਰਾ ਸੌ ਰੁਪਈਆ ਮਹੀਨਾ ਪੈਨਸ਼ਨ ਲੈ ਰਹੇ ਹਨ ।

ਭਾਰਤ ਦਾ ਵਿਧਾਨ ਲਿਖਤ-ਰੂਪ ਵਿਚ ਨਿਸ਼ਚਤ ਹੈ, ਪਰ ਉਸ ਦੇ ਅਰਥ ਉਹ ਹਨ ਜੋ ਸੁਪ੍ਰੀਮ ਕੋਰਟ ਕਹੇ, ਕਿ ਅਮਕੇ ਕੇਸ ਵਿਚ ਇਸ ਦੇ ਅਰਥ ਇਹ ਬਣਦੇ ਹਨ। ਸਾਡੇ ਵਿਧਾਨ ਵਿਚ ਹੀ ਇਹ ਨਿਰਣਾ ਹੋਇਆ ਹੋਇਆ ਹੈ ।

ਸਮਝਣਾ ਚਾਹੀਏ ਕਿ ਭਾਰਤ ਦੇ ਅਜੋਕੇ ਵਿਧਾਨ ਅਨੁਸਾਰ, ਜੇ ਹਿੰਦੂ ਮੁਖ ਮੰਤ੍ਰੀ ਤੇ ਰਾਜਸਰਕਾਰ ਕਿਸੇ ਸਿਰਦਾਰ ਕਪੂਰ ਸਿੰਘ ਨੂੰ ਆਪੂੰ ਮੁਅਤਲ ਕਰਕੇ ਤੇ ਵਿਭਾਗੀ ਪੜਤਾਲ ਕਰ ਕਰਵਾ ਕੇ, ਆਈ. ਸੀ. ਐਸ. ਵਰਗੀ ਮਹਾਂ ਪ੍ਰਤਿਸ਼ਠ ਸਰਕਾਰੀ ਨੌਕਰੀ ਵਿਚੋਂ ਕਢਵਾ ਦੇਵੇ, ਤਦ ਵਿਧਾਨ ਇਸ ਦੀ ਆਗਿਆ ਦਿੰਦਾ ਹੈ, ਪਰ ਜੇ ਇਹੋ ਕਾਰਵਾਈ ਕੋਈ ਸਿਖ ਮੁੱਖ ਮੰਤ੍ਰੀ ਯਾ ਰਾਜ ਸਰਕਾਰ ਕਿਸੇ ਸ੍ਰੀ ਰਘੁਪਤੀ ਕਪੂਰ ਵਿਰੁਧ ਕਰੇ ਕਰਾਏ ਤਦ ਵਿਧਾਨ ਇਸ ਦੀ ਆਗਿਆ ਨਹੀਂ ਦਿੰਦਾ । ਐਤਿਕਾ ॥੧॥ ਵਿਚ ਇਹ ਸ਼ਬਦ ਆਉਂਦੇ ਹਨ : "ਵਿਧਾਨ ਅਤੇ ਕਾਨੂੰਨ ਤਾਂ ਕਿਤਾਬਾਂ ਵਿਚ ਲਿਖੇ ਹੁੰਦੇ ਹਨ, ਪਰ ਜਿਸ ਢੰਗ ਨਾਲ ਉਨ੍ਹਾਂ ਉਤੇ ਅਮਲ ਕੀਤਾਂ ਜਾਂਦਾ ਹੈ, ਉਹ ਗਲ ਹੋਰ ਹੈ । ਗਲ ਕਹਿਣ ਦੀ ਹੋਰ ਹੁੰਦੀ ਹੈ ਤੇ ਕਰਨ ਦੀ ਹੋਰ, ਇਹੋ ਰਾਜਨੀਤੀ ਦਾ ਰਹੱਸਯ ਹੈ ।" ਇਹਨਾ ਵਾਕਾਂ ਦਾ ਅਤੇ "ਸਾਚੀ ਸਾਖੀ" ਵਿਚ ਮੁਸਲਮਾਨਾਂ ਦੇ ਜਿਨਾਂ ਤੌਖਲਿਆਂ ਵਲ ਸੰਕੇਤ ਮਿਲਦੇ ਹਨ ਉਹਨਾਂ ਦੀ ਸਹੀ ਰੂਪ ਰੇਖਾ ਸਮਝਣ ਲਈ, ਇਹ ਸੰਖੇਪ ਜਿਹੀ ਆਪਬੀਤੀ, ਅਤੇ ਐਤਿਕਾ ॥੧॥ ਵਿਚ ਨਿਰੂਪਣ ਹੋਏ ਵਾਕਿਅਤ ਬੜੇ ਜਰੂਰੀ ਤੇ ਅਵੱਸ਼ ਸਮਝਕੇ ਹੀ ਇਸ ਪੁਸਤਕ ਦਾ ਭਾਗ ਬਣਾਏ ਗਏ ਹਨ ।

ਇਸ ਆਪਬੀਤੀ ਨੂੰ ਸੰਪੂਰਣ ਕਰਨ ਲਈ ਕੁਝ ਤੱਥ ਹੋਰ ਭੀ ਦੇਣੇ ਉਚਿਤ ਹਨ ।

ਜਦੋਂ ਸੁਪ੍ਰੀਮ ਕੋਰਟ ਨੇ ਸ੍ਰੀ ਰਘੁਪਤੀ ਕਪੂਰ ਦੇ ਕੇਸ ਵਿਚ ਇਹ ਮੰਨ ਲਿਆ ਕਿ ਜਿਹੜੇ ਕਾਨੂੰਨੀ ਨੁਕਤੇ ਮੈਂ ਅਪਣੀ ਅਪੀਲ ਵਿਚ ਉਠਾਏ ਸਨ, ਉਹ ਹੀ ਠੀਕ ਕਾਨੂਨ ਤੇ ਵਿਧਾਨ ਹੈ ਅਤੇ ਇਉਂ ਮੇਰੀ ਛੇ ਸਾਲਾ ਮੁਅੱਤਲੀ ਅਤੇ ਡਿਸਮਿਸਿਲ ਗੈਰ ਕਾਨੂਨੀ ਤੇ ਗੈਰ-ਵਿਧਾਨਕ ਸਿੱਧ ਹੋ ਗਈ, ਤਦ ਸਰਦਾਰ ਗੁਰਨਾਮ ਸਿੰਘ ਜੀ ਜੱਜ ਨੇ ਸੰਨ 1965 ਵਿਚ, ਜਦੋਂ ਕਿ ਉਹ ਪੰਜਾਬ ਵਿਧਾਨ ਸਭਾ ਦੇ ਅਪੋਜੀਸ਼ਨ ਦੇ ਲੀਡਰ ਸਨ, ਹਿੰਦ ਦੇ ਪ੍ਰਧਾਨ ਮੰਤ੍ਰੀ ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਨੂੰ ਇਕ ਚਿੱਠੀ ਲਿਖੀ ਕਿ ਮੁਲਕ ਦਾ ਕਾਨੂਨ ਸਰਦਾਰ ਕਪੂਰ ਸਿੰਘ ਅਤੇ ਸ੍ਰੀ ਕਪੂਰ ਲਈ ਇਕੋ ਜਿਹਾ ਹੈ ਅਤੇ ਇਕੋ ਜਿਹਾ ਹੀ ਹੋਣਾ ਚਾਹੀਏ । ਇਸ ਲਈ ਹੁਣ ਹਿੰਦ ਸਰਕਾਰ ਦਾ ਫਰਜ਼ ਬਣਦਾ ਹੈ ਕਿ ਸਰਦਾਰ ਕਪੂਰ ਸਿੰਘ, ਐਮ. ਪੀ. ਨੂੰ ਉਸ ਦੀ ਸਾਰੀ ਆਈ. ਸੀ. ਐਸ ਦੀ ਤਨਖਾਹ ਅਤੇ ਪੈਨਸ਼ਨ ਦੇ ਦੇਵੇ ।

ਸ੍ਰੀ ਸ਼ਾਸਤ੍ਰੀ ਜੀ ਨੇ ਨਿਝੱਕ ਹੋਕੇ ਉਤਰ ਦਿਤਾ : "ਹਿੰਦ ਸਰਕਾਰ ਸਰਦਾਰ ਕਪੂਰ ਸਿੰਘ ਨੂੰ ਕੁਝ ਭੀ ਦੇਣ ਦਵਾਣ ਨੂੰ ਤਿਆਰ ਨਹੀ, ਕੜਾ ਕਾਨੂਨ ਜੋ ਭੀ ਹੋਵੇ ਸੋ ਹੋਵੇ ।"

ਇਸ ਚਿੱਠੀ ਨੂੰ ਆਧਾਰ ਬਣਾਕੇ, ਸੰਨ 1966 ਵਿਚ ਮੈਂ ਫੇਰ ਸੁਪ੍ਰੀਮ ਕੋਰਟ ਕੋਲ ਅਪੀਲ ਕੀਤੀ ਕਿ ਹੁਣ ਹੀ ਮੈਂਨੂੰ ਮੇਰੇ, ਧੱਕੇ ਨਾਲ ਖੋਹੇ ਹੋਏ ਹੱਕ, ਮੋੜ ਦਿੱਤੇ ਜਾਣ, ਪਰ ਕੋਈ ਸੁਨਵਾਈ ਨਹੀਂ ਹੋਈ।

"ਸਾਚੀ ਸਾਖੀ" ਵਿਚ ਜਿਹੜਾ ਮਿਸਟਰ ਜਿਨਾਹ ਦਾ ਬਾਰ ਬਾਰ ਇਹ ਵਾਕ ਆਉਂਦਾ ਹੈ, ਕਿ "ਮੁਸਲਮਾਨਾਂ ਨੂੰ ਉਹਨਾਂ ਦੇ ਹਿੱਸੇ ਦਾ ਮੁਲਖ ਵੰਡ ਦਿਤਾ ਜਾਵੇ, ਅਤੇ ਉਥੇ ਜੇ ਮੁਸਲਮਾਨਾਂ ਨੂੰ ਇਕ ਵੇਲੇ ਰੋਟੀ ਖਾਕੇ ਹੀ ਗੁਜਾਰਾ ਕਰਨਾ ਪਿਆ ਤਾਂ ਉਹ ਕਰ ਲੈਣਗੇ", ਇਸ ਦਾ ਰਹੱਸਯ, ਇਸ ਸੰਖੇਪ ਤੌਰ ਤੇ ਉਪ੍ਰੋਕਤ ਆਪ-ਬੀਤੀ ਨੂੰ ਪੜ੍ਹ ਕੇ, ਪਾਠਕਾਂ ਨੂੰ ਭਲੀ ਪ੍ਰਕਾਰ ਸਮਝ ਆ ਜਾਵੇਗਾ ਅਤੇ ਉਨ੍ਹਾਂ ਨੂੰ ਸਪਸ਼ਟ ਹੋ ਜਾਏਗਾ ਕਿ ਮੁਸਲਮਾਨ ਤੇ ਮਿਸਟਰ ਜਿਨਾਹ ਜੋ ਕਹਿੰਦੇ ਤੇ ਮੰਗਦੇ ਸਨ, ਉਹ ਨਿਰੀ ਹਠਧਰਮੀ ਨਹੀਂ ਸੀ, ਦੂਰਦਰਸ਼ਤਾ ਉਤੇ ਆਧਾਰਤ ਰਾਜਨੀਤੀ ਸੀ।

ਜਿਵੇਂ ਕਿ "ਸਾਚੀ ਸਾਖੀ" ਵਿਚ ਵਿੱਦਤ ਹੈ, ਰਾਜਾ ਰਾਮ ਮੋਹਣ ਰਾਇ (ਜਨਮ, ਸੰਨ 1772) ਤੋਂ ਲੈਕੇ, ਬੰਕਮ ਚੰਦ੍ਰ ਚੈਟਰਜੀ, ਅਰਬਿੰਦੂ, ਬਾਲ ਗੰਗਾਧਰ ਤਿਲਕ, ਗੋਖੇਲ, ਤੇ ਮਹਾਤਮਾ ਗਾਂਧੀ, (ਮ੍ਰਿਤੂ ਸੰਣ 1948) ਤਕ ਜਿਨਾਂ ਮੂਲਿਕ ਵਿਚਾਰਾਂ ਨੇ ਹਿੰਦੁਸਤਾਨ ਵਿਚ ਰਾਸ਼ਟ੍ਰਵਾਦ ਅਥਵਾ ਨੈਸ਼ਨਿਲਿਸਮ ਨੂੰ ਜਨਮ ਤੇ ਪ੍ਰੇਰਨਾ ਦਿਤੀ ਉਹਨਾਂ ਦਾ ਆਧਾਰ ਪੁਰਾਤਨ ਹਿੰਦੂ ਸੰਸਕ੍ਰਿਤੀ, ਅਧਿਆਤਮਵਾਦ ਅਤੇ ਭਾਰਤ ਅਤੇ ਹਿੰਦੂ ਜਾਤੀ ਦਾ ਭਵਿਸ਼ ਕਾਲ ਵਿਚ ਨਿਸ਼ਚਿਤ ਗੌਰਵਮਈ ਕਰਤੱਵਯ ਹੀ ਸੀ। ਜਦੋਂ ਸੰਨ 1947 ਵਿਚ ਦੇਸ਼ ਸੁਤੰਤਰ ਹੋ ਗਿਆ ਅਤੇ ਸੰਨ 1950 ਵਿਚ ਦੇਸ਼ ਦੀ ਸੰਪੂਰਣ ਰਾਜ ਸ਼ਕਤੀ, ਸ੍ਰੀ ਜਵਾਹਰ ਲਾਲ ਨਹਿਰੂ ਦੇ ਹਥ ਆ ਗਈ ਤਦ ਨਹਿਰੂ ਜੀ ਨੇ ਭਾਰਤ ਦੇ ਭਵਿਖ ਤੇ ਭਾਰਤੀ ਸਮਾਜ ਨੂੰ ਆਪਣੇ ਨਵੀਨ ਵਿਚਾਰਾਂ ਤੇ ਰੁਚੀਆਂ ਅਨੁਸਾਰ ਖੁਲ੍ਹ ਕੇ ਢਾਲਣਾ ਸ਼ੁਰੂ ਕਰ ਦਿਤਾ। ਇਹ ਵਿਚਾਰ ਤੇ ਰੁਚੀਆਂ ਉਸ ਸਫੁਰਤੀ ਦਾ ਨਿਰੋਧ ਸਨ ਜਿਸ ਨੇ ਕਿ ਹਿੰਦੂ ਰਾਂਸ਼ਟ੍ਰਵਾਦ ਨੂੰ ਪਿਛਲੇਰੇ ਦੋ ਡੂਢ ਸੌ ਸਾਲ ਉਤਸਾਹ ਦਈ ਰਖਿਆ ਸੀ।

ਅੰਤਿਕਾ ॥੨॥ ਇਕ ਕਵਿਤਾ ਹੈ ਜਿਹੜੀ ਕਿ ਸੰਨ 1955 ਵਿਚ ਪੰਡਿਤ ਜਵਾਹਰ ਲਾਲ ਨਹਿਰੂ ਦੀਆਂ ਇਹਨਾਂ ਰੁਚੀਆਂ ਤੇ ਵਿਚਾਰਾਂ ਦਾ ਡੂੰਘਾ ਅਧਿਅਨ ਕਰਕੇ, ਟੀਕਾ ਟਿਪਣੀ ਵਜੋਂ ਲਿਖੀ ਗਈ ਸੀ। ਤਾਤਪ੍ਰਜ ਇਸ ਕਵਿਤਾ ਦਾ ਇਹ ਹੈ ਕਿ ਜੋ ਰੂਪਰੇਖਾ ਦੇਸ਼ ਵਿਚ ਸਮਾਜਿਕ ਤੇ ਸਾਂਸਕ੍ਰਿਤਕ ਢਾਂਚੇ ਨੂੰ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ, ਉਹ ਉਸ ਸਫੁਰਤੀ ਦਾ ਵਿਰੋਧ ਤੇ ਨਿਰੋਧ ਹੈ ਜਿਸਦੇ ਆਸਰੇ ਹਿੰਦੁਸਤਾਨ ਦੀਆਂ ਘਟ-ਗਿਣਤੀਆਂ ਤੇ ਬਹੁ-ਗਿਣਤੀ ਨੇ ਸੁਤੰਤ੍ਰਤਾ ਸੰਗ੍ਰਾਮ ਵਿਚ ਕੁਰਬਾਨੀਆਂ ਕੀਤੀਆਂ ਸਨ।

ਇਸ ਕਵਿਤਾ ਵਿਚ ਜੋ ਕੁਛ ਵਿਅੰਗ ਨਾਲ ਕਿਹਾ ਗਿਆ ਯਾ ਕਹਿਣ ਦਾ ਯਤਨ ਕੀਤਾ ਗਿਆ ਹੈ, ਉਹ ਗਲਾਂ ਕਵਿਤਾ ਵਿਚ ਹੀ ਕਹਿਆਂ ਜਾ ਸਕਦੀਆਂ ਸਨ. ਗਦ ਵਿਚ ਪਦ ਦੀ ਧੁਨੀ-ਸ਼ਕਤੀ ਅਤੇ ਵਕ੍ਰੋਕਤੀ ਦੀ ਪਾਰਗਮਤਾ ਸੰਭਵ ਹੀ ਨਹੀਂ।

ਪਰ ਅੰਤਿਕਾ ॥੨॥ ਦੀ ਪਹਿਲੀ ਤੁਕ ਵਿਚ, "ਸੁਣ ਸਜਨੀ, ਚੰਦ੍ਰਬਦਨ", ਦੀ ਥਾਂ "ਸੁਣ ਸਜਨੀ, ਬੰਦ੍ਰਬਦਨ" ਛਾਪੇ ਵਾਲਿਆਂ ਨੇ ਛਾਪਕੇ ਮੇਰੇ ਹੱਥੋਂ ਕਵਿਤਾ ਦਾ ਝੰਡਾ ਖੋਹ

ਲਿਆ ਹੈ । ਕਿਥੇ ਚੰਦ ਵਰਗੇ ਮੁਖੜੇ ਵਾਲੀ, ਚੰਦ੍ਰਬਦਨ ਸਜਨੀ ਤੇ ਕਿਥੇ ਬਾਂਦ੍ਰਮੁੰਹੀ, ਬੰਦ੍ਰਬਦਨ, ਚੁੜੇਲ । ਪਰ ਛਾਪਕ ਸਰਵ-ਸਾਮ੍ਰਥ ਹਨ : 'ਸਾਮ੍ਰਥ ਕੋ ਨਹੀਂ ਦੋਸ ਗੁਸਾਈਂ' !

ਅੰਤਿਕਾ ॥੩॥ ਉਹ ਸਪੀਚ (ਅਸਲ ਅੰਗ੍ਰੇਜ਼ੀ ਵਿਚ) ਹੈ ਜਿਹੜੀ ਲੇਖਕ ਨੇ ਲੋਕਸਭਾ ਵਿਚ 6 ਸਿਤਬਰ, ਸੰਨ 1966 ਨੂੰ ਪੰਜਾਬੀ ਸੂਬਾ ਬਣਾਏ ਜਾਣ ਵੇਲੇ ਦਿਤੀ ਸੀ । ਇਸ ਸਪੀਚ ਵਿਚ ਜਿਹੜੇ ਤੱਥ ਤੇ ਵਾਕਿਆਤ ਕਹੇ ਗਏ ਹਨ, ਉਹਨਾਂ ਵਿਚੋਂ ਕਿਸੇ ਦਾ ਭੀ ਖੰਡਨ ਗ੍ਰਿਹਮੰਤ੍ਰੀ, ਸ੍ਰੀ ਗੁਲਜ਼ਾਰੀ ਲਾਲ ਨੰਦਾ, ਨੇ ਇਸ ਸਪੀਚ ਦਾ ਉਤ੍ਰ ਦੇਣ ਵੇਲੇ ਨਹੀਂ ਸੀ ਕੀਤਾ ਸਗੋਂ ਇਹਨਾਂ ਤੱਥਾਂ ਨੂੰ ਮੰਨ ਕੇ ਹੀ ਕਿਹਾ ਸੀ ਕਿ ਜੋ ਬੀਤ ਗਈ ਸੋ ਬੀਤ ਗਈ, ਹੁਣ ਅਗੇ ਨੂੰ ਜੋ ਯੋਗ ਹੈ ਉਹੀ ਕਰਨ ਵਲ ਧਿਆਨ ਦੇਣਾ ਉਚਿਤ ਹੈ । ਇਸ ਸਪੀਚ ਵਿਚ ਦਰਸਾਏ ਤੱਥ, 'ਕਮੀਊਨਿਲ ਅਵਾਰਡ' ਦੇ ਵਿਸ਼ੇ ਉਤੇ ਨਿਰੂਪਣ ਕੀਤੇ ਹੋਏ ਤੱਥਾ ਤੇ ਵਿਚਾਰਾਂ ਦਾ, ਇੱਕ ਪ੍ਰਕਾਰ, ਅਨਿਖੜਵਾਂ ਅੰਗ ਹੀ ਹਨ । ਇਸ ਲਈ ਅੰਤਿਕਾ ॥੩॥ ਇਸ ਪੁਸਤਕ "ਸਾਚੀ ਸਾਖੀ" ਦਾ ਅਕਟ ਭਾਗ ਹੀ ਸਮਝਣਾ ਚਾਹੀਏ ।

ਅੰਤਿਕਾ ॥੪॥ ਵਿਚ ਇਕ ਅਜੇਹੀ ਸ਼ਹਾਦਤ ਪ੍ਰਾਲਭਦ ਹੁੰਦੀ ਹੈ ਜੋ ਕਿ "ਸਾਚੀ ਸਾਖੀ" ਵਿਚ ਬਿਆਨੇ ਤੱਥਾਂ ਦੀ ਭਰਪੂਰ ਪ੍ਰੋੜਤਾ ਕਰਦੀ ਹੈ, ਪ੍ਰੰਤੂ ਇਕ ਸੁਤੰਤਰ ਸ਼ਹਾਦਤ ਹੈ । ਇਉਂ ਅੰਤਿਕਾ ॥੪॥ ਭੀ ਪੁਸਤਕ "ਸਾਚੀ ਸਾਖੀ" ਦਾ ਇਕ ਅੰਗ ਹੀ ਹੈ ।

ਅੰਤਿਕਾ ॥੫॥ ਭੀ ਅੰਤਿਕਾ ॥੪॥ ਵਾਂਗ ਇਕ ਅਜੇਹੀ ਸੁਤੰਤਰ ਸ਼ਹਾਦਤ ਪੇਸ਼ ਕਰਦਾ ਹੈ, ਜਿਸ ਦੁਆਰਾ "ਸਾਚੀ ਸਾਖੀ" ਵਿਚ ਕਹੀਆਂ ਹੋਈਆ ਗਲਾਂ ਦੀ ਭਰਪੂਰ ਪ੍ਰੋੜਤਾ ਹੁੰਦੀ ਹੈ । ਇਸ ਕਾਰਨ ਇਹ ਵੀ ਪੁਸਤਕ ਦਾ ਅੰਗ ਬਣਾ ਦਿਤਾ ਗਿਆ ਹੈ ।

"ਤਿੱਨਜਾਮਣ",
ਖਾਜਾਬਾਜੂ,
ਜਗਰਾਓਂ।
1, ਜੁਲਾਈ, 1972.

ਕਪੂਰ ਸਿੰਘ

# ਮੁਖ ਬੰਧ

ਸਿਰਦਾਰ ਕਪੂਰ ਸਿੰਘ ਜੀ ਨੇ 'ਸਾਚੀ ਸਾਖੀ' ਦਾ ਇਹ ਲੇਖ ਪਹਿਲੋਂ ਪਹਿਲ 'ਕਮੀਊਨਲ ਅਵਾਰਡ' ਦੇ ਸਿਰ-ਲੇਖ ਹੇਠ, ਮੇਰੀ ਬੇਨਤੀ ਪਰ, 'ਭਾਈ ਜੋਧ ਸਿੰਘ-ਅਭਿਨੰਦਨ ਗ੍ਰੰਥ' ਲਈ ਸੰਨ 1962 ਦੇ ਲਗਭਗ ਲਿਖਿਆ ਸੀ। ਪਰ ਇਸ ਦਾ ਆਕਾਰ ਅੰਦਾਜ਼ੇ ਨਾਲੋਂ ਅਠ ਦਸ ਗੁਣਾ ਵਧ ਗਿਆ ਸੀ ਜਿਸ ਕਰਕੇ ਇਹ ਉਥੇ ਛਪਣੋਂ ਰਹਿ ਗਿਆ। ਪਰ ਇਹ ਇਕ ਬਹੁ-ਮੁੱਲਾ ਲੇਖ ਸੀ। ਇਸ ਨਾਲ ਇਕ ਤਾਂ ਇਸ ਵਿਚ ਬਹੁਤ ਸਾਰੇ ਇਤਿਹਾਸਕ ਵਾਕਿਆਤ ਦੇ ਵੇਰਵੇ ਚੋਖੇ ਵਿਸਤਾਰ ਨਾਲ ਆ ਗਏ ਮਨ ਜੋ ਅੱਗੇ ਕਿਸੇ ਵਾਕਿਫ਼ਕਾਰ ਦੇ ਅੱਖੀਂ ਡਿੱਠੇ ਹਾਲਾਤ ਦੀ ਸੂਰਤ ਵਿਚ ਸਪਸ਼ਟ ਤੌਰ ਤੇ ਪਰਗਟ ਨਹੀਂ ਸੀ ਹੋਏ, ਦੂਸਰੇ ਚੋਖੇ ਸਮੇਂ ਤੋਂ ਹੋ ਰਹੇ ਰਾਜਸੀ ਪ੍ਰਾਪੇਗੰਡੇ ਦੇ ਤੂਫ਼ਾਨਾ ਨਾਲ ਉਨ੍ਹਾਂ ਪਰ ਪਈ ਹੋਈ ਕੂੜ ਦੀ ਧੂੜ ਉਡ ਗਈ ਸੀ ਅਤੇ 'ਸਾਚੀ ਸਾਖੀ' ਸੰਸਾਰ ਦੇ ਸਾਹਮਣੇ ਆ ਜਾਣ ਦਾ ਮੌਕਾ ਬਣ ਗਿਆ। ਇਸ ਲਈ ਇਸ ਲੇਖ ਨੂੰ ਇਕ ਵੱਖਰੀ ਪੁਸਤਕ ਦੀ ਸੂਰਤ ਵਿਚ ਪ੍ਰਕਾਸ਼ਤ ਕਰਨ ਦਾ ਵਿਚਾਰ ਕੀਤਾ ਗਿਆ ਜੋ ਹੁਣ ਦਸ ਵਰ੍ਹਿਆਂ ਤੋਂ ਬਾਅਦ ਸਿਰੇ ਚੜ੍ਹਿਆ ਹੈ।

ਇਹ ਵਾਰਤਾ ਅਗਸਤ 1932 ਵਿਚ ਬਰਤਾਨੀਆ ਸਰਕਾਰ ਵਲੋਂ ਦੇਸ਼ ਦੇ ਰਾਜਸੀ ਹੱਲ ਲਈ ਦਿੱਤੇ ਗਏ 'ਕਮੀਊਨਲ ਅਵਾਰਡ' ਦੀ ਕਹਾਣੀ ਹੀ ਨਹੀਂ ਸਗੋਂ ਹਿੰਦੋਸਤਾਨ ਦੇ ਵੱਖ ਵੱਖ ਧਾਰਮਕ ਫ਼ਿਰਕਿਆਂ ਵਿੱਚ ਖਿੱਚੋਤਾਨ ਅਤੇ ਉਨ੍ਹਾਂ ਦੀਆਂ ਵੱਖੋ ਵਖਰੀਆਂ ਰਾਜਸੀ ਮੰਗਾਂ ਦੇ ਪਿਛੋਕੜ ਪਰ ਭੀ ਚੋਖਾ ਚਾਨਣਾ ਪਾਉਂਦੀ ਹੈ ਅਤੇ ਉਤਰੀ ਹਿੰਦੁਸਤਾਨ ਵਿਚ ਮੁਸਲਮਾਨਾਂ ਦੇ ਨਕਸ਼ਬੰਦੀ ਫ਼ਿਰਕੇ ਵਲੋਂ ਗ਼ੈਰ-ਮੁਸਲਮਾਨਾਂ ਵਿਰੁਧ ਫੈਲਾਈ ਅਤੇ ਭੜਕਾਈ ਗਈ ਨਫ਼ਰਤ ਦੀ ਅੱਗ ਵਲ ਭੀ ਇਸ਼ਾਰਾ ਕਰਦੀ ਹੈ ਜੋ ਸ੍ਰੀ ਗੁਰੂ ਅਰਜਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦਾ ਮੁਖ ਕਾਰਣ ਸੀ ਅਤੇ ਜਿਸ ਨੇ ਸਿੱਖਾਂ ਅਤੇ ਮੁਸਲਮਾਨਾਂ ਵਿਚ ਬਾਅਦ ਵਿਚ ਹੋਈਆਂ ਰਾਜਸੀ ਟੱਕਰਾਂ ਦਾ ਮੁਢ ਬੱਧਾ।

ਦੂਸਰੇ ਪਾਸੇ ਹਿੰਦੂਆਂ ਦੇ ਮਨਾਂ ਵਿਚ ਆਪਣੇ ਸੰਬੰਧੀ ਸ੍ਰੇਸ਼ਟਤਾਂ ਦੇ ਵਹਿਮ ਅਤੇ ਮੁਸਲਮਾਨਾਂ ਦੇ ਵਿਰੁਧ ਨਫ਼ਰਤ ਅਤੇ ਸਦਭਾਵਨਾ ਦੀ ਅਣਹੋਂਦ ਸੀ ਜਿਸ ਕਰਕੇ ਦੋਨੋ ਪਾਸੀਂ ਅਤਿ ਦੀ ਬੇ-ਇਤਬਾਰੀ ਸੀ ਅਤੇ ਉਹ ਰਾਜਸੀ ਤੌਰ ਤੇ ਇਕੱਠੇ ਨਹੀਂ ਸਨ ਰਹਿ ਸਕਦੇ। ਮੁਸਲਮਾਨਾਂ ਨੂੰ ਖ਼ਿਆਲ ਸੀ ਕਿ ਹਿੰਦੂ ਬਹੁ-ਗਿਣਤੀ ਉਨ੍ਹਾਂ ਦੀ ਇਸਲਾਮੀਅਤ ਨੂੰ ਹੌਲੀ ਹੌਲੀ ਦਬਾਈ ਜਾਣਾ ਅਤੇ ਅੰਤ ਖਤਮ ਕਰਨਾ ਚਾਹੁੰਦੀ ਹੈ ਜਿਸ ਨਾਲ ਉਨ੍ਹਾਂ ਦੀ ਵੱਖਰੀ ਹੋਂਦ ਨੂੰ ਬੜਾ ਭਾਰੀ ਖਤਰਾ ਹੈ। ਇਸ ਖ਼ਿਆਲ ਦੀ ਪੁਸ਼ਟੀ ਹਿੰਦੂ ਮਹਾ-ਸਭਾ ਅਤੇ ਹਿੰਦੂ ਰਾਸ਼ਟਰੀ-ਸਵਯਮ-ਸੇਵਕ-ਸੰਘ ਆਦਿ ਦੇ ਆਗੂਆਂ ਦੇ ਭੜਕਾਊ ਭਾਸ਼ਨਾਂ ਅਤੇ ਇਨ੍ਹਾਂ ਦੇ ਮੈਂਬਰਾ ਦੀਆਂ ਨਿੱਤ ਦੀਆਂ ਡਰਾਊ ਅਤੇ ਡਰਾਉਣੀਆਂ ਕਾਰਵਾਈਆਂ ਅਤੇ ਫ਼ਿਰਕਾਦਾਰਾਨਾ ਫਸਾਦਾਂ ਤੋਂ ਹੁੰਦੀ ਸੀ। ਇੰਡੀਅਨ ਨੈਸ਼ਨਲ ਕਾਂਗ੍ਰਸ ਵਿਚ ਭੀ ਬਹੁ-ਗਿਣਤੀ ਅਤੇ ਸਿਰ-ਕੱਢ ਲੀਡਰੀ

ਹਿੰਦੂਆਂ ਦੀ ਹੀ ਸੀ, ਅਤੇ ਸਿੱਖ ਭੀ ਆਮ ਤੌਰ ਤੇ ਹਿੰਦੂਆਂ ਦਾ ਹੀ ਪੱਖ ਪੂਰਦੇ ਰਹਿੰਦੇ ਸਨ। ਕਾਂਗ੍ਰਸ ਵਾਲੇ ਭੀ ਮੁਸਲਮਾਨਾਂ ਨੂੰ ਉਨ੍ਹਾਂ ਦੇ ਰਾਜਸੀ ਹੱਕਾ ਦੀ ਪੂਰੀ ਪੂਰੀ ਰਾਖੀ ਦਾ ਯਕੀਨ ਨਹੀਂ ਸੀ ਦੁਆ ਸਕੇ । ਇਸ ਕਰਕੇ ਮੁਸਲਿਮ ਲੀਗ ਦੇ ਆਗੂ ਦੇਸ਼ ਵਿਚ ਮੁਸਲਿਮ ਬਹੁ-ਗਿਣਤੀ ਵਾਲੇ ਹਿੱਸਿਆਂ ਵਿਚ ਮੁਸਲਿਮ ਰਾਜ ਦੀ ਮੰਗ ਪਰ ਅੜ ਗਏ ਅਤੇ ਅੰਤ ਇਸ ਦੇ ਸਾਹਮਣੇ ਅੰਗੇਰਜ਼ੀ ਸਰਕਾਰ ਨੂੰ ਝੁਕਣ ਤੋਂ ਬਗੈਰ ਹੋਰ ਕੋਈ ਚਾਰਾ ਨਾ ਰਹਿ ਗਿਆ ।

ਇਸ ਦੇ ਨਾਲ ਹੀ ਇਕ ਹੋਰ ਵੱਡੀ ਗੱਲ ਸੀ ਜਿਸ ਨਾਲ ਕਿ ਮੁਸਲਮਾਨ ਅੰਦਰੋਂ ਕੁੜ੍ਹ ਰਹੇ ਸਨ ਅਤੇ ਹਿੰਦੂਆਂ ਦੇ ਵਿਰੁਧ ਹੋ ਰਹੇ ਸਨ । ਉਹ ਸੀ ਕਿ ਕਿਰਾੜ ਲੋਕ ਉਨ੍ਹਾਂ ਨੂੰ ਹੌਲੀ ਹੌਲੀ ਆਰਥਕ ਤੌਰ ਤੇ ਖਾਈ ਜਾ ਰਹੇ ਸਨ, ਦਿਨੋਂ ਦਿਨ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਮਕਾਨ ਕਰਜ਼ਿਆਂ ਦੀ ਅਦਾਇਗੀ ਦੀ ਔਖਿਆਈ ਕਰਕੇ ਖੁਸਦੇ ਜਾ ਰਹੇ ਸਨ ਅਤੇ ਮੁਸਲਮਾਨ ਹੋਰ ਗ੍ਰੀਬ ਹੁੰਦੇ ਜਾ ਰਹੇ ਸਨ, ਦੂਸਰੇ ਪਾਸੇ ਉਨ੍ਹਾਂ ਦੇ ਖੋਲਿਆਂ ਦੀ ਥਾਂ ਹਿੰਦੂ ਸਾਹੂਕਾਰਾਂ ਦੀਆਂ ਵਡੀਆਂ ਵਡੀਆਂ ਹਵੇਲੀਆ ਉਸਰੀਆਂ ਹੋਈਆਂ ਸਨ ਜਿਨ੍ਹਾਂ ਨੂੰ ਦੇਖ ਕੇ ਮੁਸਲਮਾਨ ਹਲਵਾਹਾਂ ਦੇ ਦਿਲ ਵਿਚ ਕੀ ਗੁਜ਼ਰ ਰਿਹਾ ਸੀ ਅਤੇ ਉਹ ਕਿਵੇਂ ਸੋਚ ਰਹੇ ਸਨ, ਇਸ ਦਾ ਕੁਝ ਕੁ ਅੰਦਾਜ਼ਾ ਲਹਿੰਦੇ ਪੰਜਾਬ ਦੇ ਜੰਗਲ ਦੇ ਇਲਾਕੇ ਦੇ ਦੋ ਬੰਦਿਆਂ ਦੀ ਆਪਸ ਵਿਚ ਦੀ ਗੱਲ-ਬਾਤ ਤੋਂ ਹੋ ਸਕਦਾ ਹੈ ਜੋ ਲਾਇਲਪੁਰ ਦੇ ਬਾਜ਼ਾਰ ਵਿਚ ਜਿਸ ਦਾ ਨਾਉਂ ਮੈਨੂੰ ਯਾਦ ਨਹੀਂ ਡਾਕਟਰ ਫੌਜਾ ਸਿੰਘ ਜੀ ਦੀ ਦੁਕਾਨ ਤੋਂ ਥੋੜਾ ਜਿਹਾ ਅੱਗੇ ਮੈਂ ਚੜ੍ਹਦੇ ਚਾਲ੍ਹੀਏ ਵਿਚ ਸੁਣੀ ਸੀ ਜਦੋਂ ਕਿ ਉਹ ਇਕ ਹਿੰਦੂ ਦੇ ਬੜੇ ਵੱਡੇ ਚੌੜੇ ਦਰਵਾਜ਼ੇ ਵਾਲੇ ਮਕਾਨ ਦੇ ਸਾਹਮਣੇ ਖੜੋਤੇ ਹੈਰਾਨ ਹੋ ਕੇ ਗੱਲਾਂ ਕਰ ਰਹੇ ਸਨ । ਕੇਵਲ ਦੋ ਤਿੰਨ ਫਿਕਰੇ ਹੀ ਮੇਰੀ ਕੰਨੀ ਪਏ ਸਨ ਜੋ ਇਸ ਤਰਾਂ ਸਨ :

ਇਕ : ਹਾ ਵੇਖ ਨਾਂ ਨੂਰ ਮੁਹੰਮਦਾ, ਇਨ੍ਹਾਂ ਕਿਰਾੜਾਂ ਦੀਆਂ ਕੇਡੀਆਂ ਕੇਡੀਆਂ ਹਵੇਲੀਆਂ ਨੇ ।

ਦੂਜਾ : ਕੇ ਆਖਨਾਂ ਵਾਂ ਖ਼ੁਦਾ ਬਕਸਾ, ਇਨ੍ਹਾਂ ਮਾੜੀਆਂ ਤੇ ਅਸਾਂ ਈ ਢੋਲੇ ਗਾਵਣੇ ਨੇ। ਇਨ੍ਹਾਂ ਭੱਜ ਵੰਞਣਾ ਏ ।

ਹੋ ਸਕਦਾ ਹੈ ਇਨ੍ਹਾਂ ਨੇ ਕਿਧਰੇ ਕੁਝ ਮੁਸਲਮਾਨਾਂ ਵਕੀਲਾਂ ਜਾਂ ਲੀਡਰਾਂ ਨੂੰ ਗੱਲਾਂ ਕਰਦੇ ਤੇ ਕੁਝ ਗੋਂਦਾ ਗੁੰਦਦੇ ਸੁਣਿਆ ਹੋਵੇ, ਜਾਂ ਇਸਲਾਮੀਆ ਕਾਲਜ ਅਤੇ ਗਵਰਨਮੈਂਟ ਕਾਲਜ ਲਾਹੋਰ ਲੀਗੀ ਵਿਦਿਆਰਥੀਆਂ ਦੇ ਮਾਲ-ਮੰਡੀਆਂ ਅਤੇ ਮੇਲਿਆਂ ਪਰ ਭਾਸ਼ਨ ਸੁਣੇ ਹੋਏ ਹੋਣ ।

ਪੰਜਾਬ, ਸਰਹਦੀ ਸੂਬੇ, ਬਲੋਚਿਸਤਾਨ ਅਤੇ ਸਿੰਧ ਨੂੰ ਇਕ ਇਸਲਾਮੀ ਰਾਜ ਵਿਚ ਸੰਗਠਿਤ ਕਰਨ ਦਾ ਖਿਆਲ ਪਹਿਲੋ ਪਹਿਲ ਸਨ 1930 ਵਿਚ ਡਾਕਟਰ ਸਰ ਮੁਹੰਮਦ ਇਕਬਾਲ ਨੇ ਮੁਸਲਿਮ ਲੀਗ ਦੇ ਸਾਹਮਣੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਦਿੱਤਾ ਸੀ ਜਿਸ ਨੂੰ ਮੁਸਲਿਮ ਲੀਗ ਅਤੇ ਮੁਸਲਮਾਨਾਂ ਦੀ ਬਹੁ-ਗਿਣਤੀ ਨੇ ਆਪਣੇ ਇਕ ਨਿਸ਼ਚਿਤ ਆਦਰਸ਼ ਦੇ ਤੌਰ ਤੇ ਅਪਣਾ ਲਿਆ ਅਤੇ ਲੀਗ ਦੇ 'ਕਾਇਦਿ-ਆਜ਼ਮ' ਮੁਹੰਮਦ ਅਲੀ ਜਿਨਾਹ ਸਾਹਿਬ

ਨੇ ਇਸ ਨੂੰ ਆਪਣਾ ਜੀਵਨ-ਮਨੋਰਥ ਬਣਾ ਲਿਆ ਅਤੇ ਇਸ ਪਰ ਡਟ ਗਏ ਸਨ ਅਤੇ ਅੰਤ ਉਹ ਸਫਲ ਹੋ ਗਏ ।

ਕਮੀਊਨਲ ਅਵਾਰਡ ਤੋਂ ਪਹਿਲਾਂ ਸਨ 1928 ਵਿਚ ਹਿੰਦੁਸਤਾਨ ਆਏ ਸਾਈਮਨ ਕਮਿਸ਼ਨ ਦੇ ਲਾਹੌਰ ਪੁਜੱਣ ਸਮੇਂ ਦੇ ਮੁਜ਼ਾਹਿਰਿਆ ਦਾ ਜ਼ਿਕਰ ਕਰਦੇ ਹੋਏ ਸਿਰਦਾਰ ਕਪੂਰ ਸਿੰਘ ਨੇ ਆਪਣੇ ਅੱਖੀਂ ਡਿੱਠੇ ਹਾਲ ਲਿਖੇ ਹਨ । ਇਸ ਵਿਚ ਉਨ੍ਹਾਂ ਨੇ ਇਹ ਗੱਲ ਸਪਸ਼ਟ ਕਰ ਕੇ ਕਹੀ ਹੈ ਕਿ 31 ਅਕਤੂਬਰ 1928 ਦੇ ਜਲੂਸ ਵਿਚ ਮਿਸਟਰ ਸਕਾਟ ਵਲੋਂ ਲਾਲਾ ਲਾਜਪਤ ਰਾਇ ਪਰ ਲਾਠੀਆਂ ਦੀ ਮਾਰ ਦਾ ਜੋ ਇਲਜ਼ਾਮ ਲਾਇਆ ਗਿਆ ਸੀ, ਉਹ ਉਸ ਵੇਲੇ ਉਥੇ ਮੌਜੂਦ ਹੀ ਨਹੀਂ ਸੀ ਬਲਕਿ ਦੂਰ ਪਰੇ ਰੇਲਵੇ ਸਟੇਸ਼ਨ ਪਰ ਸੀ । ਉਸ ਮੌਕੇ ਤੇ ਬੈਂਤ ਦੀ ਸੋਟੀ ਡੀ. ਆਈ. ਜੀ. ਪੁਲਿਸ ਮਿਸਟਰ ਹੈਮਿਲਟਨ ਹਾਰਡਿੰਗ ਨੇ ਕੇਵਲ ਹਵਾ ਵਿਚ ਘੁਮਾਈ ਸੀ ਜੋ ਇਕ ਵਾਰ ਲਾਲਾ ਜੀ ਦੀ ਖੁਲ੍ਹੀ ਛਤਰੀ ਉੱਤੇ ਜਾ ਲਗੀ ਸੀ । ਕਿਸੇ ਸਿਪਾਹੀ ਨੇ ਤਾਂ ਕੋਈ ਲਾਠੀ ਉਲਾਰੀ ਭੀ ਨਹੀਂ ਸੀ । ਪਰ ਇਸ ਨੂੰ ਇਕ ਬੜਾ ਬਤੰਗੜ ਬਣਾ ਲਿਆ ਗਿਆ ਅਤੇ ਲਾਠੀਆਂ ਦੀ ਮਾਰ ਦਾ ਨਾਂਉਂ ਦਿੱਤਾ ਗਿਆ ਸੀ ਅਤੇ ਲਾਲਾ ਜੀ ਦੀ ਮੌਤ ਨੂੰ ਪੁਲਿਸ ਦੀਆਂ ਲਾਠੀਆਂ ਦੀ ਮਾਰ ਦੇ ਕਾਰਣ ਹੋਈ ਦੱਸਿਆ ਗਿਆ । ਅਸਲ ਵਿਚ ਲਾਲਾ ਜੀ ਦੀ ਮੌਤ 17 ਨਵੰਬਰ ਨੂੰ ਦਿਲ ਫੇਹਲ ਹੋ ਜਾਣ ਕਰਕੇ ਹੋਈ । ਇੱਥੇ ਇਹ ਗੱਲ ਲਿਖ ਦੇਣੀ ਕੁਥਾਵੇਂ ਨਹੀਂ ਹੋਵੇਗੀ ਕਿ ਇੱਥੇ ਕਈ ਵਾਰ ਅੰਗਰੇਜ ਕੂੜੇ ਪ੍ਰਾਪੈਗੰਡ ਦੇ ਕਾਰਨ ਬੇ-ਗੁਨਾਹ ਹੀ ਬਦਨਾਮ ਹੋਏ ਹਨ । ਬੇਲਾਗ਼ ਅਤੇ ਠੰਡੇ ਦਿਲ ਨਾਲ ਸੋਚਿਆ ਜਾਏ ਤਾਂ ਇਹ ਸਚਾਈ ਪ੍ਰਵਾਨ ਕਰਨੀ ਪਵੇਗੀ ਕਿ ਅੰਗਰੇਜ ਨਾ ਤੇ ਫਿਤਰਤੀ ਤੌਰ ਤੇ ਅਤਿਆਚਾਰੀ ਹੀ ਹਨ ਅਤੇ ਨਾ ਹੀ ਝੂਠੇ ਤੇ ਮੱਕਾਰ । ਨਿਜੀ ਤੌਰ ਤੇ ਅੰਗਰੇਜ਼ ਦੁਨੀਆਂ ਦੀਆਂ ਹੋਰ ਅਨੇਕਾਂ ਕੌਮਾਂ ਨਾਲੋਂ ਜ਼ਿਆਦਾ ਸੱਚੇ, ਸਾਫ਼ਗੋ ਅਤੇ ਇਤਬਾਰੀ ਹਨ । ਪਰ ਚੂੰ ਕਿ 31 ਅਕਤੂਬਰ ਦੇ ਜਲੂਸ ਵੇਲੇ ਪੁਲਿਸ ਪ੍ਰਬੰਧ ਦਾ ਇਨਚਾਰਜ਼ ਮਿਸਟਰ ਸਕਾਟ ਸੀ, ਇਸ ਕਰਕੇ ਪ੍ਰਾਪੇਗੰਡਾ ਬਹੁਤਾ ਉਸੇ ਦੇ ਵਿਰੁਧ ਹੋਇਆ ਅਤੇ ਸਰਦਾਰ ਭਗਤ ਸਿੰਘ ਯਾ ਉਸ ਦੇ ਇਕ ਸਾਥੀ ਨੇ ਮਿਸਟਰ ਸਕਾਟ ਦੇ ਭੁਲੇਖੇ ਵਿਚ ਬੇ-ਗੁਨਾਹ ਮਿਸਟਰ ਸਾਂਡਰਸ ਨੂੰ ਮਾਰ ਦਿੱਤਾ । ਆਮ ਖਿਆਲ ਇਹ ਹੀ ਹੈ ਕਿ ਸਾਂਡਰਸ ਮਰਿਆ ਤਾਂ ਭਗਤ ਸਿੰਘ ਦੇ ਸਾਥੀ ਦੀ ਗੋਲੀ ਨਾਲ ਸੀ ਪਰ ਫੜੇ ਜਾਣ ਪਰ ਉਸਨੇ ਸਾਰੀ ਜ਼ੁਮੇਵਾਰੀ ਆਪਣੇ ਸਿਰ ਲੈ ਲਈ ਸੀ ਅਤੇ ਫਾਂਸੀ ਚੜ੍ਹ ਗਿਆ ਸੀ । ਭਗਤ ਸਿੰਘ ਨੂੰ ਇਸ ਗੱਲ ਦਾ ਅਫਸੋਸ ਹੀ ਰਿਹਾ ਕਿ ਫਾਂਸੀ ਚੜ੍ਹਣ ਤੋਂ ਪਹਿਲਾਂ ਉਹ ਅੰਮ੍ਰਿਤ ਨਾ ਛਕ ਸਕਿਆ ਜਿਸ ਦੀ ਉਸਨੇ ਅੰਤਮ ਇੱਛਾ ਕੀਤੀ ਸੀ ਅਤੇ ਭਾਈ ਰਣਧੀਰ ਸਿੰਘ ਉਨ੍ਹੀ ਦਿਨੀ ਲਾਹੌਰ ਜੇਹਲ ਤੋਂ ਰਿਹਾ ਹੋਣ ਵਾਲੇ ਸਨ ।

1930 ਦੇ ਨਵੰਬਰ ਵਿਚ ਹੋਈ ਗੋਲ-ਮੇਜ਼ ਕਾਨਫਰੰਸ ਵੇਲੇ ਮਹਾਰਾਜਾ ਭੂਪਿੰਦਰ ਸਿੰਘ ਪਟਿਆਲੇ ਦੀ ਬੜੀ ਪ੍ਰਬਲ ਇੱਛਾ ਸੀ, ਕਿ ਉਹ ਦੇਸ਼ ਦੀ ਬਦਲ ਰਹੀ ਹਾਲਤ ਵਿਚ ਸਿੱਖਾਂ ਦੀ ਕੋਈ ਸੇਵਾ ਕਰ ਸਕਣ, ਅਤੇ ਉਹ ਉਸ ਸਮੇਂ ਆਪਣੀ ਬਣੀ ਹੋਈ ਰਾਜਸੀ ਪ੍ਰਭਤਾ ਅਤੇ ਬਰਤਾਨਵੀ ਸਰਕਾਰ ਨਾਲ ਕਾਇਮ ਹੋਏ ਹੋਏ ਅਸਰ

ਰਸੂਖ ਨਾਲ ਸ਼ਾਇਦ ਬਹੁਤ ਕੁਝ ਕਰ ਭੀ ਜਾਂਦੇ ਪਰ ਮਾਸਟਰ ਤਾਰਾ ਸਿੰਘ ਜੀ ਉਨ੍ਹਾਂ ਦੀ ਸੋਭਾ ਨੂੰ ਜਰ ਨਾ ਸਕੇ ਅਤੇ ਸਰਕਾਰ ਅੰਗਰੇਜ਼ੀ ਮਾਸਟਰ ਜੀ ਨੂੰ ਇਸ ਕਾਨਫਰੰਸ ਪਰ ਬੁਲਾਉਣ ਲਈ ਤਿਆਰ ਨਹੀਂ ਸੀ। ਇਸ ਤਰ੍ਹਾਂ ਇਕ ਚੰਗਾ ਮੌਕਾ ਹਥੋਂ ਖੁੱਸ ਗਿਆ। ਇਸੇ ਤਰ੍ਹਾਂ ਦੂਜੀ ਕਾਂਨਫਰੰਸ ਵੇਲੇ ਭੀ ਕੋਈ ਦੂਰ ਦੀ ਨਾ ਸੋਚੀ ਗਈ।

ਜਦ 16 ਅਗਸਤ 1932 ਨੂੰ ਇੰਗਲੈਂਡ ਦੇ ਪ੍ਰਈਮ ਮਿਨਿਸਟਰ ਮਿਸਟਰ ਰੈਂਮਜੇ ਮੈਕਡਾਲਡ ਵਲੋਂ ਕਮੀਊਨਲ ਐਵਾਂਰਡ ਦਾ ਇਲਾਨ ਕਰ ਦਿੱਤਾ ਗਿਆ ਤਾਂ ਮੁਸਲਮਾਨ ਆਗੂਆਂ ਨੇ ਨਾਂਹ ਨਾਂਹ ਕਰਦਿਆਂ ਇਸ ਨੂੰ ਪ੍ਰਵਾਨ ਕਰ ਲਿਆ। ਮਹਾਤਮਾ ਗਾਂਧੀ ਜੀ ਨੇ ਭੁੱਖ ਹੜਤਾਲ ਦੇ ਹਥਿਆਰ ਨਾਲ ਅਛੂਤਾਂ ਨੂੰ ਹਿੰਦੂਆਂ ਦਾ ਅਟੁੱਟ ਹਿੱਸਾ ਮਨਵਾ ਲਿਆ। ਅਤੇ ਇਹ ਸੂਝਵਾਨ ਨੀਤੀ ਅਪਨਾਈ ਰੱਖੀ ਕਿ ਜੋ ਮਿਲਦਾ ਹੈ ਉਸ ਤੋਂ ਨਾਂਹ ਨਾ ਕਰੋ ਅਤੇ ਹੋਰ ਮੰਗਾਂ ਲਈ ਇਕ ਧੜਾ ਤਾਂ ਧਮਕੀਆਂ ਅਤੇ ਡਰਾਵੇ ਦੇਈ ਜਾਏ ਅਤੇ ਦੂਸਰਾ ਗੱਲ-ਬਾਤ ਨਾਲ ਸਮਝੌਤੇ ਦਾ ਰਾਹ ਨਾ ਛੱਡੇ। ਪਰ ਸਿੱਖਾਂ ਦੇ ਗਰਮ ਅਕਾਲੀ ਧੜੇ ਨੇ ਆਪ ਫੋਕੇ ਦਮਗਜਿਆਂ ਅਤੇ ਜੈਕਾਰਿਆਂ ਤੋਂ ਵਧ ਕੁਝ ਨਾਂ ਕੀਤਾ ਅਤੇ ਸਾਰਾ ਜੋਰ ਠੰਡੇ ਵਿਚਾਰਵਾਨ ਨੀਤੱਗਾਂ ਨੂੰ, ਜੋ ਕੁਝ ਕਰ ਸਕਣ ਜੋਗ ਸਨ, ਭੰਡਣ ਅਤੇ ਨਿਹੱਥਲ ਕਰਨ ਪਰ ਲਾ ਦਿਤਾ ਅਤੇ ਕੁਝ ਕਰਨ ਜੋਗੇ ਨਾ ਛੱਡਿਆ। ਇਹ ਇਕ ਐਸੀ ਹਿਰਦੇ ਵੇਂਧਕ ਗੱਲ ਹੈ ਜੋ ਪਿਛਲੇ ਪੰਜਾਹ ਵਰ੍ਹਿਆਂ ਤੋਂ ਮੁੜ ਮੁੜ ਦੁਹਰਾਈ ਜਾ ਰਹੀ ਹੈ ਅਤੇ ਸਿਖ ਆਗੂ, ਗੁਰੂ ਅਤੇ ਸੰਗਤ ਦੀ ਹਜ਼ੂਰੀ ਵਿਚ, ਅਰਦਾਸ ਕਰਕੇ ਵੀ ਪੂਰੇ ਨਹੀਂ ਉਤਰ ਸਕੇ।

ਸਿਰਦਾਰ ਕਪੂਰ ਸਿੰਘ ਜੀ ਨੇ ਇਸ 'ਸਾਚੀ ਸਾਖੀ' ਵਿਚ ਇਸ ਲੁਕੇ ਹੋਏ ਭੇਤ ਤੋਂ ਭੀ ਪਰਦਾ ਲਾਹਿਆ ਹੈ ਕਿ ਕਮੀਊਨਲ ਐਵਾਰਡ ਦੇ ਵਿਰੋਧ ਵਿਚ ਜੇ ਕਿਧਰੇ ਸਿਖ 'ਲੀਡਰ' ਥੋੜੀ ਜਿਹੀ ਕੁਰਬਾਨੀ ਭੀ ਕਰ ਗੁਜਰਦੇ ਤਾਂ ਪੰਜਾਬ ਇਸ ਦੀ ਮਾਰ ਤੋਂ ਬਚ ਜਾਂਦਾ ਅਤੇ ਨਵੀਂ ਗਲ-ਬਾਤ ਵਿਚ ਇਸ ਦਾ ਨਕਸ਼ਾ ਅਤੇ ਇਤਿਹਾਸ ਹੋਰ ਹੀ ਹੋ ਜਾਂਦਾ।

ਇਸ ਦੇ ਪਿਛੋਂ ਕੈਬਿਨਟ ਮਿਸ਼ਨ ਵੇਲੇ ਅਤੇ ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਭੀ ਅੰਗਰੇਜ ਸਰਕਾਰ ਅਤੇ ਜਿਨਾਂਹ ਸਾਹਿਬ ਸਿਖ ਆਗੂਆਂ ਨਾਲ ਸਮਝੌਤਾ ਕਰਨ ਲਈ ਤਿਆਰ ਸਨ। ਕੋਈ ਵਡੀ ਗੱਲ ਨਹੀ ਸੀ ਆਪਸ ਵਿਚ ਗੱਲ-ਬਾਤ ਕਰਨ ਨਾਲ ਕੋਈ ਅਜਿਹਾ ਹੱਲ ਨਿਕਲ ਆਉਂਦਾ ਜੋ ਹਿੰਦੂਆਂ, ਸਿਖਾਂ ਅਤੇ ਮੁਸਲਮਾਨਾਂ ਨੂੰ ਮਨਜ਼ੂਰ ਹੋ ਜਾਂਦਾ ਜਿਸ ਨਾਲ ਅਨੰਤ ਸਿੱਖਾਂ ਅਤੇ ਮੁਸਲਮਾਨਾਂ ਦੀਆ ਜਾਨਾਂ ਐਂਵੇਂ ਹੀ ਜ਼ਾਇਆ ਹੋਣੋ ਬਚ ਜਾਂਦੀਆਂ, ਸਿਖਾਂ ਦੀਆਂ ਅਰਬਾਂ ਰੁਪਇਆਂ ਦੀਆਂ ਜ਼ਮੀਨਾਂ ਅਤੇ ਜਾਇਦਾਦਾਂ ਭੀ ਨਾ ਖੁੱਸਦੀਆਂ, ਨਾਂ ਘਰ-ਘਾਟ ਉਜੜਦੇ ਅਤੇ ਨਾ ਹੀ ਸਾਰੀ ਰਾਜਸੀ ਹਾਲਤ ਵਿਗੜਦੀ।

ਬਦ-ਕਿਸਮਤੀ ਦੀ ਗੱਲ ਇਹ ਸੀ ਕਿ ਇਸ ਵੇਲੇ ਰਾਜਸੀ ਉਧੇੜ ਬੁਣ ਵਿਚ ਸਿਖ ਆਗੂਆਂ ਦੇ ਇਕ ਖਿਆਲ ਅਤੇ ਇਕ-ਮੁੱਠ ਨਾ ਹੋਣ ਦੇ ਕਾਰਨ, ਜੋ ਇਕ ਘੱਟ-ਗਿਣਤੀ

ਦੀ ਜਮਾਤ ਲਈ ਅਤਿ ਜਰੂਰੀ ਸੀ, ਨਾ ਹਿੰਦੂ ਇਨ੍ਹਾਂ ਪਰ ਇਤਬਾਰ ਕਰ ਰਹੇ ਸਨ ਨਾਂ ਮੁਸਲਮਾਨ। ਹਿੰਦੂ ਇਹ ਸਮਝਦੇ ਸਨ ਕਿ ਸਿਖ ਕਿਧਰੇ ਮੁਸਲਮਾਨਾਂ ਨਾਲ ਰਲਕੇ ਉਨ੍ਹਾਂ ਦਾ ਪਾਸਾ ਭਾਰੀ ਨਾ ਕਰ ਦੇਣ, ਇਸ ਲਈ ਉਹ ਇਨ੍ਹਾਂ ਨੂੰ ਲਾਰਾ-ਲੱਪਾ ਲਾਈ ਅਤੇ ਫਰਜ਼ੀ ਸਬਜ਼ ਬਾਗ਼ ਦਿਖਾਂਦੇ ਗਏ ਜਿਸ ਕਰਕੇ ਉਹ ਮੁਸਲਮਾਨਾਂ ਨਾਲ ਕੋਈ ਸਿੱਧੀ ਅਤੇ ਸਪਸ਼ਟ ਗੱਲ ਨਾ ਕਰ ਸਕੇ। ਮੁਸਲਮਾਨਾਂ ਨੂੰ ਇਹ ਖਿਆਲ ਸੀ ਕਿ ਅੰਤ ਇਨ੍ਹਾਂ ਨੇ ਹਿੰਦੂਆਂ ਨਾਲ ਰਲ ਜਾਣਾ ਹੈ ਇਸ ਲਈ ਉਹ ਕੋਈ ਸਪਸ਼ਟ ਗਲ ਕਰਕੇ ਆਪਣੇ ਆਪ ਨੂੰ ਫਸਾਉਣਾ ਨਹੀਂ ਸਨ ਚਾਹੁੰਦੇ। ਜੇ ਕਿਤੇ ਸਿਖ ਮੁਸਲਮਾਨਾਂ ਨੂੰ ਯਕੀਨ ਦੁਆ ਦਿੰਦੇ ਕਿ ਉਹ ਆਪਣੇ ਆਪ ਨੂੰ ਇਕ ਸੁਤੰਤਰ ਤੇ ਨਿਰਪੱਖ ਇਕਾਈ ਦੇ ਤੌਰ ਤੇ ਦੇਸ਼ ਦੇ ਰਾਜਸੀ ਖੇਤਰ ਵਿਚ ਵਿਚਾਰਨਾ ਚਾਹੁੰਦੇ ਹਨ, ਤਾਂ ਮੁਸਲਮਾਨਾਂ ਦੇ ਮਨ ਵਿਚ ਇਤਨਾ ਧੁੜਕੂ ਨਹੀਂ ਸੀ ਪੈਣਾ।

ਭੋਲੇ ਸਿਖਾਂ ਨੂੰ ਖਿਆਲ ਸੀ ਕਿ ਜੋ ਵਾਇਦੇ ਉਨ੍ਹਾਂ ਨੂੰ ਕਾਂਗਰਸੀ ਹਿੰਦੂ ਲੀਡਰ ਦੇ ਰਹੇ ਹਨ ਉਹ ਬਹੁਤ ਕੁਝ ਪੂਰੇ ਕਰ ਦਿਤੇ ਜਾਣਗੇ। ਉਨ੍ਹਾਂ ਨੂੰ ਇਹ ਗੱਲ ਭੁਲ ਗਈ ਕਿ ਪੋਲਿਟੀਸ਼ੀਅਨ ਕਿਸੇ ਇਕ ਅਸੂਲ, ਵਾਇਦੇ ਅਤੇ ਬਚਨ ਨਾਲ ਬੱਧੇ ਹੋਏ ਨਹੀਂ ਰਹਿੰਦੇ। ਪੋਲਿਟਿਕਸ ਨਾਉਂ ਹੀ ਬਹੁਤੇ (ਪੋਲੀ) ਟਿੱਕਾਂ ਦਾ ਹੈ ਜਿਵੇਂ ਕਿ ਖੂਹ ਵਿਚ ਡਿਗੀਆਂ ਡੋਲ, ਬਾਲਟੀਆਂ ਆਦਿ ਚੀਜਾਂ ਨੂੰ ਕਢਣ ਵਾਲਾ ਕੁੰਡਿਆਂ ਦਾ ਜਾਲ ਹੁੰਦਾ ਹੈ ਜਿਸ ਦਾ ਕਿ ਜਿਹੜਾ ਭੀ ਕੁੰਡਾ ਕੰਮ ਆ ਜਾਏ ਉਹ ਹੀ ਪੋਲਿਟੀਸ਼ੀਅਨ ਲੋਕ, ਰਾਜਸੀ ਨੀਤਕ, ਵਰਤ ਲੈਂਦੇ ਹਨ। ਇਹ ਹੀ ਗੱਲ ਹਿੰਦੂ ਪੋਲਿਟੀਸ਼ੀਅਨਾਂ ਨੇ ਕੀਤੀ। ਉਸ ਵੇਲੇ ਤਾਂ ਹਰ ਪ੍ਰਕਾਰ ਦੇ ਝੂਠੇ ਸੱਚੇ ਵਾਇਦੇ ਕਰਕੇ ਅਤੇ ਕੁਝ ਮੁਸਲਮਾਨਾਂ ਦੇ ਪੁਰਾਣੇ ਵੈਰ ਯਾਦ ਕਰਾਕੇ ਸਿੱਖਾਂ ਨੂੰ ਭਰਮਾ ਲਿਆ ਅਤੇ ਸਿਖਾਂ ਦੀ ਵਖਰੀ ਹਸਤੀ ਰਹਿਣ ਦੀ ਨਾਂਹ ਉਨ੍ਹਾਂ ਪਾਸੋਂ ਹੀ ਕਰਵਾ ਲਈ ਅਤੇ ਜਦ ਵੇਲਾ ਟੱਪ ਗਿਆ ਤਾਂ ਆਜਾਦੀ ਮਿਲਣ ਤੋਂ ਬਾਅਦ ਜਮਹੂਰੀ ਲੋਕ ਰਾਜ ਦੇ ਉਪਦੇਸ਼ ਨਾਲ ਪੁਰਾਣੇ ਕੀਤੇ ਹੋਏ ਵਾਇਦਿਆਂ ਦੇ ਭਾਵ ਅਰਥ ਬਦਲਨੇ ਸ਼ੁਰੂ ਹੋ ਗਏ ਅਤੇ ਹੌਲੀ ਹੌਲੀ ਬਿਲਕੁਲ ਭੁਲਾ ਦਿੱਤੇ ਗਏ।

ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਜੀ ਤਾਂ ਇਤਨੇ ਨਾਲ ਹੀ ਬਹੁਤ ਪ੍ਰਸੰਨ ਹੋ ਗਏ ਕਿ ਉਨ੍ਹਾਂ ਦੇ ਕ੍ਰਿਪਾ-ਪਾਤਰ ਸਰਦਾਰ ਬਲਦੇਵ ਸਿੰਘ ਜੀ ਨੂੰ ਹਿੰਦੁਸਤਾਨ ਦੀ ਕੇਂਦਰੀ ਵਜ਼ੀਰ ਮੰਡਲੀ ਵਿਚ ਸੁਰਖਿਆ ਮੰਤਰੀ ਬਣਾ ਦਿੱਤਾ ਗਿਆ, ਪਰ ਸਮਾ ਬੀਤਦੇ ਜਾਣ ਨਾਲ ਉਨ੍ਹਾਂ ਨੂੰ ਕੁਝ ਕੁ ਚਾਨਣਾ ਹੋਣ ਲਗ ਪਿਆ ਅਤੇ ਉਨ੍ਹਾ ਸਰਕਾਰ ਹਿੰਦ ਦੇ ਵਿਰੁਧ ਰੋਸ ਪਰਗਟ ਕਰਨਾ ਆਰੰਭ ਦਿੱਤਾ ਪਰ ਹੁਣ ਪਛਤਾਏ ਕੀ ਹੋ ਸਕਦਾ ਸੀ ਜਦ ਕਿ ਖੇਤ ਚਿੜੀਆਂ ਨੇ ਚੁਗ ਲਿਆ ਸੀ ਅਤੇ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਏ'। ਪਿੰਜਰਾ ਭਾਵੇਂ ਸੋਨੇ ਦਾ ਕਿਉਂ ਨਾ ਹੋਵੇ. ਆਖਰ ਹੈ ਤਾਂ ਪਿੰਜਰਾਂ ਹੀ।

ਪੰਜਾਬੀ ਸੂਬੇ ਦਾ ਖਿਆਲ ਆਜ਼ਾਦੀ ਤੋਂ ਛੇਤੀ ਹੀ ਬਾਅਦ ਸੰਨ 1948 ਵਿਚ ਹੀ ਸ਼ੁਰੂ ਹੋ ਗਿਆ ਸੀ। ਇੰਡੀਅਨ ਨੈਸ਼ਨਲ ਕਾਂਗ੍ਰਸ ਨੇ ਬੋਲੀਆਂ ਦੇ ਆਧਾਰ ਤੇ ਦੇਸ਼ ਦੇ

ਸੂਬਿਆਂ ਦੀ ਮੁੜ ਹਦਬੰਦੀ ਦੇ ਅਸੂਲ ਨੂੰ ਚਿਰੋਕਣਾ ਪ੍ਰਵਾਨ ਕੀਤਾ ਹੋਇਆਂ ਸੀ। ਜਿਸ ਵੇਲੇ 1948 ਵਿਚ ਦੇਸ਼ ਦਾ ਨਵਾਂ ਵਿਧਾਨ ਬਨਾਉਣ ਲਈ ਅਸੈਂਬਲੀ ਬੈਠੀ ਤਾਂ ਬਾਵਾ ਹਰਕਿਸ਼ਨ ਸਿੰਘ ਜੀ ਨੇ ਪੰਜਾਬੀ ਸੂਬਾ ਬਨਾਉਣ ਦੇ ਹੱਕ ਵਿਚ ਇਕ ਪੈਂਫਲਟ A Plea for A Punjabi-Speaking Province ਲਿਖ ਕੇ ਇਸ ਪੱਖ ਨੂੰ ਪੇਸ਼ ਕੀਤਾ ਸੀ ਪਰ ਉਸ ਵੇਲੇ ਕਿਸੇ ਨੇ ਇਸ ਗੱਲ ਵਲ ਕੋਈ ਖਾਸ ਧਿਆਨ ਨਾ ਦਿੱਤਾ। ਬਲਕਿ ਬਾਅਦ ਵਿਚ ਭੀ ਜਦ ਇਹ ਸਵਾਲ ਉਠਿਆ ਤਾਂ ਪੰਜਾਬ ਦੇ ਆਰੀਆ ਸਮਾਜੀਆਂ, ਹਿੰਦੂ-ਸਭਾਈਆਂ ਅਤੇ ਜਨ-ਸੰਘੀਆਂ ਨੇ ਇਸ ਦਾ ਜ਼ਿਰ ਤੋੜ ਵਿਰੋਧ ਕੀਤਾ ਅਤੇ ਇਸ ਹਦ ਤਕ ਝੂਠ ਬੋਲਣ ਤਕ ਉਤੱਰ ਆਏ ਕਿ ਪੰਜਾਬੀ ਤਾਂ ਸਾਡੀ ਮਾਤ-ਬੋਲੀ ਹੀ ਨਹੀ; ਹਾਲਾਂਕਿ ਉਨ੍ਹਾਂ ਦੇ ਪਿਓ-ਦਾਦੇ, ਮਾਵਾਂ-ਭੈਣਾਂ, ਧੀਆਂ-ਪੁਤੱਰ, ਰਿਸ਼ਤੇਦਾਰ ਅਤੇ ਉਹ ਆਪ ਸਵੇਰ ਤੋਂ ਸ਼ਾਮ ਤਕ ਘਰ ਅਤੇ ਬਾਹਰ, ਕੰਮ ਕਾਰ ਤੇ, ਹੱਟੀਆਂ ਅਤੇ ਵਣਜ ਵਪਾਰ ਲਈ ਸਿਵਾਏ ਪੰਜਾਬੀ ਤੋਂ ਹੋਰ ਕੋਈ ਬੋਲੀ ਬੋਲਦੇ ਹੀ ਨਹੀਂ ਸਨ ਅਤੇ ਨਾ ਹੀ ਇਸ ਤੋਂ ਬਿਨਾ ਉਨ੍ਹਾਂ ਦੀ ਕੋਈ ਹੋਰ ਬੋਲੀ ਹੈ। ਸੰਸਾਰ ਦੇ ਇਤਿਹਾਸ ਵਿਚ ਸ਼ਾਇਦ ਹੀ ਕਦੀ ਕਿਸੀ ਕੌਮ ਦੇ ਬੰਦਿਆਂ ਨੇ ਜਾਣ ਬੁਝ ਕੇ ਅਤੇ ਇਤਣਾ ਖੁਲ੍ਹ ਕੇ ਕੂੜ ਕੁਫਰ ਤੋਲਿਆ ਹੋਵੇ ਜਿਤਨਾ ਕਿ ਆਪਣੇ ਆਪ ਨੂੰ ਧਾਰਮਕ ਕਹਿਨ ਵਾਲੀ ਆਰੀਆ ਸਮਾਜ ਜਮਾਤ ਅਤੇ ਉਨ੍ਹਾਂ ਦੇ ਅਸਰ ਹੇਠ ਕੁਝ ਕ ਗੁਮਰਾਹ ਲੋਕਾਂ ਨੇ ਜ਼ਬਾਨੀ ਅਤੇ ਲਿਖਤੀ, ਆਪਣੇ ਬਿਆਨਾ ਵਿਚ, ਆਂਪਣੀਆ ਸਟੇਜਾਂ ਤੋਂ ਅਤੇ ਆਪਣੀਆਂ ਅਖਬਾਰਾਂ ਅਤੇ ਹੋਰ ਲਿਖਤਾਂ ਰਾਹੀਂ ਤੋਲਿਆ ਅਤੇ ਹੋਰ ਹਿੰਦੂਆਂ ਅਤੇ ਹਰੀਜਨਾਂ ਨੂੰ ਝੂਠ ਬੋਲਣ ਲਈ ਪ੍ਰੇਰਿਆ।

ਇਹ ਇਕ ਅਜਿਹਾ ਸਪਸ਼ਟ ਅਤੇ ਖੁਲ੍ਹਾ ਝੂਠ ਸੀ ਜਿਸ ਨੂੰ ਉਤੱਰੀ ਹਿਦੂਸਤਾਨ ਦੇ ਸਾਰੇ ਲੋਕ ਕੀ ਹਿੰਦੂ, ਕੀ ਮੁਸਲਮਾਨ, ਕੀ ਹਰੀਜਨ ਅਤੇ ਕੀ ਈਸਾਈ ਸਭ ਜਾਣਦੇ ਸੀ। ਇਥੋਂ ਤਕ ਕਿ ਇਕ ਮੁਸਲਮਾਨ ਸਜਣ ਨੇ ਇਹ ਵੇਖ ਸੁਣ ਕੇ ਸਿੱਖਾਂ ਨੂੰ ਤਾਹਨਾ ਮਾਰਿਆ ਕਿ "ਭਾ ਜੀ : ਆਹ ਹਨ ਨਾ ਓਹ ਲੋਕ ਜਿਨ੍ਹਾਂ ਦੇ ਝੂਠੇ ਵਾਇਦਿਆਂ ਅਤੇ ਬੇ-ਬੁਨਿਆਦ ਭਰੋਸਿਆਂ ਤੇ ਤੁਸੀਂ ਸਾਡੇ ਤੇ ਇਤਬਾਰ ਨਹੀਂ ਸੀ ਕੀਤਾ ਅਤੇ ਆਪਣਾ ਪੁਰਾਂਣਾ ਝੁਗਾ ਚੌੜ ਕਰਾ ਲਿਆ ਸੀ ਅਤੇ ਨਵਾਂ ਇਨ੍ਹਾਂ ਬੰਣਨ ਨਹੀਂ ਦੇਣਾ।" ਜੇ ਠਰ੍ਹਮੇ ਨਾਲ ਸੋਚਿਆਂ ਜਾਵੇ ਤਾਂ ਇਹ ਇਕ ਸਚਾਈ ਹੈ।

ਅਸਲ ਵਿਚ ਹਿੰਦੂਆਂ ਵਿਚੋਂ ਆਰੀਆ ਸਮਾਜੀ ਅਤੇ ਉਨ੍ਹਾਂ ਦਾ ਕੁਝ ਪਿੱਛ-ਲੱਗ ਭਾਈਚਾਰਾ ਇਹ ਬਰਦਾਸ਼ਤ ਹੀ ਨਹੀਂ ਕਰ ਸਕਦਾ ਕਿ ਸਿੱਖ ਧਾਰਮਕ ਤੌਰ ਤੇ ਆਪਣੇ ਆਪ ਨੂੰ ਹਿੰਦੂ ਧਰਮ ਤੋਂ ਆਜ਼ਾਦ ਰਖ ਸਕਣ ਵਿਚ ਪੂਰੀ ਤਰਾਂ ਸਫ਼ਲ ਹੋ ਜਾਣ ਜਾਂ ਰਾਜਸੀ ਤੌਰ ਤੇ ਆਪਣੀਆਂ ਕੋਈ ਵੱਖਰੀਆਂ ਅਤੇ ਆਜ਼ਾਦ ਉਮੰਗਾਂ ਅਤੇ ਆਸਾਂ ਲਾਈ ਰੱਖਣ। ਉਹ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਇਕ ਫਿਰਕੇ ਤੋਂ ਵਧ ਨਹੀਂ ਰਹਿਣ ਦੇਣਾ ਚਾਹੁੰਦੇ ਅਤੇ ਸਿੱਖਾਂ ਨੂੰ ਆਪਣੀ ਇਕ ਫੌਜੀ ਜਮਾਤ ਤੋਂ ਵੱਧ ਨਹੀਂ ਦੇਖਣਾ ਚਾਹੁੰਦੇ ਤਾਕਿ ਹੌਲੀ ਹੌਲੀ ਇਹ ਹਿੰਦੂਆਂ ਵਿਚ ਜਜ਼ਬ ਹੋ ਕੇ ਇਨ੍ਹਾਂ ਦੀ ਵਖਰੀ ਹਸਤੀ ਹੀ ਸਦਾ ਲਈ ਖਤਮ ਹੋ ਜਾਏ। ਇਹ ਇਕ ਪਾਪ ਦੀ ਸੋਚਣੀ ਹੈ ਜੋ ਅੰਤ ਪਾਪੀ ਨੂੰ ਮਹਿੰਗੀ ਪਿਆ ਕਰਦੀ ਹੈ।

ਇਸ ਤਰਾਂ ਇਸ 'ਸਾਚੀ ਸਾਖੀ' ਵਿਚ ਵਿੱਦਵਾਨ ਲੇਖਕ ਨੇ ਹੋਰ ਕਈ ਇਤਿਹਾਸਕ ਸੱਚਾਈਆਂ ਪਰ ਚਾਨਣਾ ਪਾਇਆ ਹੈ ਜੋ ਆਉਣ ਵਾਲੇ ਸਮੇਂ ਵਿਚ ਸੋਚਵਾਨਾਂ ਅਤੇ ਲਿਖਾਰੀਆਂ ਲਈ ਸੇਧਾਂ ਪਾਉਣ ਵਿਚ ਸਹਾਈ ਹੋਵੇਗਾ । ਇਸ ਸੇਵਾ ਲਈ ਅਸੀਂ ਸਾਰੇ ਸਮੁੱਚੇ ਤੋਰ ਤੇ ਉਨ੍ਹਾਂ ਦੇ ਧੰਨਵਾਦੀ ਹਾਂ ਅਤੇ ਮੈਂ 'ਸਾਚੀ ਸਾਖੀ' ਨੂੰ 'ਜੀ ਆਇਆ ਨੂੰ' ਆਖਦਾ ਹਾਂ ।

ਪਟਿਆਲਾ
29 ਜੂਨ, 1972.

**ਗੰਡਾ ਸਿੰਘ**

# ਕਮੀਊਨਲ ਅਵਾਰਡ

ਬ੍ਰਿਟਿਸ਼ ਜਾਤੀ ਦਾ ਭਾਰਤ ਦੇਸ਼ ਉੱਤੇ ਸਾਮਰਾਜਕ ਅਧਿਕਾਰ ਅਤੇ ਉਸ ਅਧਿਕਾਰ ਦੇ ਤਿਆਗ ਦੀ ਤਵਾਰੀਖ ਵਿਚ 'ਕਮੀਊਨਲ ਅਵਾਰਡ' ਦੀ ਭਾਰੀ ਮਹੱਤਤਾ ਹੈ । ਸਾਰੇ ਹਿੰਦੁਸਤਾਨ ਉੱਤੇ ਸੌ, ਡੇਢ ਸੌ ਵਰ੍ਹੇ ਅਖੰਡ ਰਾਜ ਕਰ ਕੇ, ਵੀਹਵੀਂ ਸਦੀ ਈਸਵੀ ਦੇ ਮੱਧ ਵਿਚ, ਜਦ ਅੰਗ੍ਰੇਜ਼ ਦੇਸ਼ ਦਾ ਰਾਜ-ਕਾਜ ਅਪਣੇ ਹੱਥੀਂ ਹੱਕੀਆਂ ਨੂੰ ਸੌਂਪ ਗਏ, ਤਦ ਉਸ ਹੱਕ ਅਧਿਕਾਰ ਦੇ ਅੰਤਮ ਨਿਰਣੇ ਦੀ ਸ਼ਿਲਾਧਾਰ 'ਕਮੀਊਨਲ ਅਵਾਰਡ' ਹੀ ਸੀ, ਅਤੇ ਇਸ ਲਈ ਇਸ ਕਮੀਊਨਲ ਅਵਾਰਡ ਦੇ ਅਗੇੜ੍ਹ ਪਛੇੜ੍ਹ ਦਾ ਵਰਨਣ ਤੇ ਇਸ ਦੀਆਂ ਨੀਹਾਂ ਦਾ ਨਿਰੂਪਣ ਮਨੋਰੰਜਕ ਭੀ ਹੈ ਤੇ ਲਾਭਕਾਰੀ ਭੀ ।

ਅਚੰਭੇ ਦੀ ਗੱਲ ਹੈ ਕਿ "ਕਮੀਊਨਲ ਅਵਾਰਡ" ਦਾ ਕਿਸੇ ਹਿੰਦਸਤਾਨੀ ਬੋਲੀ ਵਿਚ ਪ੍ਰਮਾਣੀਕ ਤੇ ਪ੍ਰਚਲਤ ਤਰਜੁਮਾ ਨਹੀਂ ਹੋ ਸਕਿਆ, ਜਿਵੇਂ ਕਿ ਨਾਨ-ਕੁਆਪ੍ਰੇਸ਼ਨ (non-cooperation) ਦਾ ਉਲਥਾ ਉਰਦੂ ਵਾਲਿਆਂ ਨੇ 'ਤਰਕਿਮੁਵਾਲਾਤ' ਤੇ ਹਿੰਦੀ ਵਾਲਿਆਂ ਨੇ 'ਅਸਹਿਯੋਗ' ਕਰ ਲਿਆ ਸੀ, ਪਰ ਪ੍ਰਚਲਤ ਅਤੇ ਸਰਵ-ਸਾਧਾਰਣ ਪ੍ਰਿਯ ਪੰਜਾਬੀ ਵਿਚ ਹੋਇਆ ਉਲਥਾ, 'ਨਾ ਮਿਲਵਰਤਣ' ਹੀ ਸਿੱਧ ਹੋਇਆ ਸੀ । 'ਕਮੀਊਨਲ ਅਵਾਰਡ' ਸ਼ਬਦ ਦੇ ਤਰਜੁਮੇ ਉਰਦੂ ਵਾਲਿਆਂ ਨੇ ਭੀ ਤੇ ਹਿੰਦੀ ਵਾਲਿਆਂ ਨੇ ਭੀ, ਅਰਬੀ ਤੇ ਸੰਸਕ੍ਰਿਤ ਦੇ ਸੋਮਿਆਂ ਦਾ ਸਹਾਰਾ ਲੈ ਕੇ, ਕਰਨ ਦਾ ਜਤਨ ਕੀਤਾ ਤਾਂ ਸੀ, ਪਰ ਉਸ ਦਾ ਸਿੱਟਾ ਇਤਨਾ ਭੱਦਾ ਤੇ ਨਾ-ਤਸੱਲੀਬਖ਼ਸ਼ ਸੀ, ਕਿ ਇਹ ਮੁੱਢੋਂ ਹੀ ਉਨ੍ਹਾਂ, ਤਰਜੁਮਾ ਕਰਨ ਵਾਲਿਆ ਨੂੰ, ਆਪ ਨ ਜਚਿਆ, ਤੇ ਇਉਂ ਉਹ ਆਪ ਹੀ ਅਪਣੇ ਸ਼ਬਦਾਂ ਨੂੰ ਪ੍ਰਚਲਤ ਨ ਕਰ ਸਕੇ ਤੇ ਅੰਗ੍ਰੇਜ਼ੀ ਭਾਸ਼ਾ ਦਾ ਅਸਲੀ ਸ਼ਬਦ, 'ਕਮੀਊਨਲ ਅਵਾਰਡ' (Communal Award) ਹੀ ਬੋਲ ਚਾਲ ਤੇ ਲਿਖਤ ਵਿਚ, ਵਰਤਦੇ ਰਹੇ ।

ਸਿੱਖਾਂ ਨੇ, ਜਿਨ੍ਹਾਂ ਦੇ ਮੋਢਿਆਂ ਉੱਤੇ ਪੰਜਾਬੀ ਬੋਲੀ ਦੀ ਰੱਖਿਆ ਦਾ ਭਾਰ, ਹਿੰਦੁਸਤਾਨ ਦੇ ਰਾਜਸੀ ਵਾਤਾਵਰਣ ਨੇ, ਧੀਂਗੋਜੋਰੀ ਪਾ ਰੱਖਿਆ ਸੀ, ਇਸ ਨੂੰ ਪੰਜਾਬੀ ਵਿਚ ਉਲਥਾਣ ਦਾ ਜਤਨ ਹੀ ਨ ਕੀਤਾ । ਇਸ ਕਾਰਣ, ਉਰਦੂ, ਹਿੰਦੀ, ਪੰਜਾਬੀ ਤੇ ਬਾਕੀ ਹਿੰਦਸਤਾਨ ਦੀਆਂ ਭਾਸ਼ਾਂ ਵਿਚ 'ਕਮੀਊਨਲ ਅਵਾਰਡ' ਸ਼ਬਦ ਅਪਣੇ ਤਤਸਮ ਰੂਪ ਵਿਚ ਹੀ ਪ੍ਰਚਲਤ ਹੋ ਪਿਆ ਤੇ ਚਲਿਆ ਆਉਂਦਾ ਹੈ ।

ਇਸ ਗੱਲ ਨੂੰ ਐਵੇਂ ਇਤਫਾਕੀਆ ਯਾ ਅਕਸਮਾਤ ਜਾਨਣਾ ਤੇ ਕਿਸੇ ਸਬਾਈ ਰਹੱਸਯ ਤੋਂ ਖਾਲੀ ਸਮਝਣਾ, ਇੱਕ ਭੁੱਲ ਤੇ ਓਪਰੀ ਵਿਚਾਰਧਾਰਾ ਹੋਵੇਗੀ ।

"ਕਮੀਊਨਲ" ਵਿਸ਼ੇਸ਼ਣ ਦਾ ਨਾਵ-ਸੋਮਾ, 'ਕਮੀਊਨਿਟੀ' (community) ਹੈ, ਜਿਸ ਦਾ ਨੇੜੇ ਤੋਂ ਨੇੜੇ ਤਰਜੁਮਾ, ਅਰਬੀ ਵਿਚ "ਕੌਮ" ਤੇ ਸੰਸਕ੍ਰਿਤ ਵਿਚ, "ਜਾਤੀ"

ਹੈ । ਅਰਬੀ ਵਿਚ "ਕੌਮ" ਸਮਾਜੀ ਇਕਾਈ ਭੀ ਹੈ, ਧਾਰਮਿਕ ਜਥੇਬੰਦੀ ਭੀ ਤੇ ਰਾਜਸੀ ਰਿਆਸਤ ਯਾ ਰਾਜਯ ਭੀ । ਮਹਾਨ ਇਤਿਹਾਸਾਚਾਰਯ, ਜਗਤ ਪ੍ਰਸਿੱਧ, ਇਬਨਿ-ਖ਼ਲਦੂਨ (1332—1406), ਜੋ ਕਿ ਤਿਊਨਿਸ ਨਗਰ (Tunis), ਅਲਜੇਰੀਯਾ-ਦੇਸ਼, ਵਿਚ ਜਨਮਿਆ ਤੇ ਅਲਕਾਹਿਰਹ, (Cairo), ਮਿਸਰ-ਦੇਸ਼, ਵਿਚ ਮ੍ਰਿਤੂ-ਪ੍ਰਾਪਤ ਹੋਇਆ, ਦੇ ਵਡੇਰੇ, ਕੋਈ ਸੌ ਕੁ ਸਾਲ ਪਹਿਲਾਂ, ਸਪੇਨ ਦੇਸ਼ ਦੇ ਸਵੀਲ ਨਾਮੀ (Seville) ਸੁੰਦ੍ਰ ਸ਼ਹਿਰ ਦੇ ਵਸਨੀਕ ਸਨ, ਜਿਥੋਂ ਕਿ ਉਹ ਇਸਲਾਮੀ ਰਾਜ, ਗ਼ਰਨਾਤਹ, (Granada) ਦੇ ਪ੍ਰਾਜੈ ਹੋਣ ਉੱਤੇ, ਕੱਢ ਦਿੱਤੇ ਗਏ ਸਨ । ਇਬਨਿ-ਖ਼ਲਦੂਨ ਨੇ ਇਸਲਾਮੀ ਤਵਾਰੀਖ਼ ਉੱਤੇ ਇਕ ਬੜੀ ਵਿਸ਼ਾਲ ਪੁਸਤਕ ਅਰਬੀ ਭਾਸ਼ਾ ਵਿਚ ਲਿਖੀ ਹੈ, ਜਿਸ ਦੇ ਮੁਖਬੰਧ ਵਿਚ ਉਸ ਨੇ ਰਾਜਾਂ ਤੇ ਜਾਤੀਆਂ ਦੇ ਉਤਾਰ ਚੜ੍ਹਾ, ਉੱਨਤਿ ਪਤਨ, ਦੇ ਸਿਧਾਂਤਕ ਕਾਰਣਾਂ ਦਾ ਨਿਰਣਾ ਕਰਨ ਦਾ ਜਤਨ ਕੀਤਾ ਹੈ । ਇਹ ਮੁਖਬੰਧ, "ਅਲਮੁੱਕ਼ਦਮਹ", ਪਿਛੋਂ ਜਾ ਕੇ, 'ਇਸਲਾਮੀ ਤਵਾਰੀਖ਼' ਪੁਸਤਕ ਨਾਲੋਂ ਵੱਖਰਾ ਕਰਕੇ, ਇੱਕ ਸੁਤੰਤ੍ਰ ਪੁਸਤਕ ਦੇ ਰੂਪ ਵਿਚ ਪ੍ਰਚਲਤ ਹੋ ਗਿਆ, ਤੇ ਇਉਂ ਹੁਣ ਇਹ "ਅਲਮੁੱਕ਼ਦਮਹ", ਇਸਲਾਮੀ ਰਾਜਸੀ ਸਿਧਾਂਤਾਂ ਦਾ ਪ੍ਰਮਾਣੀਕ ਤੇ ਮੁਸਤਨਿਦ ਸੋਮਾਂ ਸੰਸਾਰ ਕੋਲ ਹੈ । ਇਹ ਅਲਮੁੱਕ਼ਦਮਹ" ਤੇ ਇਸਲਾਮੀ ਤਵਾਰੀਖ਼, ਇਬਨਿ-ਖ਼ਲਦੂਨ ਨੇ, ਸਪੇਨ ਦੇਸ਼ ਵਿਚੋਂ ਮਹਾਨ ਇਸਲਾਮੀ ਰਾਜ ਤੇ ਸਲਤਨਤਾਂ ਦੇ ਪ੍ਰਾਜੈ ਤੇ ਵਿਨਾਸ਼ ਤੋਂ ਪ੍ਰਭਾਵਤ ਹੋ ਕੇ ਲਿਖੇ ਸੀ, ਅਤੇ ਇਸੇ ਕਾਰਣ, ਅਸਾਡੇ ਪੰਜਾਬ ਦੇ ਮਹਾਨ ਦਾਰਸ਼ਨਿਕ ਕਵੀ, ਡਾਕਟਰ ਸਰ ਮੁਹੰਮਦ ਇਕ਼ਬਾਲ (1872—1934) ਨੇ ਕਿਹਾ ਹੈ ਕਿ,

"ਆਸਮਾਂ ਨੇ ਦੌਲਤੇ ਗ਼ਰਨਾਤਹ ਜਬ ਬਰਬਾਦ ਕੀ,
ਇਬਨਿ-ਖ਼ਲਦੂਨ ਕੇ ਦਿਲਿ-ਨਾਸ਼ਾਦ ਨੇ ਫ਼ਰਿਯਾਦ ਕੀ ।"

ਇਸ ਸ਼ਿਅਰ ਵਿਚ "ਦੌਲਤੇ ਗ਼ਰਨਾਤਹ" ਸ਼ਬਦ ਵਿਚਾਰਨ ਯੋਗ ਹੈ । ਅਰਬੀ ਭਾਸ਼ਾ ਤੇ ਇਸਲਾਮੀ ਵਿਚਾਰਧਾਰਾ ਵਿਚ, ਰਾਜਯ, ( state ) ਤੇ ਰਾਜਵੰਸ਼ ( dynasty ) ਇਕੋ ਸੰਬੋਧ ( concept ) ਦੇ ਦੋ ਪਹਿਲੂ ਹਨ, ਦੋ ਵੱਖ ਵੱਖਰੇ, ਸੁਤੰਤ੍ਰ ਤੇ ਨਿਖੜਵੇਂ ਸੰਬੋਧ ਨਹੀਂ । ਇਨ੍ਹਾਂ ਦੋਹਾਂ ਸੰਬੋਧਾਂ ਲਈ, ਇਸਲਾਮੀ ਵਿਚਾਰਧਾਰਾ ਵਿਚ, ਇਕੋ ਸ਼ਬਦ ਹੈ, ਜੋ ਕਿ ਇਬਨਿ-ਖ਼ਲਦੂਨ ਨੇ ਵਰਤਿਆ ਹੈ ਅਤੇ ਜਿਸ ਦਾ ਪ੍ਰਯੋਗ ਡਾਕਟਰ ਸਰ ਮੁਹੰਮਦ ਇਕ਼ਬਾਲ ਨੇ ਕੀਤਾ ਹੈ, ਅਤੇ ਉਹ ਸ਼ਬਦ ਹੈ, 'ਦਵਲਹ' । 'ਦਵਲਹ' ਯਾ 'ਦਵਲਤ', 'ਦੌਲਤ', ਰਾਜਾ-ਪ੍ਰਜਾ, ਦੇਸ਼-ਰਾਜ, ਭਿੰਨ ਭਿੰਨ ਸੰਬੋਧਾਂ ਲਈ ਸਾਮੂਹਿਕ ਪਦ ਹੈ । 'ਕਮਿਊਨਿਟੀ' ਦਾ ਵਯਾਪਤ ਅਰਥ (denotation) ਹੈ 'ਸਮਾਜਿਕ ਇਕਾਈ' । 'ਸਾਂਸਕ੍ਰਿਤਕ ਇਕਾਈ,' ਪਰ ਪ੍ਰਭੁਸੱਤਾ ਪ੍ਰਾਪਤ ਯਾ ਰਾਜਸੱਤਾ ਆਕਾਂਕਸ਼ਕ ਜਾਤੀ ਇਸ ਸੰਬੋਧ ਦਾ ਸਾਰੰਸ਼ ਨਹੀਂ, ਕਿਉਂਜੁ ਇੱਕ ਤੋਂ ਵੱਧ, ਭਿੰਨ ਭਿੰਨ ਕਮਿਊਨਿਟੀਆਂ ਏਕਰਾਜ ਸਮ ਅਧਿਕਾਰ ਪ੍ਰਾਪਤ, ਪ੍ਰਜਾ ਹੋ ਸਕਦੀਆਂ ਹਨ, ਜੋ ਕਿ ਬੁਨਿਆਦੀ ਇਸਲਾਮੀ ਸਿੱਧਾਂਤਾਂ ਦੇ ਵਿਰੁੱਧ ਹੈ ਅਤੇ ਉਸ ਦੀ ਵਿਚਾਰਧਾਰਾ ਦਾ ਪ੍ਰਤਿਯੋਗ, ਜਿਸ ਨੂੰ ਕਿ ਸ੍ਵੀਕਾਰ ਕਰਨ ਵਾਲੇ ਤੇ ਪ੍ਰਚਾਰ ਕਰਨ ਵਾਲੇ ਦੋਵੇਂ, ਇਸਲਾਮਸ਼ਤਰੂ ਹਨ, 'ਮੁਨਾਫ਼ਿਕ਼', ਜਿਸ ਨੂੰ ਕਿ ਅੱਜ ਕਲ ਅਗ੍ਰੇਜ਼ੀ ਵਿਚ ਐਂਟੀਸੋਸ਼ਲ (anti-social) ਕਹਿੰਦੇ ਹਨ, ਅਤੇ ਮਾਰਕਸੀ ਸੰਕੇਤ ਬੋਲਾਂ ਵਿਚ, ਡਿਵੀਏਸ਼ਨਿਸਟ (deviationist)

ਇਹ ਕਾਰਣ ਹੈ, 'ਕਮਿਊਨਲ ਅਵਾਰਡ' ਦੇ ਉਰਦੂ ਵਿਚ ਉਲਥਾ ਨ ਹੋ ਸੱਕਣ ਦਾ। ਰਹੱਸਯ ਇਸ ਦਾ ਇਹ ਹੈ, ਕਿ 'ਕਮਿਊਨਲ ਅਵਾਰਡ' ਦੀ ਬੁਨਿਆਦੀ ਵਿਚਾਰ-ਧਾਰਾ, ਸਮ ਅਧਿਕਾਰ ਪ੍ਰਾਪਤ, ਏਕਰਾਜਾਂਗ, ਭਿੰਨ ਭਿੰਨ ਸਾਂਸਕ੍ਰਿਤਕ ਅਥਵਾ ਸਾਮਾਜਿਕ ਇਕਾਈਆਂ ਦਾ ਵਿਧਾਨਕ ਅਸਤੀਵਾਚੀ ਨਿਰਣਾ (constitutional affirmation), ਹਿੰਦੁਸਤਾਨ ਦੇ ਮੁਸਲਮਾਨਾਂ ਦੀ ਆਤਮਾ ਨੂੰ ਸ੍ਵੀਕਾਰ ਹੀ ਨਹੀਂ ਸੀ, ਅਤੇ ਇਹੋ ਕਾਰਣ ਅੰਤ ਨੂੰ ਦੇਸ਼ ਦੇ ਵੰਡਾਰੇ ਦਾ ਬਣਿਆ, ਜਿਵੇਂ ਕਿ ਮੁਸਲਮ ਲੀਗ ਦੇ ਨੇਤਾ, ਮੁਹੰਮਦ ਅਲੀ ਜਿੱਨਾਹ, ਨੇ ਕਿਹਾ ਕਿ, "ਅਸਾਨੂੰ ਸਾਡਾ ਹਿੱਸਾ ਵੰਡ ਕੇ ਮੁਲਕ ਦਾ ਦੇ ਦਿਓ, ਭਾਵੇਂ ਉਹ ਥੋਹੜਾ ਹੀ ਹੋਵੇ। ਮੁਸਲਮਾਨ ਉਸੇ ਵਿਚ ਸੰਤੋਖ ਕਰ ਲੈਣਗੇ, ਤੇ ਜੇ ਲੋੜ ਪਈ ਤਾਂ, ਇੱਕ ਵੇਲੇ ਰੋਟੀ ਖਾ ਕੇ ਹੀ ਗੁਜ਼ਾਰਾ ਕਰ ਲੈਣਗੇ।"*

ਤਰਕ (reasoning) ਪਾਕਸਤਾਨ ਬਨਣ ਦਾ ਤੇ 'ਕਮੀਊਨਲ ਅਵਾਰਡ' ਦੇ ਪ੍ਰਮਾਣੀਕ ਪ੍ਰਚਲਤ ਰੂਪ ਵਿਚ ਨ ਉਲਥਾਏ ਜਾਣ ਦਾ ਭਾਵੇਂ ਕੋਈ ਭੀ ਬਣਿਆ, ਹੇਤੂ (reason) ਉਹੋ ਹੈ ਜੋ ਬਿਆਨਿਆ ਜਾ ਚੁੱਕਾ ਹੈ, ਕਿ 'ਕਮੀਊਨਲ ਅਵਾਰਡ' ਅਪਣੇ ਦ੍ਰਵਯਵਾਚੀ (concrete) ਰੂਪ ਵਿਚ, ਇਸਲਾਮੀ ਸਮਾਜਿਕ ਸਥਿਤੀ ਲਈ ਵਯਾਘਾਤੀ ਪਦ ਹੈ।

ਹਿੰਦੀ ਸੰਸਕ੍ਰਿਤ ਵਿਚ 'ਕਮੀਊਨਲ ਅਵਾਰਡ' ਪ੍ਰਚਲਤ ਰੂਪ ਵਿਚ ਕਿਉਂ ਤਰਜੁਮਾਇਆ ਨ ਜਾ ਸਕਿਆ ? ਬੀਜ-ਕਾਰਣ (causa prima) ਇਸ ਦਾ ਉਹੋ ਹੈ ਜੋ ਇਸਲਾਮ ਬਾਰੇ ਕਹਿ ਆਏ ਹਾਂ, ਕਿ ਹਿੰਦੂ ਆਤਮਾ, ਸਾਮਾਜਿਕ ਇਕਾਈਆਂ ਤਾਂ ਭਲੀ ਪ੍ਰਕਾਰ ਸ੍ਵੀਕਾਰ ਕਰਦੀ ਹੈ, ਪਰ ਚਤੁਰਵਰਣ ਸਮਾਜ ਦੇ ਸ਼ਾਸਤ੍ਰ-ਪ੍ਰਮਾਣੀਕ ਰੂਪ ਵਿਚ, ਜੋ ਸਮਾਜ ਕਿ ਰਾਜਸੀ ਏਕਪ੍ਰਜਾ ਬਣ ਸਕਦੀ ਹੈ ਪਰ ਪਰਮ-ਪ੍ਰਜਾਤੀ (summum genus) ਪ੍ਰਵਾਣ ਹੋ ਕੇ, ਜਿਸ ਵਿਚ ਕਿ ਭਿੰਨ ਭਿੰਨ ਸਮਾਜਕ ਇਕਾਈਆਂ (communities), ਉਸ ਦੀਆਂ ਜਾਤੀਆਂ (species) ਹੋਣ, ਯਾ ਸਹਿਜਾਤੀਆ (coordinate species), ਪਰੰਤੂ, ਵਿਪ੍ਰੀਤ (inverse) ਜਾਤੀਆਂ ਨ ਹੋਣ, ਜਿਵੇਂ ਕਿ ਇਸਲਾਮੀ ਜਮਾਤ ਹੈ। ਅਜੇਹੀਆਂ ਵਿਪ੍ਰੀਤ ਜਾਤੀਆਂ ਬਾਰੇ ਮੂਲਕ ਹਿੰਦੂ ਵਿਚਾਰਧਾਰਾ ਇਉਂ ਹੈ ਕਿ, ਮਲੇਛਾਹਿ ਯਵਨਾਸਤੇਸੁ ਸ਼ਾਸਤ੍ਰਮਿੰਦ ਸਥਿਤਮ, ਵਿਪ੍ਰੀਤ ਸਮਾਜ ਵਾਲੀਆਂ ਜਾਤੀਆਂ ਭਾਵੇਂ ਗਿਆਨ ਵਿਗਿਆਨ ਵਿਚ ਕਿਤਨੀਆਂ ਨਿਪੁਣ ਹੀ ਕਿਉਂ ਨ ਹੋਣ, ਉਹ ਅਪਣਾਈਆਂ ਨਹੀਂ ਜਾ ਸਕਦੀਆਂ।

ਕਮੀਊਨਲ-ਅਵਾਰਡ ਵਿਚ ਤਿੰਨ ਪ੍ਰਜਾਤੀਆਂ (peoples) ਹਿੰਦੁਸਤਾਨ ਵਿਚ ਅੰਗ੍ਰੇਜ਼ਾਂ ਨੇ, ਤਸਲੀਮ ਕੀਤਆਂ ਸਨ ਜੋ ਕਿ ਹਿੰਦੁਸਤਾਨ ਵਿਚ ਪ੍ਰਭੁ-ਸੱਤਾ (political sovereignty) ਮਾਨਣ ਦੀਆਂ ਜਨਮ-ਸਿੱਧ ਅਧਿਕਾਰੀ ਹਨ, ਹਿਦੂ, ਮੁਸਲਮਾਨ

* "Let the British, before they quit, make an award giving the muslims their own bit of country, however small it might be, and they would live there, if necessary on one meal a day."

— noted by R. P. Masani, in *Britain in India*, Oxford, 1960 *p.* 23

ਤੇ ਸਿੱਖ । ਹਿੰਦੂਆਂ ਤੇ ਮੁਸਲਮਾਨਾਂ ਬਾਬਤ ਉੱਤੇ ਕਿਹਾ ਜਾ ਚੁੱਕਾ ਹੈ ਕਿ ਉਨ੍ਹਾਂ ਦੀ ਮੂਲਿਕ ਆਤਮਾ ਦਾ ਕਮੀਊਨਲ ਅਵਾਰਡ ਦੇ ਇਸ ਆਧਾਰਤੱਤਵ (postulate) ਨਾਲ ਹੀ ਵਿਰੋਧ ਸੀ, ਕਿ ਹਿੰਦੁਸਤਾਨ ਦੀ ਰਾਜਸੀ ਪ੍ਰਭੂ-ਸੱਤਾ ਸਰਬ-ਸਾਂਝੇ ਏਕਰੂਪ ਵਿਚ ਅਖੰਡ ਰਹੇ, ਪਰ ਸਿੱਖਾਂ ਬਾਰੇ ਇਉਂ ਨਹੀਂ ਕਿਹਾ ਜਾ ਸਕਦਾ । ਸਾਮੀ ਤੇ ਆਰਯ ਆਤਮਾ ਦੀ ਬੁਨਿਯਾਦੀ ਇਕਸਾਰਤਾ ਦਾ ਨਿਰੂਪਣ, ਅਤੇ ਹਿੰਦੂ ਸਮਾਜ ਤੇ ਇਸਲਾਮੀ ਜਮਾਤ ਦਾ ਆਤਮਕ, ਸਾਂਸਕ੍ਰਿਤਕ, ਸਮਾਜਕ ਤੇ ਰਾਜਸੀ ਪੱਧਰਾਂ ਉੱਤੇ ਨਿਰੰਤਰ ਸਹਿਯੋਗ, ਸਿਖ ਧਰਮ ਦੇ ਮੁੱਖ ਮੰਤਵ ਹਨ । ਪੰਚਮ ਨਾਨਕ, ਗੁਰੂ ਅਰਜਨ ਦੇਵ ਜੀ ਦਾ ਇਹ ਸੁਝਾਉ ਕਿ "ਮੁਸਲਮਾਣੁ ਮੋਮਦਿਲ ਹੋਵੈ, ਅੰਤਰ ਕੀ ਮਲੁ ਦਿਲ ਤੇ ਧੋਵੈ, ਦੁਨੀਆਰੰਗ ਨ ਆਵੈ ਨੇੜੈ, ਜਿਉ ਕੁਸਮ ਪਾਟੁ ਘਿਉ ਪਾਕ ਹਰਾ" (ਮਾਰੂ, ੧੩.੩.੧੨), ਅਰਥਾਤ, ਮੁਸਲਮਾਨ ਇਸਲਾਮੀ ਮਤ ਦੇ 'ਦੁਨੀਆਰੰਗ', ਸਮਾਜੀਸ਼ਕ੍ਰਾ ਦੀ ਸਰਵ ਗਮਤਾ ਤੇ ਰਾਜਸੀ ਗ਼ਲਬੇ ਦੀ ਇੱਛਾ, ਨੂੰ ਤਿਆਗ ਦੇਣ ਤੇ ਇਸਲਾਮ ਦੇ ਤੱਤ-ਉਪਦੇਸ਼, ਦਯਾ, ਮੈਤ੍ਰੀ, ਸਮਤਾ, ਕਰੁਣਾ, ਉਪੇਕਸ਼ਾ, ਭ੍ਰਾਤ੍ਰੀਭਾਵ ਆਦਿ ਗੁਣਾ ਦਾ ਵਿਸ਼ੇਸ਼ ਗ੍ਰਹਣ ਕਰਨ, ਅਤੇ ਹਿੰਦੂ ਭੀ ਆਪਣੀ ਸਮਾਜੀ ਛੂਆਛੂਤ, ਤੰਗਦਿਲੀ ਤੇ ਨਫ਼ਰਤ ਤਿਆਗ ਕੇ ਮੁਸਲਮਾਨਾਂ ਨੂੰ ਇਉਂ ਪਵਿੱਤ੍ਰ ਸਮਝਣ ਜਿਵੇਂ ਕਿ, ਫੁੱਲ, ਪੱਟ, ਘਿਉ ਤੇ ਮ੍ਰਿਗਛਾਲਾ ਨੂੰ ਸਦਾ-ਪਵਿੱਤ੍ਰ ਮੰਨਿਆ ਜਾਂਦਾ ਹੈ । ਇਹੋ ਸਿੱਖ ਧਰਮ ਦੀ ਮੁਹੱਰਕ ਆਤਮਾ (dynamism) ਹੈ । ਦਰ ਅਸਲ ਜਿਹੜੀ ਸਹਿਭਾਵ ਗਤੀ (coexistence), ਕਮੀਊਨਿਲ ਅਵਾਰਡ ਦੀ ਪੂਰਵ-ਕਲਪਨਾ (presupposition), ਹੈ, ਉਸ ਦੀ ਤਰਕਸਿੱਧੀ (validity) ਕੇਵਲ ਸਿੱਖ ਧਰਮ ਦੇ ਰੂਪ ਵਿਚ ਹੀ ਸਹੀ ਹੁੰਦੀ ਜਾਪਦੀ ਹੈ, ਹੋਰ ਕਿਵੇਂ ਨਹੀਂ ।

ਜੇ ਇਉਂ ਹੈ ਤਾਂ ਸਿੱਖਾਂ ਨੇ ਪੰਜਾਬੀ ਵਿਚ 'ਕਮੀਊਨਲ ਅਵਾਰਡ' ਦਾ ਕੋਈ ਕਾਬਲੇਕਬੂਲ ਤੇ ਪ੍ਰਚਲਤ ਤਰਜੁਮਾ ਕਿਉਂ ਨ ਕੀਤਾ ? ਦੋ ਕਾਰਣ ਇਸ ਦੇ ਸਨ । ਇੱਕ ਇਹ ਕਿ ਕਮੀਊਨਲ ਅਵਾਰਡ ਵਿਚ ਰਾਜਸੀ ਸੱਤਾ ਦੀ ਵੰਡ ਦਾ ਆਧਾਰ ਸਿਰਾਂ ਦੀ ਗਿਣਤੀ ਸੀ, ਨ ਕਿ ਆਤਮ-ਗੌਰਵਤਾ, ਅਤੇ ਇਸ ਗਿਣਤੀ ਵਿਚ ਸਿੱਖਾਂ ਨੂੰ ਸਭ ਪਾਸੇ ਅਪਣੇ ਲਈ ਹਾਰ ਹੀ ਹਾਰ ਦਿਸ ਰਹੀ ਸੀ, ਤੇ ਸਰਖਸ਼ਾ ਦੀ ਆਸ ਦਾ ਉੱਕਾ ਅਭਾਵ । ਦੂਜਾ ਕਾਰਣ, ਇਹ ਕਿ ਸੰਨ ਈਸਵੀ ੧੯੪੭ ਵਿਚ, ਅੰਗ੍ਰੇਜ਼ਾਂ ਨੇ ਹਿੰਦੁਸਤਾਨ ਨੂੰ ਛੱਡਣ ਵਿਚ ਇਤਨੀ ਕਾਹਲੀ ਕੀਤੀ ਜਿਸ ਦੇ ਪ੍ਰਤਿਕਰਮ ਵਜੋਂ ਠੰਢੇ ਦਿਲ ਨਾਲ, ਕੋਈ ਵਿਚਾਰ ਕਰਨਾ ਸਿੱਖ ਲੀਡਰਾਂ ਲਈ ਅਸੰਭਵ ਹੋ ਗਿਆ, ਅਤੇ ਉਹ ਸਿੱਖ ਧਰਮ ਦੇ ਪ੍ਰਥਮ ਮੰਤਵ ਤੇ ਮੂਲਕਾਰਣ ਨੂੰ ਉੱਕਾ ਭੁੱਲ ਕੇ, ਸਿੱਖ ਤਵਾਰੀਖ ਦੇ ਦੂਰ-ਕਾਰਣ, ਹਿੰਦੂ ਧਰਮ ਦੀ ਰਖਸ਼ਾ, ਨੂੰ ਹੀ ਸਿੱਖਾਂ ਤੇ ਸਿੱਖੀ ਦਾ ਅਨਿਵਾਰਯ-ਕਾਰਣ (causa sine qua-non) ਮੰਨ ਕੇ, ਨ ਕੇਵਲ ਅਪਣੇ ਜਨਮ-ਸਿੱਧ ਅਧਿਕਾਰ, ਸ੍ਵੈਵਸ਼ ਪ੍ਰਭੁਸੱਤਾ (political right of self-determination) ਨੂੰ ਹੀ ਗਵਾ ਬੈਠੇ, ਸਗੋਂ ਸਿੱਖੀ ਦੇ ਬੀਜਕਾਰਣ ਤੇ ਮੁੱਖਮੰਤਵ, ਸਾਮੀ ਆਤਮਾ ਤੇ ਆਰਯ ਆਤਮਾ ਦੇ ਮੁਸਤਕਿਲ ਤਾਲਮੇਲ, ਵਲੋਂ ਵੀ ਪਿੱਠ ਫੇਰ ਬੈਠੇ ਯਾ ਇਉਂ ਕਹੋ, ਕਿ ਅਸਮ੍ਰਥ ਬਣ ਬੈਠੇ । ਇਨ੍ਹਾਂ ਦੋਂਹ ਕਾਰਣਾਂ ਕਰਕੇ ਸਿੱਖ ਆਤਮਾ ਨ ਤਾਂ ਕਮੀਊਨਲ ਅਵਾਰਡ ਨੂੰ ਕਬੂਲ ਕਰ ਸਕੀ ਤੇ ਨ ਰੱਦ; ਤੇ ਇਉਂ ਸਿੱਖਾਂ ਨੇ ਇਸ ਸ਼ਬਦ ਦਾ ਕਾਬਲੇਕਬੂਲ ਤਰਜੁਮਾ ਨ ਕੀਤਾ।

ਸੰਨ ੧੯੪੭ ਤੋਂ ਪਿਛੋਂ, ਸੁਤੰਤ੍ਰ ਭਾਰਤ ਵਿਚ ਸਿੱਖ ਅਸ਼ਾਂਤੀ ਦੇ ਦੁੱਖ ਭਰੇ ਕਾਂਡ ਦਾ ਸਹੀ ਵਿਸ਼ਲੇਸ਼ਨ ਅਤੇ ਸੰਨ ੧੯੪੭ ਵਿਚ ਪੱਛਮੀ ਪੰਜਾਬ ਵਿਚ ਸਿੱਖਾਂ ਨਾਲ ਵਾਪਰੀ ਦੁਰਗਤੀ ਦੇ ਮੂਲ ਕਾਰਣ, ਕਮੀਊਨਲ ਅਵਾਰਡ ਦਾ ਇਹ ਪਿਛੋਕੜ, ਤੇ ਉਸ ਦਾ ਪ੍ਰਤਿਕਰਮ ਸਮਝਿਆਂ ਹੀ, ਠੀਕ ਤੌਰ ਤੇ ਕਹੇ ਜਾ ਸਕਦੇ ਹਨ, ਅਤੇ ਇਉਂ ਵਿਚਾਰਿਆਂ ਕਮੀਊਨਲ ਅਵਾਰਡ ਦੀ ਸੰਖੇਪ ਕਥਾ ਨ ਕੇਵਲ ਮਨੋਰੰਜਕ ਹੀ ਹੈ, ਸਗੋਂ ਰਹੱਸਮਈ ਭੀ।

ਸੰਨ ੧੬੦੦ ਈਸਵੀ ਵਿਚ, ਈਸਟ ਇੰਡੀਆ ਕੰਮਪਨੀ, ਜਿਸ ਨੇ ਕਿ ਭਾਰਤ ਵਿਚ ਅੰਗ੍ਰੇਜ਼ੀ ਸਾਮਰਾਜ ਸਥਾਪਤ ਕੀਤਾ, ਦੀ ਨੀਂਹ ਰੱਖੀ ਗਈ । ਇਸ ਈਸਟ ਇੰਡੀਆ ਕੰਮਪਨੀ, ਜਿਹੜੀ ਕਿ ਪ੍ਰਤੱਖ ਰੂਪ ਵਿਚ ਇੱਕ ਨਿਰੋਲ ਵਿਪਾਰਕ ਸੰਸਥਾ ਸੀ, ਦੀਆਂ ਜੜ੍ਹਾਂ ਵਿਚ ਹੀ ਮੁਲਕੀ ਕਬਜ਼ਾ ਤੇ ਫਿਰ ਇਸ ਰਾਜ-ਅਧਿਕਾਰ ਨੂੰ ਹਿੰਦ ਵਾਸੀਆਂ ਨੂੰ ਸੌਂਪਣ ਦੀ ਸੰਭਾਵਨਾ ਮੌਜੂਦ ਸੀ । 'ਵਯੋਪਾਰੇ ਬਸਤਹਿ ਲਕਸ਼ਮੀ' ਤਾਂ ਪ੍ਰਾਚੀਨ ਸਮਿਆਂ ਤੋਂ ਪ੍ਰਤੱਖ ਹੀ ਸੀ, ਪਰ ਵਯਪਾਰ ਦੁਆਰਾ ਰਾਜਸੱਤਾ ਪ੍ਰਾਪਤੀ ਦੀ ਪਰਪਾਟੀ ਈਸਟ ਇੰਡੀਆ ਕੰਮਪਨੀ ਨੇ ਹੀ ਅਸਥਾਪਤ ਕੀਤੀ । ਇਸ ਕੰਮਪਨੀ ਅਥਵਾ ਵਿਪਾਰਕ ਸੰਸਥਾ ਨੂੰ ਹਿੰਦੁਸਤਾਨ ਨਾਲ ਤਜਾਰਤ ਕਰਨ ਦੇ ਅਧਿਕਾਰ, ਇੰਗਲੈਂਡ ਦੇ ਬਾਦਸ਼ਾਹ ਨੇ ਸਰਕਾਰੀ ਤੌਰ ਉਤੇ ਦੇ ਕੇ, ਇਹ ਨਿਸ਼ਚਿਤ ਕਰ ਦਿੱਤਾ ਕਿ ਹਿੰਦੁਸਤਾਨ ਨਾਲ ਅੰਗ੍ਰੇਜ਼ੀ ਤਜਾਰਤ ਅੰਗ੍ਰੇਜ਼ ਪਾਤਸ਼ਾਹ ਦੀ ਆਗਿਆ ਤੇ ਪ੍ਰਬੰਧਕ ਅਧਿਕਾਰਾਂ ਦੇ ਆਧੀਨ ਹੈ । ਅੰਗ੍ਰੇਜ਼ਾਂ ਦੇ ਹਿੰਦੁਸਤਾਨ ਉੱਤੇ ਕਬਜ਼ੇ ਦੀ ਇਹੋ ਜੜ੍ਹ ਹੈ, ਕਿਉਂਕਿ ਇਸ ਕੰਮਪਨੀ ਦੀ ਅੰਗ੍ਰੇਜ਼ੀ ਬਾਦਸ਼ਾਹ ਵਲੋਂ ਸਰਕਾਰੀ ਮਨਜ਼ੂਰੀ ਅਤੇ ਇਸ ਨੂੰ ਅਜੇਹਾ ਅਧਿਕਾਰ ਵਰਦਾਨ, ਜਿਸ ਦੁਆਰਾ ਕਿ ਇਹ ਇਕ ਗ਼ੈਰ ਤੇ ਸੁਤੰਤ੍ਰ ਦੇਸ਼ ਵਿਚ, ਵਿਚਰ ਸਕੇ, ਦਰ ਅਸਲ ਇਸ ਗੱਲ ਦਾ ਸੂਚਕ ਹੈ ਕਿ ਅੰਗ੍ਰੇਜ਼ ਹਿੰਦੁਸਤਾਨ ਵਿਚ ਅਧਿਕਾਰ ਪ੍ਰਾਪਤੀ ਦੀ ਅਕਾਂਕਸ਼ਾ ਰੱਖਦੇ ਸਨ ਅਤੇ ਇਸ ਦਾ ਹੱਕ ਜਮਾਉਣ ਦੇ ਚਾਹਵਾਨ ਸਨ। ਸੰਨ ੧੬੬੧ ਈਸਵੀ ਵਿਚ, ਜੋ ਸੰਵਿਧਾਨ ਪਤ੍ਰ (charter) ਅੰਗ੍ਰੇਜ਼ੀ ਸਰਕਾਰ ਨੇ ਇਸ ਕੰਮਪਨੀ ਨੂੰ ਬਖਸ਼ਿਆ, ਉਸ ਵਿਚ ਇਹ ਪ੍ਰਵਾਣ ਕੀਤਾ ਗਿਆ ਸੀ ਕਿ ਕੰਮਪਨੀ ਹਿੰਦੁਸਤਾਨ ਵਿਚ ਕਿਲ੍ਹਾਬੰਦੀਆਂ, ਸਿਲ੍ਹੇਖਾਨਿਆਂ ਅਤੇ ਸੈਨਾ ਦੀ ਮਾਲਿਕ ਹੈ ਅਤੇ ਇਸ ਨੂੰ ਹਿੰਦੁਸਤਾਨ ਵਿਚ ਲਾਮਬੰਦੀ, ਜੰਗ ਕਰਨ ਤੇ ਅਹਿਦਨਾਮੇ ਕਰਨ ਦੇ ਅਖ਼ਤਿਆਰ ਹਨ । ਇਉਂ ਵਿਚਾਰਿਆਂ, ਅੰਗ੍ਰੇਜ਼ਾਂ ਦੇ ਹਿੰਦੁਸਤਾਨ ਉੱਤੇ ਰਾਜਸੀ ਕਬਜ਼ੇ ਦੀ ਗੁੱਹਯ ਅਕਾਂਕਸ਼ਾ, ਇਸ ਵਪਾਰਕ ਸੰਸਥਾ ਦੇ ਮੂਲ ਉਦੇਸ਼ਾਂ ਨਾਲੋਂ ਅਨਿਖੜਵੀਂ ਪ੍ਰਤੱਖ ਹੋ ਆਉਂਦੀ ਹੈ ।

ਇਹੋ ਅਕਾਂਕਸ਼ਾ ਅੰਤ ਨੂੰ, ਧੀਰੇ ਧੀਰੇ, ਸੰਨ ੧੮੪੮ ਈਸਵੀ ਵਿਚ, ਅੰਗ੍ਰੇਜ਼ਾਂ ਦੇ ਹਿੰਦੁਸਤਾਨ ਉੱਤੇ ਮੁਕੰਮਲ ਕਬਜ਼ੇ ਦੇ ਰੂਪ ਵਿਚ ਪ੍ਰਗਟ ਹੋਈ ।

ਇਹ ਈਸਟ ਇੰਡੀਆ ਕੰਮਪਨੀ ਰੂਪੀ ਪਰਮ-ਪ੍ਰਜਾਤੀ ਵ੍ਰਿਕਸ਼ (tree of porphyry) ਦੀ ਉੱਚਤਮ ਟਾਹਣੀ ਹੀ, ਸੰਨ ੧੯੪੭ ਵਿਚ, ਫਿਰੰਗੀਆਂ ਦੇ ਹਿੰਦੁਸਤਾਨ ਨੂੰ ਛੱਡ ਜਾਣ ਅਤੇ ਇਸਦਾ ਰਾਜਭਾਗ ਹਿੰਦੁਸਤਾਨੀਆਂ ਨੂੰ ਸੌਂਪ ਦੇਣ ਦੇ ਰੂਪ ਵਿਚ ਉੱਗਮੀ, ਤੇ ਇਹ ਇਉਂ ਹੋਇਆ ।

ਸੰਨ ੧੭੫੭ ਵਿੱਚ, ਜਦੋਂ ਪਲਾਸੀ ਦੀ ਲੜਾਈ ਦੇ ਵਿਜਈ, ਰਾਬਰਟ ਕਲਾਈਵ ਦਾ, ਮੁਰਸ਼ਦਾਬਾਦ ਦੇ ਨਵਾਬੀ ਮਹਿਲਾਂ ਵਿਚ ਪ੍ਰਵੇਸ਼ ਹੋਇਆ ਤਾਂ

ਉਸ ਦੀਆਂ ਅੱਖਾਂ ਇਹ ਦੇਖ ਕੇ ਕਿ ਨਵਾਬ ਦਾ ਤੋਸ਼ਾਖਾਨਾ, ਸੋਨਾਂ ਚਾਂਦੀ ਤੇ ਹੀਰੇ ਜਵਾਹਰਾਤ ਨਾਲ ਨੱਕੋਂ ਨੱਕ ਭਰਿਆ ਪਿਆ ਹੈ, ਚਕਾਚੂੰਧ ਹੋ ਗਈਆਂ। ਉਸ ਨੇ ਅਤੇ ਉਸ ਦੇ ਸਾਥੀ ਅੰਗ੍ਰੇਜ਼ਾਂ ਨੇ ਰੱਜਵੀਂ ਲੁੱਟੀ ਉਥੋਂ ਕੀਤੀ, ਅਤੇ ਪਿਛੋਂ ਜਾ ਕੇ, ਜਦੋਂ ਬ੍ਰਿਟਿਸ਼ ਪਾਰਲੀਮੈਂਟ ਨੇ ਇਸ ਲੁੱਟ ਦੀ ਪੁੱਛ ਪੜਤਾਲ ਕੀਤੀ ਤਾਂ ਕਲਾਈਵ ਨੇ ਰੋਸ ਭਰੇ ਅਚੰਭੇ ਨਾਲ ਉੱਤ੍ਰ ਦਿਤਾ:

> "ਮੈਂ ਤੁਹਾਡੀ ਪ੍ਰਸੰਸਾ ਦਾ ਪਾਤ੍ਰ ਹਾਂ ਕਿ ਮੈਂ ਉਸ ਸਮੇਂ ਬੜੇ ਸੰਕੋਚ ਤੋਂ ਕੰਮ ਲਿਆ।........ਮੈਂ ਅਜੇਹੇ ਸੰਦੂਕਾਂ ਦੀਆਂ ਕਤਾਰਾਂ ਦੀਆਂ ਕਤਾਰਾਂ ਵਿਚੋਂ ਲੰਘ ਰਿਹਾ ਸਾਂ, ਜੋ ਕਿ ਮੇਰੇ ਅੱਗੇ ਖੁਲ੍ਹੇ ਅਤੇ ਸੋਨੇ ਤੇ ਰਤਨਾਂ ਨਾਲ ਭਰੇ ਪਏ ਸਨ। ਮਿਸਟਰ ਪ੍ਰੈਜ਼ੀਡੈਂਟ, ਹੁਣ ਜਦੋਂ ਕਿ ਮੈਂ ਉਸ ਸਮੇਂ ਦਾ ਚਿੰਤਨ ਕਰਦਾ ਹੈ, ਤਾਂ ਉਸ ਸਮੇਂ ਜੋ ਤਿਆਗ ਤੇ ਸੰਕੋਚ ਮੈਂ ਕੀਤਾ, ਉਸ ਉੱਤੇ ਮੈਂ ਆਪ ਅਚੰਭਤ ਹਾਂ।"*

ਇਸ ਪ੍ਰਕਾਰ ਦੇ ਯੁੱਧ ਤੇ ਲੜਾਈਆਂ, ਜਿਥੇ ਕਲਾਈਵ ਵਰਗੇ ਯੋਧਿਆਂ ਲਈ ਲਾਭਵੰਦ ਸਨ, ਉਥੇ ਈਸਟ ਇੰਡੀਆ ਕੰਮਪਨੀ ਲਈ ਮਾਲੀ ਤੌਰ ਤੇ ਹਾਨੀਕਾਰਕ ਭੀ ਸਨ, ਅਤੇ ਇਉਂ ਕੰਮਪਨੀ ਉੱਤੇ ਇਤਨਾਂ ਮਾਲੀ ਭਾਰ ਵਧ ਗਿਆ ਕਿ ਉਸ ਨੂੰ ਬੈਂਕ ਆਫ ਇੰਗਲੈਂਡ ਨੇ ਭੀ ਕਰਜ਼ਾ ਦੇਣੋਂ ਨਾਂਹ ਕਰ ਦਿੱਤੀ, ਅਤੇ ਕੰਮਪਨੀ ਨੇ ਬ੍ਰਿਟਿਸ਼ ਗਵਰਨਮਿੰਟ ਕੋਲ ਮਾਲੀ ਸਹਾਇਤਾ ਲਈ ਪ੍ਰਾਰਥਨਾ ਕੀਤੀ, ਜਿਸ ਕਾਰਣ, ਬ੍ਰਿਟਿਸ਼ ਪਾਰਲੀ-ਮੈਂਟ ਨੇ, ਸਭ ਹਾਲਾਤ ਦੀ ਜਾਂਚ ਪੜਤਾਲ ਪਿੱਛੋਂ, ਸੰਨ ੧੭੭੩ ਦਾ 'ਰੇਗੂਲੇਟਿੰਗ ਐਕਟ' ਪਾਸ ਕਰਕੇ, ਕੰਮਪਨੀ ਦੇ ਹਿੰਦੁਸਤਾਨੀ ਇਲਾਕਿਆਂ ਦੇ ਇੰਤਜ਼ਾਮ ਦੀ ਸਿੱਧੀ ਦੇਖ ਭਾਲ ਦੀ ਜ਼ਿਮੇਦਾਰੀ ਆਪ ਸੰਭਾਲ ਲਈ, ਜਿਸ ਦੇ ਸਿੱਟੇ ਦੇ ਤੌਰ ਤੇ, ਸਰ ਵਾਰੇਨ ਹੇਸਟਿੰਗਸ ਨੂੰ ਬੰਗਾਲ ਦਾ ਗਵਰਨਰ ਜਨਰਲ ਥਾਪਿਆ ਗਿਆ। ਇਸ ਪ੍ਰਕਾਰ ਜਦ ਬ੍ਰਿਟਿਸ਼ ਪਾਰਲੀ-ਮੈਂਟ ਨੇ ਹਿੰਦੁਸਤਾਨ ਵਿਚ ਕਾਬੂ ਕੀਤੇ ਇਲਾਕਿਆਂ ਦੇ ਰਾਜਸੀ ਇੰਤਜ਼ਾਮ ਦੀ ਜ਼ਿਮੇਵਾਰੀ ਕਬੂਲ ਲਈ, ਤਾਂ ਅਵੱਸ਼ ਹੋ ਗਿਆ ਕਿ ਜਿਨ੍ਹਾਂ ਸਿਧਾਂਤਾਂ ਉੱਤੇ ਇੰਗਲੈਂਡ ਵਿਚ ਰਾਜ-ਕਾਜ ਦਾ ਨਿਰਭਰ ਹੈ, ਉਨ੍ਹਾਂ ਸਿਧਾਂਤਾਂ ਦਾ ਪ੍ਰਭਾਵ ਤੇ ਅਸਰ ਇਨ੍ਹਾਂ ਹਿੰਦੁਸਤਾਨੀ ਇਲਾਕਿਆਂ ਦੇ ਰਾਜਕਾਜ ਅਤੇ ਪ੍ਰਬੰਧ ਢੰਗ ਉੱਤੇ ਵੀ ਪਵੇ। ਇੰਗਲੈਂਡ ਵਿਚ ਰਾਜਕਾਜ ਦਾ ਆਧਾਰ ਦੋ ਸਿਧਾਂਤ ਹਨ, (੧) ਲੋਕਾਂ ਉੱਤੇ ਹਕੂਮਤ ਉਨ੍ਹਾਂ ਦੀ ਮਰਜ਼ੀ ਨਾਲ ਕੀਤੀ ਜਾਵੇ, ਅਤੇ (੨) ਉਸ ਹਕੂਮਤ ਦਾ ਮੰਤਵ ਉਨ੍ਹਾਂ ਦੀ ਅਪਣੀ ਭਲਾਈ ਤੇ ਲਾਭ ਹੋਵੇ। ਹਿੰਦੁਸਤਾਨ ਵਿਚ ਰਾਜ ਕਰਨ ਵਾਲੀ ਕੋਈ ਹਕੂਮਤ, ਜਿਸ ਉੱਤੇ ਕਿ ਬ੍ਰਿਟਿਸ਼ ਪਾਰਲੀਮੈਂਟ ਦਾ ਸਿੱਧਾ ਟੇਢਾ ਅਧਿਕਾਰ ਹੋਵੇ, ਅਤੇ ਇਉਂ ਜਿਸ ਦੀ ਅੰਤਮ ਜ਼ਿਮੇਦਾਰੀ ਬ੍ਰਿਟਿਸ਼ ਪਾਰਲੀਮੈਂਟ ਅਤੇ ਅੰਗ੍ਰੇਜ਼ ਜਾਤੀ ਉੱਤੇ ਆਉਂਦੀ ਹੋਵੇ, ਇਨ੍ਹਾਂ ਦੋਹਾਂ ਸਿਧਾਂਤਾਂ ਦਾ ਤਿਆਗ ਜਾਂ ਖੰਡਨ, ਪ੍ਰਤੱਖ ਰੂਪ ਵਿਚ ਨਹੀਂ ਕਰ ਸਕਦੀ ਸੀ। ਸੁਰਾਜ ਦਾ ਜੋ ਬੂਟਾ ਸੰਨ ੧੯੪੭ ਵਿਚ ਫਲੀਭੂਤ ਹੋਇਆ, ਉਸ ਦਾ ਬੀਜ ਰੂਪ ਇਹ ਇਤਿਹਾਸਕ ਤੇ ਸਿਧਾਂਤਕ ਪਿਛੋਕੜ ਹੀ ਹੈ, ਜਿਸ ਦਾ ਕਿ ਵਰਨਣ ਕਰ ਆਏ ਹਾਂ।

*H.G. Rawlinson, *The British Achievements in India*, London, *p.* 20-21.

ਸੰਨ ੧੮੦੩ ਈਸਵੀ ਵਿਚ ਈਸਟ ਇੰਡੀਆ ਕੰਮਪਨੀ ਦਾ ਵੀਹ ਸਾਲਾ ਚਾਰਟਰ ਮੁੱਕਿਆ ਤਾਂ ਇਸ ਨੂੰ ਪੁਨਰਜੀਵਤ ਕਰਨ ਦੀ ਲੋੜ ਪਈ। ਲਾਰਡ ਗ੍ਰੈਨਵਿਲ ਨੇ ਉਸ ਸਮੇਂ ਜਿਹੜਾ ਇੰਡੀਆ-ਬਿਲ ਬ੍ਰਿਟਿਸ਼ ਪਾਰਲੀਮੈਂਟ ਵਿਚ ਪੇਸ਼ ਕੀਤਾ, ਉਸ ਦੀ ਪ੍ਰੋੜਤਾ ਸਮਰਥਨ ਵਿਚ ਜੋ ਭਾਸ਼ਨ ਉਸ ਨੇ ਦਿੱਤਾ, ਉਸ ਵਿਚ ਕਿਹਾ:—

> "ਇਸ ਵਿਧਾਨ ਦਾ ਸ਼ਿਲਾ-ਆਧਾਰ ਤਿੰਨ ਮੁੱਖ-ਮੰਤਵ ਹਨ। ਪਹਿਲਾ ਇਹ ਕਿ ਅਸਾਡੇ ਹੱਕਾਂ ਦੀ ਰੱਖਿਆ ਅਤੇ ਅਧਿਕਾਰਾਂ ਦੀ ਵਰਤੋਂ ਦੀ ਹਿੰਦੁਸਤਾਨ ਵਿਚ ਨੀਂਹ ਇਹ ਹੈ ਕਿ ਉਸ ਦੀ ਸਾਮਰਾਜੀ ਪ੍ਰਭੂ ਸੱਤਾ ਤਾਜ ਬਰਤਾਨੀਆ ਹੈ..........ਭਾਵੇਂ ਇਹ ਸੱਤਾ ਤਾਜ-ਬਰਤਾਨੀਆ ਦੇ ਹੱਥ ਕਿਵੇਂ ਭੀ ਆਈ, ਅਸਾਡੇ ਲਈ ਇਸ ਦਾ ਤਿਆਗ ਕਰਨਾ ਹੁਣ ਅਸੰਭਵ ਹੈ।..........ਇਸ ਪ੍ਰਭੂ-ਸੱਤਾ ਦੇ ਪ੍ਰਯੋਗ ਕਰਨ ਦੀ ਅਸਾਡੀ ਰੁਚੀ ਭਾਵੇਂ ਪ੍ਰਬਲ ਨਾ ਹੀ ਹੋਵੇ, ਅਸਾਡੇ ਲਈ ਇਸ ਨੂੰ ਸ੍ਵੀਕਾਰ ਕਰਨਾ ਅਵੱਸ਼ ਹੋ ਚੁੱਕਾ ਹੈ। ਦੂਜਾ ਮੰਤਵ, ਹਿੰਦੁਸਤਾਨੀਆਂ ਦੇ ਲਾਭ ਨੂੰ ਅੱਖੋਂ ਉਹਲੇ ਕਦਾਚਿਤ ਨ ਹੋਣਾ ਹੈ, ਅਤੇ ਤੀਜਾ, ਇੰਗਲੈਂਡ ਦੇ ਹਿੱਤਾਂ ਦਾ ਸਤਿਕਾਰ....ਜੇ ਸ਼ੁੱਧ ਚੇਸ਼ਟਾ ਹੋਵੇ ਤਾਂ ਹਿੰਦੁਸਤਾਨੀਆਂ ਦੇ ਲਾਭਾਂ ਅਤੇ ਇੰਗਲੈਂਡ ਦੇ ਹਿੱਤਾਂ ਵਿਚ ਨਿਰੰਤਰ ਤਾਲਮੇਲ ਹੈ, ਅਤੇ, ਕੋਈ ਬੁਨਿਆਦੀ ਵਿਰੋਧ ਨਹੀਂ"*

ਇਹ ਉਹ ਸਮਾਂ ਹੈ, ਜਦੋਂ ਕਿ ਸਿੱਖ ਰਾਜ ਵਾਲਾ ਭਾਗ ਹੀ ਕੇਵਲ ਸ੍ਵੈਤੰਤ੍ਰ ਰਹਿ ਗਿਆ ਸੀ, ਬਾਕੀ ਸਾਰਾ ਹਿੰਦੁਸਤਾਨ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਆ ਚੁੱਕੀ ਸੀ।

ਸੰਨ ੧੯੧੩ ਸੀਸਵੀ ਵਿੱਚ, ਮਾਰਕੁਈ ਹੇਸਟਿੰਗਸ, ਹਿੰਦ ਦਾ ਗਵਰਨਰ-ਜਨਰਲ ਨਿਯਤ ਹੋ ਕੇ ਪੁੱਜਾ, ਅਤੇ ਹੇਸਟਿੰਗਸ ਦੇ ਸਿਰ ਇਸ ਗੱਲ ਦਾ ਸਿਹਰਾ ਬੱਝਦਾ ਹੈ ਕਿ ਉਸ ਨੇ ਪਹਿਲੀ ਵਾਰ, ਸਪਸ਼ਟ ਸ਼ਬਦਾਂ ਵਿਚ, ਇਹ ਵਿਚਾਰ ਪ੍ਰਗਟ ਕੀਤੇ, ਕਿ ਇੱਕ ਦਿਨ ਅਜੇਹਾ ਆਏਗਾ ਜਦੋਂ ਕਿ ਅੰਗ੍ਰੇਜ਼ ਅਪਣੀ ਰਜ਼ਾਮੰਦੀ ਨਾਲ, ਹਿੰਦੁਸਤਾਨ ਦੀ ਰਾਜਸੱਤਾ ਹਿੰਦੁਸਤਾਨੀਆਂ ਨੂੰ ਸੌਂਪ ਕੇ, ਟੁਰ ਜਾਣਗੇ। ਆਪਣੀ ਨਿਜੀ ਡਾਇਰੀ ਵਿਚ ਉਸ ਲਿਖਿਆ (੧੭ ਮਈ, ੧੯੧੮) ਕਿ,

> "ਉਹ ਸਮਾਂ, ਜਿਹੜਾ ਕਿ ਬਹੁਤ ਦੂਰ ਨਹੀਂ, ਆਵੇਗਾ, ਜਦ ਕਿ ਇੰਗਲੈਂਡ, ਅਪਣੇ ਆਪ ਹੀ, ਸ਼ੁਭ ਨੀਤੀ ਵਿਚਾਰ ਕੇ, ਇਸ ਰਾਜਸੱਤਾ ਨੂੰ ਤਿਆਗ ਦੇਣ ਦਾ ਸੰਕਲਪ ਕਰੇਗਾ, ਜਿਹੜੀ ਕਿ ਅਸਾਂ ਧੀਰੇ ਧੀਰੇ ਪਰ ਬਿਨਾਂ ਗੰਭੀਰ ਵਿਚਾਰ ਦੇ, ਗ੍ਰਹਣ ਕਰ ਲਈ ਹੈ ਅਤੇ ਜਿਸ ਨੂੰ ਝਟਪਟ ਤਿਲਾਂਜਲੀ ਦੇ ਦੇਣਾ, ਐਸ ਵੇਲੇ ਅਸਾਡੇ ਲਈ ਅਸੰਭਵ ਬਣ ਚੁੱਕਾ ਹੈ।"

ਸੱਚੀ ਗੱਲ ਇਹੋ ਹੈ, ਅਤੇ ਇਹ ਅੰਗ੍ਰੇਜ਼ਾਂ ਦੀ ਵਿਚਕਸ਼ਨ ਬੁੱਧੀ ਅਤੇ ਉੱਚਮਤੀ ਦੀ ਅਕੱਟ ਪ੍ਰੋੜਤਾ ਹੈ ਕਿ ਪਿਛਲੇ ੧੫੦ ਵਰ੍ਹਿਆਂ ਦੇ ਲੰਮੇ ਸਮੇਂ ਵਿਚ, ਕੱਟੜ ਤੋਂ ਕੱਟੜ ਸਾਮਰਾਜਵਾਦੀ ਅੰਗ੍ਰੇਜ਼ ਬੁੱਧੀਵਾਨ ਭੀ ਸਦਾ ਇਸ ਗੱਲ ਦੀ ਹਾਮੀ ਭਰਦੇ ਰਹੇ ਹਨ, ਕਿ ਅੰਗ੍ਰੇਜ਼ਾਂ ਦਾ ਹਿੰਦੁਹਤਾਨ ਉੱਤੇ ਰਾਜਸੀ ਅਧਿਕਾਰ ਸਦੀਵ ਨਹੀਂ ਰਹੇਗਾ ਤੇ ਨ ਹੀ ਰਹਿਣਾ

*Hansard, XXV, p. 709-54*

ਚਾਹੀਏ । ਮੱਤ-ਭੇਦ ਕੇਵਲ ਇਸ ਗੱਲ ਉੱਤੇ ਰਿਹਾ ਹੈ, ਕਿ ਇਹ ਅਧਿਕਾਰ ਹਿੰਦੁਸਤਾਨੀਆਂ ਨੂੰ ਸੌਂਪਣ ਦਾ ਉਚਿਤ ਸਮਾਂ ਕਿਹੜਾ ਹੈ ।

ਮਹਾਕਵੀ, ਰੁਡਯਰਡ ਕਿਪਲਿੰਗ, (1865—1936) ਅੰਗ੍ਰੇਜ਼ੀ ਸਾਮਰਾਜ ਦਾ ਜਗਤ-ਪ੍ਰਸਿੱਧ ਨਬੀ ਸੀ ਅਤੇ ਇਸ ਸਾਮਰਾਜ ਦੀ ਆਤਮਕ ਪ੍ਰਭੁਤਾ ਦਾ ਮਹਾਨ ਪੈਗ਼ੰਬਰ। ਉਸ ਨੇ ਅਪਣੀ ਇਕ ਜਗਤ-ਬਿਖਿਆਤ ਕਵਿਤਾ ਵਿਚ, ਇਹ ਵਿਚਾਰ ਪ੍ਰਗਟ ਕੀਤੇ ਸਨ* :

"ਔਹ ਤੱਕੋ, ਦੂਰਦਰਾਡੇ ਸਾਗਰਾਂ ਵਿਚ ਤਰਦੇ ਅਸਾਡੇ ਸਮੁੰਦ੍ਰੀ ਬੇੜੇ ਅਲੋਪ ਹੋ ਰਹੇ ਹਨ। ਦੇਸ਼ ਦੇਸ਼ਾਂਤਰਾਂ ਵਿਚ ਅਸਾਡੇ ਫ਼ੌਜੀ ਕੈਂਪੂਆਂ ਦੀਆਂ ਅਗਾਂ ਦੀਆਂ ਲਾਟਾਂ ਬੁਝ ਰਹੀਆਂ ਹਨ। ਅਤੇ ਆਹ ਲਓ, ਅਸਾਡੀ ਭਿਬਯ ਪ੍ਰਭਾਵਸ਼ਾਲੀ ਸਾਮਰਾਜੀ ਸ਼ਕਤੀ ਇੱਕ ਭੁੱਲੀ ਵਿਸਰੀ ਪੌਰਾਣਕ ਕਥਾ ਬਣ ਗਈ ਹੈ!"

ਸੰਨ ੧੯੨੩ ਦੇ ਲਗਭਗ, ਇਕ ਅੰਗ੍ਰੇਜ਼ ਆਈ. ਸੀ. ਐਸ. ਨੇ, ਗੁਮਨਾਮ ਰਹਿ ਕੇ, ਇਕ ਪੁਸਤਕ ਲੰਡਨ ਵਿਚ ਛਪਵਾਈ ਸੀ, *The Lost Dominion.* ਇਸ ਪੁਸਤਕ ਦੀ ਲੋਕੋ ਪ੍ਰਤਿ ਯੁਕਤੀ (argumentum ad populum) ਇਹੋ ਸੀ ਕਿ ਅੰਗ੍ਰੇਜ਼ਾਂ ਕੋਲੋਂ ਹਿੰਦੁਸਤਾਨ ਕੇਵਲ ਇਸ ਗੱਲੇ ਹੀ ਖੁੱਸਣ ਵਾਲਾ ਹੈ, ਕਿਉਂਜੁ ਅੰਗ੍ਰੇਜ਼ਾਂ ਨੂੰ ਅਪਣੇ ਆਪ ਉੱਤੇ ਸ੍ਵੈ-ਸ਼੍ਰਧਾ ਤੇ ਆਤਮ-ਵਿਸ਼੍ਵਾਸ ਹੀ ਨਹੀਂ ਹੈ। ਜੇ ਅੰਗ੍ਰੇਜ਼ ਇਉਂ ਨ ਮੰਨਦੇ ਕਿ ਉਨ੍ਹਾਂ ਨੇ ਹਿੰਦੁਸਤਾਨ ਉਤੇ ਕਬਜਾ ਦੇਵਨੇਤਿ ਨਾਲ ਕੀਤਾ ਹੈ ਅਤੇ ਅਪਣੀ ਧਰਮ ਕਰਤੱਵ ਪੂਰਤੀ ਲਈ ਕੁਝ ਸਮਾਂ ਇਥੇ ਹਨ, ਅਤੇ ਸਪਸ਼ਟ ਇਉਂ ਕਹਿੰਦੇ ਤੇ ਮੰਨਦੇ ਕਿ ਉਨ੍ਹਾਂ ਨੇ ਹਿੰਦੁਸਤਾਨ ਸ਼ਮਸ਼ੀਰ ਦੇ ਜ਼ੋਰ ਨਾਲ ਲਿਆ ਹੈ ਅਤੇ ਤਲਵਾਰ ਦੇ ਬਲ ਨਾਲ ਹੀ ਇਸ ਨੂੰ ਅਪਣੇ ਆਧੀਨ ਰੱਖਣਗੇ, ਤਾਂ ਹਿੰਦੁਸਤਾਨ ਦੇ ਅੰਗ੍ਰੇਜ਼ਾਂ ਦੇ ਹੱਥੋਂ ਚਲੇ ਜਾਣ ਦੀ ਨਿਸ਼ਚਿਤ ਸੰਭਾਵਨਾ ਕਦਾਚਿਤ ਨ ਹੁੰਦੀ ।

ਸੰਨ ੧੮੫੭ ਦੇ ਗ਼ਦਰ ਦੇ ਪਿਛੋਂ, ਅੰਗ੍ਰੇਜ਼ੀ ਪਾਰਲੀਮੈਂਟ ਅਥਵਾ ਤਾਜ ਬਰਤਾਨੀਆ ਨੇ ਹਿੰਦੁਸਤਾਨ ਦੇ ਰਾਜਕਾਜ ਦੀ ਵਾਗ ਡੋਰ ਸਿੱਧੀ ਅਪਣੇ ਹੱਥਾਂ ਵਿਚ ਸੰਭਾਲ ਲਈ, ਅਤੇ ਜੋ ਸ਼ਾਹੀ ਵਿਗਯਾਪਨ ਉਸ ਸਮੇਂ ਮਹਾਰਾਣੀ ਵਿਕਟੋਰੀਆ ਵਲੋਂ ਜਾਰੀ ਹੋਇਆ, ਉਸ ਵਿਚ ਇਹ ਸ਼ਬਦ ਸਨ: **

> "ਹਿੰਦੁਸਤਾਨੀਆਂ ਦੀ ਖ਼ੁਸ਼ਹਾਲੀ ਵਿਚ ਅਸਾਡੀ ਸ਼ਕਤੀ, ਉਨ੍ਹਾਂ ਦੀ ਤਸੱਲੀ ਵਿਚ ਅਸਾਡੀ ਰੱਖਿਆ ਅਤੇ ਉਨ੍ਹਾਂ ਦੀ ਕ੍ਰਿਤੱਗਯਤਾ ਵਿਚ

---

* See, "*Recessional*", originally published in *The Times*, London, on the 17th July, 1897, on the occasion of Queen Victoria's Second Jubilee:

"Far-called our navies melt away—
On dune and headland sinks the fire—
Lo, all our pomp of yesterday,
Is one with Nineveh and Tyre."

** "In their prosperity will be our strength, in their contentment our security and in their gratitude our best reward."

ਅਸਾਡਾ ਸਰਵੋਤਮ ਇਵਜ਼ਾਨਾ ਹੈ ।"†

ਸੰਨ ੧੮੬੧ ਵਿਚ ਇੰਡੀਅਨ ਕੌਂਸਲ ਐਕਟ ਪਾਸ ਹੋਇਆ, ਜਿਸ ਦੁਆਰਾ ਹਿੰਦੁਸਤਾਨੀਆਂ ਨੂੰ ਸਥਾਨਕ ਪੱਧਰ ਉੱਤੇ (local self—government) ਰਾਜਪ੍ਰਬੰਧ ਚਲਾਉਣ ਦੇ ਅਧਿਕਾਰ ਦਿੱਤੇ ਗਏ। ਸੰਨ ੧੮੬੬ ਵਿਚ, ਕੁਝ ਹਿੰਦੁਸਤਾਨੀਆਂ ਅਤੇ ਸ਼ੁਭਚਿੰਤਕ ਅੰਗ੍ਰੇਜ਼ਾਂ ਨੇ ਇਕ ਸਾਂਝੀ ਸੰਸਥਾ, ਈਸਟ ਇੰਡੀਅਨ ਐਸੋਸੀਏਸ਼ਨ, ਲੰਡਨ ਵਿਚ ਬਣਾਈ, ਜਿਸ ਦਾ ਕਿ ਮੁੱਖ ਮੰਤਵ, ਹਿੰਦੁਸਤਾਨੀਆਂ ਦੇ ਹੱਕ ਵਿਚ ਪ੍ਰਚਾਰ ਕਰਨਾ ਅਤੇ ਉਨ੍ਹਾਂ ਦੇ ਵਿਰੁੱਧ ਪ੍ਰਚਲਤ ਗ਼ਲਤਫ਼ਹਿਮੀਆਂ ਨੂੰ ਦੂਰ ਕਰਨਾ ਸੀ। ਸੰਨ ੧੮੮੪ ਵਿਚ, ਕਲਕੱਤੇ ਵਿਚ 'ਨੈਸ਼ਨਲ ਲੀਗ' ਬਣੀ ਅਤੇ ਉਸੇ ਸਾਲ ਮਦਰਾਸ 'ਮਹਾਜਨ ਸਭਾ' ਅਤੇ 'ਬੰਬੇ ਪ੍ਰੈਸੀਡੈਂਸੀ ਐਸੋਸੀਏਸ਼ਨ' ਕਾਇਮ ਹੋਏ, ਜਿਨ੍ਹਾਂ ਦਾ ਉਦੇਸ਼ ਕਿ ਹਿੰਦੁਸਤਾਨੀਆਂ ਨੂੰ ਉਨ੍ਹਾਂ ਦੇ ਅਪਣੇ ਦੇਸ਼ ਦੇ ਰਾਜ ਪ੍ਰਬੰਧ ਵਿਚ ਵੱਧ ਤੋਂ ਵੱਧ ਭਾਗ ਮਿਲਣ ਦਾ ਪ੍ਰਚਾਰ ਕਰਨਾ ਸੀ। ੨੭ ਦਸੰਬਰ, ੧੮੮੫ ਨੂੰ, ਲਗ ਭਗ ੭੦-੮੦ ਹਿੰਦੁਸਤਾਨੀ, ਹਿੰਦੁਸਤਾਨ ਦੇ ਵਖ ਵਖ ਭਾਗਾਂ ਤੇ ਜਾਤੀਆਂ ਦੇ ਪ੍ਰਤਿਨਿਧਾਂ ਦੇ ਰੂਪ ਵਿਚ, ਬੰਬਈ ਇਕੱਠੇ ਹੋਏ ਅਤੇ ਉਨ੍ਹਾਂ ਨੇ ਇੰਡੀਅਨ ਨੈਸ਼ਨਲ ਕਾਂਗ੍ਰੇਸ ਦੀ ਨੀਂਹ ਰੱਖੀ।

ਇਹੋ ਨੈਸ਼ਨਲ ਕਾਂਗ੍ਰੇਸ ਹੈ, ਜਿਸ ਨੇ ਕਿ ਸੰਨ ੧੯੪੭ ਤੋਂ ਲੈ ਕੇ ਅੱਜ ਤਕ, ਦੋ ਤਿਹਾਈ ਤੋਂ ਵੱਧ ਹਿੰਦੁਸਤਾਨ ਦੀ ਹਕੂਮਤ ਸੰਭਾਲੀ ਹੋਈ ਹੈ।

ਬਾਕੀ ਇੱਕ ਤਿਹਾਈ ਹਿੰਦੁਸਤਾਨ ਕਿਵੇਂ ਮੁਸਲਮ ਲੀਗ ਦੇ ਪੇਟੇ ਪਿਆ ਅਤੇ ਕਮੀਊਨਿਲ ਅਵਾਰਡ ਕਿਵੇਂ ਇਸ ਮੁਲਕੀ ਵੰਡਾਰੇ ਦਾ ਸਹਾਇਕ ਬਣਿਆ, ਇਹੋ ਅਸਾਡੇ ਇਸ ਨਿਬੰਧ ਦਾ ਅਸਲੀ ਵਿਸ਼ਾ ਹੈ।

ਇੰਡੀਅਨ ਨੈਸ਼ਨਲ ਕਾਂਗ੍ਰੇਸ ਦਾ ਤੀਜਾ ਵਾਰਸ਼ਕ ਸਮਾਗਮ ਜਦ ਮਦਰਾਸ ਵਿਚ ਹੋਇਆ ਤਾਂ ਉਸ ਵਿਚ, ਬਦਰੂਦੀਨ ਤੱਯਬਜੀ ਦੀ ਅਗਵਾਈ ਵਿਚ, ਮੁਸਲਮਾਨ ਭੀ ਸ਼ਾਮਲ ਸਨ। ਕਾਂਗ੍ਰੇਸ ਦੇ ਇਸ ਜਲਸੇ ਵਿਚ ਕੁਝ ਅਜੇਹੀਆਂ ਗੱਲਾਂ ਕਹੀਆਂ ਗਈਆਂ ਜੋ ਅਯੋਗ ਤਾਂ ਨਹੀਂ ਕਹੀਆਂ ਜਾ ਸਕਦੀਆਂ, ਪਰ ਜਿਨ੍ਹਾਂ ਦਾ ਅੰਤ੍ਰੀਵ ਭਾਵ ਇਹੋ ਨਿਕਲਦਾ ਸੀ, ਕਿ ਮੁੱਖ ਨਿਸ਼ਾਨਾ ਕਾਂਗ੍ਰੇਸ ਦਾ, ਹਿੰਦੁਸਤਾਨ ਦੀ ਹਕੂਮਤ ਅਤੇ ਰਾਜ-ਭਾਗ ਨੂੰ ਇਕ ਅਜੇਹੀ ਹਿੰਦੁਸਤਾਨੀ ਪਾਰਲੀਮੈਂਟ ਦੇ ਅਧਿਕਾਰਾਂ ਹੇਠ ਲੈ ਆਉਣਾ ਹੈ, ਜਿਸ ਦੀ ਵਾਗ-ਡੋਰ ਕਿ ਬਹੁ-ਗਿਣਤੀ ਦੇ ਹੱਥ ਵਿਚ ਹੋਵੇ। ਮੁਸਲਮਾਨਾਂ ਦੀ ਦੂਰਦਰਸ਼ੀ ਅੱਖ ਅਤੇ ਤੀਖਨ ਬੁੱਧੀ ਨੇ ਇਹ ਝਟਪਟ ਭਾਂਪ ਲਿਆ ਕਿ ਅਜੇਹੇ ਰਾਜ ਪਰਿਵਰਤਨ ਦੀ ਬਾਹਰਲੀ ਰੂਪ-ਰੇਖਾ ਭਾਵੇਂ ਕਿਤਨੀ ਆਧੁਨਿਕ ਅਤੇ ਆਭਾ-ਪੂਰਤ ਕਿਉਂ ਨ ਹੋਵੇ, ਵਾਸਤਵ ਵਿਚ ਇਹ ਹਿੰਦੂ ਰਾਜ ਹੀ ਹੋਵੇਗਾ।‡ ਇਹ ਵਿਚਾਰ ਕੇ,

† "In their prosperity will be our strength, in their contentment our security and in their gratitude our best reward."

‡ ਮਹਾਂਕਵੀ ਤੇ ਨੀਤੱਗਯ, ਸਰ ਮੁਹੰਮਦ ਇਕਬਾਲ ਦਾ ਇਸ ਸਮੱਸਯਾ ਬਾਰੇ ਪੁਖ਼ਤਾ ਵਿਚਾਰ ਇਹੋ ਸੀ, ਕਿ ਹਿੰਦੂ ਜਿਸ ਵੇਲੇ ਸਾਂਝੀਆਂ ਚੋਣਾ, ਇੱਕ ਪ੍ਰਾਣੀ ਇੱਕ ਵੋਟ, ਅਫਿਰਕੂ ਰਾਜ ਤੇ ਸਾਂਝੇ ਸੁਰਾਜ ਦੀ ਦੁਹਾਈ ਦਿੰਦੇ ਹਨ, ਮਨ ਵਿਚ ਉਹਨਾਂ ਦੇ ਇਹੋ ਕੁਟਲ ਨੀਤੀ ਹੈ, ਕਿ ਜਿਵੇਂ ਕਿਵੇਂ, ਗ਼ੈਰ

(ਬਾਕੀ ਅਗਲੇ ਸਫ਼ੇ ਥੱਲੇ)

ਇੰਡੀਅਨ ਨੈਸ਼ਨਲ ਕਾਂਗ੍ਰੇਸ ਦੀ ਸਰਵਾਂਗੀ ਨੁਮਾਇੰਦਗੀ ਦੀ ਕਾਟ ਕਰਨ ਲਈ ਮੁਸਲਮਾਨਾਂ ਨੇ ਥਾਂ ਥਾਂ ਅਪਣੀਆਂ ਅੰਜੁਮਨਾਂ ਕਾਇਮ ਕਰ ਲਈਆਂ, ਜਿਨ੍ਹਾਂ ਵਿਚੋਂ ਕਿ ਸਿਰਕੱਢ, ਯੂਨਾਈਟਡ ਇੰਡੀਆ ਪੈਟ੍ਰੀਆਟਿਕ ਐਸੋਸੀਏਸ਼ਨ, ਅਥਵਾ, ਸੰਯੁਕਤ ਭਾਰਤੀ ਦੇਸ਼ ਭਗਤ ਸਭਾ ਸੀ, ਜਿਸ ਦੇ ਸੈਕ੍ਰੇਟਰੀ ਪ੍ਰਸਿੱਧ ਦੇਸ਼ਭਗਤ ਮੁਸਲਿਮ ਨੇਤਾ, ਸਰ ਸੱਯਦ ਅਹਿਮਦ ਸਨ ।

ਸਰ ਸੱਯਦ ਅਹਿਮਦ ਦੀ ਮਹਾਨ ਸ਼ਖ਼ਸੀਅਤ, ਉਨ੍ਹਾਂ ਦਾ ਦੇਸ਼ ਭਗਤੀ ਲੀਨ ਚਰਿਤ੍ਰ ਅਤੇ ਇਸ ਸੰਸਥਾ ਦਾ ਨਾਮ, ਇਹ ਸਿੱਧ ਕਰਦੇ ਹਨ ਕਿ ਮੁਸਲਮਾਨਾਂ ਦਾ ਇਰਾਦਾ ਨ ਤਾਂ ਹਿੰਦੂਆਂ ਨਾਲੋਂ ਵੱਖਰੇ ਹੋਣਾ ਸੀ ਅਤੇ ਨਾ ਹੀ ਦੇਸ਼ ਦਾ ਵੰਡਾਰਾ । ਉਨ੍ਹਾਂ ਦੀ ਹੱਕੀ ਤੇ ਤੀਬਰ ਇੱਛਾ ਕੇਵਲ ਇਤਨੀ ਹੀ ਸੀ ਕਿ ਜਦੋਂ ਕੌਮੀ ਰਾਜ ਸਥਾਪਤ ਹੋਵੇ ਤਾਂ ਇਸ ਦੇ ਪਰਦੇ ਹੇਠ, ਘੱਟ-ਗਿਣਤੀ ਫਿਰਕਿਆਂ ਲਈ ਗਲ਼-ਘੋਟੂ, ਹਿੰਦੂ ਗ਼ਲਬਾ ਸਥਾਪਿਤ ਨਾ ਕਰ ਦਿਤਾ ਜਾਵੇ ।

ਕਮੀਊਨਿਲ ਅਵਾਰਡ ਦਾ ਅਸਲੀ ਤਾਤਪਰਜ ਭੀ ਇਹੋ ਤਸੱਲੀ ਦੇਣਾ ਸੀ ਅਤੇ ਦੇਸ਼ ਦਾ ਵੰਡਾਰਾ ਭੀ ਤਾਂ ਹੀ ਹੋਇਆ ਜਦੋਂ ਕਿ ਇੰਡੀਅਨ ਨੈਸ਼ਨਲ ਕਾਂਗ੍ਰੇਸ ਇਹ ਤਸੱਲੀ ਦੇਣ ਵਿਚ ਅਸਮ੍ਰੱਥ ਰਹੀ ।

ਇੰਡੀਅਨ ਨੈਸ਼ਨਲ ਕਾਂਗ੍ਰੇਸ ਦੇ ਵਾਰਸ਼ਿਕ ਸਮਾਗਮਾਂ ਵਿਚ ਮੁਸਲਮਾਨ ਡੈਲੀਗੇਟ ਘਟਦੇ ਘਟਦੇ, ੭੫੦ ਤੋਂ ੧੭ ਰਹਿ ਗਏ, ਅਤੇ ਸੰਨ ੧੯੦੬ ਵਿਚ ਮੁਸਲਮਾਨ ਲੀਡਰਾਂ ਨੇ, ਅਪਣੇ ਹੱਕ ਸੁਰਖਿਅਤ ਕਰਨ ਹਿਤ, ਆਲ ਇੰਡੀਆ ਮੁਸਲਮ ਲੀਗ ਦੀ ਨੀਂਹ ਰੱਖ ਦਿੱਤੀ ।

ਇਹੋ ਸਮਾਂ ਹੈ ਜਦੋਂ ਕਿ ਦੇਸ਼ ਭਰ ਦੇ ਹਿੰਦੂਆਂ ਵਿਚ ਇਕ ਨਵਾਂ ਆਤਮ ਅਭਿਮਾਨ ਜਾਗ੍ਰਿਤ ਹੋ ਰਿਹਾ ਸੀ, ਸ੍ਵੈਜਾਤੀ ਅਭਿਮਾਨ, ਸ੍ਵੈਧਰਮ ਅਭਿਮਾਨ । ਮੁਸਲਮਾਨਾਂ ਵਿਚ ਇਸ ਦਾ ਪ੍ਰਤਿਕਰਮ ਇਕ ਅਜੇਹੀ ਕੁਦਰਤੀ ਘਟਨਾ ਸੀ, ਕਿ ਹੈਰਾਨੀ ਇਹ ਨਹੀਂ ਕਿ ਮੁਸਲਮਾਨਾਂ ਵਿਚ ਅਪਣੀ ਕੌਮ, ਅਪਣੇ ਮਜ਼ਹਬ ਅਤੇ ਅਪਣੀ ਸ਼ਾਨਦਾਰ ਤਾਰੀਖ਼ ਦਾ ਅਹਿਸਾਸ, ਇਸ ਸਮੇਂ ਕਿਉਂ ਉਤਪੰਨ ਹੋਇਆ, ਸਗੋਂ ਅਚੰਭਾ ਇਹ ਹੈ, ਕਿ ਇਸ ਮੁਸਲਮ ਜਾਗ੍ਰਿਤੀ ਨੂੰ ਇਕ ਓਪਰਾ ਜਜ਼ਬਾ ਤੇ ਅੰਗ੍ਰੇਜ਼ ਸਾਮਰਾਜੀਆਂ ਦੀ ਪੈਦਾ ਕੀਤੀ ਹੋਈ, ਮਸਨੂਈ ਮਨੋਬ੍ਰਿਤੀ ਹਿੰਦੂਆਂ ਦੇ ਵੱਡੇ ਵੱਡੇ ਚਤੁਰ ਤੇ ਬੁੱਧੀਮਾਨ ਸਿਆਣਿਆ ਨੇ ਸਮਝੀ, ਤੇ ਇਉਂ ਸਮਝ ਕੇ ਇਸ ਨਾਲ ਪ੍ਰੇਮਾਭਾਵ ਸਹਿਯੋਗ ਕਰਨ ਦੀ ਬਜਾਏ ਇਸ ਨੂੰ ਇਕਲਾਂਭੇ ਕਰਨ, ਯਾ ਚਾਲਾਕ ਨੀਤੀ ਨਾਲ ਇਸ ਨੂੰ ਪ੍ਰਾਜੈ ਕਰਨ ਵਿਚ ਅੱਧੀ ਸਦੀ ਦਾ ਸਮਾ ਬਤੀਤ ਕਰ ਦਿੱਤਾ, ਜਿਸ ਅਲਪ ਬੁੱਧੀ ਅਤੇ ਕੁਚੇਸ਼ਟਾ ਦਾ ਸਿੱਟਾ ਮੁਲਕ ਦਾ ਵੰਡਾਰਾ, ਦਸ ਲੱਖ ਹਿੰਦੂ ਮੁਸਲਮਾਨਾਂ ਅਤੇ ਸਿੱਖਾਂ ਦਾ ਖ਼ੂਨ, ਇਕ ਲੱਖ

---

ਹਿੰਦੂਆਂ ਨੂੰ ਅਵੇਸਲਾ ਕਰਕੇ ਫਰੰਗੀ ਹਥੋਂ ਰਾਜਸੱਤਾ ਲੈ ਲਈ ਜਾਵੇ ਤੇ ਫੇਰ "ਬਿਲਾ ਸ਼ਰਕਤੇ ਗ਼ੈਰੇ", ਆਪੂੰ ਰਾਜਭਾਗ ਸੰਭਾਲ ਲਿਆ ਜਾਵੇ ।

نگہ دارد برهمن کار خودرا نمیگوید بہ کس اسرار خودرا
بمن گوید کہ از تسبیح بگذر بدوش خود برد زنار خودرا
———ارمغان حجاز

ਅਬਲਾ ਇਸਤ੍ਰੀਆਂ ਦੀ ਬੇਪਤੀ ਅਤੇ ਪੰਜਾਹ ਹਜ਼ਾਰ ਕੁਮਾਰੀਆਂ ਦਾ ਧਰਮ ਪਤਨ ਤੇ ਸਤਭੰਗ ਨਿਕਲਿਆ, ਜਿਸ ਮਹਾਨ ਉਤਪਾਤ ਨੂੰ ਅਸਲੀ ਦੋਸ਼ੀਆਂ ਨੇ "ਅੰਦਾਜੇ ਕਾ ਗਲਤੀ ਹੋ ਗਿਆ" ਕਹਿ ਕੇ ਹੀ ਟਾਲ ਦਿੱਤਾ ।

ਇਸ ਹਿੰਦੂ ਆਤਮ-ਅਭਿਮਾਨ ਦੀ ਰੂਪ—ਰੇਖਾ ਸਪਸ਼ਟ ਕਰਨ ਲਈ, ਉਸ ਸਮੇਂ ਦੀਆ ਇਕ ਦੋ ਘਟਨਾਵਾਂ ਦਾ ਸੰਖੇਪ ਵਰਣਨ ਜ਼ਰੂਰੀ ਹੈ ।

ਸੰਨ ੧੯੦੦ ਵਿਚ ਲਾਰਡ ਕਰਜ਼ਨ ਹਿੰਦੁਸਤਾਨ ਦਾ ਗਵਰਨਰ ਜਨਰਲ ਨੀਯਤ ਹੋ ਕੇ ਆਇਆ ਅਤੇ ਅਗਲੇ ਸਾਲ ਉਸ ਨੇ ਕਲਕੱਤਾ ਯੂਨੀਵਰਸਿਟੀ ਦੇ ਚਾਂਸਲਰ ਦੀ ਹੈਸੀਅਤ ਵਿਚ, ਆਪਣੇ ਕਾਨਵੋਕੇਸ਼ਨ-ਭਾਸ਼ਨ ਵਿਚ ਇਹ ਸ਼ਬਦ ਕਹੇ:

> "ਇਸ ਸਿੱਖਿਆ ਵੱਲ ਅਜੇ ਅਸਾਡਾ ਧਿਆਨ ਨਹੀਂ ਗਿਆ ਕਿ ਆਤਮਾ ਦਾ ਦੀਪ ਕਿਵੇਂ ਜਗਾਈਦਾ ਹੈ ।......ਇਹ ਅਸਾਡਾ ਕਰਤੱਵਯ ਹੈ ਕਿ ਅਸੀਂ ਉੱਠਣ ਵਾਲੀ ਨਸਲ ਨੂੰ ਅਸੱਤਯ ਮਾਰਗ ਵਲ ਜਾਣੋਂ ਰੋਕੀਏ ਅਤੇ ਧਰਮ ਮਾਰਗ ਵੱਲ ਉਸ ਦੀ ਰਾਹਨੁਮਾਈ ਕਰੀਏ ।"†

ਉਸ ਸਮੇਂ, ਬੰਗਾਲ ਵਿਚ, ਹਿੰਦੂ ਨੌਜਵਾਨਾਂ ਵਿਚ ਇਹ ਲਹਿਰ ਉੱਠ ਰਹੀ ਸੀ, ਕਿ ਯੂਰਪੀਨ ਮਰਦ ਔਰਤਾਂ ਦਾ ਬਲੀਦਾਨ ਅਥਵਾ ਕਤਲ, ਕਾਲਿਕਾ ਮਾਤਾ, ਜੋ ਕਿ ਭਾਰਤ ਮਾਤਾ ਯਾ ਹਿੰਦੁਸਤਾਨ ਦੀ ਆਤਮਾ ਦਾ ਹੀ ਪਰਾਭੌਤਿਕ ਰੂਪ ਸਮਝਿਆ ਜਾਂਦਾ ਹੈ, ਨੂੰ ਅਤੀ ਪ੍ਰਿਯ ਹੈ । ਇਹ ਵਿਚਾਰ ਪ੍ਰਾਚੀਨ ਵੈਦਿਕ ਮਨੁਸ਼ਮੇਧ ਰੀਤੀ ਦਾ ਹੀ ਨਵੀਨ ਤੇ ਭ੍ਰਿਸ਼ਟ ਰੂਪ ਹੈ, ਜਿਸ ਦੇ ਕਿ ਪੂਰਵ ਰੂਪਾਂਤ੍ਰ, ਠੱਗੀ, ਸਤੀ, ਬੱਚਾਕੁਸ਼ੀ ਦਾ ਨਿਰੋਧ ਅੰਗ੍ਰੇਜ਼ ਹਾਕਮ, ਹਿੰਦੁਸਤਾਨ ਵਿਚ ਕਰ ਚੁੱਕੇ ਸਨ । ਇਹੋ ਰਕਤਸਰਾਵਆਸ਼੍ਰਿਤ ਵੈਦਿਕ ਵਿਚਾਰਧਾਰਾ ਹੀ ਬੰਗਾਲੀ ਅਨਾਰਕਿਜ਼ਮ ਦੇ ਰੂਪ ਵਿਚ ਪ੍ਰਗਟ ਹੋਈ ਸੀ, ਅਤੇ ਸਪਸ਼ਟ ਹੈ ਕਿ ਲਾਰਡ ਕਰਜ਼ਨ ਦਾ ਇਸ਼ਾਰਾ ਇਸ ਵਿਚਾਰਧਾਰਾ ਅਤੇ ਇਸ ਲਹਿਰ ਵੱਲ ਹੀ ਸੀ, ਭਾਵੇਂ ਜਿਹੜੇ ਸ਼ਬਦ ਉਸ ਨੇ ਵਰਤੇ ਸਨ ਉਨ੍ਹਾਂ ਉਤੇ ਕਿਸੇ ਪ੍ਰਕਾਰ ਦਾ ਕਿੰਤੂ ਕਰਨਾ ਭੀ ਯੋਗ ਨਹੀਂ ਭਾਸਦਾ । ਪਰ ਇਸ ਕਾਨਵੋਕੇਸ਼ਨ-ਭਾਸ਼ਨ ਵਿਰੁੱਧ, ਝਟਪਟ ਅਤੇ ਸਰਵ ਵਿਆਪੀ ਝੱਖੜ ਹਿੰਦੂਆਂ ਵਿਚ ਉੱਠ ਖੜ੍ਹਾ ਹੋਇਆ, ਜਿਸ ਵਿਚ ਕਿ ਦਾਦਾਭਾਈ ਨਾਰੋਜੀ ਵਰਗੇ ਸਥਿਰ ਬੁੱਧੀ ਨੇਤਾ ਭੀ ਸ਼ਾਮਲ ਹੋ ਗਏ । ਕਲਕੱਤਾ, ਮਦਰਾਸ, ਬੰਬਈ, ਅਲਾਹਬਾਦ ਤੇ ਲਾਹੌਰ ਵਿਚ, ਭਰਪੂਰ ਪਬਲਿਕ ਜਲਸੇ, ਇਸ "ਕੌਮੀ ਹੱਤਕ" ਦੇ ਖ਼ਿਲਾਫ਼ ਕੀਤੇ ਗਏ ਕਿ ਲਾਰਡ ਕਰਜ਼ਨ ਨੇ ਇਉਂ ਕਿਉਂ ਕਿਹਾ ਕਿ ਨੌਜਵਾਨਾਂ ਦੀ ਸਹੀ ਰਾਹਨੁਮਾਈ ਹੋਣੀ ਚਾਹੀਦੀ ਹੈ! ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ, ਕਿ ਕਾਲਿਕਮਾਤਾ ਅਤੇ ਭਾਰਤ ਮਾਤਾ ਨੂੰ ਏਕਾਕੀ ਰੂਪ ਨਿਰਣਯ ਕਰਨ ਦਾ

---

† "We have hardly learned how to light the lamp of the soul.... We have to save the rising generation from walking in false paths and to guide them into right ones."

ਧਾਰਮਿਕ ਸਿਧਾਂਤ, ਸਪਸ਼ਟਰੂਪ ਵਿਚ ਬਾਬੂ ਬੰਕਮ ਚੰਦ੍ਰ ਚਟ੍ਰਜੀ ਦੇ ਨਾਵਲ "ਅਨੰਦਮੱਠ" ਵਿਚ ਕੀਤਾ ਗਿਆ ਸੀ, ਜਿਸ ਸਿਧਾਂਤ ਨੂੰ ਕਿ ਰਿਸ਼ੀ ਅਰਵਿੰਦ ਘੋਸ਼ ਨੇ ਭਿਬਯ ਦਾਰਸ਼ਨਿਕ ਰੂਪ ਦਿਤਾ ; ਇਹੋ ਸਿਧਾਂਤ ਹੈ ਜਿਸ ਨੂੰ ਲਾਲਾ ਹਰਦਿਆਲ, ਐਮ. ਏ. ਨੇ ੧੯੧੦-੧੪ ਵਿਚ, ਕੈਨੇਡੀਅਨ ਸਿੱਖਾਂ ਵਿਚ ਅਤੇ ਭਾਈ ਪਰਮਾਨੰਦ ਨੇ ਕੈਲੀਫੋਰਨੀਆਂ ਦੇ ਪੰਜਾਬੀ ਸਿੱਖਾਂ ਵਿਚ, ਇਹ ਕਹਿਕੇ ਪਰਚਾਰਿਆ ਕਿ ਸ਼ੁੱਧ ਸਿੱਖੀ ਸਿਧਾਂਤ ਇਹੋ ਹੈ, ਅਤੇ ਜਿਸ ਪ੍ਰਚਾਰ ਨੂੰ ਸ੍ਵੀਕਾਰ ਕਰਕੇ, ਸਰਲ ਸੁਭਾ, ਵਿਸ਼ਵਾਸੀ ਪੇਂਡੂ ਸਿੱਖਾਂ ਵੱਲੋਂ, ਗ਼ਦਰ ਅੰਦੋਲਨ ਦੀ ਨੀਂਹ ਰੱਖੀ ਗਈ ਅਤੇ ਸੈਂਕੜੇ ਸਿੱਖ ਫਾਂਸੀਆਂ ਚੜ੍ਹੇ ਯਾ ਉਮਰਾਂ ਜੇਲ੍ਹ ਕੱਟੀ, ਪਰ ਜਿਸ ਗ਼ਦਰ ਅੰਦੋਲਨ ਦੀ ਅਗਨੀ ਵਿਚ ਲਾਲਾ ਹਰਦਿਆਲ ਤਾਂ ਪ੍ਰਵੇਸ਼ ਹੀ ਨ ਹੋਏ ਅਤੇ ਅਮ੍ਰੀਕਾ ਹੀ ਬੈਠੇ ਰਹੇ ਅਤੇ ਭਾਈ ਪਰਮਾਨੰਦ ਕਾਲੇ ਪਾਣੀ ਤੋਂ ਲਿਖਤੀ ਖ਼ਿਮਾਂ ਮੰਗ ਕੇ ਇਸ ਵਿਚੋਂ ਬਚ ਨਿਕਲੇ। ਇਹੋ ਸਿਧਾਂਤ, ਮਜ਼ਹਬ ਨੂੰ ਜਾਤੀ ਨਾਲ ਜੋੜਨ ਦਾ, ਫੇਰ ਜਾਤੀ ਨੂੰ ਭੂਗੋਲਿਕ ਦੇਸ਼ ਨਾਲ ਇਕ ਰੂਪ ਕਰਨ ਦਾ ਅਤੇ ਦੇਸ਼ ਨੂੰ ਪਰਾਭੌਤਕ ਈਸ੍ਵਰ ਦਿਬਯ ਰੂਪ ਹੋਣ ਦਾ, ਨੈਸ਼ਨਿਲਸਟ ਸਿੱਖੀਵਾਦ ਦੀ ਨੀਂਹ ਹੈ। †ਇਹ ਪਿਛੋਕੜ ਹੈ "ਅਨੰਦ-ਮੱਠ" ਦਾ, ਜਿਸ ਵਿਚੋਂ ਕਿ "ਬੰਦੇਮਾਤ੍ਰਮ" ਦਾ ਗੀਤ ਹੁਣ ਅਸਾਡੇ ਦੇਸ਼ ਦਾ ਕੌਮੀ ਤਰਾਨਾ ਸ੍ਵੀਕਾਰ ਹੋ ਚੁੱਕਾ ਹੈ । ਇਸ "ਅਨੰਦਮੱਠ" ਵਿਚ ਕਾਲਿਕਾਮਾਤਾ ਨੂੰ ਮਹਾਨ ਪ੍ਰਸੰਨ ਕਰਨ ਲਈ ਜਿਸ ਬਲੀਦਾਨ ਦਾ ਪ੍ਰਯੋਗ ਪ੍ਰਚਾਰਿਆ ਗਿਆ ਹੈ, ਉਹ ਮੁਸਲਮਾਨ ਵਿਦੇਸ਼ੀ ਯਵਨਾਂ ਦਾ ਬਲੀਦਾਨ ਹੀ ਹੈ। ਯੂਰਪੀਨਾਂ ਦਾ ਬਲੀਦਾਨ "ਅਨੰਦਮੱਠ" ਦੇ ਇਸ ਪ੍ਰਥਮ ਸਿਧਾਂਤ ਦਾ ਐਵੇਂ ਰੂਪਾਂਤ੍ਰ ਹੀ ਹੈ । ਲਾਰਡ ਕਰਜ਼ਨ ਦੇ ਇਸ ਭਾਸ਼ਨ ਦੇ ਵਿਰੁੱਧ ਲੋਕਵਿਆਪੀ ਪ੍ਰੋਟੈਸਟ ਦਾ ਰਹੱਸਯ ਇਹੋ ਸੀ ਕਿ ਅੰਗ੍ਰੇਜ਼ਾਂ ਨੂੰ ਕਤਲ ਕਰਨਾਂ, ਅਤੇ ਮੁਸਲਮਾਨਾਂ ਨੂੰ ਕਤਲ ਕਰਨਾਂ, ਅਤੇ ਉਨ੍ਹਾਂ ਦਾ ਦੇਸ਼ ਵਿਚੋਂ ਬੀਜਨਾਸ਼ ਤੇ ਕੁਲਨਾਸ਼ ਕਰਨਾ, ਹਿੰਦੂਆਂ ਦਾ ਧਾਰਮਿਕ ਹੱਕ ਅਤੇ ਕਰਤੱਵਯ ਹੈ । ਇਵੇਂ ਹੀ ਮਰਮੱਗਯ ਮੁਸਲਮਾਨਾਂ ਨੇ ਜਾਂਚਿਆ ਤੇ ਸਮਝਿਆ ਤਾਂ ਉਨ੍ਹਾਂ ਨੂੰ ਕੀ ਦੋਸ਼ ਹੈ ?

ਇਸ ਸਮੇ ਦੀ ਕਾਂਗ੍ਰੈਸ ਨੇਸ਼ਨਿਲਿਜ਼ਮ ਦੀ ਰੂਹ ਦਾ ਨੇਤਾ, ਬਾਲ ਗੰਗਾਧਰ

---

†ਅਜੇਹੀ ਦੇਸ਼ ਭਗਤੀ ਦੇ ਸਿਧਾਂਤ ਬਾਰੇ, ਇਸਲਾਮ ਦੇ ਵਿਚਾਰ ਸਪਸ਼ਟ ਤੇ ਕਤਈ ਹਨ, ਕਿ ਇਹ ਸਿਧਾਂਤ ਨ ਕੇਵਲ ਗ਼ੈਰ-ਇਸਲਾਮੀ, ਸਗੋਂ ਇਸਲਾਮ ਦਾ ਸਿੱਧਾ ਨਿਰੋਧ ਹੈ । ਇਕ਼ਬਾਲ ਨੇ ਸੰਨ ੧੯੧੨ ਵਿਚ ਇਹ ਫਤਵਾ ਇਸ ਦੇਸ਼ਭਗਤੀ ਬਾਰੇ ਦਿਤਾ ਸੀ,

یہ بت کہ تراشیدہ تہذیب نوی ہے
غارت گر کا شانہ دین نبوی ہے
اقوام میں مخلوق خدا بٹتی ہے اِس سے
قومیت اِسلام کی جڑ کٹتی ہے اِس سے
— بانگ درا

ਅਤੇ ੧੯੩੨ ਵਿਚ ਜਦੋਂ ਹੁਸੈਨ ਅਹਿਮਦ ਦੇਵਬੰਦੀ ਨੇ ਕਿਹਾ ਕਿ ਕੌਮ ਦੀ ਨੀਂਹ ਵਤਨ ਹੈ :—

سرود بر سر منبر کہ ملت از وطن است
چہ بےخبر ز مقامے محمد عربی ست
———ارمغان حجاز

ਤਿਲਕ ਸੀ, ਅਤੇ ਜੇ ਉਸ ਦੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਅਚਾਨਕ ਮ੍ਰਿਤੂ ਨ ਹੋ ਜਾਂਦੀ ਤਾਂ ਉਸ ਨੇ ਹੀ ਕਾਂਗ੍ਰੇਸ ਦਾ ਪ੍ਰੈਜ਼ੀਡੈਂਟ ਤੇ ਨੇਤਾ, ਗਾਂਧੀ ਜੀ ਦੀ ਥਾਵੇਂ ਨਿਯੁਕਤ ਹੋਣਾ ਸੀ । ਬਾਲ ਗੰਗਾਧਰ ਤਿਲਕ ਦੀਆਂ ਵਿਸ਼ਾਲ ਤੇ ਪ੍ਰਭਾਵਸ਼ਾਲੀ ਲਿਖਤਾਂ ਨੂੰ ਅੱਜ ਗੌਹ ਨਾਲ ਵਿਚਾਰਿਆਂ ਇਹ ਸਪਸ਼ਟ ਹੋ ਆਉਂਦਾ ਹੈ ਕਿ ਉਸ ਨੂੰ ਦੋ, ਤੇ ਕੇਵਲ ਦੋ, ਗਿਲੇ ਅੰਗ੍ਰੇਜ਼ਾਂ ਦੇ ਬਰਖਿਲਾਫ ਸਨ । ਇੱਕ, ਇਹ ਕਿ ਅੰਗ੍ਰੇਜ਼ਾਂ ਨੇ ਬ੍ਰਾਹਮਣ ਪੇਸ਼ਵਾ ਦੀ ਰਾਜਸੱਤਾ ਦਾ ਮਹਾਰਾਸ਼ਟ੍ਰ ਵਿਚ ਵਿਨਾਸ਼ ਕੀਤਾ, ਅਤੇ ਦੋ, ਇਹ ਕਿ ਅੰਗ੍ਰੇਜ਼ਾਂ ਦੇ ਹਿੰਦੁਸਤਾਨ ਵਿਚ ਸਥਿਰ ਹੋਣ ਨਾਲ ਹਿੰਦੂ ਧਾਰਮਿਕ ਤੇ ਸਮਾਜਿਕ ਵਿਚਾਰਧਾਰਾ ਦੀ ਮਾਨਹਾਨੀ ਹੋਈ ਹੈ । ਇਨ੍ਹਾਂ ਦੋਹ ਕਾਰਣਾ ਕਰਕੇ ਹੀ ਓਹ ਅੰਗ੍ਰੇਜ਼ਾਂ ਨੂੰ ਹਿੰਦੁਸਤਾਨ ਵਿੱਚੋਂ ਕੱਢਣਾ ਚਾਹੁੰਦੇ ਸਨ । ਕੀ ਇਹ ਕਾਰਣ ਤੇ ਇਹ ਵਿਚਾਰ, ਮੁਸਲਮਾਨਾਂ ਦੀ, ਸੰਯੁਕਤ ਭਾਰਤ ਵਿਚ, ਸੁਰੱਖਯਤਾ ਅਤੇ ਸਥਿਤੀ ਦੇ ਲਈ ਉਤਨੇ ਹੀ ਮੁਹਲਿਕ ਨਹੀਂ ਹਨ, ਜਿਤਨੇਂ ਕਿ ਅੰਗ੍ਰੇਜ਼ਾਂ ਲਈ ? ਸਗੋਂ ਇਸ ਤੋਂ ਵੀ ਵੱਧ ।

ਸੰਨ ੧੯੫੮ ਵਿਚ, ਜਦੋਂ ਭਾਸ਼ਾ-ਆਧਾਰਿਤ ਪ੍ਰਾਂਤ ਮਹਾਰਾਸ਼ਟਰ ਬਣਿਆ, ਤਾਂ ਸਾਰੇ ਮਹਾਰਾਸ਼ਟਰ ਵਿਚ, ਸਰਕਾਰੀ ਪੱਧਰ ਉੱਤੇ, ਇਹ ਪ੍ਰਚਾਰਿਆ ਗਿਆ ਕਿ ਸ਼ਿਵਾਜੀ-ਨਿਰਮਾਣਤ ਮਹਾਰਾਸ਼ਟਰ ਅਤੇ ਪੇਸ਼ਵਾ-ਪ੍ਰਬੰਧਿਤ ਮਹਾਰਾਸ਼ਟਰ ਪੁਨਰਜੀਵਤ ਹੋਇਆ ਹੈ । ਇਹ ਮਹਾਰਾਸ਼ਟਰ ਉਹੋ ਹੈ ਜਿਸ ਨੂੰ ਸ਼ਿਵਾਜੀ ਨੇ ਮੁਸਲਮਾਨਾਂ ਦੇ ਗਲਬੇ ਨੂੰ ਪ੍ਰਾਜੈ ਕਰਕੇ ਸਥਾਪਤ ਕੀਤਾ ਸੀ, ਅਤੇ ਉਹੋ ਮਹਾਰਾਸ਼ਟਰ ਜਿਸ ਦਾ ਪ੍ਰਬੰਧ ਪੇਸ਼ਵਾ ਹੁਕਮਰਾਨਾਂ ਦੇ ਹੱਥੋਂ, ਅੰਗ੍ਰੇਜ਼ਾਂ ਨੇ ਖੋਹਿਆ ਸੀ । ਪੰਜਾਬੀ ਸੂਬੇ ਦੀ ਸਥਾਪਤੀ ਦੇ ਵਿਰੁੱਧ ਅਸਲੀ ਤੇ ਬੁਨਿਆਦੀ ਦਲੀਲ ਇਹੋ ਹੈ ਕਿ ਇਸ ਨਾਲ ਸਿੱਖਰਾਜ ਦੀ ਸਮ੍ਰਿਤੀ ਜੀਵਤ ਹੋ ਉੱਠਣ ਦੀ ਸੰਭਾਵਨਾ ਹੈ, ਉਹ ਸਿੱਖਰਾਜ ਜਿਸ ਨੇ ਨ ਕੇਵਲ ਮਹਾ ਪੰਜਾਬ ਉਤੋਂ ਮੁਸਲਮਾਨਾ ਦੇ ਗਲਬੇ ਨੂੰ ਖਤਮ ਕੀਤਾ ਸੀ, ਉੱਤ੍ਰ ਪੱਛਮੀ ਧਲਗਾਰਾਂ, ਬਿਦੇਸ਼ੀਆਂ ਅਤੇ ਸਾਰੇ ਦੇਸ਼ ਦੀ ਧਰਮਹਾਨੀ ਤੇ ਮਾਨ ਹਾਨੀ ਦੇ ਹਜ਼ਾਰ ਵਰ੍ਹੇ ਤੋਂ ਵਧੀਕ ਵਾਪਰ ਰਹੇ ਕਾਰਣਾਂ ਨੂੰ ਠੱਲ੍ਹ ਪਾਈ ਸੀ, ਸਗੋਂ ਹਿੰਦੂਆਂ ਨੂੰ ਭੀ ਮੁਸਲਮਾਨਾਂ ਸਮੇਤ ਅਪਣੇ ਰਾਜਭਾਗ ਵਿਚ ਬਰਾਬਰ ਦਾ ਹਿੱਸੇਦਾਰ ਬਨਾਇਆ ਸੀ, ਜਿਸ ਰਾਜ ਨੂੰ ਕਿ ਸੁਾਰਥੀ, ਦ੍ਵੈਸ਼ੀ, ਨਿਯੂਨ-ਬੁੱਧੀ ਡੋਗਰੇ ਤੇ ਪੂਰਬੀ ਹਿੰਦੂਆਂ ਨੇ ਹੀ ਵਿਸ੍ਵਾਸ-ਘਾਤ, ਦੇਸ਼ ਵਿਦ੍ਰੋਹ ਅਤੇ ਅਕ੍ਰਿਤਘਣਤਾ ਦੁਆਰਾ, ਅੰਗ੍ਰੇਜ਼ਾਂ ਦੇ ਹਵਾਲੇ ਕਰਵਾ ਦਿੱਤਾ ਸੀ, ਅਜੇਹੇ ਰਾਜਭਾਗ ਦੀ ਸਮ੍ਰਿਤੀ ਦੇ ਉਤੇਜਨ ਹੋਣ ਦੀ ਸੰਭਾਵਨਾ ਭੀ ਜੇ ਸੁਤੰਤ੍ਰ ਭਾਰਤ ਦੇ ਵਿਧਾਨ ਪਤੀਆਂ ਨੂੰ ਕਬੂਲ ਨਹੀਂ, ਤਾਂ ਮੁਸਲਮਾਨਾਂ ਦਾ, ਪੰਜਾਹ ਸਾਲ ਪਹਿਲਾਂ ਦਾ ਇਹ ਤੌਖਲਾ ਕਿ ਸੰਯੁਕਤ ਹਿੰਦੁਸਤਾਨ ਵਿਚ, ਜੇ ਰਾਜਸੀ ਸੱਤਾ ਦਾ ਆਧਾਰ ਕੇਵਲ ਸਿਰਾਂ ਦੀ ਗੇਣਤੀ ਹੀ ਹੋਇਆ, ਤਾਂ ਉਹ ਬਚ ਨਹੀਂ ਸਕਦੇ, ਕਿਵੇਂ ਅਸਾਰ ਯਾ ਨਿੰਦਨੀਯ ਮਿਥਿਆ ਜਾ ਸਕਦਾ ਹੈ ?

ਸੰਨ ੧੮੯੨ ਦੇ ਇੰਡੀਅਨ ਕੌਂਸਲ ਐਕਟ ਵਿਚ ਹਿੰਦੂ ਮੁਸਲਮਾਨਾਂ ਦੇ ਵੱਖੋ ਵੱਖਰੇ ਚੋਣ ਹਲਕੇ ਯਾ ਫਿਰਕਾਦਾਰੀ ਨੁਮਾਇੰਦਗੀ ਪ੍ਰਵਾਣ ਨਹੀਂ ਸੀ ਕੀਤੀ ਗਈ, ਜਿਸ ਦਾ ਪ੍ਰਤੱਖ ਸਿੱਟਾ ਇਹੋ ਨਿਕਲਿਆ ਸੀ ਕਿ ਹਿੰਦੂ ਬਹੁ ਗਿਣਤੀ, ਕਿਸੇ ਗੈਰ

ਹਿੰਦੂ ਉੱਤੇ ਪੂਰਨ ਵਿਸ਼ਵਾਸ ਪ੍ਰਗਟ ਕਰਨ ਤੋਂ ਇਨਕਾਰੀ ਸੀ, ਅਤੇ ਜੋ ਭੀ ਰਾਜਸੱਤਾ ਮਿਲੀ ਸੀ, ਉਸ ਨੂੰ ਹਿੰਦੂਆਂ ਦੇ ਹੱਥ ਵਿੱਚ ਹੀ ਰੱਖਣ ਉੱਤੇ ਦ੍ਰਿੜ ਸੀ। ਸੰਨ ੧੯੦੮ ਵਿਚ, ਜਦ ਬ੍ਰਿਟਿਸ਼ ਪਾਰਲੀਮੈਂਟ ਨੂੰ ਹਿੰਦੁਸਤਾਨ ਦੀ ਹਕੂਮਤ ਦਾ ਸਿੱਧਾ ਪ੍ਰਬੰਧ ਹੱਥ ਵਿਚ ਲਿਆਂ, ਪੂਰੀ ਅੱਧੀ ਸ਼ਤਾਬਦੀ ਬੀਤ ਗਈ ਤਾਂ ੧ ਨਵੰਬਰ, ਸੰਨ ੧੯੦੮ ਨੂੰ ਸ਼ਹਿਨਸ਼ਾਹਿ ਹਿੰਦ, ਬ੍ਰਤਾਨਵੀ ਸਮ੍ਰਾਟ ਨੇ ਹਿੰਦੁਸਤਾਨ ਦੇ ਰਾਜਿਆਂ ਤੇ ਪ੍ਰਜਾ ਨੂੰ ਵਿਸ਼ਵਾਸ-ਨਿਵੇਦਨ ਭੇਜਿਆ ਕਿ ਹੁਣ "ਹਿੰਦੁਸਤਾਨੀਆਂ ਨੂੰ ਦੇਸ ਦੇ ਰਾਜ-ਪ੍ਰਬੰਧ ਵਿਚ ਵਧੇਰੇ ਭਾਗ ਬਖ਼ਸ਼ਿਆ ਜਾਵੇਗਾ।" ਇਉਂ ਇੰਡੀਅਨ ਕੌਂਸਲ ਐਕਟ, ੧੯੦੯, ਬਣਿਆ, ਜਿਸ ਦੁਆਰਾ ਕਿ ਪਹਿਲੀ ਵਾਰ, ਫ਼ਿਰਕੇਦਾਰੀ ਚੋਣਾਂ (communal electorates) ਤੇ ਫ਼ਿਰਕਾਦਾਰੀ ਪਾਸਕੂ (communal weightage) ਆਪਣੇ ਦੇਸ਼ ਦੀ ਵਿਧਾਨਕ ਸ਼ਿਲਾ ਦਾ ਆਧਾਰ ਬਣੇ। ਇਹ ਮੰਗ, ਸੁਰਗੀਯ, ਸਰ ਆਗਾ ਖ਼ਾਨ ਨੇ, ਮੁਸਲਮਾਨਾਂ ਦੇ ਇੱਕ ਡੈਪੂਟੇਸ਼ਨ ਨੂੰ ਲਾਰਡ ਮਿੰਟੋ, ਵਾਇਸਰਾਏ, ਕੋਲ ਲੈ ਜਾ ਕੇ ਕੀਤੀ ਸੀ, ਕਿਉਂਕਿ ਸੰਨ ੧੮੯੨ ਦੇ ਐਕਟ ਦੇ ਤਜਰਬੇ ਨੇ ਸਿੱਧ ਕਰ ਦਿੱਤਾ ਸੀ ਕਿ ਹਿੰਦੂ ਬਹੁਗਿਣਤੀ ਕਿਸੇ ਐਸੇ ਮੁਸਲਮਾਨ ਨੂੰ, ਜੋ ਕਿ ਮੁਸਲਮ ਹੱਕਾਂ ਦੀ ਨਿਰਭੈ ਰਾਖੀ ਦਾ ਹਾਮੀ ਹੋਵੇ, ਅਪਣਾ ਵਿਸ਼ਵਾਸਪਾਤ੍ਰ ਬਨਾਉਣ ਨੂੰ ਤਿਆਰ ਨਹੀਂ ਸੀ।

ਕਿਹਾ ਜਾਂਦਾ ਹੈ ਕਿ ਇਸ ਫਿਰਕੂ ਵਿਚਾਰ ਤੇ ਮੰਗ ਨੂੰ ਅੰਗ੍ਰੇਜ਼ ਸਾਮਰਾਜੀਆਂ ਨੇ ਸ਼ਹਿ ਦਿੱਤੀ, ਅਤੇ ਸਰ ਆਗਾ ਖਾਨ ਨੂੰ ਆਪ ਚੁੱਕ ਦੇ ਕੇ ("command performance") ਇਹ ਮੰਗ ਕਰਵਾਈ।

ਇਹ ਤਸਲੀਮ ਕਰਨ ਵਿਚ, ਬਹੁਤਾ ਸੰਕੋਚ, ਕੋਈ ਨਿਰਪੱਖ ਬੁੱਧੀਵਾਨ ਨਹੀਂ ਕਰੇਗਾ ਕਿ ਅੰਗ੍ਰੇਜ਼ ਹਾਕਮਾਂ ਦੀ ਸ਼ਹਿ ਤੇ ਹਮਦਰਦੀ, ਮੁਸਲਮਾਨਾਂ ਦੀ ਇਸ ਮੰਗ ਨਾਲ ਸੀ ਕਿ ਉਨ੍ਹਾਂ ਨੂੰ ਅਪਣੇ ਬੁਨਿਆਦੀ ਹਿਤਾਂ ਦੀ ਸੁਰੱਖਯਤਾ ਲਈ, ਫਿਰਕੇਦਾਰੀ ਚੋਣਾਂ ਅਤੇ ਫਿਰਕੇਦਾਰੀ ਪਾਸਕੂ ਮਿਲਣੇ ਯੋਗ ਹਨ, ਪਰ ਇਉਂ ਮੰਨਣਾ ਕਿ (ੳ) ਜਿਸ ਵਿਚਾਰਧਾਰਾ ਦੀ ਇਹ ਮੰਗ ਉਪਜ ਸੀ, ਉਸਦੇ ਜਨਮਦਾਤਾ, ਯਾ ਪਾਲਕ ਅੰਗ੍ਰੇਜ਼ ਹਾਕਮ ਸਨ, ਅਤੇ (ਅ) ਇਸ ਮੰਗ ਨੂੰ ਅੰਗ੍ਰੇਜ਼ਾਂ ਨੇ ਅਪਣੀ ਸ੍ਵਾਰਥ ਸਿੱਧੀ ਲਈ ਅਤੇ ਪਾੜੋ-ਤੇ-ਰਾਜ ਕਰੋ ਦੀ ਕੁਟਲ ਨੀਤੀ ਅਨੁਸਾਰ ਪ੍ਰਵਾਨ ਕੀਤਾ, ਵਾਕਿਆਤ ਦੇ ਵਿਰੁੱਧ ਅਤੇ ਸਚਾਈ ਤੋਂ ਬਹੁਤ ਦੁਰਾਡੇ ਹੈ।

ਇਸ ਨਿਬੰਧ ਦੇ ਮੁੱਢ ਵਿਚ ਇਸ਼ਾਰਾ ਕਰ ਆਏ ਹਾਂ ਕਿ ਇਸਲਾਮ ਦੀ ਸਮਾਜਿਕ ਤੇ ਧਾਰਮਿਕ ਸਿਧਾਂਤ ਪੱਧਤਿ ਅਜੇਹੀ ਹੈ, ਕਿ ਇਸਲਾਮ ਏਕਾਕੇਂਦ੍ਰਿਤ (unicentral) ਸਮਾਜ ਨੂੰ ਸਨਾਤਨ ਅਤੇ ਈਸ਼੍ਵਰੀ ਵਿਧਾਨ ਮੰਨਦਾ ਹੈ, ਅਤੇ ਅਜੇਹਾ ਸਮਾਜ, ਜਿਹੜਾ ਕਿ ਇਸ ਮੁਸਲਿਮ ਏਕਾਕੇਂਦ੍ਰਿਤ ਰਾਜਸੀ ਸਮਾਜ (political society) ਤੋਂ ਵੱਖਰਾ ਅਤੇ ਸੁਤੰਤ੍ਰ ਹੈ, ਉਹ ਇਸਲਾਮ ਦਾ ਵਿਰੁੱਧ ਪ੍ਰਤਿਯੋਗ (contrary opposition) ਨਹੀਂ, ਸਗੋਂ ਵਯਾਘਾਤੀ ਪ੍ਰਤਿਯੋਗ (contradictory opposition) ਹੈ, ਅਤੇ ਜਿਸ ਦੇਸ਼ ਯਾ ਰਿਆਸਤ ਵਿਚ ਅਜੇਹਾ ਵਯਾਘਾਤੀ ਪ੍ਰਤਿਯੋਗ ਵਿਧਾਨ ਹੈ, ਉਹ ਰਿਆਸਤ ਇਸਲਾਮ-

ਸ਼ਤਰੂ ਹੈ ਅਤੇ ਉਹ ਦੇਸ਼, ਦਾਰੁਲਹਰਬ, ਅਥਵਾ ਯੁੱਧ–ਭੂਮੀ । ਇਨ੍ਹਾਂ ਸਿਧਾਂਤਕ ਬੀਜਾਂ ਵਿਚੋਂ, ਹਿੰਦੁਸਤਾਨ ਦੀ ਉਸ ਸਮੇਂ ਦੀ ਰਾਜਸੀ ਸਥਿਤੀ ਅਨੁਸਾਰ, ਫਿਰਕੇਦਾਰੀ ਚੋਣਾਂ ਤੇ ਫਿਰਕੂ ਪਾਸਕੂ ਦੀ ਮੰਗ ਦਾ ਉਗਮ ਪੈਣਾ ਇਤਨਾ ਸੁਭਾਵਕ ਤੇ ਕੁਦਰਤੀ ਦਿਸ ਆਉਂਦਾ ਹੈ, ਕਿ ਇਸ ਦਾ ਦੋਸ਼ੀ ਤੇ ਮੂਲਕਾਰਣ ਅੰਗ੍ਰੇਜ਼ ਹਾਕਮਾਂ ਨੂੰ ਮਿਥਣਾ ਕਿਵੇਂ ਭੀ ਨਹੀਂ ਸੋਭਦਾ । ਬਾਕੀ ਗੱਲ ਰਹੀ ਇਸ ਮੰਗ ਦੀ ਪਾਲ ਪੋਸ਼ਨਾ ਕਰਨ ਦੀ ਅਤੇ ਇਸ ਨੂੰ ਦ੍ਰਿੜ ਬਨਾਉਣ ਦੀ । ਇਸ ਦਾ ਦੋਸ਼ ਭੀ ਨਿਰਾਪੂਰਾ ਅੰਗ੍ਰੇਜ਼ਾਂ ਦੇ ਸਿਰ ਥੱਪਣਾ ਅਯੋਗ ਹੈ । ਪਿੱਛੇ ਦੱਸ ਆਏ ਹਾਂ ਕਿ ਹਿੰਦੂ ਧਰਮ ਦਾ ਬੁਨਿਆਦੀ ਸਮਾਜਕ ਸਿਧਾਂਤ, ਜਿਸ ਨੂੰ ਕਿ ਅਨਾਦੀ ਤੇ ਸਨਾਤਨ ਸ਼ਾਸਤ੍ਰਵਿਧਾਨ ਮੰਨਿਆ ਜਾਂਦਾ ਹੈ, ਵਰਣ-ਵਿਵਸਥਾ, ਉਹ ਭੀ ਏਕਾਕੇਂਦ੍ਰਿਤ ਬਹੁਚੱਕ੍ਰ ਲਕਸ਼ਣ ਸਮਾਜ (concentric plural society) ਹੈ ਅਤੇ ਇਸਲਾਮੀ ਸਮਾਜ ਲਈ, ਜਦ ਤਕ ਕਿ ਉਹ ਅਰਬੀ ਰਹੁਰੀਤ ਅਧਵਾ ਸਮਾਜੀ ਸੰਸਕਾਰ, ਖਾਣ, ਪਹਿਰਾਣ ਆਦਿ, ਨੂੰ ਤਿਆਗ ਨਹੀਂ ਦਿੰਦਾ, ਇਸ ਵਿਚ ਕੋਈ ਮਾਨਯੋਗ ਥਾਂ ਨਹੀ । ਇਹ ਕਾਰਣ ਅਤੇ ਇਸ ਵਿਚੋਂ ਉਗਮੀ ਵਯਾਵਰਤਨ (exclusiveness) ਤੇ ਸ੍ਵਾਰਥਸਿੱਧੀ ਹੀ, ਜਿਵੇਂ ਕਿ ਪਿਛੇ ਉਦਹਾਰਣਾ ਦੇ ਕੇ ਦੱਸ ਆਏ ਹਾਂ, ਇਸ ਮੁਸਲਮਾਨਾਂ ਦੀ ਮੰਗ ਨੂੰ ਸੁਰਜੀਤ ਰੱਖਣ ਤੇ ਦ੍ਰਿਢ ਕਰਨ ਦਾ ਕਾਰਣ ਬਣੇ ।

ਅੰਗ੍ਰੇਜ਼ਾਂ ਦੇ ਹਿੰਦੁਸਤਾਨ ਵਿਚ ਪ੍ਰਵੇਸ਼ ਤੋਂ ਪਹਿਲਾਂ, ਸੋਲ੍ਹਵੀਂ ਤੇ ਸਤ੍ਹਾਰਵੀਂ ਸਦੀ ਵਿਚ, ਪੂਰੇ ਦੋ ਸੌ ਸਾਲ, ਦੋ ਮਹਾਨ ਯਤਨ, ਹਿੰਦੁਸਤਾਨ ਦੀ ਇਸ ਜਟਿਲ ਉਭਿਯਾਪੱਤਿ (complex dilemma) ਵਿਚੋਂ ਦੇਸ ਤੇ ਜਨਤਾ ਨੂੰ ਕੱਢਣ ਦੇ ਹੋਏ, ਜਿਨ੍ਹਾਂ ਵਿਚੋਂ ਇੱਕ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਨੇ ਕਤਈ ਤੌਰ ਉਤੇ ਅਪ੍ਰਵਾਣ ਕਰ ਦਿੱਤਾ, ਅਤੇ ਦੂਜੇ ਨੂੰ ਮੁਸਲਮਾਨਾਂ ਨੇ ਰਾਜਸੀ ਸੱਤਾ ਦੇ ਬਲ ਨਾਲ ਵਿਨਾਸ਼ ਕਰਨ ਦਾ ਭਰਪੂਰ ਜਤਨ ਕੀਤਾ ਪਰ ਅਸਫਲ ਰਹੇ, ਅਤੇ ਜਿਸ ਨੂੰ ਹੁਣ ਰਾਜਸੱਤਾ ਹੱਥ ਆਉਣ ਉੱਤੇ, ਹਿੰਦੂ ਕੁਚੇਸ਼ਟਾ-ਪ੍ਰੇਰਤ ਕੁਟਲ ਬੁੱਧੀ ਨਾਲ ਅਭਾਵ ਕਰਨ ਦੇ ਜਤਨ ਕਰ ਰਹੇ ਹਨ । ਇਹ ਦੋ ਯਤਨ ਹਨ, ਸ਼ਹਿਨਸ਼ਾਹ ਅਕਬਰ ਦੀ ਹਿੰਦੂ ਮੁਸਲਿਮ ਸਹਿਭਾਵ (co-existence) ਯੋਜਨਾ ਤੇ, ਸਿੱਖ ਮੱਤ ਦਾ ਬਹੁਕੇਂਦ੍ਰਿਤ ਸਮਾਜ (multi-central society) ਦਾ ਸੰਬੋਧ ।

ਉਪ੍ਰੋਕਤ ਰਹੱਸਯਮਈ ਵਾਦ-ਵਿਚਾਰ (theory and thought) ਦਾ ਵਿਸਤਾਰ ਪੂਰਵਕ ਨਿਰੂਪਣ ਅਤੇ ਯੁਕਤੀ ਉਕਤੀ ਭਰਪੂਰ ਵਿਵਾਚਨ ਤੇ ਤਸ਼ਰੀਹ (explication) ਕਰਨ ਲਈ ਇੱਕ ਵੱਡੇ ਆਕਾਰ ਦੀ ਪੁਸਤਕ ਦੀ ਲੋੜ ਹੈ । ਇਸ ਲਈ ਇਥੇ ਕੇਵਲ ਕੁਝ ਬਿਆਨੀਆ ਫਿਕਰੇ (simple assertions) ਲਿਖ ਕੇ ਹੀ ਭਾਵ ਸਪਸ਼ਟ ਕਰਨ ਦਾ ਜਤਨ ਕੀਤਾ ਜਾਂਦਾ ਹੈ ।

ਇਸਲਾਮ ਦਾ ਆਦ, ਮੱਧ ਤੇ ਅੰਤਮ ਨਿਸ਼ਾਨਾ, ਸਰਵ-ਵਿਆਪੀ ਭੂਗੋਲਿਕ ਇਸਲਾਮੀ ਸਮਾਜ ਦੀ ਸਥਾਪਤੀ ਹੈ, ਸੰਸਾਰ ਭਰ ਦੇ ਨਰ ਨਾਰੀਆਂ ਨੂੰ ਮੁਸਲਮਾਨ ਬਣਾਉਣਾਂ ਅਤੇ ਦੁਨੀਆਂ ਭਰ ਦੇ ਰਾਜਾਂ ਰਿਆਸਤਾਂ ਨੂੰ ਇਸਲਾਮ ਦੇ ਮਹਾ-ਅਧਯਕਸ਼, ਖ਼ਲੀਫਹਤੁਲਿਸਲਾਮ, ਦੇ ਤਾਬੇ ਕਰਨਾ । ਵੀਹਵੀਂ ਸਦੀ ਦੇ ਆਰੰਭ ਵਿਚ ਨਾਮਧਰੀਕ

ਖ਼ਲੀਫ਼ਹਤੁਲਿਸਲਾਮ, ਤੁਰਕੀ ਦਾ ਸੁਲਤਾਨ ਸੀ ਅਤੇ ਸੰਨ ੧੯੧੯ ਵਿਚ ਜਦੋਂ ਪ੍ਰਥਮ ਵਿਸ਼ਵ ਵਿਆਪੀ ਯੁੱਧ ਪਿੱਛੋਂ ਸੁਲਤਾਨ ਤੁਰਕੀ ਦੇ ਕੁਝ ਅਧਿਕਾਰ ਤੇ ਸੂਬੇ ਅੰਗ੍ਰੇਜ਼ ਵਿਜਈਆਂ ਨੇ ਖੋਹ ਲਏ, ਤਾਂ ਹਿੰਦੁਸਤਾਨ ਦੇ ਮੁਸਲਮਾਨ ਭੜਕ ਉੱਠੇ, ਕਿਉਂਜੁ ਸੁਲਤਾਨ ਤੁਰਕੀ ਦੀ ਮਾਨਹਾਨੀ ਤੇ ਅਧਿਕਾਰ ਵਿਨਾਸ਼ ਇਸਲਾਮ ਦੀ ।_ਨਿਆਦੀ ਯੋਜਨਾ ਉੱਤੇ ਸਿੱਧਾ ਹਮਲਾ ਹੈ, ਪਰ ਮਹਾਤਮਾ ਗਾਂਧੀ ਅਤੇ ਕਾਂਗ੍ਰੇਸੀ ਹਿੰਦੂ ਕੀ ਵਿਚਾਰ ਕੇ ਇਸ ਖ਼ਿਲਾਫ਼ਤ-ਆਂਦੋਲਨ ਵਿਚ ਸ਼ਾਮਲ ਹੋਏ, ਸਮਝ ਨਹੀਂ ਆਈ । ਸੋਲ੍ਹਵੀਂ ਸਦੀ ਈਸਵੀ, ਇਸਲਾਮ ਦੇ ਰਾਜਸੀ ਇਕਬਾਲ ਤੇ ਦਬਦਬੇ ਦੀ ਸਿਖਰ ਕਹੀ ਜਾ ਸਕਦੀ ਹੈ, ਜਦੋਂ ਕਿ ਈਰਾਨ ਵਿਚ ਸ਼ਾਹ ਤਹਿਮਾਸਪ, ਹਿੰਦੁਸਤਾਨ ਵਿਚ ਸ਼ਾਹਿਨਸ਼ਾਹ ਅਕਬਰ, ਅਤੇ ਕਸਤੁੰਤੁਨੀਯਹ ਵਿਚ ਉਜ਼ੀਰ ਸੋਕੋਲੀ ਦਾ ਸਿੱਕਾ ਚਲਦਾ ਸੀ । ਜਦੋਂ ਤਹਿਮਾਸਪ ਤੇ ਉਜ਼ੀਰ ਸੋਕੋਲੀ ਉਪ੍ਰੋਥਲੀ ਕਤਲ ਹੋ ਗਏ ਤਾਂ ਅਕਬਰ ਨੂੰ ਇਹ ਫੁਰਨਾ ਕੁਦਰਤੀ ਸੀ ਕਿ ਇਸਲਾਮੀ ਰਾਜਨੀਤੀ ਦਾ ਕੇਂਦ੍ਰ ਹੁਣ ਹਿੰਦੁਸਤਾਨ ਮਿਥਿਆ ਜਾਣਾ ਚਾਹੀਦਾ ਹੈ । ਇਉਂ ਵਿਚਾਰ ਕੇ, ਅਕਬਰ ਨੇ, ਅਪਣੇ ਨਾਮ ਦਾ ਖੁਤਬਹ, ਜੋ ਕਿ ਅੱਬੁਲਫੈਦੀ ਨੇ ਤਿਆਰ ਕੀਤਾ, ਪੜ੍ਹਿਆ :

> "ਉਹ ਈਸ਼੍ਵਰ, ਜਿਸ ਨੇ ਕਿ ਮੈਨੂੰ ਰਾਜਭਾਗ ਬਖ਼ਸ਼ਿਆ, ਮਨ ਵਿਚ ਬੁੱਧੀ ਦਾ ਪ੍ਰਕਾਸ਼ ਅਤੇ ਬਾਹਵਾਂ ਵਿਚ ਸ਼ਕਤੀ ਦਿਤੀ, ਅਦਲ ਇਨਸਾਫ਼ ਦੇ ਰਾਹ ਉੱਤੇ ਮੈਨੂੰ ਟੋਰਿਆ, ਅਤੇ ਮੇਰੀ ਆਤਮਾ ਅੰਦਰ ਅਦਲ-ਵਿਰੋਧੀ ਸਭ ਨੀਤੀ ਵਿਚਾਰਾਂ ਦਾ ਅਭਾਵ ਕੀਤਾ, ਉਸ ਦੀਆਂ ਸਿਫ਼ਤਾਂ ਦਾ ਵਰਨਣ ਕਰਨੋਂ ਮਨ ਬੁੱਧੀ ਅਸਮ੍ਰਥ ਹਨ । ਉਹ ਸ਼ੁੱਧਰੂਪ ਜਿਯੋਤੀ ਪਰਮ-ਈਸ਼੍ਵਰ ਹੈ ।"*

ਖੁਤਬਹ ਅਪਣੇ ਨਾਮ ਦਾ ਪੜ੍ਹਨ ਦਾ ਅਧਿਕਾਰੀ ਕੇਵਲ ਖ਼ਲੀਫ਼ਹਤੁਲਿਸਲਾਮ ਨੂੰ ਹੀ ਹੈ, ਤੇ ਇਉਂ ਇਹ ਖੁਤਬਹ ਪੜ੍ਹ ਕੇ ਅਕਬਰ ਨੇ ਮਾਨੋ ਖਲੀਫਹਤੁਲਿਸਲਾਮ ਦੀ ਪਦਵੀ ਗ੍ਰਹਣ ਕਰਨ ਦਾ ਜਤਨ ਕੀਤਾ । ਇਸ ਗੱਲ ਦੇ ਵਿਰੁੱਧ ਤਾਂ ਸ਼ਾਇਦ ਹਿੰਦੁਸਤਾਨ ਦੇ ਕੱਟੜ ਮੁਸਲਮਾਨ ਨ ਭੜਕਦੇ ਅਤੇ ਇਹ ਅਨਹੋਣੀ ਊਜ ਅਕਬਰ ਉੱਤੇ ਨ ਲਾਉਂਦੇ ਕਿ ਉਸ ਨੇ ਇਸ ਖੁਤਬਹ ਵਿਚ 'ਅਕਬਰ ਈਸ਼ਵਰ ਹੈ', "ਅੱਲਾਹੂ ਅਕਬਰ" ਕਿਹਾ ਹੈ । ਅਕਬਰ ਨੇ ਈਸ਼੍ਵਰ ਹੋਣ ਦਾ ਸੰਕਲਪ ਯਾ ਦਾਹਵਾ ਇਸ ਵਿਗਯਾਪਨ ਵਿਚ ਕਿਸੇ ਥਾਂ ਨਹੀਂ ਕੀਤਾ । ਇਹ ਗੱਲ ਤਾਂ ਬਹੁਤ ਵਰ੍ਹੇ ਪਿੱਛੋਂ ਹਿੰਦੂ ਪੰਡਿਤ, ਜਗਨ ਨਾਥ ਨੇ ਸ਼ਾਹਿਜਹਾਨ ਨੂੰ ਸੁਝਾਈ ਸੀ ਕਿ ਮੁਗ਼ਲ ਸ਼ਾਹਿਨਸ਼ਾਹ ਈਸ਼੍ਵਰ ਤੁੱਲ ਹੀ ਮੰਨਣੇ ਜੋਗ ਹਨ:

---

*خداوندے کہ مارا خسروی داد
دل دانا و بازوئے قوی داد
بہ عدل و داد مارا رهنموں کرد
بجز عدل از خیال‌ما بروں کرد
بود وصفش ز حد فہم برتر
تعالے شانہ اللہ اکبر
———عبد القادر بدیونی رو "منتخب التواریخ"
جلد ۲ صفحہ ۲۶۸

ਦਿਲੀਸ਼ੂੰਵਾ ਜਗਦੀਸ਼ੂੰਵਾ । ਜਿਹੜੀ ਗੱਲ ਉੱਤੇ ਤੀਖਨ-ਬੁੱਧੀ ਤੇ ਕੱਟੜਮਤਿ ਮੁਸਲਮਾਨ ਭੜਕੇ ਉਹ ਅਸਲ ਵਿਚ ਖ਼ੁਤਬਹ ਦੀ ਇਹ ਤੁਕ ਸੀ,

"ਅਤੇ ਮੇਰੀ ਅਤਮਾ ਅੰਦਰ, ਅਦਲ-ਵਿਰੋਧੀ ਸਭ ਨੀਤੀ ਵਿਚਾਰਾਂ ਦਾ ਅਭਾਵ (ਅੱਲਾ ਨੇ) ਕੀਤਾ ਹੈ ।"

ਅਕਬਰ ਸਮਝਦਾ ਸੀ, ਅਤੇ ਅੱਜ ਸਾਰਾ ਨਿਰਪੱਖ ਸੰਸਾਰ ਅਕਬਰ ਨਾਲ ਸਹਿਮਤ ਹੈ, ਕਿ ਤਲਵਾਰ ਦੇ ਜ਼ੋਰ ਨਾਲ, ਅਥਵਾ ਰਾਜਸੱਤਾ ਦੇ ਬਲ ਨਾਲ, ਇੱਕਰਾਜ ਸੀਮਤ ਭਿੰਨ ਭਿੰਨ ਜਾਤੀਆਂ ਅਤੇ ਧਰਮਾਂ ਨੂੰ ਏਕ-ਮਈ ਰੂਪ ਦੇਣਾਂ ਅਤੇ ਇਉਂ ਏਕਾਕੇਂਦ੍ਰਿਤ ਸਮਾਜ ਬਨਾਉਣ ਦਾ ਯਤਨ ਕਰਨਾ, ਅਨਿਯਾਇ ਤੇ ਅਦਲ-ਵਿਰੁੱਧ ਹੈ । ਅਕਬਰ ਦੀ ਸਾਊ ਤੇ ਦੂਰੰਦੇਸ਼ ਬੁੱਧੀ ਇਹ ਸਮਝ ਚੁੱਕੀ ਸੀ, ਕਿ ਜਿਵੇਂ ਹਿੰਦੂ ਧਰਮ ਅਤੇ ਮਹਾਨ ਹਿੰਦੂ ਜਾਤੀ ਨੂੰ ਇਸਲਾਮ ਵਿਚ ਲੀਨ ਨਹੀਂ ਕੀਤਾ ਜਾ ਸਕਿਆਂ ਇਵੇਂ ਹੀ ਹਿੰਦੁਸਤਾਨ ਵਿਚ ਇਸਲਾਮੀਆਂ ਨੂੰ ਹੀ ਅਸਲ ਤੇ ਪੂਰਨ ਸ਼ਹਿਰੀ ਮੰਨ ਕੇ, ਰਾਜ, ਸ਼ਾਂਤੀ ਨਾਲ ਤੇ ਚਿਰਕਾਲ, ਨਹੀਂ ਕੀਤਾ ਜਾ ਸਕਦਾ । ਇਉਂ ਵਿਚਾਰ ਕੇ, ਉਸ ਦੀ ਨੀਤੀ ਇਹ ਸੀ, ਕਿ ਮੁਸਲਿਮ ਸਮਾਜ ਨੂੰ ਆਦੂਸ਼ ਮਿਥ ਕੇ, ਹਿੰਦੂਆਂ ਨੂੰ ਭੀ ਸ਼ਹਿਰੀ ਹੱਕ, ਬਿਨਾਂ ਵਿਤਕਰੇ ਦੇ ਪਰਵਾਣੇ ਜਾਣ, ਤੇ ਇਸ ਸਿਧਾਂਤ ਉੱਤੇ ਮੁਗ਼ਲ ਰਾਜ ਦੀਆਂ ਨੀਹਾਂ ਅਤੇ ਇਸਲਾਮ ਦਾ ਗ਼ਲਬਾ ਇਸ ਦੇਸ਼ ਵਿਚ ਪੱਕਾ ਕੀਤਾ ਜਾਵੇ । ਇਹ ਸੁਲਹ-ਕੁੱਲ ਕੂਟ ਨੀਤੀ* ਹੀ ਅਕਬਰ ਦਾ ਬੱਜੂਪਾਪ, ਕੱਟੜ ਮੁਸਲਮਾਨਾਂ ਦੀਆਂ ਨਜ਼ਰਾਂ ਵਿਚ ਸੀ, ਜਿਸ ਦੀ ਕਿ ਉਨ੍ਹਾਂ ਨੇ ਭਰਪੂਰ ਮੁਖ਼ਾਲਫ਼ਿਤ ਕੀਤੀ†, ਜਿਸ ਦਾ ਸਿੱਟਾ ਕਿ ਸ਼ਾਹਜਹਾਨ, ਜਹਾਂਗੀਰ ਤੇ ਔਰੰਗਜ਼ੇਬ ਦੀ ਨੀਤੀ ਨਿਕਲਿਆ, ਜਿਸ ਦੀਆਂ ਨੀਹਾਂ ਵਿਚ ਖ਼ਿਸਰੋ ਤੇ ਦਾਰਾ ਵਰਗੇ ਸੂਜਨ ਯੁਵਰਾਜਾਂ ਦਾ ਖੂਨ ਡੋਲ੍ਹਿਆਂ ਗਿਆ । ਉੱਤ੍ਰ ਪੱਛਮੀ ਭਾਰਤ ਵਿਚ ਸਿੱਖ ਰਾਜ ਦੀ ਸਥਾਪਤੀ, ਦੱਖਣ ਵਿਚ ਮਰਾਠਾ ਪਦਪਾਤਸ਼ਾਹੀ ਅਤੇ ਬਾਕੀ ਭਾਰਤ ਵਿਚ ਹਿੰਦੂ ਰਾਜ ਸੱਤਾ ਦਾ ਪੁਨਰ-ਉੱਥਾਨ ਇਸ ਕੱਟੜ ਇਸਲਾਮੀ ਨੀਤੀ ਦਾ ਹੀ ਪ੍ਰਤਿਕਰਮ ਸਨ ।

---

* ਅੱਲਾਮੀ ਦੀ ਪ੍ਰਸਿੱਧ ਪੁਸਤਕ, "ਮਕਤੂਬਾਤ", ਦੇ ਸਫ਼ਹ ੬੭—੬੯ ਉਤੇ ਅਕਬਰ ਦਾ ਉਹ ਰਾਜਪਤ੍ਰ ਦਰਜ ਹੈ ਜੋ ਕਿ ਉਸ ਨੇ ਮਾਵਰਲਨਹਿਰ (Trans-Oxiana) ਦੇ ਅਮੀਰ, ਅਬਦੁੱਲਾ ਖਾਨ ਉਜ਼ਬੇਗ, ਦੀ ਇਸ ਪੁੱਛ ਦੇ ਉੱਤ੍ਰ ਵਿਚ ਲਿਖਿਆ ਸੀ, ਕਿ ਕੀ ਇਹ ਸੱਚ ਹੈ ਕਿ ਅਕਬਰ ਆਪਣੇ ਆਪ ਨੂੰ ਪੈਗੰਬਰ ਅਖਵਾਂਉਂਦਾ ਹੈ ਅਤੇ ਮੋਮਨਾਂ ਤੇ ਕਾਫ਼ਰਾਂ ਨੂੰ ਇਕ ਸਮਾਨ ਸਮਝਦਾ ਹੈ ? ਹਿੰਦੂਆਂ ਨਾਲ ਚੰਗਾ ਵਰਤਾਓ ਕਰਨ ਦੇ ਲਾਭਾਂ ਬਾਰੇ ਅਕਬਰ ਲਿਖਦਾ ਹੈ: "ਹਿੰਦੂ ਰਾਜੇ, ਜਿਨ੍ਹਾਂ ਦੀ ਸੈਨਿਕ ਸ਼ਕਤੀ ਸਦਾ ਅਸਾਡੇ ਵਿਰੁਧ ਲੜਦੀ ਅਤੇ ਆਕੀ ਰਹਿੰਦੀ ਸੀ, ਹੁਣ ਮੇਰੀਆਂ ਆਪਣੀਆਂ ਫ਼ੌਜਾਂ ਦਾ ਅੰਗ ਬਣ ਚੁੱਕੀ ਹੈ ਅਤੇ ਇਸਲਾਮੀ ਰਾਜ ਨੂੰ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਸਥਾਪਤ ਕਰਨ ਲਈ ਸਦਾ ਤਤਪਰ ਹੈ ।"

† ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ, ਜਦੋਂ ਮੁਸਲਮ ਆਤਮਾ, ਡੇਢ ਸੌ ਸਾਲ ਦੀ ਮਧੋਲ਼ੀ ਹੋਈ, ਮੁੜ ਪਾਸੇ ਪਰਤਣ ਲੱਗੀ ਤਾਂ ਡਾਕਟਰ ਸਰ ਮੁਹੰਮਦ ਇਕਬਾਲ ਨੇ ਇਕ ਲੰਮੀ ਕਵਿਤਾ, "ਸ਼ਿਕਵਹ", ਲਿਖੀ ਸੀ, ਜਿਸ ਵਿਚ ਇਹ ਗਿਲਾ ਕੀਤਾ ਗਿਆ ਸੀ ਕਿ ਅੱਲਾ ਨੇ ਮੁਸਲਮਾਨਾਂ ਨੂੰ ਹਿੰਦ ਵਿਚ ਤੇ ਬਾਕੀ ਸੰਸਾਰ ਵਿਚ, ਮੁਸਲਿਮ ਬਾਲਾਦਸਤੀ ਕਾਇਮ ਰੱਖਣ ਵਿਚ ਸਹਾਇਤਾ ਨਹੀਂ ਕੀਤੀ । ਫੇਰ ਅੱਲਾ ਵੱਲੋਂ "ਜਵਾਬਿ ਸ਼ਿਕਵਹ" ਲਿਖਿਆ ਗਿਆ ਗਿਆ ਸੀ, ਜਿਸ ਵਿਚ ਅੱਲਾ ਨੇ ਮੁਸਲਮਾਨਾਂ ਦਾ ਵੱਡਾ ਦੋਸ਼ ਇਹੋ ਦੱਸਿਆ ਸੀ ਕਿ ਉਹ ਹਿੰਦੂਆਂ ਨਾਲ ਸਮਾਜੀ ਤੌਰ ਤੇ ਰਲਦੇ ਜਾ ਰਹੇ ਹਨ :

وضع میں تم ہو نصارے تو تمدن میں ہنود
یہ مسلمان ! جنہیں دیکھ کے شرمائیں یہود-

ਇਹ ਦੋਵੇਂ ਰੋਮਾਂਚਕ ਕਵਿਤਾਵਾਂ, ਹਿੰਦੁਸਤਾਨ ਭਰ ਦੇ ਮੁਸਲਮਾਨਾਂ, ਔਰਤਾਂ, ਬੱਚਿਆਂ ਤੇ ਜੁਆਨਾਂ ਦੀ ਜ਼ਬਾਨ ਤੇ ਚੜ੍ਹੀਆਂ ਰਹੀਆਂ ਹਨ ਅਤੇ ਉਨ੍ਹਾਂ ਦੀ ਆਤਮਾ ਦਾ ਮੁਹੱਰਕ ।

ਮੁਗਲਾਂ ਦੇ ਹਿੰਦੁਸਤਾਨ ਵਿਚ ਆਉਣ ਦੇ ਨਾਲ ਨਾਲ ਹੀ, ਸਿੱਖ ਮਤ ਦਾ ਪ੍ਰਕਾਸ਼ ਇਸ ਦੇਸ਼ ਵਿਚ ਹੋਇਆ। ਮੁਗਲ ਸਾਮਰਾਜ ਦੀ ਬੁਨਿਆਦੀ ਸਮੱਸਿਆ ਸੀ, ਮੁਗਲਾਂ ਤੇ ਇਸਲਾਮ ਦੇ ਹਿੰਦੁਸਤਾਨ ਵਿਚ ਤਸੱਲਤ ਦੀਆਂ ਜੜ੍ਹਾਂ ਨੂੰ ਪੱਕਿਆਂ ਕਰਨਾ। ਸਿੱਖ ਮਤ ਦੀ ਬੁਨਿਆਦੀ ਸਮੱਸਿਆ ਸੀ, ਸਾਮੀ ਸੰਸਕ੍ਰਿਤੀ ਤੇ ਵਿਚਾਰ ਧਾਰਾ ਦੇ ਆਰਯ ਆਤਮਾ ਤੇ ਸੰਸਕ੍ਰਿਤੀ ਨਾਲ ਸਦੀਵ ਤੇ ਅਚੱਲ ਤਾਲਮੇਲ ਲਈ ਭੂਮੀ ਨਿਰਣਯ। ਸਿੱਖ ਮਤ ਨੇ ਇਸ ਮਹਾਨ ਸਮੱਸਿਆ ਦਾ, ਜੋ ਕਿ ਇਸਲਾਮ ਦੇ ਹਿੰਦੁਸਤਾਨ ਵਿਚ, ਆਰਯ ਆਤਮਾ ਨਾਲ ਟਾਕਰੇ ਵਿਚੋਂ ਜਨਮੀ, ਜੋ ਹੱਲ ਦੱਸਿਆ, ਉਸ ਵੱਲ ਇਸ ਨਿਬੰਧ ਦੇ ਆਦ ਵਿਚ ਇਸ਼ਾਰਾ ਕਰ ਆਏ ਹਾਂ। ਉਸ ਹੱਲ ਦੇ ਸੁਪ੍ਰਸਿੱਧ ਸਿਧਾਂਤ ਤੇ ਪ੍ਰਸਥਾਪਨਾ ਇਹ ਹਨ : (੧) ਇਸਲਾਮੀ ਯਾ ਸਾਮੀ ਤੇ ਆਰਯ ਆਤਮਾ ਵਿਚ ਬੁਨਿਯਾਦੀ ਇਕਸਾਰਤਾ ਹੈ, (੨) ਇਸਲਾਮੀ ਸ਼ਰਹ ਤੇ ਹਿੰਦੂ ਵਰਣ-ਵਿਵਸਥਾ ਇਸ ਆਤਮਾ ਦਾ ਅੰਗ ਨਹੀਂ, ਸਗੋਂ ਇਸ ਦੇ ਸ਼ੁੱਧ ਕਰਤਵਯ ਲਈ ਗਿਲਾਨੀ ਕਾਰਕ ਹਨ, (੩) ਸਹੀ ਸਿਧਾਂਤ, ਸਮਾਜ-ਸ਼ਾਸ਼ਤ੍ਰ ਦਾ, ਏਕਾਕੇਂਦ੍ਰਿਤ ਸਮਾਜ ਨਹੀਂ, ਜਿਵੇਂ ਕਿ ਹਿੰਦੂ ਮੁਸਲਮਾਨ ਮੰਨਦੇ ਹਨ, ਸਗੋਂ ਬਹੁ-ਕੇਂਦ੍ਰਿਤ (multi-central) ਸਮਾਜ ਵਧੇਰੇ ਪ੍ਰਮਾਣੀਕ ਹੈ। (੪) ਰਾਜ ਦੀ ਦ੍ਰਿੜ੍ਹਤਾ ਦਾ ਆਧਾਰ ਏਕਾਕੇਂਦ੍ਰਿਤ ਸਮਾਜ ਨਹੀਂ ਸਗੋਂ ਇਸ ਦੇ ਸ਼ਹਿਰੀਆਂ ਤੇ ਸਮਾਜਕ ਅੰਗਾਂ ਦਾ ਆਪਸ ਵਿਚ ਸੁਤੰਤ੍ਰ, ਭਰਪੂਰ ਤੇ ਸੱਤਯਾਸ਼੍ਰਿਤ ਸਹਿਯੋਗ ਹੈ। ਸਿੱਖ ਮਤ ਦੇ ਸਮਾਜੀ ਤੇ ਰਾਜਸੀ ਸਿਧਾਂਤਾਂ ਦਾ ਵਿਸ਼ਲੇਸ਼ਨ ਇਹ ਚਾਰ ਸਿਧਾਂਤ ਹੀ ਹਨ।

ਇਨ੍ਹਾਂ ਸਿਧਾਂਤਾਂ ਦੀ ਰਾਖੀ ਤੇ ਸਥਾਪਤੀ ਲਈ ਹੀ ਪੰਚਮ ਨਾਨਕ, ਗੁਰੂ ਅਰਜਨ, ਅਸ਼ਟਮ ਨਾਨਕ, ਗੁਰੂ ਹਰਿਕ੍ਰਿਸ਼ਨ, ਨਵਮ ਨਾਨਕ, ਗੁਰੂ ਤੇਗ ਬਹਾਦਰ, ਅਤੇ ਦਸਮ ਪਾਤਸ਼ਾਹ, ਗੁਰੂ ਗੋਬਿੰਦ ਸਿੰਘ, ਸ਼ਹੀਦ ਹੋਏ ਅਤੇ ਗੁਰੂ ਹਰਗੋਬਿੰਦ ਤੇ ਗੁਰੂ ਹਰਿ ਰਾਏ ਨੇ ਸੰਕਟਾਂ ਭਰਿਆ ਜੀਵਨ ਬਤੀਤ ਕੀਤਾ, ਅਤੇ ਅਨੇਕ ਸਿੱਖਾਂ, ਸਾਹਿਬ-ਜ਼ਾਦਿਆਂ ਨੇ ਅਪਣਾ ਖ਼ੂਨ ਡੋਲ੍ਹਿਆ।

ਖ਼ਿਸਰਓ ਤੇ ਦਾਰਾ ਸ਼ਿਕੋਹ ਮੁਗਲ ਯੁਵਰਾਜਾਂ ਅਤੇ ਸਿੱਖਾਂ ਕੋਲੋਂ ਬਲੀਦਾਨਾਂ ਦੀ ਮੰਗ, ਬੱਸ, ਇਹੋ ਸੋਹਲਵੀਂ ਤੇ ਸਤਾਰ੍ਹਵੀਂ ਸਦੀ ਦੀ ਅਸਲੀ ਤਾਰੀਖ਼ ਹਿੰਦੁਸਤਾਨ ਦੀ ਹੈ, ਜਿਸ ਦਾ ਪਰਿਣਾਮ ਕਿ, ਅਠਾਰ੍ਹਵੀਂ ਸਦੀ ਵਿਚ, ਮੁਸਲਿਮ ਰਾਜ ਸੱਤਾ ਦੇ ਤੇਜਖੀਨ ਹੋਣ ਦੇ ਰੂਪ ਵਿਚ ਨਿਕਲਿਆ।

ਇਸ ਦੋ ਸੌ ਸਾਲਾ ਸੰਘਰਸ਼ ਅਤੇ ਰਕਤਸਰਾਵ ਪਿੱਛੇ ਕੇਵਲ ਇੱਕੋ ਵਿਯਕਤੀ ਦਾ ਹੱਥ ਸੀ, ਜਿਸ ਦੇ ਮਹਾਨ ਆਤਮਕ ਐਸ਼ਵਰਜ ਤੇ ਰਾਜਸੀ ਮਹੱਤਵ ਬਾਰੇ ਪਿਛਲੇ ਕਿਸੇ ਪ੍ਰਸਿਧ ਇਤਿਹਾਸਕਾਰ ਨੇ ਖੋਹਲ ਕੇ ਨਹੀਂ ਦਸਿਆ, ਅਤੇ ਨ ਹੀ ਉਨ੍ਹਾਂ ਨੂੰ ਆਪ ਇਸ ਦਾ ਬਹੁਤਾ ਗਿਆਨ ਸੀ।

ਉਹ ਵਿਯਕਤੀ ਸੀ, ਸ਼ੈਖ਼ ਅਹਿਮਦ ਸਰਹੰਦੀ, ਮੁਜੱਦਦ ਅਲਿਫ਼-ਥਾਨੀ (ਇਸਲਾਮ ਦੀ ਦੂਜੀ ਸ਼ਹੱਸ੍ਰਬਦੀ ਦਾ ਧਰਮ-ਰੱਖਯਕ), (੧੫੬੧-੧੬੨੪)।

ਅਕਬਰ ਦੀ ਆਤਮਾ ਵਿਚੋਂ "ਅਦਲ-ਵਿਰੋਧੀ ਸਭ ਨੀਤੀ ਵਿਚਾਰਾਂ ਦੇ

ਅਭਾਵ" ਤੋਂ ਅਤੀ ਕ੍ਰੋਧਵਾਨ ਹੋ ਕੇ ਸ਼ੈਖ ਸਰਹੰਦੀ ਦੀ ਆਤਮਾ ਨੂੰ ਦਿੱਬਯ-ਗਿਆਨ ਹੋਇਆ ਕਿ ਇਸਲਾਮ ਦੀ ਦੂਜੀ ਸਹੱਸ੍ਰਬਦੀ ਦੇ ਅਰੰਭ ਵਿਚ ਦੀਨ ਦੀ ਦਸ਼ਾ ਗਿਲਾਨੀ-ਪੂਰਤ ਹੋ ਚੁਕੀ ਹੈ, ਅਤੇ ਇਸ ਲਈ ਇਸਲਾਮੀ ਦੀਨ ਦੀ ਪੁਨਰ-ਸਥਾਪਨਾ ਲਈ ਮੁਜੱਦਦ ਅਥਵਾ ਧਰਮ-ਰੱਖਯਕ ਦੀ ਲੋੜ ਹੈ। ਸ਼ੈਖ ਸਰਹੰਦੀ ਨੂੰ ਤਦ ਅਕਾਸ਼ਬਾਣੀ ਹੋਈ ਕਿ ਇਸਲਾਮ ਦੀ ਦੂਜੀ ਸਹੱਸ੍ਰਬਦੀ (ਅਲਿਫ਼ ਥਾਨੀ) ਦਾ ਧਰਮ-ਰਖਸ਼ਕ (ਮੁਜੱਦਦ) ਉਸ ਨੂੰ ਹੀ ਅੱਲਾ ਨੇ ਥਾਪਿਆ ਹੈ।

ਅਕਬਰ ਦੇ ਰਾਜ ਦੇ ਅੰਤਲੇ ਦਿਨਾਂ ਵਿਚ ਮੁਜੱਦਦ ਨੇ ਦੀਨ ਦੀ ਤਜਦੀਦ ਅਥਵਾ ਪੁਨਰ ਸਥਾਪਨਾਂ ਦਾ **ਪ੍ਰਚਾਰ**,ਭਾਸ਼ਨਾਂ ਤੇ ਲਿਖਤੀ ਚਿੱਠੀਆਂ ਰਾਹੀਂ ਅਰੰਭਿਆ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਚਿੱਠੀਆਂ ਦੀਆਂ ਨਕਲਾਂ ਅਜੇ ਭੀ ਮਿਲਦੀਆਂ ਹਨ।* ਇਹਨਾਂ ਚਿੱਠੀਆਂ (ਮਕਤੂਬਾਤ) ਵਿਚ ਸਭ ਨਾਲੋਂ ਵਧੇਰੇ ਚਿੱਠੀਆਂ ਸ਼ੇਖ਼ ਫ਼ਰੀਦ ਬੁਖ਼ਾਰੀ, ਜਿਸ ਨੂੰ ਕਿ ਜਹਾਂਗੀਰ ਨੇ, ਪਾਤਸ਼ਾਹ ਬਣਦੇ ਸਾਰ ਹੀ, "ਮੁਰਤਜ਼ਾਖਾਨ" ਦੀ ਪਰਮ-ਉੱਚ ਉਪਾਧੀ, ਤੇ 'ਛੇ ਹਜ਼ਾਰੀ' ਦਾ ਜੰਗੀ ਰੁਤਬਾ ਬਖਸ਼ਿਆ, ਦੇ ਨਾਮ ਹਨ। ਇਹ ਮੁਰਤਜ਼ਾਖਾਨ, ਮੁਜੱਦਦ ਦਾ ਬੜਾ ਸ਼ਰਧਾਵਾਨ ਤੇ ਕੱਟੜ ਚੇਲਾ ਸੀ ਅਤੇ ਇਸੇ ਨੇ ਯੁਵਰਾਜ ਖ਼ਿਸਰਓ ਦੀ ਬਗ਼ਾਵਤ ਦਾ ਲੱਕ ਤੋੜਿਆ ਸੀ, ਜਿਸ ਖ਼ਿਸਰਓ ਦੀ ਕਿ ਗੁਰੂ ਘਰ ਅਤੇ ਗੁਰੂ ਅਰਜਨ ਉੱਤੇ ਮਹਾਨ ਸ਼ਰਧਾ ਸੀ ਅਤੇ ਜੋ ਗੁਰੂਆਂ ਦੇ ਬਹੁ-ਕੇਂਦ੍ਰਿਤ ਸਮਾਜ ਦੀ ਸਥਾਪਨਾ ਦਾ ਹਾਮੀ ਸੀ। ਇਸੇ ਮੁਰਤਜ਼ਾਖਾਨ ਦੇ ਹਵਾਲੇ ਜਹਾਂਗੀਰ ਨੇ ਗੁਰੂ ਅਰਜਨ ਦੇ ਸ਼ਰੀਰ ਨੂੰ ਕਰ ਦਿੱਤਾ ਸੀ ਕਿ ਉਹ ਗੁਰੂ ਨੂੰ ਅੱਤ ਦੇ ਤਸੀਹੇ (ਯਾਸਾ) ਦੇ ਕੇ ਮਾਰ ਦੇਵੇ।

ਗੁਰੂ ਅਰਜਨ ਨੂੰ ਇਉਂ ਸ਼ਹੀਦ ਕਰਨ ਦਾ ਇਹ ਕਾਰਾ ਅਸਲ ਵਿਚ ਮੁਜੱਦਦ ਨੇ ਹੀ ਕਰਵਾਇਆ ਸੀ ਅਤੇ ਜਹਾਂਗੀਰ ਦੇ ਰਾਜਭਾਗ ਸੰਭਾਲਨ ਤੋਂ ਪਹਿਲਾਂ ਹੀ ਮੁਜੱਦਦ ਨੇ ਜਹਾਂਗੀਰ (ਸ਼ਾਹਜ਼ਾਦਾ ਸਲੀਮ) ਕੋਲੋਂ ਇਹ ਪਰਣ ਲੈ ਲਿਆ ਸੀ ਕਿ ਉਹ ਬਹੁ-ਕੇਂਦ੍ਰਿਤ ਸਮਾਜ ਪ੍ਰਚਾਰਣ ਵਾਲੇ ਸਿੱਖ ਮੱਤ ਦਾ ਖੁਰਾ ਖੋਜ ਮਿਟਾ ਦੇਵੇਗਾ। ਜਹਾਂਗੀਰ ਅਪਣੀ "ਤੋਜ਼ਿਕ" ਵਿਚ ਜਦ ਕਹਿੰਦਾ ਹੈ, ਕਿ "ਬੜੇ ਚਿਰ ਤੋਂ ਮੇਰਾ ਵਿਚਾਰ ਸੀ ਕਿ ਇਸ ਝੂਠ ਦੀ ਦੁਕਾਨ (ਸਿੱਖ ਮਤ) ਨੂੰ ਢਾ ਢੇਰੀ ਕਰਾਂ ਯਾ ਗੁਰੂ ਨੂੰ ਇਸਲਾਮੀਆਂ ਦੇ ਟੋਲੇ ਵਿਚ ਸ਼ਾਮਲ ਕਰ ਲਵਾਂ"† ਤਾਂ ਉਸ ਦਾ ਸੰਕੇਤ ਇਸ ਪਰਣ ਵਲ ਹੀ ਸੀ ਜੋ ਕਿ ਉਸ ਨੇ ਮੁਜੱਦਦ ਨੂੰ, ਅਕਬਰ ਦੀ ਮੌਤ ਤੋਂ ਪਹਿਲਾਂ ਹੀ ਦਿੱਤਾ ਹੋਇਆ ਸੀ ਅਤੇ ਜਿਹੜਾ ਪਰਨ, ਕਿ ਉਸ ਕੋਲੋਂ ਮੁੜ,ਉਸ ਨੂੰ ਤਖਤ ਤੇ ਬੈਠਣ ਵਿਚ ਸਹਾਇਤਾ ਦੇਣ ਤੋਂ ਪਹਿਲਾਂ, ਮੁਰਤਜ਼ਾਖਾਨ ਤੇ ਹੋਰ ਸਿਰ-ਕੱਢ ਉਮਰਾ, ਜੋ ਕਿ ਸਾਰੇ ਮੁਜੱਦਦ ਦੇ ਮੁਰੀਦ ਅਤੇ

---

* مکتوبات امام ربانی، (۳ جلدیں) احمدی
لکھنؤ پریس دہلی، ۱۲۸۸ ہجری—

† "مدتہا بخاطر میگزشت کہ ایں دکان باطل را برطرف باید ساخت یا اورا جر گہ اہل اسلام در باید آورد"—،
—توزک جہانگیری، (لکھنؤ)، صفحہ، ۳۵—

ਉਸ ਦੀ ਇਸਲ੍ਹਾਮੀ ਰਾਜਨੀਤੀ ਦੇ ਹਾਮੀ ਸਨ, ਆਦਿ ਨੇ ਲਿਆ*। ਮੁਜਦਦ ਦੇ "ਮਕਤੂਬਾਤਿ ਅੱਮਾਮਿਰੱਬਾਨੀ" ਨੂੰ ਧਿਆਨ ਨਾਲ ਪੜ੍ਹਿਆਂ, ਇਸ ਵਿਚ ਕੋਈ ਸ਼ਕ ਨਹੀਂ ਰਹਿੰਦਾ ਕਿ ਜਿਤਨਾ ਚਿਰ ਜਹਾਂਗੀਰ ਨੇ ਗੁਰੂ ਅਰਜਨ ਨੂੰ ਸ਼ਹੀਦ ਕਰਕੇ, ਅਪਣਾ ਦਿਤਾ ਬਚਨ ਪੂਰਾ ਨਹੀਂ ਕਰ ਲਿਆ, ਮੁਜੱਦਦ ਨੂੰ ਤਲੋਮੱਛੀ ਲਗੀ ਰਹੀ, ਕਿਉਂਜੁ, ਬਿਨਾਂ ਸਿੱਖੀ ਨੂੰ ਖਤਮ ਕੀਤਿਆਂ, "ਇਸਲਾਮ ਦੀ ਤਜਦੀਦ' ਅਤੇ ਏਕਾਕੇਂਦ੍ਰਿਤ ਸਮਾਜ ਦੀ ਸਥਾਪਨਾ ਹਿਦੁਸਤਾਨ ਵਿਚ ਸੰਭਵ ਨਹੀਂ ਸੀ। "ਜੇ ਸ਼ਹਿਨਸ਼ਾਹ ਦੇ ਹੁਣ ਤਖਤ ਤੇ ਬੈਠਦਿਆਂ ਹੀ ਇਸਲਾਮ ਦੇ ਪੈਰ ਹਿੰਦ ਵਿਚ ਜੱਮ ਗਏ ਤੇ ਮੁਸਲਮਾਨਾਂ ਦਾ ਰੁਹਬ ਬੈਠ ਗਿਆ ਤਾਂ ਖਰੀ ਵਾਹਵਾ, ਪਰ ਜੇ ਢਿਲ ਮੱਠ ਕੀਤੀ ਗਈ ਤਾਂ ਪਿਛੋਂ ਡਾਢੀ ਔਖਿਆਈ ਹੋਵੇਗੀ।"** "ਹੁਣ ਜਦੋਂ ਕਿ ਸ਼ਾਹਿਨਸ਼ਾਹ ਦੀ ਕਾਫਰਾਂ ਨਾਲ ਕੋਈ ਹਮਦਰਦੀ ਨਹੀਂ, ਤਾਂ ਮੁਸਲਮਾਨਾਂ ਲਈ ਗੈਰ-ਇਸਲਾਮੀ ਰਿਵਾਜ-ਵਿਚਾਰ, ਜਿਹੜੇ ਪ੍ਰਚਲਤ ਹੋ ਚੁੱਕੇ ਹਨ, ਸਹਿਨ ਕਰਨਾ ਬੜਾ ਔਖਾ ਹੈ।"† ਪਹਿਲੀ ਉਪ੍ਰੋਕਤ ਚਿੱਠੀ ਜਿਸ ਸ਼ਾਹੀ ਅਮੀਰ ਦੇ ਨਾਮ ਹੈ, ਇਹ ਉਹੋ ਲੱਲਾਬੇਗ ਹੈ ਜਿਸ ਨੇ ਸੰਨ ੧੬੩੧ ਵਿਚ, ਸ਼ਾਹਜਹਾਨ ਦੇ ਸਮੇਂ, ਛਠਮ ਨਾਨਕ, ਗੁਰੂ ਹਰਿਗੋਬਿੰਦ ਉਤੇ, ਗੁਰੂਸਰ ਨਥਾਣੇ ਕੋਲ, ਛੇ ਹਜ਼ਾਰ ਘੋੜ-ਚੜ੍ਹਿਆਂ ਨਾਲ ਅਚਾਨਚਕ ਹਮਲਾ ਕਰ ਦਿੱਤਾ ਸੀ ਤਾਂ ਜੁ ਗੁਰ ਨੂੰ ਮਾਰ ਕੇ ਸਿੱਖ ਮੱਤ ਦਾ ਖਾਤਮਾ ਕਰ ਦਿੱਤਾ ਜਾਵੇ, ਪਰ ਉਸ ਲੜਾਈ ਵਿਚ ਆਪ, ੨੫੦੦ ਸਵਾਰਾਂ ਸਮੇਤ, ਮਾਰਿਆ ਗਿਆ ਸੀ। ਭਾਵੇਂ, ਇੱਕ ਸਮੇਂ ਜਹਾਂਗੀਰ, ਮੁਜੱਦਦ ਦੇ ਹਿੰਦੁਸਤਾਨੀ ਮੁਸਲਮਾਨਾਂ, ਅਤੇ ਖਾਸ ਕਰਕੇ ਫੌਜੀਆਂ, ਵਿਚ ਨਿਤਾਪ੍ਰਤ ਵਧ ਰਹੇ ਅਸਰ-ਰਸੂਖ ਤੋਂ ਇਤਨਾਂ ਘਾਬਰ ਗਿਆ ਸੀ ਕਿ ਉਸ ਨੇ ਅਣੀਰਾਏ ਦਾਲਾਨ ਨੂੰ ਹੁਕਮ ਕਰ ਦਿੱਤਾ ਕਿ ਮੁਜੱਦਦ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀਵਾਨ ਬਣਾ ਲਵੇ, (ਤੌਜ਼ਿਕ, ੨.੬੩), ‡ ਪਰ ਇਹ ਸਪਸ਼ਟ ਹੈ ਕਿ "ਜਹਾਂਗੀਰ ਦੀਆਂ ਗ਼ੈਰ-ਮੁਸਿਲਮਾਨਾਂ ਉੱਤੇ ਤਅੱਸਬ ਭਰੀਆਂ ਵਧੀਕੀਆਂ, ਅਤੇ ਉਸ ਦੇ ਕੱਟੜ ਇਸਲਾਮੀ ਵਿਚਾਰਾਂ ਦਾ ਅੰਤਮ ਸੋਮਾ, ਮੁਜੱਦਦ ਹੀ ਸੀ।"[1] ਇਹੋ ਗੱਲ ਸ਼ਾਹਜਹਾਨ ਬਾਰੇ ਠੀਕ

*"Accordingly, the leading noble (Sheikh Farid) having been sent by the others as their representative, came to the prince (Salim) and promised in their names to place the Kingdom in his hands, provided that he would swear to defend the Law of Mohamet."—Du Jarric, Father Pierre, *Akbar and the Jesuits*, London, 1626, *p.* 204.

***Maktubat*. I. No. 81. *p.* 106.—(Letter written to Jahangir Qulikhan, alias Lalla Beg of 4000 military rank). *Urdu, op. cit.*

†*Ibid.* I. No. 193. (Letter written to Murtza Khan). *Urdu, op. cit.*

‡"به انی رائے سنگدلن حواله شد که
در قلعه گوالیار مقید دارد۔"

[1]"Occasional outbursts of bigotry on the part of Jehangir and his anti-Hindu sentiments may ultimately be traced to the influence of Mujaddid on the fickle minded emperor."

— Dr. Mohd. Yasin, M.A., Ph., D., *A Social History of India*, Lucknow, 1958; *p.* 171.

ਹੈ,[1] ਅਤੇ ਔਰੰਗਜ਼ੇਬ ਨੇ ਆਯੂ ਪ੍ਰਯੰਤ ਜਿਸ ਨੀਤੀ ਉੱਤੇ ਅਮਲ ਕੀਤਾ, ਉਸ ਦਾ ਸੰਚਾਲਕ ਭੀ ਮੁਜੱਦਦ ਹੀ ਸੀ ਅਤੇ ਔਰੰਗਜ਼ੇਬ ਉਸ ਦਾ ਨਮਿਤਮਾਤ੍ਰ ਹਥਠੋਕਾ ।[2] ਖਵਾਜਾ ਮਾਸੂਮ, ਮੁਜੱਦਦ ਦਾ ਤੀਜਾ ਪੁਤ੍ਰ, ਸ਼ੇਖ ਸਰਹੰਦੀ ਦੀ ਗੱਦੀ ਉੱਤੇ ਬੈਠਾ ਤਾਂ ਔਰੰਗਜ਼ੇਬ ਅਜੇ ਯੁੱਵਰਾਜ ਹੀ ਸੀ ਤੇ ਦੱਖਣ ਦਾ ਸੂਬੇਦਾਰ । ਓਦੋਂ ਹੀ ਔਰੰਗਜ਼ੇਬ ਖਵਾਜਾ ਮਾਸੂਮ ਦਾ ਮੁਰੀਦ ਬਣ ਗਿਆ ਸੀ, ਅਤੇ ਆਯੂ ਪ੍ਰਯੰਤ ਖਵਾਜਾ ਮਾਸੂਮ ਦਾ ਪੁਤ੍ਰ (ਖਵਾਜਾ ਮੁਹੰਮਦ ਸੈਫੁੱਦੀਨ) ਦੱਖਣ ਵਿਚ ਔਰੰਗਜ਼ੇਬ ਦੇ ਹਮਰਿਕਾਬ ਰਿਹਾ ਤਾਂ ਜੁ ਉਸ ਨੂੰ ਸਾਧਨ (ਸਲੂਕ) ਦੁਆਰਾਂ ਬ੍ਰਹਮ ਗਿਆਨ (ਮਾਅਰਫਤ) ਦੀ ਪ੍ਰਾਪਤੀ ਵਿਚ ਸਹਾਇਤਾ ਦੇਵੇ ਅਤੇ ਨਾਲ ਨਾਲ ਸਹੀ ਇਸਲਾਮੀ ਰਾਜ ਨੀਤੀ ਉੱਤੇ ਉਸ ਨੂੰ ਚਲਾਉਂਦਾ ਰਹੇ। "ਇਸ ਵਿਚ ਕੋਈ ਸੰਦੇਹ ਨਹੀਂ ਕਿ ਔਰੰਗਜ਼ੇਬ ਦੀ ਰਾਜਸੀ ਪਾਲਸੀ ਨੂੰ ਨਿਰਮਤ ਤੇ ਸੰਚਾਰ ਕਰਨ ਵਾਲੀ, ਅਸਲੀ ਸ਼ਕਤੀ, ਪਰਦੇ ਪਿੱਛੋਂ ਕੰਮ ਕਰ ਰਹੀ, ਮੁਜੱਦਦ ਦੀ ਆਵਾਜ਼ ਹੀ ਸੀ"[3] ਇਸੇ ਆਵਾਜ਼ ਦੀ ਆਗਿਆ ਪਾਲਨ ਕਰਦਿਆਂ ਹੋਇਆਂ, ਔਰੰਗਜ਼ੇਬ ਨੇ ਗੁਰੂ ਹਰਿਰਾਏ ਨੂੰ ਦਿੱਲੀ ਬੁਲਾ ਕੇ ਵਿਨਾਸ਼ ਕਰਨ ਦਾ ਅਸਫਲ ਜਤਨ ਕੀਤਾ ਸੀ । ਇਸੇ ਆਵਾਜ਼ ਦੀ ਆਗਿਆ ਪੂਰਤੀ ਲਈ ਗੁਰੂ ਹਰਿਕ੍ਰਿਸ਼ਨ ਨੂੰ, ਰਾਜਾ ਜੈ ਸਿੰਘ ਸਵਾਈ ਦੀ ਮਾਹਰਫਤ, ਦਿੱਲੀ ਮੰਗਵਾਇਆ ਗਿਆ ਸੀ, ਅਤੇ ਜਦੋਂ ਮਰਮੱਗਯ ਗੁਰੂ ਇਸ ਆਵਾਜ਼ ਨੂੰ ਪਛਾਣ ਗਏ ਤਾਂ ਉਨ੍ਹਾਂ ਨੇ ਪਹਿਲਾਂ ਅਪਣੇਂ ਸ਼ਰੀਰ ਨੂੰ ਯੋਗਸਿੱਧੀ ਦੁਆਰਾ, ਚੇਚਕ ਨਾਲ ਸੰਤਪਤ ਕੀਤਾ ਅਤੇ ਫੇਰ ਤੁਰਕ ਪਾਤਸ਼ਾਹ ਤੋਂ ਅਸਪ੍ਰਸ਼ ਬਚੇ ਰਹਿਣ ਹਿਤ ਸ੍ਵੈਇੱਛਾਮ੍ਰਿਤੂ ਨੂੰ ਪ੍ਰਾਪਤ ਕਰ ਗਏ । ਇਸੇ ਆਵਾਜ਼ ਦਾ ਹੁਕਮ ਮੰਨ ਕੇ ਔਰੰਗਜ਼ੇਬ ਨੇ ਗੁਰੂ ਤੇਗ ਬਹਾਦੁਰ ਦੇ ਕਤਲ ਦਾ ਹੁਕਮ ਸਾਦਰ ਕੀਤਾ ਸੀ,[4] ਅਤੇ ਜਿਸ ਸਰਹੰਦੀ ਪਠਾਣ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਦੇੜ ਵਿਚ ਮੁਹਲਿਕ ਘਾਓ ਲਗਾਇਆ ਸੀ, ਉਹ ਨੌਕਰ ਤਾਂ

---

[1] ਆਜ਼ਾਦ ਬਿਰਗਰਾਮੀ (1704-1785) ਦੀ ਪ੍ਰਸਿੱਧ ਅਰਬੀ ਪੁਸਤਕ, "ਸਬਹਹਤਲਮਰਜਾਨ" ਵਿਚ ਲਿਖਿਆ ਹੈ ਕਿ ਸਹਿਜ਼ਾਦਹ (ਸ਼ਾਹ ਜਹਾਨ) ਮੁਜੱਦਦ ਦਾ ਪੁਜ ਕੇ ਸ਼ਰਧਾਲੂ ਸੀ ।

[2] "اورنگ زیب نے جن اصولوں پر اپنی حکومت کا نظم و نسق قائم کیا-وہ بالکل وہی تھے جسکی تلقین حضرت مجدد کے مکتوبات میں ہو چکی تھی-"

—شیخ محمد اکرم، "رود کوثر" لاہور، ۱۹۵۸ صفحہ، ۴۱۴—

[3] *A Social History of India, op. cit. p.* 177.

[4] ਸੰਨ ੧੬੭੫ ਈਸਵੀ ਵਿਚ ਗੁਰੂ ਤੇਗਬਹਾਦਰ, ਆਗਰੇ ਵਿਚ ਗ੍ਰਿਫ਼ਤਾਰ ਹੋ ਕੇ, ਔਰੰਗਜ਼ੇਬ ਦੇ ਹੁਕਮ ਨਾਲ, ਦਿੱਲੀ ਵਿਚ ਕੈਦ ਕੀਤੇ ਗਏ ਸਨ ਅਤੇ ਅਕਤੂਬਰ ਦੇ ਮਹੀਨੇ, ਜਦੋਂ ਔਰੰਗਜ਼ੇਬ, ਇਸ ਪਾਸੇ ਮੁਲਕੀ ਪ੍ਰਬੰਧ ਕਰ ਰਿਹਾ ਸੀ ਤਾਂ ਹਸਨਾਬਦਾਲ (ਸ੍ਰੀ ਪੰਜਾਂਸਾਹਿਬ) ਦੇ ਡੇਰੇ ਤੋਂ ਉਸ ਨੇ ਗੁਰੂ ਸਾਹਿਬ ਨੂੰ ਕਤਲ ਕਰਕੇ, ਉਨਾਂ ਦੇ ਪਵਿਤ੍ਰ ਸ਼ਰੀਰ ਦੇ ਟੁਕੜਿਆਂ ਨੂੰ ਦਿੱਲੀ ਸ਼ਹਿਰ ਦੇ ਦਰਵਾਜ਼ਿਆਂ ਤੇ ਟੰਗੇ ਜਾਣ ਦਾ ਹੁਕਮ ਜਾਰੀ ਕੀਤਾ ਸੀ, ਅਤੇ ਤਾਂ ਹੀ ਗੁਰੂ ਸਾਹਿਬ ਦਾ ਸੀਸ ਤੇ ਸ਼ਰੀਰ, ਸਿੱਖ ਜਾਨਾਂ ਹੂਲ ਕੇ, ਚੁੱਕ ਕੇ ਲੈ ਗਏ ਸਨ ।

"بعد چند روز حکم دیگر دربارہ تیگ بہادر رسید کہ اورا کشتہ وجودش را چند حصہ نمودہ اطراف شہر بیاویزند"—

—سیر المتاخرین، صفحہ غلام حسین خان، (۸۵ > ۱)—

ਵਜੀਦ ਖਾਨ, ਨਵਾਬ ਸਰਹੰਦ ਦਾ ਸੀ, ਪਰ ਮੁਰੀਦ ਮੁਜੱਦਦ ਦੀ ਗੱਦੀ ਦਾ ਸੀ। ਜਿਸ ਨਵਾਬ ਵਜੀਦ ਖਾਨ ਨੇ, ਦਸਮ ਪਾਤਸ਼ਾਹ ਦੇ ਦੋ ਸ਼ੀਰਖੋਰ ਸਾਹਿਬ-ਜ਼ਾਦੇ, ਸਰਹੰਦ ਵਿਚ, ਕੰਧਾਂ ਵਿਚ ਚਿਣਵਾ ਦਿੱਤੇ ਸੀ, ਉਹ ਭੀ ਨਿਤਾਪ੍ਰਤ ਮੁਜੱਦਦ ਦੇ ਗੱਦੀਨਸ਼ੀਨ ਦੇ ਸਲਾਹ ਮਸ਼ਵਰੇ ਵਿਚ ਚਲਣ ਵਾਲਾ, ਅਤੇ ਉਸ ਮੁਜੱਦਦ ਦਾ ਅਨਿੰਨ ਭਗਤ ਸੀ ਅਤੇ ਗੁਰੂ ਅਰਜਨ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ, ਇਹ ਜਿਤਨੇ ਕਾਰੇ ਤੇ ਦੁਰਘਟਨਾਂ, ਸਿੱਖਾਂ ਤੇ ਸਿੱਖੀ ਨੂੰ ਵਿਨਾਸ਼ ਕਰਨ ਹਿਤ ਹੋਈਆਂ, ਉਨ੍ਹਾਂ ਸਾਰੀਆਂ ਦਾ ਮੂਲ ਦੋਸ਼ੀ ਤੇ ਅਸਲੀ ਮੁਹੱਰਕ, ਸ਼ੇਖ ਅਹਿਮਦ ਸਰਹੰਦੀ, ਮੁਜੱਦਦ ਅਲਿਫ ਥਾਨੀ, ਹੀ ਸੀ। ਹੋਰ ਕਿਵੇਂ ਸਮਝਣਾ, ਅਗਿਆਨ ਆਸ਼੍ਰਿਤ ਹੈ। ਮੰਤਵ ਇਸ ਸਾਰੇ ਸੰਘਰਸ਼ ਦਾ ਬਹੁਕੇਂਦ੍ਰਿਤ ਸਮਾਜ ਵਾਦ ਦੇ ਪ੍ਰਚਾਰ ਨੂੰ ਖਤਮ ਕਰਨਾ ਅਤੇ ਏਕਾਕੇਂਦ੍ਰਿਤ ਇਸਲਾਮੀ ਸਮਾਜ ਦੀ ਹਿੰਦ ਵਿਚ ਸਥਾਪਨਾ ਸੀ। ਇੱਸੇ ਵਲ, ਮਹਾਨ ਕਵੀ, ਭਾਈ ਸੰਤੋਖ ਸਿੰਘ, ਨੇ ਇਸ਼ਾਰਾ ਕੀਤਾ ਹੈ ਕਿ ਖਾਲਸਾ ਪੰਥ ਦੁਆਰਾ, ਦਸਮ ਪਾਤਸ਼ਾਹ ਨੇ ਇਸਲਾਮ ਦਾ ਏਕਾਕੇਂਦ੍ਰਿਤ ਸਮਾਜ ਦਾ ਸਪਨਾ, ਪੂਰਾ ਨਾ ਹੋਣ ਦਿੱਤਾ, ਨਹੀਂ ਤਾਂ :—

"ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ, ਫੈਲਤੀ ਕੁਚੀਲਤਾ ਕਤੇਬਨ ਕੁਰਾਨ ਕੀ।"

ਜਦੋਂ ਸਿੱਖਾਂ ਨੇ ਬੰਦਾ ਸਿੰਘ, ਬਹਾਦੁਰ, ਦੀ ਜੱਥੇਦਾਰੀ ਹੇਠਾਂ, ਸੰਨ ੧੭੧੦ ਵਿਚ, ਸਰਹੰਦ ਮਾਰ ਲਈ ਤਾ ਮੁਜੱਦਦ ਦਾ ਗੱਦੀ ਨਿਸ਼ੀਨ (ਖਵਾਜਾ ਕਮਾਲੁੱਦੀਨ?) ਦਿੱਲੀ ਨੱਸ ਕੇ ਜਾ ਵੱਸਿਆ ਅਤੇ ਸੰਨ ੧੭੧੬ ਵਿਚ ਫਰੁੱਖਸੀਅਰ ਨੇ ਜਿਹੜਾ ਸਿੱਖਾਂ ਦੇ ਕਤਲੇਆਮ ਦਾ ਹੁਕਮ ਚਾੜ੍ਹਿਆ ਸੀ, ਉਹ ਦਰਅਸਲ ਮੁਜੱਦਦ ਦੀ ਆਵਾਜ਼ ਹੀ ਸੀ। ਸੰਨ ੧੭੬੧ ਵਿਚ ਮਰਹੱਟਿਆਂ ਨੂੰ ਪ੍ਰਾਜੈ ਕਰਨ ਲਈ ਅਤੇ ਫੇਰ ਸੰਨ ੧੭੬੨ ਵਿਚ ਸਿੱਖਾਂ ਦਾ ਵੱਡੇ ਘਲੂਘਾਰੇ ਵਿਚ, ਬੀਜਨਾਸ਼ ਕਰਵਾਉਣ ਲਈ, ਅਹਿਮਦਸ਼ਾਹ ਅਬਦਾਲੀ ਨੂੰ, ਜਿਹੜਾ ਮੌਲਵੀ, ਸ਼ਾਹ ਵਲੀਉੱਲਾ, ਇਸਲਾਮ ਦੀ ਵੰਗਾਰ ਪਾ ਕੇ ਹਿੰਦੁਸਤਾਨ ਉਤੇ ਚੜ੍ਹਾ ਲਿਆਇਆ ਸੀ, ਉਹ ਮੁਜੱਦਦ ਦਾ ਅਸੀਮ ਸ਼ਰਧਾਲੂ ਅਤੇ ਚੇਲਾ ਸੀ, ਅਤੇ ਇਸ ਦਾ ਪਿਉ, ਸ਼ਾਹ ਅਬਦਲ ਰਹੀਮ, ਔਰੰਗਜ਼ੇਬ ਦੇ ਕਰਵਾਏ ਹੋਏ, ਹਿੰਦੁਸਤਾਨ ਵਿਚ ਇਸਲਾਮੀ ਵਿਧਾਨ, "ਫ਼ਤਾਵਾਇ-ਆਲਮਗੀਰੀ," ਦੇ ਸੰਕਲਨ ਕਰਨ ਵਾਲਿਆਂ ਵਿਚੋਂ ਸੀ, ਜਿਸ ਵਿਧਾਨ ਦਾ ਨਿਸ਼ਾਨਾ, ਇਸਲਾਮੀ ਸਮਾਜ ਨੂੰ, ਸ਼ਰੋਮਣੀ ਸਥਾਨ ਦੇ ਕੇ, ਗੈਰ-ਇਸਲਾਮੀਆਂ ਨੂੰ ਮੁਸਲਮਾਨਾਂ ਦੇ ਪ੍ਰਾਧੀਨ ਕਰਨਾ ਸੀ। ਇਸ, ਸ਼ਾਹ ਵਲੀਉੱਲਾਹ ਦਹਿਲਵੀ, (ਜਨਮ, ਸੰਨ ੧੭੦੩) ਨੇ ਹਜਾਜ਼, ਅਰਬਦੇਸ ਵਿਚ ਵਿੱਦਿਆ ਪ੍ਰਾਪਤ ਕੀਤੀ ਸੀ ਜਿਥੇ ਸ਼ੈਖੁਲਸਨਾਵੀ ਅਤੇ ਤਾਜੁੱਦੀਨਲ ਹਨਫੀ ਵਰਗੇ ਅਰਬੀ ਦੇ ਧੁਰੰਧਰ ਵਿੱਦਵਾਨ ਉਸਦੇ ਵਿੱਦਿਆ-ਦਾਤੇ ਸਨ। ਇਹ ਵਲੀਉੱਲਾਹ ਹੀ ਹਿੰਦੀ ਇਸਲਾਮ ਦੇ ਨਵੀਨ 'ਜਹਾਦ' ਦੇ ਸਿਧਾਂਤ ਦਾ ਨਿਰਮਾਤਾ ਹੈ, ਜਿਸ ਦਾ ਕਿ ਮੁੱਖ-ਅੰਸ਼ ਇਹ ਹੈ, ਕਿ ਹਿੰਦੁਸਤਾਨ ਵਿਚ ਰਾਜਸੀ ਪ੍ਰਭੁਤਾ ਤੇ ਸੱਤਾ, ਗੈਰ-ਇਸਲਾਮੀ ਕਾਫਰਾਂ ਦੇ ਹੱਥ ਵਿਚ ਕਦਾਚਿਤ ਅਤੇ ਤ੍ਰਿੰਨਕਾਲ ਨਹੀਂ ਜਾਣ ਦੇਣੀ, ਇਹੋ ਦੀਨ ਦਾ ਹੁਕਮ ਹੈ। ਨਜੀਬੁਲਦੌਲਾ ਰੁਹੇਲਾ ਅਤੇ ਤਾਜੁੱਦੀਨ ਬਲੋਚ ਨੂੰ ਜੋ ਚਿਠੀਆਂ ਵਲੀਉੱਲਾਹ ਨੇ, ਮਰਹੱਟਿਆਂ ਅਤੇ ਜੱਟਾਂ ਆਦਿ ਦੀ ਰਾਜ ਸ਼ਕਤੀ ਦੇ

ਵਿਨਾਸ਼ ਕਰਨ ਹਿੱਤ ਲਿਖੀਆਂ, ਉਨ੍ਹਾਂ ਵਿਚ ਇਸ ਹਿੰਦੀ 'ਜਹਾਦ' ਦੇ ਸਿਧਾਂਤ ਦੀ ਭਲੀ ਪ੍ਰਕਾਰ ਵਿਆਖਿਆ ਕੀਤੀ ਹੋਈ ਹੈ, ਕਿ "ਕਾਫਰਾਂ ਦੀ ਰਾਜ ਸੱਤਾ ਦਾ ਪ੍ਰਾਜੈ ਵਿਨਾਸ਼ ਤਾਂ ਅੱਲਾ ਤਾਲਾ ਨੇ ਪਹਿਲਾਂ ਤੋਂ ਹੀ ਨਿਸ਼ਚਿਤ ਕੀਤਾ ਹੋਇਆ ਹੈ, ਪਰ ਮੁਸਲਮਾਨ ਹੁਕਮਰਾਨਾਂ ਦਾ ਇਹ ਇਸਲਾਮੀ ਫਰਜ਼ ਹੈ ਕਿ ਉਹ ਕਾਫਰਾਂ ਦੇ ਵਿਨਾਸ਼ ਹਿਤ ਜਹਾਦ ਕਰਨ।" ਸੰਨ ੧੭੬੧ ਵਿਚ, ਪਾਨੀਪਤ ਦੇ ਮੈਦਾਨ ਵਿਚ, ਅਬਦਾਲੀ ਅਤੇ ਨਜੀਬ ਰੁਹੇਲੇ ਦਾ ਇੱਕਠੇ ਹੋ ਕੇ, ਮਰੱਹਟਿਆਂ ਦੇ ਲੱਕ ਤੋੜਨ ਦੀ ਯੋਜਨਾ, ਵਲੀਉੱਲਾਹ ਦੇ ਇਸ 'ਜਹਾਦ' ਦੇ ਸਿਧਾਂਤ ਦੇ ਅਮਲੀ ਅਰਥਭਾਵ ਦਾ ਹੀ ਸਿੱਟਾ ਸੀ। ਜਿਸ ਵੇਲੇ ਸਿੱਖ ਰਾਜ ਅਟਕ ਦੀ ਪੱਛਮੀ ਸੀਮਾਂ ਤੋਂ ਪਾਰ ਸਸ਼ੋਭਤ ਹੋ ਗਿਆ ਤਾਂ ਇਸ ਦੇ ਵਿਰੁੱਧ ਭਰਪੂਰ ਜਹਾਦ ਤੇ ਵਾਰ ਕਰਨ ਵਾਲਾ, ਸੱਯਦ ਅਹਿਮਦ ਬਰੇਲਵੀ ਸੀ ਜਿਹੜਾ ਕਿ ਸੰਨ ੧੮੨੫ ਤੋਂ ਲੈ ਕੇ ਸੰਨ ੧੮੩੧ ਤੱਕ, ਸਿੱਖ ਰਾਜ ਦੇ ਸੂਬਾ ਪਿਸ਼ੌਰ ਵਿਚ, ਭੜਥੂ ਪਾਉਂਦਾ ਰਿਹਾ ਅਤੇ ਅੰਤ ਨੂੰ ੭ ਮਈ, ਸੰਨ ੧੮੩੧ ਨੂੰ ਬਾਲਾਕੋਟ ਦੇ ਸੰਗ੍ਰਾਮ ਵਿਚ ਖਾਲਸਾ ਫੋਜ ਨਾਲ ਲੜਾਈ ਵਿਚ ਮਾਰਿਆ ਗਿਆ। ਇਹ ਸੱਯਦ ਅਹਿਮਦ ਬਰੇਲਵੀ, ਸ਼ਾਹ ਵਲੀਉੱਲਾਹ ਦੇ ਪੁੱਤ੍ਰ, ਅਬਦਲ ਅਜ਼ੀਜ਼ ਦਾ ਚੇਲਾ ਅਤੇ ਮੁਜੱਦਦ ਦਾ ਮਹਾਂ ਸ਼ਰਧਾਲੂ ਭਗਤ ਸੀ ਅਤੇ ਹਿੰਦੀ ਇਸਲਾਮ ਦੇ ਕਾਫਰਾਂ ਅਤੇ ਖਾਸ ਕਰਕੇ, ਸਿਖਾਂ ਵਿਰੁਧ, ਜਹਾਦ ਦਾ ਵੱਡਾ ਪ੍ਰਚਾਰਕ ਅਤੇ ਸੰਚਾਲਕ ਸੀ।[1]

ਸੰਨ ੧੮੫੭ ਪਿਛੋਂ ਜਦੋਂ ਅੰਗ੍ਰੇਜ਼ੀ ਰਾਜ, ਸਾਰੇ ਅਖੰਡ ਭਾਰਤ ਉੱਤੇ ਪੱਕਾ ਹੋ ਗਿਆ ਤਾਂ, ਕੋਈ ਚੋਥਾਈ ਸਦੀ ਬੀਤਣ ਉਪ੍ਰੰਤ ਇਹ ਸੱਮਸਯਾ ਮੁੜ ਉੱਠੀ ਕਿ ਹਿੰਦੁਸਤਾਨੀਆਂ ਨੂੰ ਦੇਸ਼ ਦੀ ਰਾਜ ਸਤਾ ਵਿਚ ਹਿੱਸੇਦਾਰ ਬਣਾਇਅ ਜਾਵੇ। ਉਸ ਵੇਲੇ ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਨੀਹ ਰੱਖੀ, ਗਈ ਤਾਂ ਸਰ ਸੱਯਦ ਅਹਿਮਦ (੧੮੧੭—੧੮੯੮) ਮੁਸਲਮਾਨਾਂ ਦੇ ਨੇਤਾ ਨੇ ਇਹ ਬੁਨਿਆਦੀ ਕਿੰਤੂ ਕੀਤਾ ਕਿ ਸਿਰਾਂ ਦੀ ਗਿਣਤੀ ਦੇ ਆਧਾਰ ਤੇ ਸਥਾਪਤ ਹੋਇਆ ਰਾਜ ਮੁਸਲਮਾਨਾਂ ਨਾਲ ਧੱਕਾ ਹੈ ਅਤੇ ਇਹ ਇਨ੍ਹਾਂ ਨੂੰ ਕਦਾਚਿਤ ਪ੍ਰਵਾਣ ਨਹੀਂ ਹੋਵੇਗਾ। ਹਿਦੁਸਤਾਨ ਦੇ ਮੌਜੂਦਾ ਦੌਰ ਦਾ ਸਰ ਸੱਯਦ ਅਹਿਮਦ ਪਹਿਲਾ ਨੇਤਾ ਹੈ ਜਿਸ ਨੇ ਕਿ ਇਸ ਸਿਧਾਂਤ ਦਾ ਪ੍ਰਚਾਰ ਕੀਤਾ ਕਿ ਹਿੰਦੂ ਅਤੇ ਮੁਸਲਮਾਨ, ਭਾਰਤ ਵਿਚ ਵਸਦੀਆਂ, ਦੋ ਵਖੋ ਵੱਖਰੀਆਂ ਕੌਮਾਂ ਹਨ।[2] "ਹਿੰਦੂ ਤੇ ਮੁਸਲਮਾਨ ਹਿੰਦੁਸਤਾਨੀ ਜਾਤੀ ਦੀਆਂ ਦੋ ਅਖਾਂ ਹਨ," ਸਰ ਸੱਯਦ ਅਹਿਮਦ ਦਾ ਬੜਾ ਪ੍ਰਸਿੱਧ ਪਰਵਚਨ ਹੈ। ਉਨ੍ਹੀਂ ਦਿਨੀਂ, ਲਖਨਊ ਦੇ ਇਕ ਪਬਲਿਕ ਜਲਸੇ ਵਿਚ ਤਕਰੀਰ ਕਰਦਿਆਂ, ਅੰਗ੍ਰਜ਼ਾਂ ਨੂੰ ਸੰਬੋਧਨ

---

[1] "(Syed Ahmed Brelvi s) *Jihad* was directed originally against the Sikhs in the tradition of Indian Islam....References to the British rule in India in Brelvi's letters to the rulers of Bokhara and Afghanistan and the invitation to them to re-establish Islamic rule in India are of secondary importance....but the primary objective explained in them is still the *Jihad* against the Sikh tyranny." ——Aziz Ahmed, *Islamic Culture in the Indian Environment*, Oxford, 1964, *p.* 215.

[2] Hussain B. Tyabji, *Badruddin Tyabji*, Bombay, 1954, *p.* 203.

ਕਰਕੇ, ਸਰ ਸੱਯਦ ਅਹਿਮਦ ਨੇ ਕਿਹਾ ਸੀ, "ਜੇ ਤੁਸੀਂ ਚਾਹੁੰਦੇ ਹੋ ਕਿ ਹਿੰਦੁਸਤਾਨ ਬੰਗਾਲੀਆਂ ਦੇ ਪ੍ਰਧੀਨ ਹੋ ਜਾਵੇ ਅਤੇ ਸਾਰੇ ਹਿੰਦੁਸਤਾਨੀ ਬੰਗਾਲੀਆਂ ਦੀਆਂ ਜੁਤੀਆ ਚੱਟਣ, ਤਦ ਰੱਬ ਦਾ ਨਾਮ ਲੈ ਕੇ, ਗੱਡੀ ਚੜ੍ਹ ਜਾਓ ਅਤੇ ਮਦਰਾਸ ਦੇ ਰਾਹ ਅਪਣੇ ਮੁਲਕ ਨੂੰ ਪਰਤ ਜਾਓ।"[1] ਇਹ ਸਰ ਸੱਯਦ ਅਹਿਮਦ ਹੀ ਸੰਨ ੧੯੪੭ ਵਾਲੇ ਦੇਸ ਦੇ ਬਟਵਾਰੇ ਦੀ ਨੀਂਹ ਰੱਖਣ ਵਾਲਾ ਹੈ। ਸਰ ਸੱਯਦ ਅਹਿਮਦ ਦਾ ਖਾਨਦਾਨ, ਪੁਸ਼ਤਾਂ ਤੋਂ ਮੁਜੱਦਦ ਦਾ ਅੰਧਵਿਸ਼ਵਾਸੀ ਤੇ ਪੱਕਾ ਸ਼ਰਧਾਲੂ ਸੀ ਅਤੇ ਸਰ ਸੱਯਦ ਅਹਿਮਦ ਦਾ ਜਮਾਂਦਰੂ ਨਾਮ (ਅਹਿਮਦ) ਮੁਜੱਦਦ ਦੇ ਨਾਮ ਉੱਤੇ ਹੀ ਰੱਖਿਆ ਗਿਆ ਸੀ, ਤਬੱਰਕ ਦੇ ਤੌਰ ਤੇ, ਤਾਂ ਜੁ ਨਵ-ਜਨਮਿਆ ਬਾਲਕ, ਪੱਕਾ ਮੁਸਲਮਾਨ ਅਤੇ ਮੁਜਦਦ ਦੀ ਵਿਚਾਰਧਾਰਾ ਨੂੰ ਅਪਨਾਉਣ ਵਾਲਾ, ਸਿਦਕੀ ਦੀਨਦਾਰ ਹੋਵੇ।

ਜਦੋਂ ਅੰਗ੍ਰੇਜ਼ਾਂ ਦਾ ਸਮਾਂ ਹਿੰਦੁਸਤਾਨ ਵਿਚ ਪੁਗਣ ਦੇ ਨੇੜੇ ਆਇਆਂ, ਤਾਂ ਪਾਕਿਸਤਾਨ ਦੇ ਤਸੱਵਰ ਨੂੰ ਦਾਰਸ਼ਨਿਕ ਬੁਨਿਆਦਾਂ ਦੇਣ ਵਾਲਾ, ਡਾਕਟਰ ਸਰ ਮੁਹੰਮਦ ਇ.ਕਬਾਲ (੧੮੭੬-੧੯੩੮) ਨੂੰ ਹੀ ਸਭ ਮਨਦੇ ਹਨ। ਸੰਨ ੧੯੩੦ ਵਿਚ, ਪਹਿਲੋਂ ਪਹਿਲ, ਇ.ਕਬਾਲ ਨੇ ਮੁਸਲਮ ਲੀਗ ਦੇ ਵਾਰਸ਼ਿਕ ਸਮਾਗਮ ਉਤੇ ਉਨ੍ਹਾਂ ਦਾਰਸ਼ਨਿਕ ਸਿਧਾਂਤਾਂ ਦਾ ਵਿਸਤਾਰ ਕੀਤਾ ਜਿਹੜੇ ਕਿ ਦੇਸ਼ ਦੇ ਬਟਵਾਰੇ ਅਤੇ ਪਾਕਿਸਤਾਨ ਦੀ ਸਥਾਪਤੀ ਦੀ ਅਕੱਟ ਦਲੀਲ, ਪਿਛੋਂ ਜਾ ਕੇ, ਬਣੇ।[2] ਮਾਰਚ ੨੬, ੧੯੪੦ ਨੂੰ ਲਾਹੌਰ ਵਿਚ, ਮੁਸਲਿਮ ਲੀਗ ਦੇ ਵਾਰਸ਼ਿਕ ਸਮਾਗਾਮ ਉੱਤੇ, ਇਸੇ ਦਾਰਸ਼ਨਿਕ ਸਿਧਾਂਤ ਦੀਆਂ ਨੀਹਾਂ ਉਤੇ ਪਾਕਿਸਤਾਨ ਦੀ ਸਥਾਪਤੀ ਦਾ ਮਤਾ ਪਾਸ ਹੋਇਆ[3]। ਇਹ ਸਰ ਮੁਹੰਮਦ ਇ.ਕਬਾਲ, ਮੁਜੱਦਦ ਦੇ ਪੱਕੇ ਪੈਰੋਕਾਰ ਤੇ ਸ਼ਰਧਕ ਸਨ ਅਤੇ ਮੁਜੱਦਦ ਨੂੰ, ਹਿੰਦੁਸਤਾਨ ਵਿਚ, ਇਸਲਾਮ ਦੇ ਆਤਮਕ ਔਜ ਦਾ ਧਰੁਵ-ਤਾਰਾ ਮੰਨ ਕੇ ਸਨਮਾਨਦੇ ਸਨ।[4]

---

[1] Quoted in R. C. Majumdar's, *Three Phases of India's Struggle for Freedom*, Bhartiya Vidya Bhavan, Bombay, 1960, *p*. 20.

[2] "The religious Order of Islam is organically related to the social Order which it has created. The rejection of the one will eventually involve the rejection of the other. Therefore, the construction of a polity on Indian national lines, if it means a displacement of the Indian Islamic principle of solidarity, is simply unthinkable to a Muslim."

[3] "For the setting up of sovereign Muslim states in the North-Western and Eastern Zones of the subcontinent, where the Muslims constitute the majority of the population."

[4] —حاضر ہوا میں شیخ مجدد کی لحد پر—وہ خاک کہ ہے زیر فلک مطلع انوار—
گردن نہ جھکی جسکی جہانگیر کے آگے—جس کے نفس گرم سے ہے گرمئی احرار—
وہ ھند میں سرمایہ ملت کا نگہبان—اللہ نے بر وقت کیا جسکو خبردار—
بال جبریل

ਇਸ ਸ਼ੈਖ ਅਹਿਮਦ ਸਰਹੰਦੀ ਮੁਜੱਦਦ ਅਲਫ਼ ਥਾਨੀ ਦੇ ਦਾਰਸ਼ਨਿਕ ਸਿਧਾਂਤ ਅਤੇ ਸਮਾਜਕ ਤੇ ਧਾਰਮਿਕ ਵਿਚਾਰਧਾਰਾ ਕੀ ਸੀ, ਜਿਸ ਦੀ ਵਿਦਯੁਤ ਸ਼ਕਤੀ ਪਿਛਲੀਆਂ ਚਾਰ ਸਦੀਆਂ ਤੋਂ ਹਿੰਦੁਸਤਾਨ ਦੀ ਤਾਰੀਖ ਉਤੇ ਪ੍ਰਤਿਬੰਧ ਦਾ ਰੂਪ ਧਾਰ ਕੇ ਹਾਵੀ ਹੋ ਚੁੱਕੀ ਹੈ ਅਤੇ ਜਿਸ ਦੀ ਸੰਚਾਲਕ ਸ਼ਕਤੀ ਅੱਜ ਭੀ ਭਾਰਤ ਦੇ ਇਤਿਹਾਸ ਦੇ ਨਿਕਟ ਭਵਿੱਸ਼ ਦੀਆਂ ਸ਼ਤਾਬਦੀਆਂ ਉੱਤੇ ਅਪਣਾ ਪਰਤੌ ਪਾ ਰਹੀ ਹੈ ?

ਇਸ ਪ੍ਰਸ਼ਨ ਦਾ ਇਥੇ ਮੁਖਤਸਰ ਉੱਤ੍ਰ ਲੋੜੀਂਦਾ ਭੀ ਹੈ ਤੇ ਯੋਗ ਭੀ ।

ਇਸਲਾਮ ਦੇ ਸੂਫੀ ਮੱਤ ਦੇ ਦੋ ਸਿਧਾਂਤਕ ਸੰਪ੍ਰਦਾਯ ਅਥਵਾ 'ਮਜ਼ਹਬ' ਹਨ ਅਤੇ ਦੋ ਦਰਜਣ ਤੋਂ ਵੱਧ ਅਖਾੜੇ ਅਥਵਾ 'ਸਿਲਸਿਲਹ' । ਸ਼ੇਖ ਸਰਹੰਦੀ, ਮੁਜੱਦਦ, ਹਿੰਦੁਸਤਾਨ ਵਿਚ, ਸੂਫੀਮਤ ਦੀ ਇੱਕ ਸੰਪ੍ਰਦਾਯ ਦਾ ਪ੍ਰਚੰਡ ਮਹੰਤ ਸੀ ਅਤੇ ਦੂਸਰੀ ਦਾ ਕੱਟੜ ਵਿਰੋਧੀ, ਅਤੇ ਮੁਗ਼ਲ ਰਾਜ ਦਰਬਾਰ ਦੇ ਖੇਤ੍ਰ ਵਿਚ, ਜੋ ਰਾਜਨੀਤਕ ਸੰਘਰਸ਼ ਚਲਦੇ ਰਹੇ, ਉਹ ਦਰ ਅਸਲ ਇਹਨਾਂ ਦੋਂਹ ਸੂਫੀ ਸੰਪ੍ਰਦਾਵਾਂ ਦਾ ਹੀ ਘੋਲ ਸੀ, ਜਿਨ੍ਹਾਂ ਦੇ ਝੰਡਾਬਰਦਾਰ ਤੇ ਮਰ੍ਹੈਲੀ, ੧੭ ਵੀਂ ਸਦੀ ਦੇ ਆਰੰਭ ਵਿਚ, ਗੁਰੂ ਅਰਜਨ ਦੇਵ ਦੀ ਸ਼ਹੀਦੀ ਵੇਲੇ, ਇਹ ਮੁਜੱਦਦ ਇਕ ਪਾਸੇ ਅਤੇ ਹਜ਼ਰਤ ਮੀਆਂ ਮੀਰ ਦੂਜੇ ਪਾਸੇ ਸਨ, ਅਤੇ ਇਸੇ ਘੋਲ ਤੇ ਸੰਘਰਸ਼ ਵਿਚ ਸਿੱਖੀ ਦਾ ਉਥਾਨ ਤੇ ਇਤਿਹਾਸ ਵਲ੍ਹੇਟਿਆ ਗਿਆ ਤੇ ਪ੍ਰਵਾਨ ਚੜ੍ਹਿਆ ।

ਸੂਫੀ ਮਤ ਅਤੇ ਇਸਲਾਮ ਦਾ ਅੰਤਰ ਕੀ ਹੈ ?

[1] ਕੁਝ ਵਿੱਦਵਾਨਾਂ ਦਾ ਵਿਚਾਰ ਹੈ ਕਿ ਸੂਫੀ ਮਤ ਦੀ ਨੀਂਹ ਰੱਖਣ ਵਾਲੇ, ਹਦਰਤ (ਹਜ਼ਰਤ) ਮੁਹੰਮਦ ਸਾਹਿਬ ਦੇ ਉਹ ਚੇਲੇ ਸਨ ਜਿਨ੍ਹਾਂ ਨੂੰ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਇਸ ਦਾਅਵੇ ਨਾਲ ਅਸੰਮਤੀ ਸੀ ਕਿ ਉਹ ਸੰਸਾਰ ਵਿਚ ਆਖਰੀ ਨਬੀ ਹਨ ।[2]

ਸੂਫੀ ਮਤ ਕੁਰਾਨ ਸ਼ਰੀਫ ਦੀ ਭੂਮੀ ਅਤੇ ਵਾਤਾਵਰਣ ਦੀ ਹੀ ਉਪਜ ਹੈ, ਇਸ ਬਾਰੇ ਤਾਂ ਦੋ ਰਾਵਾਂ ਹੋ ਸਕਦੀਆਂ ਹਨ, ਪਰ ਇਸ ਵਿਚ ਕਿੰਤੂ ਨਹੀਂ ਕਿ ਧਾਰਮਿਕ ਕ੍ਰਿਆ ਕਰਮਾਂ ਨੂੰ ਫੋਕਟ ਅਤੇ ਉਨ੍ਹਾਂ ਦੇ ਗੌਹਜ ਮਰਮ ਨੂੰ ਤੱਤ ਕਰਕੇ ਜਾਨਣਾ ਅਤੇ ਪਰਮ ਸੱਤ, ਵਾਹਿਗੁਰੂ ਅਕਾਲ ਪੁਰਖ ਦੀ ਅਗਾਧ ਸ਼ਰਧਾ ਭਗਤੀ, ਜੋ ਕਿ ਸੂਫੀ ਮਤ ਦੀ ਨੀਂਹ ਦੀਆਂ ਦੋ ਪਹਿਲੀਆਂ ਇੱਟਾਂ ਹਨ, ਹਜ਼ਰਤ ਮਹੰਮਦ ਸਾਹਿਬ ਦੇ ਸ਼ਖਸੀ ਜੀਵਨ ਉੱਤੇ ਹੀ ਆਧਾਰਤ ਹਨ । ਹਜ਼ਰਤ ਮੁਹੰਮਦ ਸਾਹਿਬ ਆਪ, ਹਰ ਵਰ੍ਹੇ, ਮੱਕੇ ਦੇ ਨੇੜੇ, 'ਹਿਰ੍ਹਾ' ਨਾਮੀ ਗੁਫਾ ਵਿਚ, ਧਿਆਨ ਸਮਾਧੀ ਦੇ ਸਾਧਨਾਂ ਲਈ ਜਾਇਆ ਕਰਦੇ ਸਨ, ਅਤੇ ਉਨ੍ਹਾਂ ਦੀ ਨਿਜੀ ਮਸਜਿਦ ਵਿਚ ਕੋਈ ਸੱਤਰ ਕੁ ਮੁਸਲਮਾਨ ਸਾਧੂ, 'ਅਹਿਲਿ ਸੁੱਫ਼ਾ', ਨਿਵਾਸ ਰਖਦੇ ਸਨ, ਜਿਨ੍ਹਾਂ ਨੇ ਕਿ ਸੰਸਾਰ ਦਾ ਪੂਰਨ ਤਿਆਗ ਕੀਤਾ ਹੋਇਆ ਸੀ ਅਤੇ ਜੋ ਦਿਨ ਰਾਤ ਪ੍ਰਭੂ ਦੇ ਧਿਆਨ ਭਗਤੀ ਵਿਚ ਲੀਨ ਰਹਿੰਦੇ ਸਨ । ਹਜ਼ਰਤ ਮੁਹੰਮਦ ਸਾਹਿਬ ਦੇ ਚਾਰ ਯਾਰਾਂ ਵਿਚੋਂ, ਦੋ, ਅੱਬੂ ਜਰ ਗ਼ਿੱਫਰ (ਮ੍ਰਿਤੂ, ੬੫੨) ਅਤੇ ਹੁਜ਼ਾਇਫ਼ਾ (ਮ੍ਰਿਤੂ ੬੫੭) ਧਿਆਨ-ਪੂਰੱਕ ਸਾਧੂ ਪ੍ਰਸਿੱਧ ਸਨ ।

---

[1]. Dr. Jagannath Rao, M.A.,Ph.D., in his review of *The Persian Sufis*, by Cyprian Rice, O.P., London, 1965, in the August, 1965 issue of the *Astrological Magazine*. Bangalore, *p.* 741.

[2]. ۲. دعویٰ آخر الانبیاء'' — حدیث نووی، صحیح مسلم —

ਹਜ਼ਰਤ ਮੁਹੰਮਦ ਸਾਹਿਬ ਦੀ ਮ੍ਰਿਤੂ (੬੩੨) ਤੋਂ ਤਿੱਨ ਸਦੀਆਂ ਪਿੱਛੋਂ ਤਕ, ਸੂਫੀ ਮਤ ਇਸਲਾਮ ਵਿਚ ਵਿਗਸਦਾ ਤੇ ਮੌਲਦਾ ਰਿਹਾ, ਪਰ ਦਸਵੀਂ ਸਦੀ ਦੇ ਆਰੰਭ ਵਿਚ ਜਦੋਂ ਮਨਸੂਰ ਹੱਲਾਜ (ਮ੍ਰਿਤੂ ੯੨੧) ਨੇ ਆਤਮਾ ਤੇ ਪ੍ਰਮਾਤਮਾ ਦੀ ਅਭੇਦਤਾ, 'ਜੀਵੋ ਬ੍ਰਹਮੈਵ ਨਪਰਹ', ਦੀ ਖੁਲ੍ਹ ਕੇ ਗਲ ਕੀਤੀ ਤੇ 'ਅਨਲ ਹੱਕ' (ਬ੍ਰਹਮਾਸਮਿ) ਮਹਾਵਾਕ ਉਚਾਰਿਆ, ਤਦ ਇਸਲਾਮ ਅਤੇ ਸੂਫੀਮਤ ਦੀ ਸਿੱਧੀ ਪ੍ਰਚੰਡ ਟੱਕਰ ਹੋ ਉੱਠੀ, ਜਿਸ ਦੇ ਸਿੱਟੇ ਵਜੋਂ ਮਨਸੂਰ ਨੂੰ ਸੂਲੀ ਚਾੜ੍ਹਿਆ ਗਿਆ। ਮਨਸੂਰ ਤੋਂ ਪਹਿਲਾਂ, ਸੂਫੀ ਮਤ ਦੇ ਧਾਰਨੀ, ਬੜੇ ਬੜੇ ਮਹਾਨ ਸਾਧੂ ਸੰਤ, ਜਿਹਾ ਕਿ, ਇਮਾਮ ਹਸਨ ਬਸਰੀ (ਮ੍ਰਿਤੂ, ੭੨੮), ਇਬ੍ਰਾਹੀਮ-ਬਿਨ-ਅੱਧਮ (ਮ੍ਰਿਤੂ, ੭੭੭), ਅਬੂ ਹਸਨ, (ਮ੍ਰਿਤੂ ੭੭੭), ਬੀਬੀ ਰਬੀਆ ਦੇਵੀ (ਮ੍ਰਿਤੂ ੭੭੬), ਹੋ ਚੁਕੇ ਸਨ, ਅਤੇ ਸੂਫੀ ਮਤ ਵਿਚ ਮਤਾਂਤ੍ਰ ਭੇਦਾਂ ਦੀ ਨੀਂਹ ਰੱਖਣ ਵਾਲੇ ਚਿੰਤਕ, 'ਖ਼ਾਨੀਏ ਗਰੋਹ', ਭੀ ਬੜੇ ਬੜੇ ਵਿੱਦਵਾਨ ਹੋ ਚੁੱਕੇ ਸਨ, ਜਿਹਾ ਕਿ, ਮਾਅਰੂਫ ਕੁਰਖ਼ੀ, ਨਿਰਬੀਜ ਸਮਾਧੀ ਦੇ ਸਿਧਾਂਤ ਦੀ ਵਿਆਖਿਆ ਕਰਨ ਵਾਲੇ, ਸਾਰੀ ਸਾਕਤੀ (ਮ੍ਰਿਤੂ, ੮੭੦), 'ਏਕਮ ਸਤ ਦੁਤੀਆ ਨਾਸਤਿ' (ਤਵਹੀਦ) ਦੇ ਵਿਆਖਕ, ਆਦਿ। ਪਰ ਮਨਸੂਰ ਦੇ ਸੂਲੀ ਚੜ੍ਹਨ ਪਿੱਛੋਂ ਸੂਫੀ ਮਤ ਨੂੰ ਬਹੁਤ ਚੌਕੰਨਾ ਤੇ ਮੁਹਤਾਤ ਹੋਣਾ ਪੈ ਗਿਆ ਤਾਂ ਜੁ ਕੋਈ ਅਜਿਹਾ ਬਚਨ, ਵਾਕ ਮੂਹੋਂ ਨ ਨਿਕਲ ਜਾਵੇ, ਜਿਸ ਤੋਂ ਇਹ ਕਿਤੂ ਉਠ ਸਕੇ ਕਿ ਸੂਫੀ ਮਤ, ਕੁਰਾਨ ਸ਼ਰੀਫ ਦੇ ਅਨੁਕੂਲ ਨਹੀਂ, ਯਾ ਇਸਲਾਮੀ ਸ਼ਰਅ ਅਥਵਾ ਕਰਮ-ਕਾਂਡ ਦਾ ਵਿਰੋਧ ਕਰਦਾ ਹੈ। ਇਸਲਾਮ ਦੀ ਇਸ ਰਾਜਸੀ ਪ੍ਰਚੰਡਤਾ ਤੇ ਦਬਾ ਦੇ ਸਿਟੇ ਵਜੋਂ, ਸੂਫੀ ਮਤ ਨੂੰ ਜੀਵਤ ਰਹਿਣ ਅਤੇ ਸ੍ਵੈ ਰੱਖਿਆ ਲਈ ਦੋ ਆਸਰੇ ਤੇ ਟੇਕਾਂ ਸਿਰਜਣੀਆਂ ਪਈਆਂ। ਇਕ ਤਾਂ ਇਹ ਕਿ ਸੂਫੀ ਮਤ ਦੇ ਇਸਲਾਮ ਤੇ ਕੁਰਾਨਸ਼ਰੀਫ ਨਾਲ ਸਿੱਧੇ ਟਕਰਾਉਣ ਵਾਲੇ ਸਿਧਾਂਤਾਂ ਮਸਲਿਆਂ ਦੀ ਵਰਨਣ ਵਿਆਖਿਆ, ਸਿੱਧੀ ਸ਼ਪਸ਼ਟ ਭਾਸ਼ਾ ਵਿਚ ਕਰਨਾ ਬੰਦ ਕਰ ਦਿਤਾ ਗਿਆ ਅਤੇ ਸੰਧਿਆ-ਭਾਸ਼ਾ ਦਾ ਪ੍ਰਯੋਗ ਅਰੰਭ ਤੇ ਪ੍ਰਚਲਤ ਹੋ ਗਿਆ, ਜਿਸ ਵਿਚ, 'ਸ਼ਰਾਬ', 'ਸਾਕ਼ੀ', 'ਮੈਖ਼ਾਨਾ', 'ਮੌਸਮੇ ਬਹਾਰ,' 'ਮਾਸ਼ੂਕ', 'ਵਸਾਲ' ਆਦਿ ਸ਼ਬਦਾਵਲੀ ਸੂਫੀ ਮੱਤ ਦੇ ਸਾਧਨ ਸਿਧਾਂਤਾਂ ਨੂੰ ਪ੍ਰਚਾਰਣ ਲਈ ਵਰਤੀ ਜਾਣ ਲਗੀ। "ਸ਼ਰਾਬ ਚਿੱਤ ਨੂੰ ਖੁਸ਼ ਕਰਨ ਵਾਲੀ ਹੈ ਅਤੇ ਬਸੰਤ ਰਿਤੂ ਦੀ ਮੰਦ ਮੰਦ ਪੌਣ ਨਾਲ ਪੁਸ਼ਪ ਵਰਸ਼ਾ ਭੀ ਆਲੇ ਦੁਆਲੇ ਘਾਹ ਉਤੇ ਹੋ ਰਹੀ ਹੈ, ਪਰ ਮਦ ਪੀਣ ਵੇਲੇ ਵੀਣਾ ਦਾ ਸੰਗੀਤ ਬੰਦ ਕਰ, ਕਿਉਂਕਿ ਰਾਜ ਤੇਜ ਕਰਮਕਾਂਡ ਦੀ ਰਖਸ਼ਾ ਹਿਤ ਪ੍ਰਚੰਡ ਹੋ ਉੱਠਿਆ ਹੈ। ਸ਼ਰਾਬ ਦੇ ਪਿਆਲੇ ਨੂੰ ਤੂੰ ਅਪਣੇ ਧਾਰਮਿਕ ਚੋਲੇ, ਦੀ ਸ਼ਰਅਈ ਆਸਤੀਨ ਵਿਚ ਲੁਕਾ ਲੈ। ਤੈਨੂੰ ਦਿਸਦਾ ਨਹੀ ਕਿ ਸਮੇਂ ਦੀਆਂ ਅੱਖਾਂ ਵਿਚੋਂ, ਕ੍ਰੋਪ ਨਾਲ, ਗੂੜ੍ਹੇ ਸ਼ਰਾਬੀ ਰੰਗ ਦਾ ਲਹੂ ਡਿਗ ਰਿਹਾ ਹੈ ?"[1]

ਦੂਜੀ ਟੇਕ ਜੋ ਸੂਫੀ ਮਤ ਨੇ ਇਸਲਾਮ ਦੇ ਸ਼ਰਅਈ ਰਾਜਕੋਪ ਤੋਂ ਬਚਣ ਲਈ ਅਪਣਾਈ, ਉਹ ਸੀ ਦਾਰਸ਼ਨਿਕ ਦਰਸ਼ਨ-ਵਿਚਾਰ ਅਤੇ ਸ਼ਾਸਤ੍ਰਾਰਥ ਦੁਆਰਾ ਇਹ ਸਿੱਧ ਕਰਨ ਦੇ ਮਹਾਨ ਯਤਨ ਕੀਤੇ ਗਏ ਕਿ ਸੂਫੀ ਮਤ, ਕੁਰਾਨ ਸ਼ਰੀਫ ਦੇ ਅਨੁਕੂਲ ਹੈ, ਅਤੇ

---

[1] اگرچه باده فرح بخش و باد گل بیز است- به بانگ چنگ مخور مے
که محتسب تیز است۔
در آستین مرقع پیاله پنهاں کن-که چشم دور چوں چشم صراحی خون
ریز ست— —حافظ شیرازی

ਇਹ ਭੀ, ਕਿ ਸੂਫ਼ੀ ਮਤ ਦਾ ਸਾਧਨ ਇਸਲਾਮੀ ਕਰਮ-ਕਾਂਡ ਸ਼ਰਅ ਦਾ ਵਿਰੋਧ ਨਿਰੋਧ ਨਹੀਂ, ਸਖਾਂ ਤੇ ਸਹਾਇਕ ਹੈ। ਤੇਰ੍ਹਵੀਂ ਸਦੀ ਵਿਚ, ਸੂਫ਼ੀ ਮਤ ਦੇ ਗਗਨ ਵਿਚ ਤਿੰਨ ਮਹਾਨ ਹਸਤੀਆਂ, ਚੰਦ੍ਰਵਤ ਪ੍ਰਕਾਸ਼ ਹੋਈਆਂ ਜਿਨ੍ਹਾਂ ਨੇ ਕਿ ਸੂਫ਼ੀ ਮਤ ਨੂੰ ਸੰਪੂਰਣ ਦਰਸ਼ਨ ਸਿਧਾਂਤ, ਸੰਪੰਨ ਸਾਧਨ-ਵਿਧੀ ਅਤੇ ਜੀਵਨ-ਭਰਪੂਰ ਭਾਵਕਤਾ ਪ੍ਰਦਾਨ ਕੀਤੀ। ਇਹ ਤਿੱਨ ਚੰਦ੍ਰਾਤਮਾ ਪੁਰਸ਼ ਹਨ, ਸ਼ੈਖ ਮੁਹੱਈਉੱਦੀਨ-ਇਬਨਿ-ਅਰਬੀ (੧੧੬੫-੧੨੪੦), ਸ਼ੈਖ ਸ਼ਿਹਾਬੁੱਦੀਨ ਸੁਹਰਹਵਰਦੀ (ਮ੍ਰਿਤੂ,੧੨੩੪), ਅਤੇ ਮਵਲੈਨਹ ਜਲਾਲੁੱਦੀਨ ਰੂਮੀ (ਮ੍ਰਿਤੂ ੧੨੭੩)।

ਇਬਨਿ-ਅਰਬੀ ਦੀਆਂ ਅਨੇਕ ਰਚਨਾਵਾਂ ਵਿਚੋਂ, ਦੋ ਪੁਸਤਕਾਂ ਜਗਤ-ਪ੍ਰਸਿੱਧ ਹਨ, 'ਫ਼ਤੂਹਾਤਿ-ਮੱਕੀਯਹ'† ਅਤੇ' ਫ਼ਿਸੂਸਲ-ਹਿਕਮ।'†† ਇਨ੍ਹਾਂ ਪੁਸਤਕਾਂ ਵਿਚ ਇਸ ਮਹਾਨ ਦਰਸ਼ਨ ਵੇਤਾ ਨੇ, ਪਰਮ ਤੱਤ ਸੱਤ ਬਾਰੇ ਜਿਸ ਸਿਧਾਂਤ ਦਾ ਪ੍ਰਚਾਰ ਕੀਤਾ, ਉਸ ਦੀ ਸੰਗਿਆ ਹੈ, 'ਵਹਦਤਲਵਜੂਦ'। ਇਹ ਉਹੋ ਸਿਧਾਂਤ ਹੈ, ਜੋ ਗੁਰਮਤ ਦੇ ਮੂਲ ਮੰਤ੍ਰ ਵਿਚ ਅੰਕਤ ਹੈ, 'ਆਦਿ ਸਚੁ, ਜੁਗਾਦਿ ਸਚੁ, ਹੈ ਭਿ ਸਚੁ, ਨਾਨਕ ਹੋਸੀ ਭੀ ਸਚੁ'। ਜਿਸ ਸਮੇਂ 'ਸੁਖਮਣੀ' ਦੀ ਰਚਨਾ ੧੬ਵੀਂ ਅਸ਼ਟਪਦੀ ਤਕ ਹੋ ਚੁੱਕੀ ਤਾਂ ਗੁਰੂ ਅਰਜਨ ਦੇਵ, ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਨੂੰ ਗਏ ਅਤੇ ਉਨ੍ਹਾਂ ਨੂੰ ਬਿਨੈ ਕੀਤੀ ਕਿ ਉਹ ੧੭ਵੀਂ ਅਸ਼ਟਪਦੀ ਦੇ ਸ਼ਿਲਾਆਧਾਰ ਸ਼ਲੋਕ ਦਾ ਆਵੇਸ਼ ਦੇਣ। ਤਦ ਬਾਬਾ ਸ੍ਰੀ ਚੰਦ ਨੇ, ਠੀਕ ਅਨੁਭਵ ਕਰਕੇ ਕਿ ਇਹੋ ਹਿੰਦੁਸਤਾਨ ਵਿਚ ਵਰਤਮਾਨ ਕਾਲ ਦੀ ਸਮਸਿਆ ਹੈ, ਗੁਰਮਤ ਦੇ ਮੂਲ ਮੰਤ੍ਰ ਦੀ ਇਸੇ ਪੰਕਤੀ ਦਾ ਉਚਾਰਣ ਕੀਤਾ ਸੀ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਜਿਸ ਸਿਧਾਂਤ ਦੀ ਵਿਆਖਿਆ 'ਸੁਖਮਣੀ' ਦੀ ੧੭ਵੀਂ ਅਸ਼ਟਪਦੀ ਵਿਚ ਕੀਤੀ ਹੈ, ਉਹ 'ਵਹਦਤਲਵਜੂਦ' ਦਾ ਸਿਧਾਂਤ ਹੀ ਹੈ। "ਦਰਸਨੁ ਸਤਿ ਸਤਿ ਪੇਖਨਹਾਰ, ਨਾਮੁ ਸਤਿ ਸਤਿ ਧਿਆਵਨਹਾਰ,........ ਆਪਿ ਸਤਿ ਸਤਿ ਸਭ ਧਾਰੀ..........ਬੂਝਨਹਾਰ ਕਉ ਸਤਿ ਸਭ ਹੋਇ।" ਸ੍ਰਿਸ਼ਟੀ ਅਤੇ ਸ੍ਰਿਸ਼ਟਾ ਇਕੋ ਪ੍ਰਧਾਨ ਦਰਬ ਦੇ ਰੂਪ ਹਨ, 'ਆਪ ਸਤਿ, ਕੀਆ ਸਭਿ ਸਤੁ, ਤਿਸੁ ਸਤਿ ਤੇ ਸਗਲੀ ਉਤਪਤ।' ਉਪਨਿਸ਼ਦਾਂ ਦੇ 'ਸ੍ਰਿਸ਼ਟੀਵਾਕ' ਸਿਧਾਂਤ ਵਿਚ ਇਸ ਗੁਰਮਤ ਸਿਧਾਤ ਅਤੇ 'ਵਹਦਤਲਵਜੂਦ' ਦੇ ਮਸਲੇ ਦੀਆਂ ਜੜ੍ਹਾਂ ਹਨ।

ਇਬਨਿ-ਅਰਬੀ ਦੇ ਦਾਰਸ਼ਨਿਕ ਸਿਧਾਂਤ ਉਸ ਦੀ ਮ੍ਰਿਤੂ ਤੋਂ ਬਹੁਤਾ ਸਮਾਂ ਬੀਤਣ ਉਪ੍ਰੰਤ ਹੀ, ਭਾਰਤ ਵਿਚ, ਫਾਰਸੀ ਦੇ ਕਵੀ ਇਰਾਕ਼ੀ (ਮ੍ਰਿਤੂ, ੧੨੮੯) ਰਾਹੀਂ ਪੁੱਜ ਗਏ ਸਨ। ਦਿੱਲੀ ਦੇ ਸੁਲਤਾਨਾਂ, ਮੁਹੰਮਦ-ਬਿਨ-ਤੁਗ਼ਲਕ ਅਤੇ ਫ਼ੀਰੋਜ਼ ਸ਼ਾਹ ਤੁਗ਼ਲਕ ਉੱਤੇ, ਇਸ ਸ੍ਰਿਸ਼ਟੀਵਾਕ ਸਿਧਾਂਤ ਦਾ ਭਰਪੂਰ ਪਰਭਾਵ ਪਿਆ ਸੀ ਅਤੇ ਉਨ੍ਹਾਂ ਦੀਆਂ ਰਾਜਨੀਤਕ ਪਾਲਿਸੀਆਂ ਉੱਤੇ ਭੀ।*

ਮਵਲੈਨਹ ਜਲਾਲੁੱਦੀਨ ਰੂਮੀ ਦੀ ਜਗਤ-ਪ੍ਰਸਿੱਧ ਕਾਵ-ਰਚਨਾ, "ਮਥਨਵੀ";

---

† Printed in Bulaq, 1274 A.H., and in Cairo, 1329 A.H.

†† Printed with Abdur Razaq Kasbani's Commentary, in Cairo, 1309-1321 A. H.

* ਦਿੱਲੀ ਤੋਂ ਪ੍ਰਕਾਸ਼ਤ ਹੋਣ ਵਾਲੇ, 'ਬੁਰਹਾਨ' ਨਾਮੀ ਰਸਾਲੇ ਦੇ ਜਨਵਰੀ, ਸੰਨ ੧੯੫੦ ਦੇ ਅੰਕ ਵਿਚ, ਪ੍ਰੋਫੈਸਰ ਖ਼ਾਲਿਕ ਅਹਮਦ ਨਿਜ਼ਾਮੀ ਦਾ ਮਜ਼ਮੂਨ,

"شیخ محی الدین ابن عربی اور ھندوستان"

ਵਿਚ ਇਸ 'ਵਹਦਤਲਵਜੂਦ' ਦੇ ਸਿਧਾਂਤ ਦਾ ਪ੍ਰਚਾਰ ਕਵਿਤਾ ਰਾਹੀਂ; ਖੁਲ੍ਹਾ ਕੀਤਾ ਹੋਇਆ ਹੈ, ਜਿਵੇਂ ਕਿ ਗਦ ਵਿਚ ਕਰਨਾ ਅਸੰਭਵ ਸੀ, ਅਤੇ ਇਸ "ਮਥਨਵੀ" ਨੂੰ, ਸੂਫੀ ਮਤ ਦੇ ਅਨੁਯਾਈ "ਫਾਰਸੀ ਬੋਲੀ ਦਾ ਕੁਰਾਨ" ਕਹਿ ਕੇ ਸਨਮਾਨਦੇ ਹਨ।* ਉਂਜ ਸੂਫੀ ਮਤ ਦੇ ਸਿਧਾਂਤਾਂ ਸਾਧਨਾਂ ਨੂੰ ਕੁਰਾਨਸ਼ਰੀਫ ਉੱਤੇ ਆਧਾਰਤ ਸਿਧ ਕਰਨ ਦੇ ਯਤਨਾਂ ਬਾਰੇ, ਪ੍ਰਮਾਣੀਕ ਰਾਏ ਇਹੋ ਹੈ, ਕਿ ਇਹ ਵਿਚਾਰਧਾਰਾ ਉੱਕੀ ਨਿਰਮੂਲ ਤੇ ਥੋਥੀ ਹੈ। ਅਬੂ ਸੱਯਦ ਇੱਕ ਸੂਫੀ ਮਤ ਦੇ ਮਹਾਨ ਆਚਾਰਯ ਦਾ ਕਥਨ ਹੈ ਕਿ "ਸੂਫੀ ਮਤ ਕੁਰਾਨ ਦੇ ੮/੭ ਵੇਂ ਪਰਕਰਣ ਵਿੱਚ ਅੰਕਤ ਹੈ।" ** ਅਜੇਹੇ ੮/੭ ਵੇਂ ਪਰਕਰਣ ਦਾ ਕੁਰਾਨਸ਼ਰੀਫ ਵਿਚ ਉਕਾ ਅਭਾਵ ਹੈ, ਭਾਵ ਏਹ ਕਿ ਐਸਾ ਪਰਕਰਣ ਅਜੇ ਲਿਖਤ ਵਿਚ ਨਹੀਂ ਆਇਆ।

ਸ਼ੈਖ ਸੁਹਰਹਵਰਦੀ ਦੀ ਰਚਨਾ, 'ਅਵਾਰਫ਼ੁਲ-ਮਆਰਫ਼', ਸੂਫੀਆਂ ਦੇ ਚਿਸ਼ਤੀ ਅਖਾੜੇ ਦੇ ਸਾਧੂਆਂ ਵਿਚ ਪ੍ਰਮਾਣੀਕ ਮੰਨੀ ਜਾਂਦੀ ਹੈ, ਜਿਸ ਅਖਾੜੇ ਨਾਲ ਕਿ ਸ਼ੇਖ ਫਰੀਦੁੱਦੀਨ ਮਜਊਦ ਗੰਜੇਸ਼ਕਰ ਦਾ ਸੰਬੰਧ ਸੀ ਅਤੇ ਜਿਸ ਫਰੀਦ ਦੇ ਸਲੋਕ, ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹਨ।

ਇਬਨਿ-ਅਰਬੀ, ਅਪਣੇ ਜੀਵਨ ਵਿਚ ਹੀ "ਸ਼ੈਖ਼ਲ-ਅਕਬਰ," ਸਰਵੁੱਚਾਚਾਰਯ ਦੀ ਉਪਾਧੀ ਨਾਲ ਪ੍ਰਸਿੱਧ ਹੋ ਗਿਆ ਸੀ। ਉਹ ਆਪ ਸਪਸ਼ਟ ਕਹਿਆ ਕਰਦਾ ਸੀ, ਕਿ ਜਿਵੇਂ ਹਜ਼ਰਤ ਮੁਹੰਮਦ ਸਾਹਿਬ, 'ਖ਼ਾਤਮੁੱਲੰਬੀਯਾ' ਅਰਥਾਤ ਚੂੜਾਮਣਿ ਨਬੀ ਹਨ, ਇਸੇ ਪ੍ਰਕਾਰ, ਉਹ ਆਪ 'ਖ਼ਾਤਮੁਲ-ਅਵਲੀਯਾ,' ਸ਼੍ਰੋਮਣਿ ਸੰਤ, ਹੈ। ਸ਼੍ਰੋਮਣੀ ਸੰਤ,

> "ਮੇਰੇ ਅਪਣੇ ਸਮੇਂ ਵਿਚ ਹੀ ਜਨਮਿਆ ਹੈ। ਮੇਰੀ ਉਸ ਨਾਲ ਭੇਟ ਹੋ ਚੁੱਕੀ ਹੈ। ਸ਼੍ਰੋਮਣਿ ਸੰਤ ਦੇ ਸਾਰੇ ਲਕਸ਼ਣ ਮੈਂ ਉਸ ਵਿਚ ਦੇਖੇ ਹਨ।"

ਇਸ ਇਬਨਿ-ਅਰਬੀ ਦੇ ਮਹਾਨ ਦਾਰਸ਼ਨਿਕ ਸਿਧਾਂਤ, 'ਵਹਦਤੁਲਵਜੂਦ,' ਦਾ ਸਥਾਨ ਗੁਰਮਤ ਵਿਚ ਨਿਰਣਯ ਕਰ ਆਏ ਹਾਂ। ਉਸ ਦੇ ਇੱਕ ਹੋਰ ਸਿਧਾਂਤ ਦਾ ਭੀ ਦਸਮ ਪਾਤਸ਼ਾਹ ਦੇ 'ਖਾਲਸਾ' ਸਿਧਾਂਤ ਨਾਲ ਡੂੰਘਾ ਸੰਬੰਧ ਹੈ।

'ਫ਼ਸੂਸਲਹਿਕਮ' ਨਾਮੀ, ਸ੍ਵੈਰਚਿਤ ਗ੍ਰੰਥ ਦੇ ਪਹਿਲੇ ਅਧਿਆਇ ਵਿਚ ਹੀ, ਉਹ ਕਹਿੰਦਾ ਹੈ :—

> "ਪੁਰਸ਼ ਦਾ ਅਕਾਲ ਪੁਰਖ ਨਾਲ ਉਹੋ ਸੰਬੰਧ ਹੈ ਜੋ ਕਿ ਅੱਖ ਦੀ ਪੁਤਲੀ ਦਾ ਅੱਖ ਨਾਲ ਹੈ। ਜਿਵੇਂ ਦ੍ਰਿਸ਼ਟੀ ਪੁਤਲੀ ਉਤੇ ਆਧਾਰਤ ਹੈ, ਇਵੇਂ ਹੀ ਅਕਾਲ ਪੁਰਖ ਸ੍ਰਿਸ਼ਟੀ ਨੂੰ ਪੁਰਸ਼ ਰੂਪੀ ਪੁਤਲੀ ਦੁਆਰਾ ਦੇਖਦਾ ਹੈ......ਮਨੁਖ ਇਕੋ ਸਮੇਂ ਨਾਸ਼ਮਾਨ ਭੀ ਹੈ ਅਤੇ ਅਵਿਨਾਸ਼ੀ ਭੀ ......ਮਨੁਖ ਹੀ ਸ਼ਬਦ ਹੈ, ਜੋ ਸੰਸਾਰ ਦੇ ਭਿੰਨ ਭਿੰਨ ਪਦਾਰਥਾਂ ਦਾ ਵਿਜੋਗ ਕਾਰਕ ਭੀ ਹੈ ਤੇ ਸੰਜੋਗ ਕਰਤਾ ਭੀ। ਸ਼ਬਦ ਦੀ ਉਤਪਤੀ ਭੀ ਮਨੁਖ ਦੁਆਰਾ ਹੀ ਹੁੰਦੀ ਹੈ।........ਮਨੁਖ ਦੇ ਜ਼ਿਮੇ ਹੀ

---

* "ہست قرآن در زبان پہلوی—"

** Nicholson, *Studies in Islamic Mysticism*, p. 59,

> ਸ੍ਰਿਸ਼ਟੀ ਦੀ ਰਖਿਯਾ ਦਾ ਭਾਰ ਹੈ। ਜਦ ਤੱਕ ਸੰਸਾਰ ਵਿਚ ਮਨੁਖ ਮੌਜੂਦ ਹੈ, ਸ੍ਰਿਸ਼ਟੀ ਸੁਰਖਯਤ ਹੈ ।"[1]

ਇਬਨਿ-ਅਰਬੀ ਦੇ ਇਹ ਵਿਚਾਰ, ਇਕ ਹਦੀਬ (ਹਦੀਸ) ਦਾ ਪਰਿਭਾਸ਼ ਹਨ, ਜਿਸ ਅਨੁਸਾਰ, ਇਕ ਵੇਰਾਂ ਹਜ਼ਰਤ ਦਾਊਦ ਨੇ ਪਰਮਜੋਤ ਵਾਹਿਗੁਰੂ ਅਕਾਲ ਪੁਰਖ ਦੇ ਸੰਪੂਰਣ ਗਿਆਨ ਦੀ ਅਕਾਂਕਸ਼ਾ ਕੀਤੀ ਤਾਂ ਅਕਾਲ ਪੁਰਖ ਨੇ ਕਿਹਾ, "ਮੇਰੀ ਇੱਛਾ ਮਨੁੱਖ ਦਾ ਗਿਆਨ ਪ੍ਰਾਪਤ ਕਰਨ ਦੀ ਤੇਰੀ ਇਸ ਅਕਾਂਕਸ਼ਾ ਨਾਲੋਂ ਕਿੱਤੇ ਵਿਧੇਰੇ ਪ੍ਰਬਲ ਹੈ ।" ਪਾਰਬ੍ਰਹਮ ਦੇ ਮਨੁਖਾਸ੍ਰਿਤ ਹੋਣ ਦੇ ਸਿਧਾਂਤ ਨੂੰ ਜਿਸ ਸਫਾਈ ਅਤੇ ਤੀਬ੍ਰਤਾ ਨਾਲ ਇਬਨਿ-ਅਰਬੀ ਨੇ ਵਿਆਖਿਆ ਹੈ, ਹੋਰ ਕਿਸੇ ਨੇ ਨਹੀਂ, ਕਿ ਮਨੁਖ ਪ੍ਰਮੇਸ਼ਰ ਪ੍ਰਾਪਤੀ ਦੀ ਤਾਂਘ ਨਹੀਂ ਰਖਦਾ, ਪ੍ਰਮੇਸ਼ਰ ਮਨੁੱਖ-ਪ੍ਰਾਪਤੀ ਦਾ ਤਾਂਘੀ ਹੈ । ਗੁਰੂ ਗ੍ਰੰਥ ਸਾਹਿਬ ਵਿਚ ਇਸੇ ਵਿਚਾਰ ਸਿਧਾਂਤ ਵਲ ਕੁਝ ਸੰਕੇਤ ਹੈ, 'ਮੈਂ ਗੁਣਤੰਧ ਸਗਲ ਕੀ ਜੀਵਨ, ਮੇਰਾ ਜੀਵਨ ਮੇਰੇ ਦਾਸ ।' ਅਬਦੁਲ ਕਰੀਮ, ਅਲਜੀਲੀ (੧੩੬੫-੧੪੧੭) ਨੇ ਇਬਨਿ-ਅਰਬੀ ਦੀ ਇਸ ਵਿਚਾਰਧਾਰਾ ਦਾ ਵਿਸਤਾਰ ਵਿਸ਼ਲੇਸ਼ਨ, ਅਪਣੀ ਪ੍ਰਸਿੱਧ ਪੁਸਤਕ, "ਅਲ-ਇਨਸਾਨੁਲ-ਅਕਮਲ," ਵਿਚ ਕੀਤਾ ਹੈ, ਜਿਸ ਦਾ ਅਧਯਨ ਕੀਤਆਂ, ਸਾਹਿਬ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਆਦ੍ਰਸ਼: "ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੈਂ ਹਉਂ ਕਰੋਂ ਨਿਵਾਸ, ਖਾਲਸਾ ਮੇਰੋ ਇਸ਼ਟ ਅਰ ਬਿਰਦੁ, ਖਾਲਸਾ ਮੇਰੋ ਸਖਾ ਸੁਹਿਰਦ, ਹਉਂ ਖਾਲਸੇ ਕੋ ਖਾਲਸਾ ਮੇਰੋ, ਓਤਪੋਤ ਸਾਗਰ ਬੂੰਦੇਰੋ," ਸਾਫ ਅੱਖਾਂ ਅੱਗੇ ਆ ਜਾਂਦਾ ਹੈ ।

ਸ਼ਹਿਨਸ਼ਾਹ ਅਕਬਰ ਦਾ ਵਿੱਦਵਾਨ ਮੁਸਾਹਿਬ, ਅਬੁੱਲ-ਫ਼ਦਲ, (੧੫੫੧-੧੬੦੨) ਅਪਣੀ ਜਗਤ-ਪ੍ਰਸਿੱਧ ਪੁਸਤਕ, 'ਆਈਨਿ-ਅਕਬਰੀ' ਵਿਚ ਲਿਖਦਾ ਹੈ, ਕਿ ਉਸ ਸਮੇਂ ਹਿੰਦੁਸਤਾਨ ਵਿਚ ਸੂਫੀਆਂ ਦੇ ਚੌਦਾਂ ਸਿਲਸਿਲਹ, ਅਥਵਾ ਡੇਰੇ ਸਨ, ਜਿਨ੍ਹਾਂ ਵਿਚ ਕਿ ਉਹ ਸੁਹਰਹਵਰਦੀ ਅਤੇ ਚਿਸ਼ਤੀ ਡੇਰਿਆਂ ਨੂੰ ਭੀ ਗਿਣਦਾ ਹੈ ।[2] ਇਸ ਸਮੇਂ ਤੱਕ, ਜਿਤਨੇ ਡੇਰੇ ਤਥਾ ਸੰਪ੍ਰਦਾਯ ਸੂਫੀ ਮਤ ਦੇ ਹਿੰਦੁਸਤਾਨ ਯਾ ਬਾਹਰਲੇ ਦੇਸ਼ਾਂ ਵਿਚ ਸਥਾਪਤ ਸਨ, ਉਨ੍ਹਾਂ ਦਾ ਆਪਸ ਵਿਚ ਸਿਧਾਂਤ-ਅੰਤਰ ਨਹੀਂ ਸੀ, ਸਾਧਨ-ਅੰਤਰ ਸੀ, ਅਤੇ ਸੁਹਰਹਵਰਦੀ ਤੇ ਚਿਸ਼ਤੀ ਡੇਰੇ ਇਸ ਸਾਧਨ-ਅੰਤਰ ਦੇ ਉੱਘੇ ਤੇ ਤਿੱਖੇ ਪ੍ਰਤੀਕ ਸਨ । ਸੁਹਰਹਵਰਦੀ ਸਿਲਸਿਲਹ ਦੇ ਉੱਘੇ ਡੇਰੇ, ਸਿਧ ਅਤੇ ਪੰਜਾਬ ਦੇਸ਼ ਵਿਚ ਸਨ, ਮੁਲਤਾਨ ਅਤੇ ਉੱਚਸ਼ਰੀਫ । ਚਿਸ਼ਤੀ ਸਿਲਸਿਲਹ ਦੇ ਕੇਂਦ੍ਰ-ਅਸਥਾਨ ਸਨ, ਅਜਮੇਰ, ਨਾਰਨੌਲ, ਨਾਗੌਰ, ਮੰਡਲ, ਅਜੋਧਨ ਆਦਿ, ਪੰਜਾਬ ਵਿਚ, ਪਰ ਪਿੱਛੋਂ ਜਾ ਕੇ, ਇਸ ਸਿਲਸਿਲਹ ਦਾ ਪ੍ਰਭਾਵ ਉੱਤ੍ਰ ਪ੍ਰਦੇਸ਼, ਬਿਹਾਰ, ਬੰਗਾਲ, ਆਸਾਮ ਅਤੇ ਦੱਖਣ ਦੇਸ਼ ਵਿਚ ਭੀ ਬਹੁਤ ਵਧਿਆ । ਜਦੋਂ ਤਕ ਸੂਫੀ ਮਤ ਮਤਾਂਤ੍ਰ ਅਤੇ ਡੇਰਿਆ ਦਾ ਆਪਸੀ ਭੇਦ ਸਾਧਨ-ਅੰਤਰ ਉੱਤੇ ਹੀ ਨਿਰਭਰ ਰਿਹਾ, ਸਿੱਖ ਗੁਰੂਆਂ ਅਤੇ ਸਿੱਖ ਧਰਮ ਦੇ ਤਵਾਰੀਖੀ ਵਿਕਾਸ ਦੇ ਸੰਬੰਧ ਸੂਫੀ ਮਤ ਨਾਲ ਭਰੱਪਣ ਤੇ ਸਾਂਝ ਦੇ ਬਣੇ ਰਹੇ । ਕਿਉਂਜੁ ਹਿੰਦੁਸਤਾਨ ਵਿਚ, ਇਸਲਾਮੀ ਹਕੂਮਤ ਦੀ

---

[1] Muhy-d-din, Ibn-Arabi, *La Sagesse des Prophetes*, translated by Titues Burckhardt, Paris, 'Editions, Albin' Michel, 1955, *p.* 25.

[2] ਆਈਨਿ-ਅਕਬਰੀ, ਭਾਗ, ੨, ਸਫਹ ੨੦੩ (ਅੰਗ੍ਰੇਜ਼ੀ ਤਰਜੁਮਾ)

ਸ਼ਹਿਰ ਦਾ ਮੁਲਕੀ ਸ਼ਾਸਨ ਭੀ ਇਸ ਸੂਫ਼ੀ ਮਤ ਦੇ ਵਾਤਾਵਰਨ ਉੱਤੇ ਹੀ ਨਿਰਭਰ ਸੀ, ਇਸ ਲਈ ਸਿੱਖ ਮਤ ਅਤੇ ਸਿੱਖ ਗੁਰੂਆਂ ਦੀ ਟੱਕਰ ਇਸਲਾਮੀ ਰਾਜ ਨਾਲ ਹੋਣ ਦੇ ਕੋਈ ਕਾਰਣ ਉਤਪੰਨ ਨ ਹੋਏ। ਪਰ ਜਦੋਂ ਸ਼ੇਖ ਸਰਹੰਦੀ, ਅਲਫ਼-ਥਾਨੀ, ਮੁਜੱਦਦ, ਨੇ ਕਰੜਾ ਸਿਧਾਂਤ-ਅੰਤਰ ਸੂਫ਼ੀ ਮਤ ਅੰਦਰ ਵਾੜ ਦਿੱਤਾ ਅਤੇ ਹਿੰਦੁਸਤਾਨ ਦੇ ਇਸਲਾਮੀ ਰਾਜ ਸ਼ਾਸਨ ਨੇ ਇਸ ਸਿਧਾਂਤ-ਅੰਤਰ ਤੋਂ ਪ੍ਰਭਾਵਤ ਹੋ ਕੇ, ਮੁਜੱਦਦ ਦੇ ਦਾਰਸ਼ਨਿਕ ਸਿਧਾਂਤ ਨੂੰ, ਜਿਸ ਦਾ ਕਿ ਮੁਖ਼ਤਸਿਰ ਵਿਸਥਾਰ ਅਗੇ ਕਰਾਂਗੇ, ਸਖ਼ਤੀ ਨਾਲ ਅਪਣਾ ਲਿਆ ਤਾਂ ਇਸਲਾਮੀ ਰਾਜ ਸ਼ਕਤੀ ਅਥਵਾ ਮੁਗਲ ਰਾਜ ਦੀ ਸਿੱਧੀ ਟੱਕਰ, ਸਿੱਖ ਗੁਰੂਆਂ ਅਤੇ ਸਿੱਖ ਮਤ ਦੇ ਤਾਰੀਖੀ ਵਿਕਾਸ ਨਾਲ ਹੋ ਪਈ, ਜਿਸ ਬਾਬਤ ਪਿਛੇ ਕਹਿ ਆਏ ਹਾਂ।

ਮੁਜੱਦਦ ਦੇ ਸਿਧਾਂਤ-ਅੰਤਰ ਨੂੰ ਸਮਝਣ ਤੋਂ ਪਹਿਲਾਂ, ਸੁਹਰਹਵਰਦੀਆਂ ਤੇ ਚਿਸ਼ਤੀਆਂ ਦੇ ਸਾਧਨ-ਅੰਤਰ ਨੂੰ ਸਮਝਣਾ ਚਾਹੀਏ।

ਸੁਹਰਹਵਰਦੀ ਮੱਤ ਇਹ ਸੀ ਕਿ ਸਾਧਕ ਵਾਸਤੇ ਗਿਆਨ-ਪ੍ਰਾਪਤੀ ਦੇ ਸਾਧਨਾਂ ਵਿਚੋਂ ਮੁਖ ਅਤੇ ਪ੍ਰਥਮ ਸਾਧਨ, ਸ਼ਰਅ ਦਾ ਪਾਲਨ ਅਤੇ ਇਸਲਾਮੀ ਰਹੁਰੀਤ ਦੀ ਪਾਬੰਦੀ ਹੈ। ਸ਼ਰਅ ਨੂੰ ਅਮੰਨਾ ਕੀਤੇ ਬਿਨਾ, ਗਿਆਨ ਦੀ ਪ੍ਰਾਪਤੀ ਤਾਂ ਇਕ ਪਾਸੇ ਰਹੀ, ਗਿਆਨ ਪ੍ਰਾਪਤੀ ਦੇ ਪੱਥ ਉੱਤੇ ਪਹਿਲਾ ਕਦਮ ਚੁੱਕਣਾਂ ਹੀ ਕਠਨ ਹੈ। ਉੱਚ ਸ਼ਰੀਫ਼ ਦੇ ਪੀਰ, ਜਿਹੜੇ ਕਿ ਇਸ ਵਿਚਾਰਧਾਰਾ ਦੇ ਧਾਰਨੀ ਅਤੇ ਪ੍ਰਚਾਰਨ ਵਾਲੇ ਸਨ, ਉਨ੍ਹਾਂ ਦੇ ਗੁਰੂ ਨਾਨਕ ਸਾਹਿਬ ਨਾਲ ਪ੍ਰੇਮ ਤੇ ਸ਼ਰਧਾ ਭਰੇ ਸੰਬੰਧ ਸਨ, ਅਤੇ ਅਜੇ ਤਕ ਗੁਰੂ ਨਾਨਕ ਸਾਹਿਬ ਦੇ ਕੌਂਸ, ਪੈਰਾਂ ਦੇ ਪਊਏ, ਉੱਚ ਸ਼ਰੀਫ਼ ਵਿਚ ਸਤਿਕਾਰ ਸਹਿਤ ਸਾਂਭੇ ਪਏ ਦੱਸੇ ਜਾਂਦੇ ਹਨ। ਸ਼ੈਖ ਬਹਾਉੱਦ-ਦੀਨ ਅਵਲੀਆ (੧੧੮੨-੧੨੬੨) ਕੋਟ ਅਰੋੜ (ਮੁਲਤਾਨ) ਦਾ ਜੰਮ ਪਲ ਸੀ ਅਤੇ ਇਸ ਨੇ ਸੂਫ਼ੀ ਮਤ ਦੀ ਦੀਖਿਆ, ਸ਼ੈਖ ਸ਼ਿਹਾਬੁਦ-ਦੀਨ, ਸੁਹਰਹਵਰਦੀ, ਕੋਲੋਂ ਬਗਦਾਦ ਵਿਚ ਜਾ ਕੇ ਪ੍ਰਾਪਤ ਕੀਤੀ ਸੀ, ਅਤੇ ਇਹ ਸ਼ੈਖ ਬਹਾਉੱਦ-ਦੀਨ ਸੁਹਰਹਵਰਦੀ ਸਿਲਸਿਹ ਦਾ ਚੂੜਾਮਣਿ ਆਚਾਰਯ ਪ੍ਰਸਿੱਧ ਹੈ। ਇਸ ਦਾ ਮੁੱਖ ਉਪਦੇਸ਼ ਸੀ, ਕਿ ਪ੍ਰਭੂ-ਭਗਤੀ ਅਤੇ ਗਿਆਨ ਪ੍ਰਾਪਤੀ ਦੇ ਸਾਧਨਾਂ ਵਿਚ ਤਪ ਅਤੇ ਤਿਆਗ ਦਾ ਰਾਹ ਪ੍ਰਮਾਣੀਕ ਨਹੀ। ਸੰਸਾਰ ਦੇ ਕਾਰ ਵਿਹਾਰ ਕਰਦਿਆਂ ਅਤੇ ਸ੍ਰੀਰ ਦੀ ਪਾਲਨਾ ਪੋਸਨਾ ਕਰਦਿਆ ਹੀ, ਪ੍ਰਭੂ-ਭਗਤੀ ਪ੍ਰਮਾਣੀਕ ਹੈ। ਗੁਰੂ ਨਾਨਕ ਸਾਹਿਬ ਦਾ ਇਹ ਵਾਕ, "ਨਾਨਕ ਸੋ ਪ੍ਰਭੁ ਸਿਮਰੀਐ ਤਿਸ ਦੇਹੀ ਕੌ ਪਾਲਿ" ਅਤੇ 'ਸਾਖੀਆਂ ਗੁਰੂ ਅਮਰਦਾਸ ਕੀਆਂ' ਨਾਮੀ ਗ੍ਰੰਥ ਵਿਚ ਅੰਕਤ ਇਹ ਹੁਕਮ ਕਿ "ਜੋ ਸਿੱਖ ਹੋਇ ਕਰ ਉਦਾਸੀ ਹੋਏਗਾ, ਉਸ ਦਾ ਬੁਰਾ ਹੋਵੇਗਾ," ਸ਼ੈਖ ਬਹਾਉੱਦੀਨ ਦੀ ਉਪ੍ਰੋਕਤ ਵਿਚਾਰਧਾਰਾ ਨਾਲ ਇੰਨ ਬਿੰਨ ਸਹਿਮਤ ਹਨ। ਉੱਚ ਸ਼ਰੀਫ਼ ਦੇ ਸੂਫ਼ੀਆਂ ਦੇ ਡੇਰੇ ਦਾ ਨਿਰਮਾਤਾ, ਇਸੇ ਸ਼ੈਖ ਬਹਾਉੱਦ-ਦੀਨ ਦਾ ਚੇਲਾ, ਸੱਯਦ ਜਲਾਲੁੱਦ-ਦੀਨ, ਬੁਖਾਰੀ, (ਮ੍ਰਿਤੂ,੧੨੯੧) ਹੈ। ਇਹ ਸ਼ੈਖ ਬਹਾਉੱਦ-ਦੀਨ ਹੀ ਸੀ, ਜਿਸ ਨੇ ਅਪਣੇ ਮੁਰੀਦਾਂ ਨੂੰ ਪੀਰ ਦੀ ਚਰਨ ਬੰਦਨਾ ਕਰਨ ਤੋਂ ਵਰਜਿਆ ਸੀ ਅਤੇ ਹੁਕਮ ਕੀਤਾ ਸੀ, ਕਿ ਮੁਰੀਦ, ਪੀਰ ਨੂੰ "ਅੱਸਲਾਮੁਲੈਕੁਮ" ਕਹਿ ਕੇ ਮਿਲੇ। ਗੁਰੂ ਗੋਬਿੰਦ ਸਿਘ ਜੀ ਨੇ ਭੀ ਇਸੇ ਭਾਂਤ ਦਾ ਹੁਕਮ ਖਾਲਸਾ ਸਾਜਨ ਉਪ੍ਰਾਂਤ ਕੀਤਾ ਸੀ, ਕਿ ਗੁਰੂ ਕਾ ਸਿੰਘ ਹਜ਼ੂਰੀ ਵਿਚ ਆਵੇ

ਤਾਂ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ" ਬੁਲਾ ਕੇ ਦਰਸ਼ਨ ਦੀਦਾਰੇ ਕਰੇ, ਚਰਨ ਨ ਪਰਸੇ । ਸਾਹਿਬ ਦਸਮ ਪਾਤਸ਼ਾਹ ਦਾ ਔਰੰਗਜ਼ੇਬ ਦੇ ਨਾਮ ਪਹਿਲਾ ਪੱਤ੍ਰ, 'ਫਤਹਨਾਮਹ' ਲੈ ਕੇ ਜਿਸ ਸਮੇਂ ਭਾਈ ਦਇਆ ਸਿੰਘ ਜੀ, ਮਾਛੀਵਾੜੇ ਤੋਂ ਗ਼ਨੀ ਖਾਂ, ਨਬੀ ਖਾਂ, ਦੀ ਸਾਹਇਤਾ ਨਾਲ, ਪੀਰ ਦਾ ਵੇਸ ਵਟਾ ਕੇ ਨਿਕਲੇ ਸਨ ਤਾਂ, ਜਿਹਾ ਕਿ ਇਤਿਹਾਸ ਜਾਨਣ ਵਾਲਿਆਂ ਨੂੰ ਪਤਾ ਹੈ, ਉਹ ਮੁਗ਼ਲ ਫੌਜ ਦੇ ਇਕ ਦਸਤੇ ਨੇ, ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਤਲਾਸ਼ ਵਿਚ ਸੀ, ਘੇਰ ਲਏ ਸਨ । ਤਦ, ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਹਦਾਇਤ ਅਨੁਸਾਰ ਹੀ, ਜਿਹੜੀ ਕਿ ਅਜੇਹੀ ਵਿਪਤਾ ਨੂੰ ਸੰਭਵ ਜਾਣ ਕੇ ਹੀ ਦਿਤੀ ਗਈ ਸੀ, ਗ਼ਨੀ ਖਾਂ, ਨਬੀ ਖਾਂ ਨੇ ਭਾਈ ਦਇਆ ਸਿੰਘ ਨੂੰ, "ਪੀਰੇ-ਉੱਚ" ਕਿਹਾ ਸੀ, ਕਿਉਂਕਿ ਉੱਚ ਸ਼ਰੀਫ ਦੇ ਸੂਫੀ ਡੇਰੇ ਨਾਲ ਸਿੱਖੀ ਦੇ ਸੰਬੰਧ ਇਸ ਪ੍ਰਕਾਰ ਨਿੱਘੇ ਤੇ ਨੇੜੇ ਸਨ, ਕਿ ਇਹ "ਉੱਚ ਦੇ ਪੀਰ" ਹੋਣ ਦਾ ਦਾਅਵਾ ਨਿਰਾਧਾਰ ਨਹੀ ਸੀ ਸਮਝਿਆ ਗਿਆ । ਇਨ੍ਹਾਂ ਭਾਈ ਦਇਆ ਸਿੰਘ ਬਾਬਤ ਹੀ ਸੱਯਦ ਹਸਨ ਅਲੀ, ਮਨੂੰ ਮਾਜਰੇ ਵਾਲੇ ਨੇ ਕੁਰਾਨਸ਼ਰੀਫ ਦੀ ਸ਼ਰਅਈ ਸੁਗੰਦ ਚੁੱਕੀ ਸੀ, ਕਿ ਇਹ ਗੁਰੂ ਗੋਬਿੰਦ ਸਿੰਘ ਜੀ ਸ੍ਵਯਮ ਨਹੀ ਹਨ, ਜਿਸ ਤੇ ਭਾਈ ਦਇਆ ਸਿੰਘ ਦੀ ਬੰਦ ਖਲਾਸ ਹੋਈ ਸੀ, ਅਤੇ ਉਹ ਦਸਮ ਪਾਤਸ਼ਾਹ ਦਾ 'ਫਤਹਨਾਮਹ' ਔਰੰਗਜ਼ੇਬ ਤਕ ਪਹੁੰਚਾਣ ਵਿਚ ਕਾਮਯਾਬ ਹੋਏ ਸਨ । ਇਸੇ ਸੁਹਰਹਵਰਦੀ ਸੂਫੀ ਵਿਚਾਰਧਾਰਾ ਦਾ ਪ੍ਰਮਾਣੀਕ ਸਿਧਾਂਤਕ ਗ੍ਰੰਥ, 'ਫ਼ੁਆਇਦੁਲਫ਼ੁਆਦ' ਹੈ, ਜਿਸ ਵਿਚ ਸ਼ੇਖ਼ ਨਿਜ਼ਾਮੁੱਦ-ਦੀਨ ਅਵਲੀਆ ਦੇ ਪ੍ਰਵਚਨ ਅੰਕਤ ਹਨ । ਗੁਰੂ ਵਾਕ, "ਆਖਾਂ ਜੀਵਾਂ ਵਿਸਰੈ ਮਰ ਜਾਓ," ਇਸ ਸੂਫੀ ਗ੍ਰੰਥ ਵਿਚ ਇਕ ਅੰਕਤ ਵਾਕ ਨਾਲ ਇੰਨ ਬਿੰਨ ਮਿਲਦਾ ਹੈ ।[1]

ਚਿਸ਼ਤੀ ਸਿਲਸਿਲਹ ਦਾ ਸੁਹਰਹਵਰਦੀ ਸਿਲਸਿਲਹ ਨਾਲ ਮੁੱਢਲਾ ਸਾਧਨ-ਅੰਤਰ ਇਹ ਸੀ ਕਿ ਇਹ ਕਹਿੰਦੇ ਤੇ ਮੰਨਦੇ ਸਨ ਕਿ ਗਿਆਨ ਪ੍ਰਾਪਤੀ ਦਾ ਪ੍ਰਮੁਖ ਸਾਧਨ ਆਤਮ ਸ਼ੁੱਧੀ ਹੈ, ਸ਼ਰਹ ਦੀ ਪਾਬੰਦੀ ਨਹੀ । ਆਤਮ ਦਰਸ਼ੀ ਪੁਰਸ਼ ਸੁਤੇ ਸਿੱਧ ਸ਼ਰਹ ਦਾ ਪਾਬੰਦ ਹੋ ਜਾਵੇਗਾ, ਸਾਧਿਕ ਉੱਤੇ ਸ਼ਰਹ ਠੋਸਣੀ ਅਨੁਚਿਤ ਅਤੇ ਬਿਵਰਜਤ ਹੈ ।

ਜਿਸ ਵੇਲੇ ਸਿੱਖ ਗੁਰੂਆਂ ਅਤੇ ਸਿੱਖ ਮਤ ਤੇ ਤਾਰੀਖੀ ਵਿਕਾਸ ਦੀ ਸਿੱਧੀ ਅਤੇ ਕਰੜੀ ਟੱਕਰ ਗੁਰੂ ਅਰਜਨ ਦੇਵ ਦੇ ਸਮੇਂ ਮੁਗ਼ਲ ਸਾਮਰਾਜ ਆਧਾਰਤ ਇਸਲਾਮੀ ਸ਼ਾਸਨ ਨਾਲ ਹੋਈ, ਤਾਂ ਇਸ ਚਿਸ਼ਤੀ ਸਿਲਸਿਲਹ ਦੇ ਕ਼ਆਦਰੀ ਰੂਪਾਂਤ੍ਰ ਦੇ ਮਹਾਨ ਆਚਾਰਯ ਹਜ਼ਰਤ ਸੱਯਦ ਮੀਆਂ ਮੀਰ ਨੇ ਨਿੱਡਰ ਹੋ ਕੇ ਸਿੱਖੀ ਦੀ ਭਰਪੂਰ ਹਾਮੀ ਭਰੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਆਧਾਰ-ਸ਼ਿਲਾ, ਗੁਰੂ ਅਰਜਨ ਸਾਹਿਬ ਦੇ ਕਹਿਣ ਉੱਤੇ, ਅਪਣੇ ਕਰ ਕਮਲਾਂ ਦੁਆਰਾ ਰੱਖੀ । ਸਾਢੌਰੇ ਦੇ ਪ੍ਰਸੱਧ ਸੂਫੀ ਡੇਰੇ ਦਾ ਪੀਰ ਸੱਯਦ ਬਦਰੁੱਦ-ਦੀਨ (ਪ੍ਰਸਿੱਧ, ਬੁੱਧੂ ਸ਼ਾਹ), ਇਸ ਚਿਸਤੀ ਸਿਲਸਿਲਹ ਦੇ ਗਗਨ ਦਾ ਤੇਜ ਮਈ ਸਿਤਾਰਾ ਹੀ ਸੀ ਜਿਸ ਨੇ ਕਿ ਅਪਣੇ ਚਾਰੇ ਪੁੱਤ੍ਰ ਅਤੇ ਅੰਤ ਨੂੰ ਸਾਰਾ ਪਰਵਾਰ ਗੁਰੂ ਗੋਬਿੰਦ ਸਿੰਘ

---

1 "حیات آ نست کہ درویش بہ ذکر حق مشغول باشد"

"فوائد الفعاد"—مؤلفہ امیر حسن علائے سجزی نولکشور—لکھنؤ ۱۳۰۲ ھجری، صفحہ ۲۰-

ਜੀ ਦੀ ਸੇਵਾ ਵਿਚ ਅਰਪਨ ਕਰ ਸ਼ਹੀਦ ਕਰਵਾ ਦਿੱਤਾ ਸੀ, ਅਤੇ ਜਦੋਂ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਅਤਿ ਪ੍ਰਸੰਨ ਹੋ ਕੇ ਕੁਛ ਮੰਗਣ ਲਈ ਕਿਹਾ ਸੀ ਤਾਂ ਗੁਰੂ ਦੇ ਪਵਿਤ੍ਰ ਕੇਸਾਂ ਦੇ ਕਘੇ ਵਿਚ ਫਸੇ ਹੋਏ ਕੁਝ ਵਾਲਾਂ ਦੇ ਦਾਨ ਦੀ ਯਾਚਨਾ ਕੀਤੀ ਸੀ, ਨੰਦ ਲਾਲ, ਗੋਇਆ, ਦੀ ਇਹ ਤੁਕ ਪੜ੍ਹ ਕੇ, "ਹਰ ਦੂ ਆਲਮ ਕੀਮਤੇ ਯਕ ਤਾਰੇ ਮੂਏ ਯਾਰਿਮਾ" !

ਇਤਨੇ ਗੂੜ੍ਹੇ, ਇਤਨੇ ਪੀਡੇ, ਇਤਨੇ ਬੁਨਿਆਦੀ ਅਤੇ ਇਤਨੇ ਆਭਾ ਪੂਰਤ ਸੰਬੰਧ, ਸਿੱਖੀ ਦੇ ਸੂਫ਼ੀ ਮਤ ਰੂਪੀ ਇਸਲਾਮ ਨਾਲ, ਕਿਸ ਸਿਧਾਂਤ-ਅੰਤਰ ਦੀ ਚਟਾਨ ਨਾਲ ਟਕਰਾ ਕੇ ਚਕਨਾ ਚੂਰ ਹੋ ਗਏ, ਜਿਸ ਦੇ ਸਿਟੇ ਵਜੋਂ, ਸਿੱਖ ਕੌਮ ਦਾ ਮੁਗ਼ਲ ਰਾਜ ਦੇ ਰੂਪ ਵਿਚ ਇਸਲਾਮ ਨਾਲ ਮਰਨ ਮਾਰਨ ਦਾ ਸੰਗ੍ਰਾਮ ਅਰੰਭ ਹੋਇਆ ਅਤੇ ਜਿਸ ਵਿਚੋਂ ਉਪਜੀਆਂ ਪ੍ਰਚੰਡ ਜ੍ਵਾਲਾ ਦੀਆਂ ਚੰਗਿਆੜੀਆਂ ਨੇ, ਸੰਨ ੧੯੪੭ ਵਿਚ, ਦੇਸ਼-ਵਿਭਾਜਨ ਅਤੇ ਲੱਖਾਂ ਮਨੁੱਖਾਂ ਦੀ ਅਹੂਤੀ ਲਈ ?

ਬਸ ਇਹੋ ਸ਼ੇਖ਼ ਸਿਰਹੰਦੀ, ਅਲਫ਼ ਥਾਨੀ, ਮੁਜੱਦਦ ਦੀ ਕਥਾ ਹੈ ਜਿਸ ਵਲ ਬਾਰ ਬਾਰ ਪਿਛਲੇ ਪੰਨਿਆਂ ਵਿਚ ਸੰਕੇਤ ਕਰ ਆਏ ਹਾਂ ਅਤੇ ਜਿਸ ਦਾ ਕੁਛ ਹੋਰ ਵਿਸਤਾਰ ਅਗੇ ਦਿੰਦੇ ਹਾਂ ।

ਸੁਹਰਾਵਰਦੀ ਅਤੇ ਚਿਸ਼ਤੀ ਸੂਫ਼ੀਆਂ ਬਾਬਤ ਦੱਸ ਚੁੱਕੇ ਹਾਂ ਕਿ ਇਨ੍ਹਾਂ ਦੋਂਹ ਸੂਫ਼ੀ ਡੇਰਿਆਂ ਦਾ ਪ੍ਰਭਾਵ ਹੀ ਵਿਸ਼ੇਸ਼ ਕਰਕੇ ਹਿੰਦੁਸਤਾਨ ਵਿਚ ਸੀ । ਇਹ ਸੂਫ਼ੀ ਸਿਲਸਿਲੇ, ਈਰਾਨ ਖੁਰਾਸਾਨ ਦੀ ਉਪਜ ਸਨ ਅਤੇ ਸੁਲਹ-ਕੁਲ 'ਸਭ ਸੇ ਰਲਿ-ਮਿਲਿ ਚਾਲੀਏ', ਇਨ੍ਹਾਂ ਦਾ ਈਮਾਨ ਸੀ। ਇਹ 'ਵਹਦਤਲਵਜੂਦ', ਏਕੋ ਬ੍ਰਹਮ ਦੁਤੀਯ ਨਾਸਤਿ, ਦੇ ਸਿਧਾਂਤ ਦੇ ਧਾਰਨੀ ਸਨ। ਖ਼ਵਾਜਾ ਮੁਹੰਮਦ ਬਾਕੀਬਿੱਲਾ, ਬੇਰੰਗ, ਜਿਸ ਸੂਫ਼ੀ ਸਿਲਸਿਲਹ ਨੂੰ, ਅਕਬਰ ਦੀ ਮ੍ਰਿਤੂ ਤੋਂ ਚਾਰ ਪੰਜ ਸਾਲ ਪਹਿਲਾਂ ਹਿੰਦੁਸਤਾਨ ਵਿਚ ਲਿਆਏ ਉਹ ਤੂਰਾਨ ਦੀ ਉਪਜ ਸੀ ਅਤੇ 'ਨਕਸ਼ਬੰਦੀਯਹ' ਨਾਮ ਨਾਲ ਪ੍ਰਸਿੱਧ ਸੀ । ਇਸ ਦਾ ਮੁਢਲਾ ਸਿਧਾਂਤ ਤਾਂ ਉਹੋ ਵਹਦਤੁਲ-ਵਜੂਦ, ਦਾ ਹੀ ਸੀ ਪਰ ਸ਼ਰਅ ਦੇ ਇਹ ਸੂਫ਼ੀ ਪੁੱਜ ਕੇ ਪੱਕੇ ਸ਼ਰਧਾਲੂ ਸਨ ।

ਮੁਜੱਦਦ ਨੇ, ਜੋ ਕਿ ਖ਼ਵਾਜਾ ਬਾਕੀਬਿੱਲਾ ਦਾ ਪ੍ਰਤਿਸ਼ਟ ਚੇਲਾ ਸੀ, ਸੂਫ਼ੀ ਮਤ ਦੇ ਇਸ ਸਿਧਾਂਤ ਨੂੰ ਭੀ ਪਲਟਾ ਦਿਤਾ, ਜਿਸ ਦਾ ਸਿਟਾ ਇਹ ਹੋਇਆ ਕਿ ਹਿੰਦੁਸਤਾਨ ਵਿਚ ਇਸਲਾਮ ਦੇ ਗ਼ੈਰਇਸਲਾਮ ਨਾਲ ਮੇਲ ਮਿਲਾਪ ਤੇ ਸਹਿਯੋਗ ਦੇ ਸਭ ਦਰਵਾਜੇ ਬੰਦ ਹੋ ਗਏ ।

ਨਕਸ਼ਬੰਦੀਯਹ ਸਿਲਸਿਲਹ ਦਾ ਇਕ ਹੋਰ ਭਯੰਕਰ ਰੁਹਜਾਨ ਸੀ, ਕਿ ਉਹ ਜੰਤਾ ਵਿਚ ਸਿੱਧਾ ਧਰਮ ਪ੍ਰਚਾਰ ਕਰਨ ਦੀ ਥਾਂ, ਸਮੇਂ ਦੀ ਰਾਜਸੱਤਾ ਅਤੇ ਹਕੂਮਤ ਉੱਤੇ ਅਸਰੋ ਰਸੂਖ਼ ਪ੍ਰਾਪਤ ਕਰਦੇ ਸਨ ਅਤੇ ਫੇਰ ਰਾਜਸੱਤਾ ਨੂੰ ਇਸਲਾਮ ਦਾ ਬੋਲ ਬਾਲਾ ਅਤੇ ਸ਼ਰਅ ਦੀ ਬਾਲਾਦਸਤੀ ਹਿਤ ਵਰਤਦੇ ਸਨ। ਮੁਜੱਦਦ ਦੇ ਨਾਹਰੇ, "ਅਸ਼-ਸ਼ਰਅ ਤਹਤਸ-ਸੈਫ਼," ਤਲਵਾਰ ਦੇ ਬਲ ਨਾਲ ਸ਼ਰਅ ਦੀ ਬਾਲਾਦਸਤੀ ਸਥਾਪਤ ਕਰਨੀ ਚਾਹੀਏ, ਵਲ ਪਿੱਛੇ ਸੰਕੇਤ ਕਰ ਆਏ ਹਾਂ ।

ਇਹ ਤਿੰਨ ਕਾਰਨ ਹਿਦੁਸਤਾਨ ਵਿਚ ਇਸਲਾਮ ਦੀ ਰੂਪ-ਰੇਖਾ ਦੇ ਪਰਿਵਰਤਨ ਦੇ ਸਨ (੧) 'ਵਹਦਤਲਵਜੂਦ' ਦੇ ਸਿਧਾਂਤ ਦਾ ਨਿਰੋਧ (੨) ਸ਼ਰਅ ਨੂੰ ਪਭੂ-ਭਗਤੀ ਦਾ ਸਰਵੋਤਮ ਅਤੇ ਇਕੋ ਇਕ ਮਾਰਗ ਮਨਣਾ ਅਤੇ (੩) ਰਾਜ ਸਤਾ ਨੂੰ ਇਸਲਾਮ ਦੇ ਇਸ ਰੂਪ ਦੀ ਬਾਲਾਦਸਤੀ ਲਈ ਵਰਤਣਾ, ਜਿਸ ਕਰਕੇ ਸਿਖ ਮਤ ਦੇ ਤਵਾਰੀਖੀ ਵਿਕਾਸ ਦੀ ਹਿੰਦੁਸਤਾਨ ਦੀ ਇਸਲਾਮੀ ਹਕੂਮਤ ਨਾਲ ਸਿਰ ਧੜ ਦੀ ਬਾਜੀ ਲਗ ਗਈ ਸੀ ।

ਖ਼ਵਾਜਾ ਬਾਕੀਬਿੱਲਾ ੧੨ ਜੁਲਾਈ ਸੰਨ ੧੫੬੪ ਨੂੰ ਕਾਬਲ ਵਿਚ ਜਨਮੇ, ਰਜ਼ੀਉੱਲਾ ਨਾਮ ਸੀ, ਪਰ ਬਾਕੀਬਿਲਾ ਨਾਮ ਨਾਲ ਮਸ਼ਹੂਰ ਹਨ । ਗਿਆਨ ਪ੍ਰਾਪਤੀ ਲਈ ਕਈ ਗੁਰੂ ਧਾਰਨ ਕੀਤੇ ਅਤੇ ਮੱਧ ਏਸ਼ੀਆ ਦੇ ਇਸਲਾਮੀ ਤੀਰਥਾਂ ਤੇ ਭਮਣ ਬਹੁਤ ਕੀਤਾ ਤੇ ਅੰਤ ਨੂੰ ਅਮੀਰ ਅਬਦੁੱਲਾ ਬਲਖ਼ੀ ਨੂੰ ਗੁਰੂ ਧਾਰਨ ਕੀਤਾ । ਫੇਰ ਕਸ਼ਮੀਰ, ਦਿੱਲੀ ਆਦਿ ਸੂਫੀ ਮੱਠਾਂ ਵਿਚ ਆਤਮਦਰਸ਼ੀ ਪੀਰਾਂ ਦੀ ਤਲਾਸ਼ ਵਿਚ ਫਿਰਦੇ ਰਹੇ ਅਤੇ ਅੰਤ ਨੂੰ ਬੁਖਾਰਾ ਜਾ ਕੇ ਖ਼ਵਾਜਾ ਅਮਕੰਗੀ, ਜੋ ਕਿ ਉੱਚੇ ਦਰਜੇ ਦੇ ਨਕਸ਼-ਬੰਦੀ ਸੂਫੀ ਪੀਰ ਸਨ, ਦੇ ਚਰਨਾ ਵਿਚ ਹਾਜ਼ਰ ਹੋਏ ਜਿਨ੍ਹਾ ਨੇ ਖ਼ਵਾਜਾ ਬਾਕੀਬਿਲਾ ਨੂੰ ਹਿੰਦੁਸਤਾਨ ਵਿਚ ਇਸਲਾਮੀ ਧਰਮ ਪ੍ਰਚਾਰ ਦੀ ਆਗਿਆ ਕੀਤੀ । ਇਉਂ ਆਪ ਦਿੱਲੀ ਆਏ ਅਤੇ ੪, ੫ ਸਾਲ ਧਰਮ ਉਪਦੇਸ਼ ਕਰਨ ਉਪ੍ਰਾਂਤ ਦਿਲੀ ਵਿਚ ਹੀ ਉਨ੍ਹਾਂ ਦਾ ੩੦ ਨਵੰਬਰ, ਸੰਨ ੧੬੦੩ ਨੂੰ ਦੇਹਾਂਤ ਹੋ ਗਿਆ ।

ਮੁਜੱਦਦ ਨੇ ਅਪਣੇ ਅਨੇਕ ਪਤ੍ਰਾਂ ਵਿਚ ਇਕ ਪ੍ਰਤਿਸ਼ਟ ਨਕਸ਼ਬੰਦੀ ਪੀਰ ਖ਼ਵਾਜਾ ਉਬੇਦੁੱਲਾ, ਅਹਰਾਰ ਦਾ ਇਹ ਬਚਨ ਅੰਕਤ ਕੀਤਾ ਹੈ :

"ਜੇ ਅਸਾਂ ਪੀਰੀ ਕਰਨੀ ਹੁੰਦੀ ਤਾਂ ਸੰਸਾਰ ਵਿਚ ਹੋਰ ਕਿਸੇ ਪੀਰ ਨੂੰ ਅਸਾਡੇ ਬਗੈਰ ਮੁਰੀਦ ਲੱਭਣਾ ਕਠਨ ਹੋ ਜਾਣਾ ਸੀ । ਪਰ ਅਸਾਡੇ ਜ਼ਿੰਮੇ ਹੋਰ ਕੰਮ ਲਗਾ ਹੋਇਆ ਹੈ ਕਿ ਮੁਸਲਮਾਨਾਂ ਦੀ ਦੁਸ਼ਟਾਂ ਤੋਂ ਰਖਿਆ ਕਰੀਏ । ਇਹ ਕਾਰਜ ਬਾਦਸ਼ਾਹਾਂ ਦੀ ਸਹਾਇਤਾ ਨਾਲ ਹੀ ਸਿਰੇ ਚੜ੍ਹ ਸਕਦਾ ਹੈ। ਰਾਜ-ਸੱਤਾ ਪ੍ਰਾਪਤ ਲੋਕਾਂ ਨਾਲ ਮੇਲ-ਜੋਲ, ਉਨ੍ਹਾਂ ਨੂੰ ਪ੍ਰਭਾਵ ਹੇਠਾਂ ਲਿਆਉਣਾ ਅਤੇ ਫੇਰ ਉਨ੍ਹਾਂ ਨੂੰ ਮੁਸਲਮਾਨਾਂ ਦੀ ਬਾਲਾ-ਦਸਤੀ ਲਈ ਵਰਤਣਾ, ਇਹੋ ਅਸਾਡਾ ਮੁੱਖ ਕਰਤੱਵਯ ਹੈ ।"[1]

ਧਰਮ ਪ੍ਰਚਾਰ ਦਾ ਇਹੋ ਢੰਗ ਸੀ ਜਿਸ ਨੂੰ ਖ਼ਵਾਜਾ ਬਾਕੀਬਿੱਲਾ ਨੇ ਅਕਬਰ ਦੇ ਅੰਤਮ ਦਿਨਾਂ ਵਿਚ ਮੁਗ਼ਲ ਰਾਜ ਦਰਬਾਰ ਵਿਚ ਵਰਤਣਾ ਅਰੰਭ ਦਿਤਾ ਸੀ । ਜਿਹੜੇ ਥੋਹੜੇ ਜਿਹੇ ਪੱਤ੍ਰ ਬਾਕੀਬਿੱਲਾ ਦੇ ਆਪਣੇ ਸ਼ਰਧਾਲੂਆ ਦੇ ਨਾਮ ਲਿਖੇ ਹੋਏ ਅਜੇ ਸੁਰਖਅਤ ਹਨ ਉਨਾਂ ਵਿਚੋਂ ਵਧੇਰੇ ਨਵਾਬ ਮੁਰਤਜ਼ਾ ਖਾਨ, ਸ਼ੈਖ ਫਰੀਦ, ਦੇ ਨਾਮ ਹਨ,

[1] اگر ماشیخی میکردیم دریں روزگار هیچ شیخ مرید نمی یافت—لیکن مارا کار دیگر فرموده اند که مسلمانان را از شر ظلم نگاه داریم—بواسطهٔ این بپادشاهان بایست اختلاط کردن و نفوس ایشان را مسخّر گردانیدن و بتوسط این عمل مقصود مسلمین برآوردن—

ਜਿਸ ਮੁਰਤਜ਼ਾ ਖਾਨ ਨੇ ਅਕਬਰ ਦੀ ਮ੍ਰਿਤੂ ਪਿੱਛੋਂ, ਮਜੱਦਦ ਦੀ ਪ੍ਰੇਰਨਾਂ ਲੈ ਕੇ ਜਹਾਂਗੀਰ ਨੂੰ ਤਖ਼ਤ ਲੈ ਕੇ ਦੇਣ ਵੇਲੇ ਹੀ ਗੁਰੂ ਅਰਜਨ ਦੇਵ ਦੇ ਵਿਨਾਸ਼ ਦਾ ਬਚਨ ਲੈ ਲਿਆ ਸੀ ਅਤੇ ਜਿਸ ਮੁਰਤਜ਼ਾ ਖਾਨ ਨੂੰ ਹੀ ਜਹਾਂਗੀਹ ਨੇ ਅੰਤ ਨੂੰ ਗੁਰੂ ਅਰਜਨ ਦੇਵ ਜੀ ਦੀ ਸਪੁਰਦਗੀ, ਤਸੀਹੇ ਦੇ ਕੇ, ਮਾਰ ਸੁੱਟਣ ਦਾ ਹੁਕਮ ਦੇ ਕੇ, ਕਰ ਦਿਤੀ ਸੀ । ਭੁੱਲਣਾ ਨਹੀ ਚਾਹੀਦਾ ਕਿ ਗੁਰੂ ਅਰਜਨ ਦੇਵ ਦੀ ਸ਼ਹੀਦੀ ਸੰਨ ੧੬੦੬ ਵਿਚ, ਜਹਾਂਗੀਰ ਦੇ ਹੁਕਮ ਨਾਲ, ਅਤੇ ਮੁਰਤਜ਼ਾ ਖਾਨ ਦੇ ਹੱਥੀਂ, ਲਾਹੌਰ ਵਿਚ ਹੋਈ ਜਦੋਂ ਕਿ ਮੁਰਤਜ਼ਾ ਖਾਨ ਗੁਜਰਾਤ ਦਾ ਸੂਬੇਦਾਰ ਨਿੱਯਤ ਹੋ ਚੁੱਕਾ ਸੀ ਅਤੇ ਲਾਹੌਰ ਦੀ ਸੂਬੇਦਾਰੀ ਨਾਲ ਉਸ ਦਾ ਕੋਈ ਸੰਬੰਧ ਨਹੀ ਸੀ, ਜਿਸ ਸੂਬੇਦਾਰੀ ਦੇ ਸ਼ਾਸਨ-ਖੇਤ੍ਰ ਵਿਚ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਿਆ ਗਿਆ । ਮੁਰਤਜ਼ਾ ਖਾਨ ਲਾਹੌਰ ਦਾ ਸੂਬੇਦਾਰ ੧੬੧੧ ਵਿਚ ਨਿਯਤ ਹੋਇਆ ਅਤੇ ਇੱਥੇ ਹੀ ਉਹ ਸੰਨ ੧੬੧੬ ਵਿਚ ਮਰ ਗਿਆ ।

ਸੰਨ ੧੬੦੬ ਵਿਚ, ਗੁਰੂ ਅਰਜਣ ਦੇਵ ਦੀ ਸ਼ਹੀਦੀ ਸਮੇਂ, ਲਾਹੌਰ ਦਾ ਮੁਗ਼ਲ ਸੂਬੇਦਾਰ ਕਲੀਚ ਖਾਂ, ਤੁਰਕੀ ਨਸਲ ਦਾ, ਸੀ ।

ਮੁਜੱਦਦ, ਬਾਕੀਬਿੱਲਾ ਦਾ ਜਾਨਸ਼ੀਨ, ਮਹਾਂ ਪ੍ਰਤਿਸ਼ਟ ਚੇਲਾ ਸੀ ਜਿਸ ਨੇ ਮੁਗ਼ਲ ਰਾਜ ਦੇ ਸ਼ਾਸਨ ਦੀ ਧਾਰਮਿਕ ਪਾਲਿਸੀ ਉੱਤੇ ਪੂਰਨ ਅਧਿਕਾਰ ਜਮਾ ਲਏ ਸਨ ਅਤੇ ਜਿਜ ਦਾ ਪਰਛਾਵਾਂ ਹਿੰਦਸਤਾਨ ਦੀ ਇਸਲਾਮੀ ਸਿਆਸਤ ਉੱਤੇ, ਤਿੰਨ ਸਦੀਆਂ ਬੀਤ ਜਾਣ ਉੱਤੇ ਭੀ, ਅੱਜ ਤਕ ਪੈ ਰਿਹਾ ਹੈ ।

"ਹਜ਼ਰਤ ਮੁਜੱਦਦ ੨੬ ਜੂਨ ਸੰਨ ੧੫੬੪ ਨੂੰ ਸਰਹਿੰਦ ਵਿਚ ਜਨਮੇਂ । ਆਪ ਦਾ ਨਾਮ ਅਹਿਮਦ ਸੀ, ਉਪਾਧੀ, ਬਦਰੁੱਦ-ਦੀਨ, ਬਿਰੁਦ, ਅਬੁੱਲਬਰਕਾਤ, ਅਤੇ ਅੱਲ, ਅਮਾਮਿ ਰੱਬਾਨੀ ਸੀ" ।[1] ਇਸ ਦਾ ਪਿਤਾ, ਸ਼ੇਖ ਅਬਦੁਲ ਅਹਦ, ਚੰਗਾ ਵਿੱਦਵਾਨ ਸੀ, ਅਤੇ ਮੁਜੱਦਦ ਨੇ ਮੁਢਲੀ ਵਿੱਦਿਆਂ ਘਰ ਹੀ ਪੜ੍ਹੀ । ਫੇਰ, ਸਿਆਲਕੋਟ ਦੇ ਪ੍ਰਸਿੱਧ ਵਿੱਦਵਾਨ, ਕਮਾਲ ਕਸ਼ਮੀਰੀ ਤੇ ਯਾਕੂਬ ਕਸ਼ਮੀਰੀ ਕੋਲ ਪੜ੍ਹੇ । ਇਸੇ ਤਰ੍ਹਾਂ ਉਨ੍ਹਾਂ ਨੇ ਕਾਦੀ ਬਹਿਲੋਲ ਅਤੇ ਕਾਦੀ ਬੇਜ਼ਾਵੀ, ਜੋ ਕਿ ਅਪਣੇ ਸਮੇਂ ਦੇ ਮੰਨੇ ਪ੍ਰਮੰਨੇ ਮੁਸਲਿਮ ਵਿੱਦਿਵਾਨ ਸਨ, ਕੋਲੋਂ ਇਸਲਾਮ ਦੇ ਧਾਰਮਿਕ ਗ੍ਰੰਥ ਪੜ੍ਹੇ ਜਿਸ ਦੇ ਉਪ੍ਰੰਤ ਉਹ ਉਸ ਸਮੇਂ ਦੀ ਹਿੰਦੁਸਤਾਨ ਦੀ ਰਾਜਧਾਨੀ, ਅਕਬਰਾਬਾਦ ਚਲੇ ਗਏ । ਉਥੇ ਅਕਬਰੀ ਦਰਬਾਰ ਦੇ ਸ਼ਕਤੀ-ਸ਼ਾਲੀ ਦਰਬਾਰੀ, ਅੱਬੁਲ ਫਜ਼ਲ, ਅਤੇ ਫੈਜ਼ੀ ਨਾਲ, ਇਸ ਦਾ ਮੇਲ ਹੋਇਆ ਅਤੇ ਅਕਬਰੀ ਦਰਬਾਰ ਦੇ ਇਨ੍ਹਾਂ ਰਤਨਾਂ ਨੇ, ਮੁਜੱਦਦ ਦੀ ਵਿੱਦਿਆ ਦਾ ਪ੍ਰਭਾਵ ਗ੍ਰਹਿਣ ਕੀਤਾ । ਕੁਝ ਵਰ੍ਹਿਆਂ ਪਿੱਛੋਂ, ਮੁਜੱਦਦ ਦਾ ਪਿਤਾ ਉਸ ਨੂੰ ਅਕਬਰਾ-ਬਾਦੋਂ ਘਰ ਲੈ ਆਇਆ ਅਤੇ ਰਾਹ ਵਿਚ ਹੀ ਇਸ ਦਾ ਨਿਕਾਹ, ਥਾਨੇਸਰ ਦੇ ਰਈਸ

---

[1] ਡਾਕਟਰ ਸ਼ੇਖ, ਮੁਹੰਮਦ ਇਕਰਾਮ, "ਰਵਦੇ ਕਵਥਰ," ਲਾਹੌਰ, ੧੯੫੮, ਸਫਾ ੨੦੯ । ਮੇਰੇ ਸਹਿਪਾਠੀ ਅਤੇ ਮਿਤ੍ਰ, ਸ਼ੇਖ ਮੁਹੰਮਦ ਇਕਰਾਮ, ਐਮ. ਏ, ਡੀ. ਲਿਟ, ਪਾਕਿਸਤਾਨ ਸਿਵਲ ਸਰਵਿਸ, ਨੇ 'ਰਵਦੇ ਕਵਥਰ,' 'ਆਬਿ ਕਵਥਰ' ਤੇ 'ਮਵਜੇ ਕਵਥਰ' ਤਿੰਨ ਨਿੱਗਰ ਗ੍ਰੰਥ, ਪਾਕ-ਹਿੰਦੁਸਤਾਨ ਦੀ ਮੁਸਲਮ ਰੂਹਾਨੀ ਤਾਰੀਖ ਬਾਰੇ, ਇਨ੍ਹਾਂ ਸਾਲਾਂ ਵਿਚ ਲਿਖੇ ਹਨ, ਜਿਨ੍ਹਾਂ ਤੋਂ ਮੈਂ ਬਹੁਤ ਸਾਰਾ ਮਸਾਲਾ, ਮੁਜੱਦਦ ਬਾਰੇ ਲਿਆ ਹੈ, ਜਿਸ ਲਈ ਮੈਂ ਅਪਣੇ ਮਿਤ੍ਰ ਦਾ ਰਿਣੀ ਹਾਂ - ਕਰਤਾ ।

ਸ਼ੇਖ ਸੁਲਤਾਨ, ਦੀ ਸਾਹਿਬਜ਼ਾਦੀ ਨਾਲ ਹੋ ਗਿਆ, ਜਿਥੋਂ ਇਸ ਨੂੰ ਬਹੁਤ ਧਨ ਪ੍ਰਾਪਤ ਹੋਇਆ । ਸਰਹਿੰਦ ਆ ਕੇ ਮੁਜੱਦਦ ਨੇ ਇਕ ਪੱਕੀ ਹਵੇਲੀ ਤੇ ਮਸਜਿਦ ਅਪਣੇ ਰਹਿਣ ਲਈ ਬਣਾ ਲਈ । ਹੁਣ ਉਸੇ ਥਾਂ ਉੱਤੇ ਉਸ ਦਾ ਮਕਬਰਾ ਬਣਿਆ ਹੋਇਆ ਹੈ । ਸੰਨ ੧੫੯੯ ਵਿਚ ਸ਼ੇਖ਼ ਅਹਿਮਦ, ਆਪਣੇ ਪਿਤਾ ਦੀ ਮ੍ਰਿਤੂ ਤੋਂ ਪਿਛੋਂ, ਹੱਜ ਕਰਨ ਲਈ ਜਾਂਦੇ ਜਾਂਦੇ ਦਿੱਲੀ ਵਿਚ ਖ਼ਵਾਜਾ ਬਾਕ਼ੀਬਿੱਲਾ ਦੇ ਮੁਰੀਦ ਹੋ ਕੇ ਰਹਿ ਗਏ, ਅਤੇ ਉਥੇ ਹੀ ਆਤਮਕ ਘਣਨਾ ਦੁਆਰਾ ਤਸੱਵਫ਼ ਦੇ ਸਾਧਨਾਂ ਵਿਚ ਸਿਧ ਹੋ ਗਏ । ਖ਼ਵਾਜਾ ਬਾਕ਼ੀਬਿੱਲਾ ਦੀ ਰਾਏ, ਅਪਣੇ ਸਰਹੰਦੀ ਮੁਰੀਦ ਬਾਰੇ, ਬਹੁਤ ਉੱਚੀ ਸੀ । ਇਕ ਚਿੱਠੀ ਵਿਚ ਲਿਖਦੇ ਹਨ :

"ਸ਼ੇਖ ਅਹਮਦ ਸਰਹਿੰਦ ਦਾ ਵਾਸੀ, ਬੜਾ ਵਿਦਵਾਨ ਅਤੇ ਕਰਨੀ ਦਾ ਸੂਰਾ ਹੈ । ਕੁਝ ਦਿਹਾੜੇ ਮੈਂ ਉਸ ਦੀ ਸੰਗਤ ਕੀਤੀ ਹੈ । ਮੈਂ ਉਸ ਦੇ ਆਤਮਕ ਚਮਤਕਾਰ ਵੇਖ ਕੇ ਅਤੀ ਪਰਭਾਵਤ ਹੋਇਆ ਹਾਂ । ਉਹ ਇਕ ਅਜਿਹਾ ਧਰਮ-ਦੀਪਕ ਹੈ, ਜਿਸ ਦੁਆਰਾ ਕਈ ਲੋਕ ਪ੍ਰਕਾਸ਼ ਹੋਣਗੇ ।[1]

ਖ਼ਵਾਜਾ ਬਾਕ਼ੀਬਿੱਲਾ ਨੇ ਸ਼ੇਖ ਅਹਿਮਦ ਨੂੰ ਸਰਹੰਦ ਵਿਚ ਰਹਿ ਕੇ ਹੀ ਧਰਮ-ਪ੍ਰਚਾਰ ਕਰਨ ਦੀ ਆਗਿਆ ਕੀਤੀ । ਇਸ ਤੋਂ ਪਿਛੋਂ ਸ਼ੇਖ ਅਹਿਮਦ ਲਾਹੌਰ, ਦਿੱਲੀ ਆਗਰੇ, ਆਉਂਦੇ ਜਾਂਦੇ ਤਾਂ ਰਹੇ, ਪਰ ਉਸ ਦੀਆਂ ਧਾਰਮਿਕ ਸਰਗਰਮੀਆਂ ਦਾ ਕੇਂਦਰ ਸਰਹਿੰਦ ਹੀ ਰਿਹਾ ।

ਜਿਸ ਵੇਲੇ ਜਹਾਂਗੀਰ, ਮੁਗਲ ਸਾਮਰਾਜ ਦੇ ਤਖਤ ਉੱਤੇ ਬੈਠਾ ਤਾਂ ਸ਼ੇਖ ਫਰੀਦ ਮੁਰਤਜ਼ਾ ਖਾਂਨ ਮੁਗਲ ਰਾਜ ਦਾ ਬੜਾ ਸ਼ਕਤੀਸ਼ਾਲੀ ਦਰਬਾਰੀ ਹੋ ਚੁੱਕਾ ਸੀ, ਜਿਸ ਕਾਰਨ, ਸ਼ੇਖ ਅਹਿਮਦ ਸਰਹੰਦੀ ਦਾ ਤੇਜ ਦਬ-ਦਬਾ ਬਹੁਤ ਵਧ ਗਿਆ । ਸੰਨ ੧੬੧੯ ਤੱਕ ਸ਼ੇਖ ਅਹਿਮਦ ਸਰਹੰਦੀ ਦੇ ਮੁਰੀਦ ਸਾਰੇ ਹਿੰਦੋਸਤਾਨ, ਸਗੋਂ ਹਿੰਦੋਸਤਾਨ ਤੋਂ ਬਾਹਰ, ਅਫਗਾਨਿਸਤਾਨ, ਤੁਰਕਿਸਤਾਨ ਤਕ ਫੈਲ ਚੁੱਕੇ ਸਨ । ਇਨਾਂ ਦਿਨਾਂ ਵਿਚ ਹੀ ਇਸ ਦਾ ਇਕ ਬੜਾ ਜੋਸ਼ੀਲਾ ਮੁਰੀਦ, ਬਦੀਅ- ਉੱਦੀਨ, ਸ਼ਾਹੀ ਲਸ਼ਕਰ ਵਿਚ ਪ੍ਰਚਾਰ ਕਰਨ ਗਿਆ ਤਾਂ ਕਈ ਗਲਾਂ ਵਾਧੂ ਘਾਟੂ ਭੀ ਕਹਿ ਬੈਠਾ ਜਿਸ ਕਾਰਣ ਮੁਜੱਦਦ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲੇ ਵਿਚ ਪਾ ਦਿਤਾ, ਜਿਸ ਦਾ ਵਰਨਣ ਉੱਤੇ ਕਰ ਆਏ ਹਾਂ ।

ਇਹੋ ਸਮਾਂ ਹੈ ਜਦੋਂ ਕਿ ਇਸ ਨੇ "ਮੁਜੱਦਦ", ਅਥਵਾ ਧਰਮਰਖਯਕ, ਹੋਣ ਦਾ ਦਾਅਵਾ ਕੀਤਾ ਅਤੇ ਸੂਫੀਆਂ ਦੇ ਪ੍ਰਮਾਣਤ 'ਵਹਦਤੁਲਵਜੂਦ' ਦੇ ਸਿਧਾਂਤ ਦੇ ਮੁਕਾਬਲੇ ਉਤੇ 'ਵਹਦਤੁਲਸ਼ਹੂਦ' ਦੇ ਸਿਧਾਤ ਦਾ ਨਿਰਮਾਣ ਕੀਤਾ ।

ਮੁਜੱਦਦ ਦੇ ਲਿਖਿਤ ਪਤ੍ਰਕਾ—ਸੰਗ੍ਰਹ ਦੇ ਪਹਿਲੇ ਦਫਤ੍ਰ, ਪੱਤਰਕਾ ੧੧ ਬਾਬਤ, ਮੁਜੱਦਦ ਦੇ ਜੀਵਨ ਵਿਚ, ਅਤੇ ਉਸ ਤੋਂ ਪਿਛੋਂ ਭੀ, ਮੁਸਲਮਾਨ

---

[1] "شیخ احمد نام مردیست از سرهند، کثیر العلم و قوی العمل–روزے چند فقیربا او نشست و برخاست کرد–عجائب بسیار از روزگار اوقات او مشاهده نمود–بیہ آں ماند کہ چراغے شود کہ عالمہا از و روشن گردد"

ਵਿੱਦਵਾਨਾਂ ਵਿਚ ਬੜੀ ਲੈ ਦੇ ਹੋ ਚੁੱਕੀ ਹੈ। ਇਸ ਪੱਤ੍ਰਕਾ ਵਿਚ, ਮੁਜੱਦਦ, ਅਪਣੇ ਸਮਾਧੀ-ਸਥਿਤ ਅਵਸਥਾ ਦੇ ਚਮਤਕਾਰਾਂ ਬਾਬਤ ਲਿਖਦਾ ਹੈ :

"ਇਸ ਲੋਕ ਤੋਂ ਅੱਗੇ ਮੈਂ ਹੋਰ ਭੀ ਕਈ ਲੋਕ ਦੇਖੇ। ਪਹਿਲੇ ਲੋਕ ਤੋਂ ਉਪਰਲੇ ਲੋਕ ਜਦ ਮੈਂ ਪਹੁੰਚਾ ਤਾਂ ਪਤਾ ਲਗਾ ਕਿ ਇਸ ਲੋਕ ਵਿਚ ਹਜ਼ਰਤ ਜ਼ੀਉਲਨੂਰੀਨ ਦਾ ਨਿਵਾਸ ਹੈ । ਬਾਕੀ ਖ਼ਲੀਫਿਆਂ ਦਾ ਭੀ ਇਥੇ ਆਉਣ ਜਾਣ ਹੈ ......... ਇਸ ਤੋਂ ਅੱਗੇ ਇਕ ਹੋਰ ਲੋਕ ਅਇਆ । ਪਤਾ ਲਗਾ ਕਿ ਇਥੇ ਹਜ਼ਰਤ ਫਾਰੂਕ਼ ਦਾ ਨਿਵਾਸ ਹੈ । .. ... ਇਸ ਤੋਂ ਉਪਰ ਹਜ਼ਰਤ ਸਦੀਕ਼ ਦਾ ਲੋਕ ਦ੍ਰਿਸਟਮਾਨ ਹੋਇਆ। ਮੈਂ ਉਥੇ ਭੀ ਪੁਜਾ ..... ਇਸ ਤੋਂ ਉਤੇ ਉਹ ਲੋਕ ਮੈਂ ਦੇਖਿਆ ਜਿਥੇ ਹਜ਼ਰਤ ਮੁਹੰਮਦ ਸਾਹਿਬ ਸਸ਼ੋਭਤ ਹਨ। ਇਸ ਤੋਂ ਉੱਚਾ ਕੋਈ ਹੋਰ ਲੋਕ ਮੇਰੇ ਦ੍ਰਿਸ਼ਟੀਗੋਚਰ ਨਹੀਂ ਹੋਇਆ .. ..."

ਇਸ ਪ੍ਰਕਾਰ ਦੇ ਧਿਆਨ ਸਮਾਧੀ ਦੇ ਚਮਤਕਾਰਾਂ ਉਤੇ ਹੀ ਸ਼ੈਖ਼ ਸਰਹਿੰਦੀ ਨੇ ਅਪਣੇ "ਮੁਜੱਦਦ" ਪਦ-ਪ੍ਰਾਪਤੀ ਦੀ ਨੀਂਹ ਰੱਖੀ ਸੀ, ਪਰ ਉਸ ਦੇ ਮੁਰੀਦਾਂ ਦਾ ਪ੍ਰਪੱਕ ਵਿਸ਼ਵਾਸ ਸੀ, ਕਿ ਸ਼ੈਖ਼, ਵਿਸ਼ਵ ਦਾ "ਕ਼ਯੂਮ" ਹੈ। "ਕ਼ਯੂਮ" ਪਦ ਕੀ ਹੈ, ਇਸ ਬਾਬਤ, ਮੁਜੱਦਦ ਦੇ ਅਪਣੇ ਪੱਤ੍ਰਾਂ ਵਿਚ ਤਾਂ ਕੋਈ ਵਿਸਤਾਰ ਨਹੀਂ, ਪਰ ਮੁਜੱਦਦ ਦੇ ਜਾਨਸ਼ੀਨ, ਖ਼ਵਾਜਾ ਮਾਅਸੂਮ ਦੇ ਰਚਿਤ ਗ੍ਰੰਥ, "ਰੌਦਤਹ-ਅਲਕ਼ਿਯੂਮਯਹ,"[1] ਵਿਚ ਕ਼ਯੂਮ-ਪਦ ਨਿਰਣਯ ਸਪਸ਼ਟ ਕੀਤਾ ਗਿਆ ਹੈ :

"ਕ਼ਯੂਮ ਉਹ ਹੈ ਜਿਸ ਦੇ ਅਧੀਨ, ਸਰਵ ਨਾਮ, ਰੂਪ, ਵਸਤੂ, ਗੁਣ, ਧਾਤੂ, ਧਰਮ ਹਨ ਅਤੇ ਜਿਸ ਦੀ ਅਮਿੱਤ-ਆਭਾ ਦੇ ਪ੍ਰਕਾਸ਼ ਹੇਠਾਂ ਸਭ ਸ੍ਰਿਸ਼ਟੀਆ, ਮਨੁਖ, ਪੰਛੀ, ਬਨਸਪਤ, ਸਭ ਜੀਵ, ਜੰਤੂ, ਪੱਥਰ, ਬਿਰਖ, ਊਭ, ਪਇਆਲ ਲੇਖ, ਲੇਖਨ-ਸਾਮਗਰੀ, ਗ੍ਰਹਿ, ਤਾਰੇ, ਸੂਰਜ ਚੰਦ੍ਰਮਾਂ, ਆਕਾਸ਼, ਨਿਕਸਤ੍ਰ ਹਨ । ..............ਸਭ ਕੁਛ ਉਸ ਦੇ ਹੁਕਮ ਦੀ ਖੇਹਡ ਹੀ ਹੈ........... ਬਰਖਾ ਦਾ ਇਕ ਤ੍ਰੁਪਕਾ ਉਸ ਦੀ ਆਗਿਆ ਬਿਨਾ ਨਹੀਂ ਡਿਗਦਾ, ਅਤੇ ਸੰਸਾਰ ਦੇ ਦੁਖ ਸੁਖ, ਜੀਵਨ, ਮ੍ਰਿਤਯੂ, ਦੁੱਛ ਭੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਹਨ...........ਖਿਨ, ਪਲ, ਘੜੀਆਂ, ਪਹਿਰ, ਤਿੱਥਾਂ, ਦਿਨ ਰਾਤ ........... ਨੇਕੀ, ਬਦੀ, ਖਾਧ ਪਦਾਰਥਾਂ ਦੀ ਉਪਜ,........... ਤਾਤਪ੍ਰਜ ਇਹ ਕਿ ਜੋ ਕੁਛ ਸੋਚਿਆ ਤੇ ਵਿਚਾਰਿਆ ਜਾ ਸਕਦਾ ਹੈ, ਕੁਛ ਭੀ, ਤ੍ਰਿੱਨਕਾਲ, ਉਸ ਦੀ ਆਗਿਆ ਅਤੇ ਉਸਦੇ ਹੁਕਮ ਤੋਂ ਬਾਹਰ ਨਹੀਂ ......... ... ਜੋ ਸਾਧੂ, ਸੰਤ, ਹਠੀ, ਤਪੀ, ਗਿਆਨੀ, ਧਿਆਨੀ, ........... ਤੀਰਥਾਂ, ਧਰਮਅਸਥਾਨਾਂ .......... ਪਹਾੜਾਂ, ਕੰਦਰਾਂ, ਜੰਗਲਾਂ ਵਿਚ, ਨਦੀਆਂ ਕਿਨਾਰੇ ..... ....... ਪ੍ਰਭੂ ਭਗਤੀ, ਆਤਮ ਸਾਧਨਾਂ ਵਿਚ ਲੀਨ ਹਨ, ਉਹ ਸਭ ਉਸ ਦੀ ਇੱਛਾ ਅਨੁਸਾਰ ਇਉਂ ਹਨ, ਭਾਵੇਂ ਉਨ੍ਹਾਂ ਨੂੰ ਇਸ ਮਰਮ ਦਾ ਪਤਾ ਨ ਹੀ ਹੋਵੇ, ਅਤੇ ਜਦੋਂ ਤਕ ਉਨ੍ਹਾਂ ਦੀ ਸ਼ਰਧਾ, ਤਪੱਸਯਾ, ਕਰਨੀ, ਕਮਾਈ, ਕ਼ਯੂਮ ਪ੍ਰਵਾਨ ਨਹੀਂ ਕਰਦਾ, ਅੱਲਾ ਤਾਅਲਾ ਦੇ ਘਰ ਕਬੂਲ ਨਹੀਂ ਹੁੰਦੀ।"

---

[1] روضتہ القیومیہ—جلد اول—

ਅਜੇ ਸਰਵੁੱਚ, ਮਹਾਸਥਾਨ-ਪ੍ਰਾਪਤ ਪੰਚਧਿਆਨੀਬੁੱਧ-ਸ੍ਰੇਸ਼ਟ ਕਯੂਮ, ਸਾਹਮਣੇ, ਗੁਰੂ ਅਰਜਨ ਦੇਵ ਵਰਗੇ ਨਿਰਮਾਣ ਨਿਮ੍ਰਤਾ-ਪੁੰਜ, ਬ੍ਰਹਮ ਗਿਆਨੀ ਦੀ ਕੀ ਵਟੀਂਦੀ ਸੀ, ਅਤੇ ਸਿੱਖ ਮੱਤ ਦਾ ਉਥਾਨ ਇਸ ਮਹਿਖੇਸ਼ੁਰ ਨਾਲ ਜੀਵਨ-ਮਰਣ ਦੀ ਬਾਜ਼ੀ ਨ ਲਾਉਂਦਾ, ਤਾਂ ਹੋਰ ਰਾਹ ਭੀ ਕੇਹੜਾ ਸੀ ?

ਮੁਜੱਦਦ ਨੇ ਸੂਫ਼ੀ ਇਸਲਾਮ ਅਤੇ ਆਰਯ ਸਿਧਾਂਤ ਪ੍ਰਮਾਣਿਤ, 'ਵਹਦਤੁਲਵਜੂਦ', ਦੇ ਮੂਲ ਸਿਧਾਂਤ ਦੀ ਕਾਟ ਕਰਨ ਲਈ, ਜੋ 'ਵਹਦਤੁਲਸ਼ਹੂਦ' ਦਾ ਦਰਸ਼ਨ ਪਰਚਾਰਿਆ, ਉਹ ਕੀ ਹੈ ?

ਇਹ ਦੋਨੋਂ ਸਿਧਾਂਤ, ਬ੍ਰਹਮ ਅਤੇ ਸੰਸਾਰ ਦੇ ਸੰਬੰਧਾਂ ਦੇ ਵਿਆਖਯਕ ਹਨ । ਤਸੱਵਫ਼ ਦੀ ਇਕ ਪ੍ਰਸਿੱਧ ਪੁਸਤਕ ਹੈ, "ਤਦਕਰਾਇ-ਗੌਥੀਯਹ," ਜਿਸ ਵਿਚ ਇਨ੍ਹਾਂ ਦੋਂਹ ਸਿਧਾਂਤਾਂ ਦਾ ਅੰਤਰ ਇਉਂ ਸਮਝਾਇਆ ਹੋਇਆ ਹੈ :

"ਸੱਤ ਇਕ ਹੈ, ਪ੍ਰੰਤੂ ਇੱਕ ਪ੍ਰਤੱਖ ਵਸਤੂ ਹੈ ਅਤੇ ਇਕ ਪ੍ਰੋਖ । ਪ੍ਰੋਖ ਧਾਤੂ ਇਕ ਨੂਰ ਦੀ ਨਿਆਈਂ ਹੈ, ਜੋ ਸਭ ਸ੍ਰਿਸ਼ਟੀ ਦੀ ਆਤਮਾ ਹੈ । ਇਸੇ ਪ੍ਰੋਖ ਨੂਰ ਦਾ ਪਰਛਾਵਾਂ, ਪਰਤੌ, ਦ੍ਰਿਸ਼ਟਮਾਨ ਸ੍ਰਿਸ਼ਟੀ ਹੈ...... ਅਤੇ ਆਧਾਰ ਇਸ ਅਨੇਕਤਾ ਦਾ ਉਹੋ ਨੂਰੀ ਏਕਤਾ ਹੈ, ਜਿਵੇਂ ਕਿ ਨਦਿ-ਤਰੰਗਾਂ ਦਾ ਅਸਲਾ ਨਦਿ-ਜਲ ਹੀ ਹੈ......ਤਾਤਪ੍ਰਜ ਇਹ ਹੈ ਕਿ ਸੰਸਾਰ ਦਾ ਨਾਮ, ਰੂਪ, ਬ੍ਰਹਮ ਦਾ ਪਸਾਰ ਹੀ ਹੈ ਅਤੇ ਇਸ ਅਨੇਕਤਾ ਦਾ ਸਾਰੰਸ਼ ਬ੍ਰਹਮ ਦੀ ਏਕਤਾ ਹੀ ਹੈ............ ।

ਇਹ 'ਵਹਦਤੁਲਵਜੂਦ' ਦਾ ਸਿਧਾਂਤ ਹੈ । 'ਵਹਦਤੁਲਸ਼ਹੂਦ' ਦੇ ਸਿਧਾਂਤ ਦਾ ਨਿਰਣਯ ਇਉਂ ਹੈ ਕਿ, ਸ੍ਰਿਸ਼ਟੀ ਅਤੇ ਗੁਣ, ਧਾਤੂ, ਦਾ ਨਿੱਤਪ੍ਰਵਾਰ ਬ੍ਰਹਮ ਦਾ ਪਰਤੌ ਤੇ ਪਰਛਾਵਾਂ ਹੈ, ਜੋ ਕਿ ਨਾਸ਼ਮਾਨ ਸੰਸਾਰ ਵਿਚ ਵਿੱਦਤ ਹੈ । ਇਹ ਪਰਤੌ ਬ੍ਰਹਮ-ਰੂਪ ਨਹੀਂ, ਬ੍ਰਹਮ-ਦ੍ਰਿਸ਼ਟਾਂਤ ਹੈ ।"

ਮੁਜੱਦਦ ਦੇ 'ਵਹਦਤੁਲਸ਼ਹੂਦ' ਦੇ ਸਿਧਾਂਤ ਦਾ ਨਿਰਮਾਣ ਕਰਨ ਦੇ ਸੌ ਵਰ੍ਹਾ ਪਿੱਛੋਂ, ਸ਼ਾਹ ਵਲੀਉੱਲਾ, ਜਿਨ੍ਹਾਂ ਦੀ ਗੱਲ ਪਿੱਛੇ ਕਰ ਆਏ ਹਾਂ, ਨੇ ਅਪਣੀ ਪ੍ਰਸਿੱਧ ਲਿਖਤ, "ਮਕ਼ਤੂਬਿ-ਮਦਨੀ" ਵਿਚ ਇਹ ਸਿੱਧ ਕੀਤਾ ਸੀ, ਕਿ 'ਵਹਦਤੁਲਵਜੂਦ' ਤੇ 'ਵਹਦਤੁਲਸ਼ਹੂਦ' ਦਰ ਅਸਲ ਇੱਕੋ ਸਿਧਾਂਤ ਹੈ, ਬਾਕੀ ਐਵੇਂ ਸ਼ਾਬਦਿਕ ਭਿੰਨਤਾ ਹੈ, ਵਿਤੰਡਾਵਾਦ।

ਕਿਵੇਂ ਭੀ ਹੋਵੇ, ਕੀ ਇਸ ਗੱਲ ਉੱਤੇ ਹੀ, ਹਿੰਦੁਸਤਾਨ ਦੀ ਮੁਸਲਿਮ ਤਾਰੀਖ਼ ਵਿਚ ਇਤਨੇ ਭਯੰਕਰ, ਖ਼ੂੰਰੇਜ਼ ਰਕਤਸ੍ਰਾਵ ਹੋਏ ?

ਨਵਾਬ ਸਰ ਅਹਮਦ ਹੁਸੈਨ, ਨਜ਼ਾਮ ਜੰਗ ਬਹਾਦੁਰ ਨੇ ਅਪਣੀ ਰਚਿਤ ਪੁਸਤਕ, "ਫ਼ਲਸਫ਼ਏ-ਫ਼ੁਕਰਾ," ਵਿਚ ਦਰਸਾਇਆ ਹੈ, ਕਿ ਇਹ ਦੋਨੋ ਸਿਧਾਂਤ ਇਤਨੇ ਦਾਰਸ਼ਨਿਕ ਭੇਦ ਨਹੀ, ਜਿਤਨੇ ਕਿ ਮਨੋਵ੍ਰਿਤੀ-ਭੇਦ ਦੇ ਲਖਾਇਕ ਹਨ, ਅਤੇ ਇਸ ਭੇਦ ਦਾ ਇੱਕ ਚਿੱਤ੍ਰ ਉਨ੍ਹਾਂ ਨੇ ਅਪਣੀ ਉਪ੍ਰੋਕਤ ਪੁਸਤਕ ਵਿਚ ਅੰਕਤ ਕੀਤਾ ਹੈ, ਜੋ ਕਿ ਹੇਠਾਂ ਦਿੰਦੇ ਹਾਂ :--

| ਵਹਦਤੁਲਵਜੂਦ | ਵਹਦਤੁਲਸ਼ਹੂਦ |
|---|---|
| (੧) ਸਿਧਾਂਤ : ਹਮਹ ਓਸਤ ਯਾ ਅੰਦਰ ਹਮਹ ਓਸਤ (ਸਰਵ-ਬ੍ਰਹਮ, ਅਥਵਾ, ਸਰਵ ਬ੍ਰਹਮਾਂਤ੍ਰਮ) | (੧) ਸਿਧਾਂਤ : ਹਮਹ ਅਜ਼ੂਸਤ (ਬ੍ਰਹਮ ਸਰਵ ਸ੍ਰਿਸ਼ਟੀ ਦਾ ਸੀਮਾ ਸਰਵਾਕਰਖ) |
| (੨) ਮਨੋਵ੍ਰਿਤੀ : ਸ਼ਾਂਤਿਪ੍ਰਦ । ਆਤਮਾ ਪ੍ਰਮਾਤਮਾ ਵਿਚ ਭੇਦ ਨਹੀਂ, ਬ੍ਰਹਮ ਸਮੁੰਦ੍ਰ, ਅਤੇ ਮੈਂ ਬੂੰਦ ਹਾਂ । | (੨) ਮਨੋਵ੍ਰਿਤੀ : ਉਤਸਾਹ-ਜਨਕ । ਮੈਂ ਉਸ ਦੀ ਹਜ਼ੂਰੀ ਵਿਚ ਅਤੇ ਉਹ ਮੇਰੇ ਅੰਗ ਸੰਗ ਹੈ । |
| (੩) ਵਿਸ਼੍ਵਾਸ : ਮੈਂ ਕੌਣ ? ਬ੍ਰਹਮਾਸਮਿ। | (੩) ਵਿਸ਼੍ਵਾਸ : ਮੈਂ ਕੌਣ ? ਦਾਸ ਤੇ ਭਗਤ। |

ਇਬਨਲ-ਅਰਬੀ, ਜਿਸ ਨੂੰ ਸੂਫੀਮਤ ਦੇ 'ਵਹਦਤੁਲਵਜੂਦ' ਦੇ ਸਿਧਾਂਤ ਦਾ ਨਿਰਮਾਤਾ ਮੰਨਿਆ ਜਾਂਦਾ ਹੈ, ਉਸ ਦੀ ਇਕ ਅਰਬੀ ਕਵਿਤਾ ਹੈ, ਜਿਸ ਦਾ ਅਨੁਵਾਦ ਇਹ ਹੈ :

"ਅੱਜ ਤੋਂ ਪਹਿਲਾਂ ਮੇਰਾ ਇਹ ਹਾਲ ਸੀ, ਕਿ ਜਦੋਂ ਕਿਸੇ ਦਾ ਧਰਮ, ਵਿਚਾਰ ਮੇਰੇ ਨਾਲ ਮੇਲ ਨ ਖਾਂਦਾ, ਮੈਂ ਉਸ ਨੂੰ ਗ਼ੈਰ ਤੇ ਬੇਗਾਨਾ ਸਮਝਦਾ।

ਹੁਣ ਮੈਂ ਹਰ ਰੂਪ ਨੂੰ ਪ੍ਰਵਾਣ ਕਰਦਾ ਹਾਂ । ਮੇਰਾ ਦਿਲ ਹੁਣ ਹਰਨਾਂ ਦੇ ਚਰਨ ਦੀ ਹਰੀ ਹਰੀ ਚਰਾਗਾਹ ਹੈ, ਅਤੇ ਸੰਨਿਆਸੀਆਂ ਦਾ ਮੱਠ ਹੈ, ਅਤੇ ਅਗਨੀ ਪੂਜਾਂ ਦਾ ਜ੍ਵਾਲਾਮੰਦਰ ਹੈ, ਅਤੇ ਹਾਜੀਆਂ ਦਾ ਕਾਅਬਾ ਹੈ..... ਅਤੇ ਕੁਰਾਨ ਦਾ ਗ੍ਰੰਥ ਹੈ।"

ਇਸ ਦੇ ਉਲਟ, 'ਵਹਦਤੁਲਸ਼ਹੂਦ' ਦੇ ਸਿਧਾਂਤ ਦੇ ਨਿਰਮਾਤਾ, ਮੁਜੱਦਦ, ਦੀ ਮਨੋਵ੍ਰਿਤੀ ਇਉਂ ਹੈ, ਕਿ ਇਸ ਦੇ ਪੱਤਕਾ-ਸੰਗ੍ਰਹ, "ਮਕ਼ਤੂਬਾਤਿ ਇਮਾਮਿ-ਰੱਬਾਨੀ", ਵਿਚ ਇੱਕ ਪੱਤ੍ਰ, ਕਿਸੇ ਹਿੰਦੂ, ਹਿਰਦੇ ਰਾਮ, ਦੇ ਨਾਮ ਹੈ ਜਿਸ ਵਿਚ ਹਿਰਦੇ ਰਾਮ ਦੇ ਉਸ ਪੱਤ੍ਰ ਦਾ ਉੱਤ੍ਰ ਹੈ ਜਿਸ ਵਿਚ ਹਿਰਦੇ ਰਾਮ ਨੇ ਮੁਜੱਦਦ ਉੱਤੇ ਬੜੀ ਪ੍ਰੇਮਾਭਗਤੀ ਪ੍ਰਗਟਾਉਂਦਿਆਂ ਕਿਹਾ ਸੀ, ਕਿ ਰਾਮ ਤੇ ਰਹਿਮਾਨ ਇਕੋ ਹਨ । ਇਸ ਪੱਤ੍ਰ ਵਿਚ ਮੁਜੱਦਦ ਲਿਖਦਾ ਹੈ :—

"ਰਾਮ, ਕ੍ਰਿਸ਼ਨ ਆਦਿ ਜੋ ਹਿੰਦੂਆਂ ਦੇ ਪੂਜਯ ਹਨ, ਉਹ (ਅੱਲਾ ਤਾਅਲਾ) ਦੀ ਕਮੀਨਾ ਮਖ਼ਲੂਕ ਹਨ । ਉਨ੍ਹਾਂ ਨੇ ਮਾਤਾ ਦੇ ਉਦ੍ਰ ਤੋਂ ਜਨਮ ਲਿਆ ਅਤੇ ਪਿਤਾ ਦੇ ਨੁਤਫੇ ਤੋਂ ਸਨ । ਰਾਮ, ਜਸਰਥ ਦਾ ਪੁਤ੍ਰ, ਲਛਮਣ ਦਾ ਭਾਈ ਅਤੇ ਸੀਤਾ ਦਾ ਪਤੀ ਸੀ । ਜਿਹੜਾ ਰਾਮ ਅਪਣੀ ਇਸਤ੍ਰੀ ਨੂੰ ਸੰਭਾਲ ਨਹੀਂ ਸਕਿਆ, ਉਹ ਦੂਜਿਆਂ ਦੀ ਕੀ ਸਹਾਇਤਾ ਕਰੇਗਾ ? ਬੁੱਧੀ ਤੇ ਸਮਝ ਨਾਲ ਪੈਰ ਪੁੱਟਣੇ ਚਾਹੀਦੇ ਹਨ, ਪੂਰਵੱਜਾਂ ਪਿੱਛੇ ਨਹੀਂ ਚੱਲਣਾ ਚਾਹੀਦਾ । ਸ਼ਰਮ ਦੀ ਗੱਲ ਹੈ ਕਿ ਕੋਈ, ਸਾਰੀ ਸ੍ਰਿਸ਼ਟੀ ਦੇ ਰਚਨਹਾਰ ਨੂੰ ਰਾਮ ਤੇ ਕ੍ਰਿਸ਼ਨ ਦੇ ਨਾਮ ਨਾਲ ਯਾਦ ਕਰੇ । ਇਹ ਇਉਂ ਹੈ ਜਿਵੇਂ ਕਿਸੇ ਚਕ੍ਰਵਰਤੀ ਰਾਜੇ ਨੂੰ ਚੂਹੜਾ ਤੇ ਭੰਗੀ ਆਖੀਏ । ਰਾਮ ਤੇ ਰਹਿਮਾਨ ਨੂੰ ਇੱਕੋ ਸਮਝਣਾ, ਮਹਾ ਮੂਰਖਤਾ ਹੈ ।"

ਨਵਾਬ ਸ਼ੈਖ਼ ਫਰੀਦ, ਮੁਰਤਜ਼ਾ ਖਾਨ ਦੇ ਨਾਮ ਇਕ ਪੱਤਕਾ ਵਿਚ, ਮੁਜੱਦਦ ਲਿਖਦਾ ਹੈ :

"ਮੇਰੀ ਇਹੋ ਪ੍ਰਬਲ ਇੱਛਾ ਹੈ, ਕਿ ਖ਼ੁਦਾ ਦੇ ਸ਼ਤਰੂ ਤੇ ਪੈਗ਼ਮਬਰ ਦੇ ਦੁਸ਼ਮਣਾਂ (ਹਿੰਦੂਆਂ) ਨਾਲ ਪੁੱਜ ਕੇ ਤੱਦੀ ਕੀਤੀ ਜਾਵੇ । ਇਨ੍ਹਾਂ ਦਾ ਮਹਾਂ ਤ੍ਰਸਕਾਰ ਹੋਣਾ ਚਾਹੀਏ ਅਤੇ ਇਨਾਂ ਅਭਾਗਿਆਂ ਦਾ ਮਾਨ ਭੰਗ ਕਰਨਾ ਚਾਹੀਏ, ਨਿਤਾਪ੍ਰਤ । ਨਿਸ਼ਚੇ ਕਰਕੇ ਮੰਨੋ ਕਿ ਖ਼ੁਦਾ ਨੂੰ ਪ੍ਰਸੰਨ ਕਰਨ ਦਾ ਇਸ ਨਾਲੋਂ ਸੁਗਮ ਸਾਧਨ ਹੋਰ ਕੋਈ ਹੈ ਨਹੀਂ ।"[1]

ਇਕ ਹੋਰ ਪੱਤ੍ਰਕਾ ਹੈ :

"ਪੱਸ, ਇਸਲਾਮ ਕੀ ਇੱਜ਼ਤ ਕੁਫ਼ਰ ਔਰ ਕਾਫ਼ਰੋਂ ਕੀ ਖ਼੍ਵਾਰੀ ਮੇਂ ਹੈ । ਜਿਸ ਨੇ ਅਹਲਿ-ਕੁਫ਼ਰ ਕੋ ਅਜ਼ੀਜ਼ ਰੱਖਾ, ਉਸ ਨੇ ਅਹਲਿ-ਇਸਲਾਮ ਕੋ ਖ਼੍ਵਾਰ ਕੀਆ । ਇਨ ਕੋ ਅਜ਼ੀਜ਼ (ਪ੍ਰਿਯ) ਰਖਨੇ ਸੇ ਫ਼ਕ਼ਤ ਤਾਅਜ਼ੀਮ (ਸਤਿਕਾਰ) ਕਰਨਾ ਔਰ ਬੁਲੰਦ ਬਿਠਾਨਾ ਹੀ ਮੁਰਾਦ ਨਹੀ, ਬਲਕਿ ਅਪਨੀ ਮਜਲਸੋਂ ਮੇ ਜਗਹ ਦੇਨਾ, ਔਰ ਇਨ ਕੀ ਹਮ-ਨਸ਼ੀਨੀ ਕਰਨਾ, ਔਰ ਇਨ ਕੇ ਸਾਥ ਗੁਫ਼ਤਗੂ ਕਰਨਾਂ, ਸਭ ਅਅਜ਼ਾਜ਼ (ਮਾਨ ਪ੍ਰਤਿਸ਼ਟਾ) ਮੇਂ ਸ਼ਾਮਿਲ ਹੈ । ਕੁੱਤੋਂ ਕੀ ਤਰਹ ਇਨ ਕੋ ਦੂਰ ਕਰਨਾ ਚਾਹੀਏ ।"

ਮੁਰਤਜ਼ਾ ਖਾਨ, ਗੁਰੂ ਅਰਜਨ ਦੇਵ ਦੇ ਕਾਤਲ, ਦੇ ਨਾਮ ਮੁਜੱਦਦ ਦੀ ਇੱਕ ਹੋਰ ਚਿੱਠੀ ਹੈ :—

"ਇਸਲਾਮ ਔਰ ਅਹਲਿ ਇਸਲਾਮ ਕੀ ਇੱਜ਼ਤ ਕੁਫ਼ਰ ਔਰ ਅਹਿਲਿ-ਕੁਫ਼ਰ ਕੀ ਖ਼੍ਵਾਰੀ ਮੇਂ ਹੈ । ਜਜ਼ੀਯਹ ਸੇ ਮਕਸੂਦ (ਭਾਵ) ਕੁਫ਼ਾਰ (ਗ਼ੈਰ ਮੁਲਮਾਨਾਂ) ਕੀ ਖ਼੍ਵਾਰੀ ਅਰ ਇਨ ਕੀ ਅਹਾਨਤ (ਮਾਨ ਹਾਨੀ) ਹੈ । ਜਿਸ ਕ਼ਦਰ ਅਹਲਿ ਕੁਫ਼ਰ ਕੀ ਇਜ਼ਤ ਹੋ, ਇਤਨੀ ਕ਼ਦਰ ਇਸਲਾਮ ਕੀ ਜ਼ਿੱਲਤ (ਮਾਨਭੰਗ) ਹੋਤੀ ਹੈ । ਇਸ ਸਰਰਿਸ਼ਤਹ (ਮੁਢਲੀ ਗੱਲ) ਕੋ ਅੱਛੀ ਤਰਹ ਨਿਗਾਹ ਮੇਂ ਰੱਖਨਾ ਚਾਹੀਏ । ਅਕਸਰ ਲੋਗੋਂ ਨੇ ਇਸ ਸਰਰਿਸ਼ਤਹ ਕੋ ਗੁੰਮ ਕਰ ਦੀਆ ਹੈ, ਔਰ ਦੀਨ ਕੋ ਬਰਬਾਦ ਕਰ ਦੀਆ ਹੈ ।"

ਮੁਰਤਜ਼ਾਖਾਨ ਨੂੰ ਜਦੋਂ ਜਹਾਂਗੀਰ ਨੇ, ਸੰਨ ੧੬੧੫ ਵਿਚ, ਕਾਂਗੜੇ ਦੇ ਪ੍ਰਾਚੀਨ ਕੋਟ ਨੂੰ ਪ੍ਰਾਜੈ ਕਰਨ ਦੀ ਆਗਿਆ ਕੀਤੀ ਤਾਂ ਮੁਰਤਜ਼ਾ ਖਾਨ, ਅਗਲੇ ਸਾਲ, ਪਠਾਨਕੋਟ ਪਹੁੰਚ ਕੇ, ਰਾਹ ਵਿਚ ਹੀ ਮਰ ਗਿਆ ਸੀ । ਮੁਜੱਦਦ ਨੇ ਜੋ ਆਖਰੀ ਪੱਤ੍ਰ ਮੁਰਤਜ਼ਾ ਖਾਨ ਦੇ ਨਾਮ ਲਿਖਿਆ ਸੀ, ਉਹ ਇਸ ਪ੍ਰਕਾਰ ਹੈ :

"......ਇਨ ਬਦਬਖ਼ਤੋਂ ਔਰ ਇਨ ਝੂਟੇ ਖ਼ੁਦਾਓਂ (ਕਾਂਗੜੇ ਕੋਟ ਦੇ ਮੰਦ੍ਰਾਂ ਦੀਆਂ ਪ੍ਰਾਚੀਨ ਦੇਵ-ਮੂਰਤੀਆਂ) ਕੀ ਤਹਕ਼ੀਰ ਔਰ ਤੌਹੀਨ (ਭ੍ਰਸ਼ਟ ਕਰਨ) ਮੇਂ ਬਹੁਤ ਕੋਸ਼ਸ਼ ਕਰਨੀ ਚਾਹੀਏ......ਇਨ ਲੋਗੋਂ (ਹਿੰਦੂਆਂ) ਕੀ ਬਰਬਾਦੀ ਕੀ ਕੋਸ਼ਸ਼ ਕਰਨੀ ਚਾਹੀਏ. . . . ਬਦਨ (ਸ਼ਰੀਰ) ਕੀ ਕਮਜ਼ੋਰੀ ਔਰ ਸਰਦੀ ਕੀ ਸ਼ਿੱਦਤ ਮਾਨਅ (ਰੋਕ) ਹੈਂ, ਵਰਨਾ ਯਹ ਫ਼ਕ਼ੀਰ ਖ਼ੁਦ ਹਾਜ਼ਰੇ-ਖਿਦਮਤ ਹੋ ਕਰ. . . . ਇਸ ਪੱਥਰ (ਪ੍ਰਾਚੀਨ ਦੇਵਮੂਰਤੀ) ਪਰ ਥੂਕਤਾ ਔਰ ਇਸ ਕੋ ਅਪਨੀ ਸਆਦਤ ਕਾ ਸਰਮਾਇਆ (ਸੰਚਿਤ ਪੁੰਨ) ਸਮਝਤਾ ।"

ਇੱਕ ਹੋਰ ਚਿੱਠੀ ਵਿਚ ਨਵਾਬ ਮੁਰਤਜ਼ਾ ਖਾਨ ਨੂੰ ਇਉਂ ਉਂਗਲ ਦਿੱਤੀ ਹੈ :

---

1. "تمنائے این فقیر شدت نمودن است بدشمنان خدا و بدشمنان پیغمبر و اهانت رسانیدن به این بے دولتان وخوار داشتن ایشان و او به یقین میداند که نزد حق مرضی تر نیست—"

"ਹਿੰਦੁਸਤਾਨ ਵਿਚ ਹਿਦੂਆਂ ਕੋਲੋਂ ਜਜ਼ੀਆ ਲੈਣਾ ਬੰਦ ਹੋ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਹੁਣ ਪਾਤਸ਼ਾਹ ਦੇ ਦਰਬਾਰ ਵਿਚ ਹਿੰਦੂਆਂ ਦੀ ਪੁੱਛ ਹੋਣ ਲੱਗ ਪਈ ਹੈ।"[1]

ਇਕ ਹੋਰ ਚਿੱਠੀ ਵਿਚ ਕਿਹਾ ਹੈ:

"ਹਿੰਦੁਸਤਾਨ ਵਿਚ ਗਊਬੱਧ ਨਾਲੋਂ ਉਤੱਮ ਇਸਲਾਮੀ ਕਰਮ ਤੇ ਪੁੰਨ ਦਾ ਕੰਮ ਹੋਰ ਨਹੀਂ ਹੈ।"[2]

ਮੁਜੱਦਦ ਦਾ ਇਹ ਅਟੱਲ ਵਿਸ਼ਵਾਸ ਸੀ ਕਿ ਹਿੰਦੁਸਤਾਨ ਵਿਚ, ਇਸਲਾਮ ਦੀ ਰੱਖਿਆ ਤਦ ਹੀ ਹੋ ਸਕਦੀ ਹੈ, ਜੇ ਹਿੰਦੂਆਂ ਅਤੇ ਹਿੰਦੂ ਧਰਮ ਦੀ ਹਾਨੀ ਕੀਤੀ ਜਾਵੇ। ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਜੋ ਇਸਲਾਮ ਦੀ ਪ੍ਰਮੁੱਖ ਰੂਪ ਰੇਖਾ ਹੈ, ਉਸ ਦੇ ਨੇਤਾ, ਸਰ ਸੱਯਦ ਅਹਮਦ, ਇਕ਼ਬਾਲ, ਮੌਲਾਨਾ ਅਬੁੱਲਕਲਾਮ ਆਜ਼ਾਦ, ਸਭ ਮੁਜੱਦਦ ਦੇ ਸ਼ਰਧਾਲੂ ਤੇ ਪੈਰੋਕਾਰ ਹੋਏ ਹਨ। "ਸ਼ੇਖ ਅਹਿਮਦ ਦਾ ਪਰਭਾਵ ਇਸਲਾਮ ਦੀ ਵਿਚਾਰਧਾਰਾ ਉੱਤੇ, ਨ ਕੇਵਲ ਹਿਦੁਸਤਾਨ ਵਿਚ ਸਗੋਂ ਹਿੰਦੁਸਤਾਨ ਤੋਂ ਬਾਹਰ, ਮਧ ਏਸ਼ੀਆ ਵਿਚ, ਅਤੇ ਤੁਰਕੀ ਸਾਮਰਾਜ ਦੇ ਕੁਝ ਖੇਡਾਂ ਵਿਚ, ਬੜਾ ਡੂੰਘਾ ਪਿਆ ਹੈ।"[3]

ਇਹ ਸ਼ੁੱਧ ਪਛੋਕੜ ਹੈ, ਸਿੱਖਾਂ ਦੇ ਮੁਗਲ ਸਾਮਰਾਜ ਨਾਲ, ਕਾਬਲ ਸਾਮਰਾਜ ਨਾਲ, ਅਤੇ ਹਿੰਦੁਸਤਾਂਨ ਦੇ ਸਿਆਸੀ ਇਸਲਾਮ ਨਾਲ, ਸੰਘਰਸ਼ ਦਾ।

ਇਹ ਮੁਜੱਦਦ ਦੀ ਲੰਬੀ ਕਥਾ ਅਤੇ ਇਸ ਦੇ ਪਿਛੋਕੜ ਤੇ ਵਾਤਾਵਰਨ ਦੀ ਤਫਸੀਲ ਤੇ ਵਿਸਤਾਰ, ਅਸਾਂ ਇਸ ਲਈ ਇਥੇ ਦਿੱਤਾ ਹੈ, ਕਿ ਇਸ ਨੂੰ ਸਮਝੇ ਅਤੇ ਦ੍ਰਿਸ਼ਟੀ-ਗੋਚਰ ਰਖੇ ਬਿਨਾ ਪਾਕਿਸਤਾਨ ਦਾ ਜਨਮ, ਅਤੇ ਸੁਤੰਤ੍ਰ ਭਾਰਤ ਦੀ ਆਤਮਕ ਸਮੱਸਿਆ ਦੀ ਸਹੀ ਸੂਝਬੂਝ ਸੰਭਵ ਨਹੀ। ਕਿਉਂਜੁ, ਇਹ ਦੋ ਸੌ ਸਾਲਾ ਸੰਘਰਸ਼, ਕੁਝ ਗਿਣੀਆਂ ਮਿਥੀਆਂ ਵਿਯਕਤੀਆਂ ਦੇ ਦਰਮਿਆਨ ਨਹੀਂ ਹੋਇਆ, ਸਗੋਂ ਇਸ ਵਿਚ ਹਿੰਦਸਤਾਨ ਦੇ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੀਆਂ ਸਾਮੂਹਿਕ ਆਤਮਾਵਾਂ ਨੇ ਭਰਪੂਰ ਭਾਗ ਲਿਆ ਹੈ ਅਤੇ ਜੋ ਫ਼ੈਸਲੇ ਇਤਿਹਾਸ ਨੇ ਇਸ ਬਾਰੇ ਕੀਤੇ ਹਨ ਉਹ ਕਿਵੇਂ ਭੀ ਅੱਖੋਂ ਓਹਲੇ ਨਹੀਂ ਕੀਤੇ ਜਾ ਸਕਦੇ, ਅਤੇ ਇਹ ਭੁੱਲਣ ਯੋਗ ਹਕੀਕਤ ਨਹੀਂ ਹੈ ਕਿ ਇਸ ਸੰਘਰਸ਼ ਦਾ ਹੀਰੋ ਮੁਸਲਮਾਨਾਂ ਲਈ ਜ਼ਿੰਦਹਪੀਰ ਔਰੰਗਜ਼ੇਬ ਹੈ, ਅਕਬਰ ਨਹੀਂ, ਤੇ ਹਿੰਦੂਆਂ ਦਾ ਹੀਰੋ ਹਿੰਦੂਪਤਿ ਰਾਣਾ ਪ੍ਰਤਾਪ ਹੈ, ਰਾਜਾ ਮਾਨ ਸਿੰਘ ਨਹੀਂ। ਸਿੱਖਾਂ ਲਈ, ਗੁਰੂ ਤੇਗ ਬਹਾਦੁਰ, ਸਾਰੇ "ਹਿੰਦ ਕੀ ਚਾਦਰ" ਹੈ, ਕਿਉਂਜੁ ਉਹ ਹਿੰਦੁਸਤਾਨ ਵਿਚ ਬਹੁਕੇਂਦ੍ਰਿਤ ਸਮਾਜ ਸਥਾਪਤ ਕਰਨ ਉਪ੍ਰੰਤ, ਹਿੰਦੂ ਮੁਸਲਮਾਨ ਦੋਹਾਂ ਲਈ, ਸਤਿਕਾਰ ਭਰਿਆ ਜੀਵਨ ਲੋੜਦੇ ਸਨ।

ਇੰਡੀਅਨ ਕੌਂਸਲ ਐਕਟ ਦੇ ੧੯੦੯ ਵਿਚ ਚਾਲੂ ਹੋਣ ਤੋਂ ਪਿਛੋਂ, ਸੰਨ ੧੯੧੧ ਵਿਚ ਬਰਤਾਨਵੀ ਸਮਰਾਟ, ਸ਼ਾਹਿਨਸ਼ਾਹ ਜਾਰਜ ਪੰਚਮ, ਨੇ ਦਿੱਲੀ ਦਰਬਾਰ ਕੀਤਾ ਅਤੇ ਸੰਨ

---

[1] "جزیه که از اهل کفر در هندوستان برطرف شده است بواسطهٔ شومئی مصاحبت اهل کفر است باسلاطین این دیار—"

[2] "ذبح بقر در هندوستان از اعظم شعائر اسلام است۔"

[3]. Mustafa Sabri, مواقف العقل و لعلم و لعالم, Cairo, 1950, III, 275-99

੧੯੧੪ ਵਿਚ ਪਹਿਲਾ ਵਿਸ਼ਵ-ਯੁੱਧ ਛਿੜ ਪਿਆ । ਸੰਨ ੧੯੧੬ ਵਿਚ ਮੁਸਲਮ ਲੀਗ ਤੇ ਇੰਡੀਅਨ ਨੈਸ਼ਨਲ ਕਾਂਗਰਸ ਨੇ ਆਪਸੀ ਸੁਲਹ ਕੀਤੀ, ਜਿਸ ਨੂੰ ਕਿ 'ਲਖਨਊ ਪੈਕਟ' ਕਿਹਾ ਜਾਂਦਾ ਹੈ । ਇਸ ਨਾਲ ਫਿਰਕੇਦਾਰੀ ਚੋਣਾ ਅਤੇ ਪਾਸਕੂ ਪ੍ਰਵਾਣਤ ਰਹੇ ਅਤੇ ਹਿੰਦੂਆਂ ਦੀ ਮਰਜੀ ਨਾਲ, ਦੇਸ਼ ਦੇ ਵਿਧਾਨ ਦਾ ਜ਼ਰੂਰੀ ਅੰਗ ਮੰਨੇ ਗਏ । ਇਕ ਸਾਲ ਮਗਰੋਂ, ਵਿਸ਼੍ਵ ਯੁੱਧ ਦੇ ਅੰਤਮ ਦਿਨਾਂ ਵਿਚ, ਅਗਸਤ ੧੯੧੭ ਵਿਚ ਸ਼ਾਹੀ ਐਲਾਨ ਹੋਇਆ ਜਿਸ ਦੇ ਕਿ ਮੁਢਲੇ ਫਿਕਰੇ ਇਹ ਹਨ :

"ਬਰਤਾਨਵੀ ਸ਼ਾਹਿਨਸ਼ਾਹ ਦੀ ਸਰਕਾਰ ਦੀ ਇਹ ਨਿਸ਼ਚਿਤ ਨੀਤੀ ਹੈ, ਜਿਸ ਨਾਲ ਕਿ ਹਿੰਦ ਸਰਕਾਰ ਪੂਰਨ ਤੌਰ ਤੇ ਸਹਿਮਤ ਹੈ, ਕਿ ਹਿੰਦੁਸਤਾਨੀਆਂ ਨੂੰ ਦੇਸ਼ ਦੇ ਰਾਜ-ਕਾਜ ਪ੍ਰਬੰਧ ਵਿਚ ਧੀਰੇ ਧੀਰੇ, ਵਧੇਰੇ ਤੋਂ ਵਧੇਰੇ ਹਿੱਸੇਦਾਰ ਬਣਾਇਆ ਜਾਵੇ ਤਾਂ ਜੁ ਦੇਸ਼ ਵਿਚ ਪੰਚਾਇਤੀ ਰਾਜ ਦੀਆਂ ਜੜ੍ਹਾਂ ਪੱਕੀਆਂ ਲੱਗ ਜਾਣ, ਜਿਨ੍ਹਾਂ ਦਾ ਅੰਤਮ ਨਿਸ਼ਾਨਾ, ਹਿੰਦ ਵਿਚ ਅਜੇਹੇ ਸ੍ਵੈਰਾਜ ਦੀ ਕਾਇਮੀ ਹੈ, ਜਿਹੜਾ ਬਰਤਾਨਵੀ ਸਾਮਰਾਜ ਦਾ ਇਕ ਦ੍ਰਿੜ੍ਹ ਅੰਗ ਹੋਵੇ ।"[1]

ਇਉਂ ਸੰਨ ੧੯੧੯ ਦਾ ਐਕਟ ਬਣਿਆ, ਜਿਸ ਦੁਆਰਾ ਸੂਬਿਕ ਕੌਂਸਲਾਂ ਤੇ ਉਨ੍ਹਾਂ ਦੇ ਅਧਿਕਾਰਾਂ ਦਾ ਸਪਸ਼ਟੀਕਰਨ ਕੀਤਾ ਗਿਆ । ਇਸ ਤੋਂ ਪਹਿਲਾਂ ਕੇਂਦ੍ਰੀ ਸਰਕਾਰ ਅਤੇ ਸੂਬਿਆਂ ਦੀਆਂ ਸਰਕਾਰਾਂ ਦੇ ਵਖੋ ਵਖਰੇ ਅਧਿਕਾਰ-ਖੇਤ੍ਰ ਸਪਸ਼ਟ ਨਹੀਂ ਸਨ, ਐਵੇਂ ਅਟਾ ਸਟਾ, ਕੁਛ ਅਧਿਕਾਰ ਅਤੇ ਰਾਜ-ਵਿਭਾਗ, ਸੂਬੇ ਦੀਆਂ ਸਰਕਾਰਾਂ ਨੂੰ ਦਿੱਲੀ ਦੀ ਕੇਂਦ੍ਰੀ ਸਰਕਾਰ ਨੇ ਸੌਂਪੇ ਹੋਏ ਸਨ। ਇਸ ੧੯੧੯ ਦੇ ਐਕਟ ਵਿੱਚ, ਸੂਬੇ ਦੇ ਰਾਜ-ਵਿਭਾਗਾਂ ਦੀ ਵੰਡ, ਰਾਖਵੇਂ ਵਿਭਾਗ (reserved subjects) ਤੇ ਹਵਾਲੇ ਕੀਤੇ ਵਿਭਾਗ (transferred subjects) ਵਿਚ ਪਹਿਲੀ ਵਾਰ, ਕੀਤੀ ਗਈ, ਜਿਸ ਦੁਆਰਾ, ਪਹਿਲੀ ਸ਼੍ਰੇਣੀ ਵਿਭਾਗਾਂ ਦੇ ਅਧਿਕਾਰ ਗਵਰਨਰ ਤੇ ਉਸ ਦੀ ਕੌਂਸਲ ਦੇ ਅਧੀਨ ਰਹੇ ਅਤੇ ਦੂਜੀ ਸ਼੍ਰੇਣੀ ਦੇ ਵਿਭਾਗ, ਸੂਬੇ ਦੀਆਂ ਸਰਕਾਰਾਂ ਦੇ ਚੁਣੇ ਹੋਏ ਵਜ਼ੀਰਾਂ ਦੇ ਮਾਤਹਿਤ ਕਰ ਦਿੱਤੇ ਗਏ।

ਇਸ ਐਕਟ ਨੂੰ ਪਾਸ ਕਰਨ ਤੋਂ ਪਹਿਲਾਂ, ਬ੍ਰਿਟਿਸ਼ ਪਾਰਲੀਮੈਂਟ ਨੇ ਜਿਹੜੀ ਸਾਂਝੀ ਸੀਲੈਕਟ ਕਮੇਟੀ ਬਿਠਾਈ ਸੀ, ਉਸ ਦੀ ਸਿਫਾਰਸ਼ ਤਾਂ ਇਹ ਸੀ, ਕਿ ਮੁਸਲਮਾਨਾਂ, ਅਤੇ ਸਿੱਖਾਂ ਤੋ ਬਿਨਾਂ ਹੋਰ ਕਿਸੇ ਜਾਤੀ, ਜਾਂ ਸ਼੍ਰੇਣੀ ਲਈ ਕੌਂਸਲਾਂ ਵਿਚ ਰਾਖਵੀਆਂ ਸੀਟਾਂ ਨ ਰੱਖੀਆਂ ਜਾਣ, ਪਰ ਜਦੋਂ ਐਕਟ ਬਣਿਆ ਤਾਂ ਮੁਸਲਮਾਨਾਂ ਅਤੇ ਸਿੱਖਾਂ ਤੋਂ ਇਲਾਵਾ, ਯੂਰਪੀਨ, ਐਂਗਲੋ ਇੰਡੀਅਨ, ਅਤੇ ਹਿੰਦੁਸਤਾਨੀ ਈਸਾਈਆਂ ਲਈ ਭੀ ਰਾਖਵੀਆਂ ਸੀਟਾਂ ਰੱਖੀਆਂ ਗਈਆਂ । ਮਦਰਾਸ ਤੇ ਬੰਬਈ ਵਿਚ, ਹਿੰਦੂਆਂ ਦੇ ਕੋਟੇ ਵਿਚੋਂ, ਅਨ-ਬ੍ਰਾਹਮਣਾਂ ਅਤੇ ਮਰਹੱਟਿਆਂ ਲਈ ਭੀਂ ਸੀਟਾਂ ਰਾਖਵੀਆਂ ਕੀਤੀਆਂ ਗਈਆਂ ।

ਇਸੇ ਐਕਟ ਵਿਚ ਇਹ ਭੀ ਨਿਸਚਿਤ ਕੀਤਾ ਗਿਆ ਸੀ ਕਿ ਦਸ਼ਾਂ

---

[1] "The policy of His Majesty's Government, with which the Government of India are in complete accord, is that of increasing association of Indians in every branch of the administration and the gradual development of self-governing institutions with a view to the progressive realisation of responsible Government in India as an integral part of the British Empire."

ਵਰ੍ਹਿਆਂ ਪਿੱਛੋਂ ਇਕ ਵਿਧਾਨਿਕ ਕਮਿਸ਼ਨ ਨਿਯੁਕਤ ਕੀਤਾ ਜਾਵੇਗਾ, ਜੋ ਕਿ ਇਸ ਐਕਟ ਦੇ ਵਰਤੋਂ ਵਿਚ ਆਉਣ ਤੋਂ ਪ੍ਰਾਪਤ ਹੋਏ ਤਜਰਬੇ ਦੀ ਰੋਸ਼ਨੀ ਵਿਚ ਸ਼ਿਫਾਰਸ਼ ਕਰੇ ਕਿ ਹਿੰਦੁਸਤਾਨ ਨੂੰ ਕਿਸ ਹੱਦ ਤਕ ਅਤੇ ਕਦੋਂ ਸ੍ਵਰਾਜ ਦੇ ਅਧਿਕਾਰ ਦਿਤੇ ਜਾਣ ।

ਸੰਨ ੧੯੨੧ ਦੇ ਆਰੰਭ ਵਿਚ, ਡਿਊਕ ਆਫ ਕਨਾਟ (ਜਾਰਜ ਪੰਚਮ ਦਾ ਚਾਚਾ) ਇਸ ਐਕਟ ਦੀ ਸਕੀਮ ਦਾ ਉਦਘਾਟਨ ਕਰਨ ਹਿੰਦੁਸਤਾਨ ਆਇਆ ਅਤੇ ਉਸ ਨੇ ਬਰਤਾਨਵੀ ਸਮ੍ਰਾਟ ਦਾ ਇਹ ਰਾਜ-ਸੁਨੇਹਾ ਵਿਗਿਆਪਤ ਕੀਤਾ :

"ਕਈ ਵਰ੍ਹਿਆਂ ਤੋਂ—ਸੰਭਵ ਹੈ, ਕਈ ਪੀੜ੍ਹੀਆਂ ਤੋਂ,—ਦੇਸ਼ ਭਗਤ ਅਤੇ ਰਾਜ ਭਗਤ ਹਿੰਦੁਸਤਾਨੀ ਅਪਣੀ ਮਾਤ੍ਰੀ ਭੂਮੀ ਲਈ ਸ੍ਵਰਾਜ ਦੇ ਸੁਪਨੇ ਲੈਂਦੇ ਰਹੇ ਹਨ । ਅਜ ਅਸਾਡੇ ਸਾਮਰਾਜ ਦੀਆਂ ਸੀਮਾਂ ਦੇ ਅੰਦਰ, ਸ੍ਵਰਾਜ ਦਾ ਅਰੰਭ ਹੁੰਦਾ ਹੈ. . . . ।"[1]

ਸਰਕਾਰੀ ਪੱਧਰ ਉੱਤੇ, ਇਸ ਸਮੇਂ, ਪਹਿਲੀ ਵਾਰ, ਅੰਗ੍ਰੇਜ਼ ਹਾਕਮਾਂ ਨੇ, 'ਸ੍ਵਰਾਜ' ਦੇ ਸ਼ਬਦ ਦਾ ਉਪਯੋਗ ਕੀਤਾ ।

੧੩, ਅਪ੍ਰੈਲ, ੧੯੧੯ ਨੂੰ ਜੱਲਿਆਂ ਵਾਲੇ ਬਾਗ ਦਾ ਭਯੰਕਰ ਸਾਕਾ ਹੋ ਚੁਕਾ ਸੀ, ਅਤੇ ਉਸ ਤੋਂ ਝਟ-ਪਟ ਪਿੱਛੋਂ, ਹਿੰਦੁਸਤਾਨੀਆਂ ਦੇ ਪ੍ਰੋਟੈਸਟਾਂ ਦੀ ਪਰਵਾਹ ਨ ਕਰਦੇ ਹੋਏ, ਰੌਲਟ ਐਕਟ ਦਾ ਕਾਲਾ ਕਾਨੂਨ ਲਾਗੂ ਕਰ ਦਿੱਤਾ ਗਿਆ ਸੀ । ਫਿਰ ਭੀ, ਜਦੋਂ ਦਸੰਬਰ ਸੰਨ ੧੯੧੯, ਵਿਚ, ਕਾਂਗ੍ਰੇਸ ਦਾ ਵਾਰਸ਼ਿਕ ਜਲਸਾ ਅੰਮ੍ਰਿਤਸਰ ਵਿਚ ਹੋਇਆ ਤਾਂ ਤਿਲਕ, ਮਾਲਵੀ ਜੀ ਤੇ ਗਾਂਧੀ ਜੀ, ਐਕਟ ੧੯੧੯ ਨੂੰ ਮੰਨ, ਕੇ ਸਹਿਯੋਗ ਦੇਣ ਦੇ ਹੱਕ ਵਿਚ ਸਨ ਅਤੇ ਸੀ. ਆਰ. ਦਾਸ ਇਸ ਦਾ ਬਾਈਕਾਟ ਕਰਨ ਦੇ ਹੱਕ ਵਿਚ ਸੀ । ਪਰ ਇਹ ਮਿਲਵਰਤਨ ਦਾ ਵਾਤਾਵਰਨ ਬਹੁਤਾ ਚਿਰ ਨ ਨਿਭ ਸਕਿਆ, ਦੋ ਕਾਰਨਾਂ ਕਰਕੇ । ਇਕ ਤਾਂ ਪਹਿਲੇ ਵਿਸ਼ਵ-ਯੁੱਧ ਪਿਛੋਂ ਜੋ ਸੰਧੀ ਵਿਜਈਆਂ ਨੇ ਤੁਰਕੀ ਨਾਲ ਕੀਤੀ, ਉਸ ਦੁਆਰਾ ਤੁਰਕੀ ਦੇ ਸੁਲਤਾਨ ਦਾ, ਜੋ ਕਿ ਸਾਰੇ ਸੰਸਾਰ ਦੇ ਮੁਸਲਮਾਨਾਂ ਦਾ ਖ਼ਲੀਫ਼ਾ ਭੀ ਸੀ, ਬਹੁਤ ਸਾਰਾ ਰਾਜ ਭਾਗ ਖੋਹ ਲਿਆ ਗਿਆ, ਜਿਸ ਉੱਤੇ ਹਿੰਦੁਸਤਾਨ ਦੇ ਮੁਸਲਮਾਨ ਬਹੁਤ ਦੁਖੀ ਸਨ । ਦੂਜੇ, ਅੰਗ੍ਰੇਜ਼ੀ ਹਕੂਮਤ ਨੇ ਪੰਜਾਬ ਵਿਚ ਹੋਏ ਅੱਤਯਾਚਾਰਾਂ ਦੇ ਦੋਸ਼ੀਆਂ ਨੂੰ ਦੰਡ ਦੇਣੋਂ ਨਾਂਹ ਕਰ ਦਿੱਤੀ ।

ਇਨ੍ਹਾਂ ਦੋਹ ਕਾਰਨਾਂ ਕਰਕੇ, ਗਾਂਧੀ ਜੀ ਨੇ ਤਿਲਕ ਦੀ ਮ੍ਰਿਤੂ (ਜੁਲਾਈ, ੧੯੨੦) ਉਪ੍ਰਾਂਤ ਮੁਸਲਮਾਨਾਂ ਨਾਲ, ਖ਼ਿਲਾਫ਼ਤ ਬਾਰੇ, ਅਤੇ ਪੰਜਾਬ ਦੇ ਅੱਤਯਾਚਾਰਾਂ ਬਾਰੇ, ਸਾਂਝਾ ਮੁਹਾਜ਼ ਬਣਾ ਲਿਆ ਅਤੇ ਅੰਗ੍ਰੇਜ਼ ਸਰਕਾਰ ਨਾਲ ਨ-ਮਿਲਵਰਤਨ ਦਾ ਨਾਅਰਾ ਲਾ ਦਿੱਤਾ । ਅਕਤੂਬਰ, ਸੰਨ ੧੯੨੦ ਵਿਚ, ਜਦੋਂ ਸੰਨ ੧੯੧੯ ਦੇ ਐਕਟ ਹੇਠਾਂ ਪਹਿਲੀਆਂ ਚੋਣਾਂ ਹੋਈਆਂ, ਤਾਂ ਕਾਂਗ੍ਰੇਸ ਨੇ ਉਨ੍ਹਾਂ ਦਾ ਬਾਈਕਾਟ ਕਰ ਦਿਤਾ ਅਤੇ ਮੁਸਲਮਾਨਾਂ ਦੀ ਖ਼ਿਲਾਫ਼ਤ ਕਮੇਟੀ ਨੇ ਭੀ ।

---

1. "For years—it may be for generations—patriotic and loyal Indians have dreamed of Swaraj for their Motherland. Today, you have the beginning of Swaraj within my Empire......"

ਦਸੰਬਰ, ੧੯੨੦ ਵਿਚ ਜਦੋਂ ਕਾਂਗ੍ਰੈਸ ਦਾ ਸਾਲਾਨਾ ਜਲਸਾ ਨਾਗਪੁਰ ਵਿਚ ਹੋਇਆ ਤਾਂ ਗਾਂਧੀ ਜੀ, ਪੱਕੇ ਤੌਰ ਤੇ ਕਾਂਗੈਸ ਉੱਤੇ ਛਾ ਗਏ। ਭਾਵੇਂ ਅਕਤੂਬਰ ੧੯੨੮ ਦੀਆਂ ਚੋਣਾਂ ਵਿਚ ਗਾਂਧੀ ਜੀ ਦੇ ਬਾਈਕਾਟ ਨੂੰ ਬਹੁਤੀ ਸਫਲਤਾ ਨਹੀਂ ਸੀ ਹੋਈ ਪਰ ਛੇਤੀ ਹੀ ਸਪਸ਼ਟ ਹੋ ਗਿਆ ਕਿ ਉਹ ਨਿਕਟ-ਭਵਿਸ਼ ਵਿਚ ਅਪਣੀ ਰਾਜਸੀ-ਸਤਾ ਨੂੰ ਪਰਦਰਸ਼ਨ ਕਰਨ ਦੀ ਲੋਚਾ ਰਖਦੇ ਹਨ।

ਸੰਨ ੧੯੨੧ ਵਿਚ, ਬਰਤਾਨਵੀ ਸਮਰਾਟ ਦਾ ਯੁਵਰਾਜ, ਪ੍ਰਿੰਸ ਆਫ ਵੇਲਸ, ਹਿਦੁਸਤਾਨ ਆਇਆ ਤਾਂ ਜੁ ਉਹ ਹਿੰਦੁਸਤਾਨੀਆਂ ਨੂੰ ਬ੍ਰਤਾਨੀਆ ਦੀ ਮਿਤ੍ਰਤਾ ਦਾ ਵਿਸ਼ਵਾਸ ਦਿਵਾ ਸਕੇ। ਕਾਂਗਰਸ ਦੇ ਲੀਡਰਾਂ ਨੇ ਉਸ ਦੇ ਬਾਈਕਾਟ ਦਾ ਭਰਪੂਰ ਪਰਚਾਰ ਕੀਤਾ ਪਰ ਬੜੀ ਉੱਚੀ ਸਰਕਾਰੀ ਪੱਧਰ ਉੱਤੇ ਇਹ ਗਲ ਬਾਤ ਚੱਲੀ ਕਿ ਜੇ ਇਸ ਸਮੇਂ ਪ੍ਰਿੰਸ ਆਫ ਵੇਲਸ ਦਾ ਸਵਾਗਤ ਖਾਲਸਾ ਕਾਲਜ, ਅੰਮਿਤਸਰ ਵਿਚ ਕੀਤਾ ਜਾਵੇ ਤਾਂ ਯੁਵਰਾਜ ਉਸੇ ਸਮੇਂ, ਖ਼ਾਲਸਾ ਕਾਲਜ, ਅੰਮ੍ਰਤਸਰ, ਨੂੰ ਸਿੱਖ ਯੂਨਿਵਰਸਟੀ ਬਨਾਣ ਦਾ ਐਲਾਨ, ਸਰਕਾਰੀ ਤੌਰ, ਤੇ ਕਰ ਦੇਣਗੇ ਤਾਂ ਜੁ, ਜਿਵੇਂ ਮੁਸਲਿਮ ਯੂਨਿ-ਵਰਸਟੀ, ਅਲੀਗੜ੍ਹ, ਤੇ ਹਿੰਦੂ ਯੂਨਿਵਰਸਟੀ, ਬਨਾਰਸ, ਸ਼ੁਧ ਮੁਸਲਮ ਤੇ ਹਿੰਦੂ ਆਤਮਕ ਤੇ ਸਮਾਜਕ ਸਿਧਾਂਤਾਂ ਦੀ ਪੜਤਾਲ ਵਿਕਾਸ ਤੇ ਸਾਂਭ-ਸੰਭਾਲ ਕਰ ਰਹੀਆਂ ਹਨ, ਇਉਂ ਹੀ ਸਿਖ ਆਤਮਕ ਤੇ ਸਮਾਜਕ ਕੀਮਤਾਂ ਦੇ ਪੜਚੋਲ ਪ੍ਰਚਾਰ ਦਾ ਬਾਨ੍ਹਣੂ ਬੱਨ੍ਹਿਆ ਜਾ ਸਕੇ। ਪਰ ਕੁਝ ਜੋਸ਼ੀਲੇ ਤੇ ਅਲਪ-ਬੁੱਧਿ ਸਿਖਾਂ ਵਲੋਂ ਇਸ ਨਿਰਦੋਸ਼ ਤੇ ਸੰਸਾਰ ਦੇ ਨਿਰੋਲ ਭਲੇ ਦੀ ਯੋਜਨਾਂ ਦੀ ਭਰਪੂਰ ਮੁਖਾਲਫ਼ਿਤ ਕੀਤੀ ਗ਼ਈ। ਇਨ੍ਹਾਂ ਨੈਸ਼ਨਿਲਸਟ ਸਿੱਖਾਂ ਦੇ ਕਪਤਾਨ, ਮਾਸਟਰ ਤਾਰਾ ਸਿਘ ਦੇ ਭਰਾ, ਪ੍ਰੋਫੈਸਰ ਨਿਰੰਜਨ ਸਿੰਘ ਅਤੇ ਸ੍ਰੀ ਮੰਗਲ ਸਿੰਘ, ਲੁਧਿਆਣਾ ਵਾਲੇ ਸਨ। ਪ੍ਰੋਫੈਸਰ ਨਿਰੰਜਣ ਸਿੰਘ ਦੀ ਨੈਸ਼ਨਿਲਸਟ ਸਿੱਖੀ ਤਾਂ ਇਤਨੀ ਜੋਸ਼ ਵਿਚ ਆਈ ਕਿ ਉਨ੍ਹਾਂ ਧਮਕੀ ਦਿਤੀ ਸੀ ਕਿ ਜੇ ਪ੍ਰਿੰਸ ਆਫ਼ ਵੇਲਸ, ਖ਼ਾਲਸਾ ਕਾਲਜ ਦੇ ਬੂਹੇ ਕੋਲ ਆਏ ਤਾਂ ਉਹ, ਉਸਦੀ ਮੋਟਰ ਹੇਠ ਆ ਕੇ ਪ੍ਰਾਣ ਤਿਆਗ ਦੇਣਗੇ। ਪਿਛਲੀ ਅਰਧ ਸ਼ਤਾਬਦੀ ਵਿਚ, ਸਿਖਾਂ ਵਿਚ, ਸਿਰ ਤਲੀ ਉੱਤੇ ਰੱਖ ਕੇ ਟੁਰੇ ਫਿਰਨ ਵਾਲੇ, ਟੋਟੇ ਟੋਟੇ ਹੋ ਕੇ ਮਰ ਜਾਣ ਦਾ ਦਾਹਵਾ ਕਰਨ ਵਾਲੇ, ਗੁਰੂ ਨੂੰ ਹਾਜ਼ਰ ਨਾਜ਼ਰ ਮਿਥ ਕੇ ਮੂਲੋਂ ਝੂਠੀਆਂ ਸੌਹਾਂ ਸੌਗੰਦਾਂ ਦਾ ਦੰਭ ਰਚਣ ਵਾਲੇ, ਤੇ ਕਿਸੇ ਅਮਕੀ ਗਲ ਨੂੰ ਅਪਣੀਆਂ ਲਾਸ਼ਾਂ ਉੱਤੇ ਹੀ ਬਨਣ ਦੀ ਆਗਿਆ ਦੇਣ ਵਾਲੇ ਤਾਂ ਅਨੇਕਾਂ ਹੋਏ ਹਨ, ਪਰ ਬੁੱਧੀ ਦੇ ਦੀਪਕ ਦੇ ਉਜਾਲੇ ਵਿਚ ਸੋਚਣ ਵਾਲੇ ਅਤੇ ਅਖਾਂ ਖੋਹਲ ਕੇ ਟੁਰਨ ਵਾਲੇ, ਬਹੁਤ ਹੀ ਘੱਟ। ਇਉਂ ਉਨ੍ਹਾਂ ਦੂਰ-ਦਰਸ਼ੀ ਸਿੱਖਾਂ ਦੀ, ਜਿਹੜੇ ਕਿ ਹਿੰਦ ਵਿਚ ਸਿੱਖਾਂ ਦਾ ਵਿਕਾਸ ਅਤੇ ਉਨ੍ਹਾਂ ਦੇ ਵਿਸ਼੍ਵ-ਸਭਯਤਾ ਵਿਚ ਹਿੱਸੇਦਾਰ ਬਣਨ ਦੇ ਉੱਚ ਵਿਚਾਰ ਸੋਚ ਰਹੇ ਸਨ, ਦੀ ਕੋਈ ਗੱਲ ਸਿਰੇ, ਨਾ ਚੜ੍ਹ ਸਕੀ।

ਅੱਗੇ ਚੱਲ ਕੇ ਦੱਸਾਂਗੇ ਕਿ, ਇਸੇ ਤਰਾਂ ਹੀ, ਸੰਨ ੧੯੨੧ ਤੋਂ ਲੈ ਕੇ ਸੰਨ ੧੯੪੭ ਦੇ ਸਮੇਂ ਅੰਦਰ, ਪੂਰੀ ਇਕ ਚੌਥਾਈ ਸ਼ਤਾਬਦੀ, ਅੱਧੀ ਦਰਜਣ ਤੋਂ ਵਧੀਕ ਅਜੇਹੇ ਅਵਸਰ, ਜਿਨ੍ਹਾਂ ਦਾ ਕਿ ਇਨ੍ਹਾਂ ਸਤਰਾਂ ਦਾ ਲਿਖਾਰੀ ਆਪ ਸ਼ਾਹਦੀ ਹੈ, ਗੁਰੂ ਅਕਾਲ ਪੁਰਖ ਨੇ ਸਿੱਖਾਂ ਨੂੰ ਬਖਸ਼ੇ ਕਿ ਉਹ ਅਪਣੇ ਪੈਰਾਂ ਉਤੇ ਖੜ੍ਹੇ ਹੋਣ ਤਾਂ ਜੁ ਗੁਰੂਆਂ ਦੇ ਮਹਾਨ ਉਦੇਸ਼, ਸਾਮੀ ਤੇ ਆਰਯ ਆਤਮਾ ਦਾ ਸੰਮੇਲਨ ਅਤੇ ਬਹੁ ਕੇਂਦਰ

ਸਮਾਜ ਦੀ ਸਥਾਪਨਾ, ਭਲੀਭਾਂਤ ਪ੍ਰਚਾਰ ਸਕਣ, ਜਿਨ੍ਹਾਂ ਦੁਆਰਾ ਕਿ ਹਿੰਦੁਸਤਾਨ ਤੇ ਸਾਰੇ ਸੰਸਾਰ ਦਾ ਕਲਿਆਣ ਸੰਭਵ ਹੈ, ਪਰ ਹਰ ਸਮੇਂ, ਸਿਖ ਆਗੂਆਂ ਨੇ, ਇਨ੍ਹਾਂ ਮੌਕਿਆਂ ਨੂੰ ਇਉਂ ਗਵਾ ਦਿਤਾ ਜਿਵੇਂ ਕੋਈ ਕੌਸਤਭ ਮਣੀ ਨੂੰ ਪਥਰ-ਗੀਟੇ ਵਾਂਗ ਸੁਟ ਪਾਏ। ਸਿਖਾਂ ਦੀ ਰਾਜਨੀਤਕ ਕੌਸ਼ਲਤਾ ਬਾਰੇ ਇਹ ਅੰਦਾਜ਼ਾ ਕੋਈ ਨਵੀਨ ਨਹੀਂ ਹੈ।

ਸੰਨ ੧੯੨੧ ਤੇ ਸੰਨ ੧੯੨੬ ਦੇ ਵਿਚਕਾਰ, ਜਿਉਂ ਜਿਉਂ ਕਾਂਗ੍ਰੈਸ, ਅਗੇਜ਼ਾਂ ਕੋਲੋਂ ਹਿੰਦੁਸਤਾਨ ਦਾ ਸਾਰਾ ਰਾਜ-ਭਾਗ ਯਕ-ਮੁਸ਼ਤ ਖੋਹਣ ਦੇ ਜਤਨ ਤੇਜ਼ ਕਰਦੀ ਗਈ, ਤਿਉਂ ਤਿਉਂ ਮੁਸਲਮਾਨਾਂ ਦਾ ਅਪਣੇ ਰਾਜਸੀ ਭਵਿਸ਼ ਬਾਰੇ ਤੌਖਲਾ ਵਧਦਾ ਗਿਆ ਅਤੇ ਇਸ ਸਮੇਂ ਵਿਚ, ਖ਼ਾਸ ਕਰਕੇ, ਹਿੰਦੂ-ਮੁਸਲਮ ਤਣਾਉ ਤੇ ਹਿੰਦੂ ਮੁਸਲਮ ਫ਼ਸਾਦ, ਬਹੁਤ ਵਧੇ।

ਸੰਨ ੧੯੧੯ ਦੇ ਐਕਟ ਵਿਚ ਹੀ ਇਹ ਨਿਸ਼ਚਿਤ ਹੋ ਚੁਕਾ ਸੀ ਕਿ ਪਜਾਂ ਸਾਲਾਂ ਪਿਛੋਂ, ਹਿੰਦੁਸਤਾਨੀਆਂ ਨੂੰ ਦੇਸ਼ ਦੇ ਰਾਜ-ਭਾਗ ਵਿਚ ਵਧੇਰੇ ਹਿਸੇਦਾਰ ਬਨਾਉਣ ਦੇ ਢੰਗਾ ਉੱਤੇ ਵਿਚਾਰ ਹੋਵੇਗੀ। ਇਸ ਅਨੁਸਾਰ, ਸੰਨ ੧੯੨੮ ਵਿਚ, ਸਾਈਮਨ ਕਮਿਸ਼ਨ ਹਿੰਦੁਸਤਾਨ ਪਧਾਰਿਆ, ਪਰ ਕਾਂਗ੍ਰੈਸ ਨੇ ਇਸ ਦਾ ਇਹ ਕਹਿ ਕੇ ਬਾਈਕਾਟ, ਕਰ ਦਿੱਤਾ ਕਿ ਇਸ ਵਿਚ ਹਿੰਦੁਸਤਾਨੀ ਨੇਤਾ ਕਿਉਂ ਸ਼ਾਮਲ ਨਹੀਂ ਕੀਤੇ ਗਏ। ਭਾਵੇਂ ਸਾਈਮਨ ਕਮਿਸ਼ਨ ਨੇ ਇਹ ਮੰਨ ਲਿਆ ਕਿ ਉਹ ਸੈਂਟਰਲ ਅਸੈਂਬਲੀ, ਦਿਲੀ, ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਨਾਲ ਰਲਾਉਣ ਲਈ ਤਿਆਰ ਹਨ, ਪਰ ਕਾਂਗ੍ਰੈਸ ਨੇ ਸਾਈਮਨ ਕਮਿਸ਼ਨ ਨੂੰ ਸਹਿਯੋਗ ਦੇਣਾ ਨਾ ਮੰਨਿਆਂ।

ਇਨ੍ਹਾਂ ਦਿਨਾਂ ਵਿਚ, ਇਨ੍ਹਾਂ ਸਤਰਾ ਦਾ ਲਿਖਾਰੀ ਲਾਹੌਰ, ਗੌਰਮਿੰਟ ਕਾਲਜ, ਵਿਚ ਵਿਦਿਆਰਥੀ ਸੀ ਅਤੇ ਜਿਸ ਦਿਨ ਸਾਈਮਨ ਕਮਿਸ਼ਨ ਲਾਹੌਰ ਪੁੱਜਾ, ਉਹ ਸਤੰਬਰ ਦਾ ਅੰਤ ਯਾ ਅਕਤੂਬਰ ਦਾ ਅਰੰਭ ਹੋਵੇਗਾ, ਕਿ ਉਹ ਭੀ, ਅਪਣੇ ਦੋ ਹ ਜਮਾਤੀਆਂ ਨੂੰ ਨਾਲ ਲੈ ਕੇ, ਰੇਲਵੇ ਸਟੇਸ਼ਨ ਉੱਤੇ ਤਮਾਸ਼ਾ ਦੇਖਣ ਗਿਆ। ਅਗੇ ਕੋਈ ਦੋ ਕੁ ਸੌ ਆਦਮੀ, ਜਿਨ੍ਹਾਂ ਵਿਚ ਕਿ ਲਾਲਾ ਲਾਜਪਤ ਰਾਇ ਤੇ ਪੰਡਤ ਮਦਨ ਮੋਹਨ ਮਾਲਵੀਯ ਭੀ ਸਨ, ਸਟੇਸ਼ਨ ਕੋਲ ਪਹੁੰਚੇ ਹੋਏ ਸਨ। ਲਾਲਾ ਲਾਜਪਤ ਰਾਇ ਦੇ ਹਥ ਵਿਚ ਛੱਤਰੀ ਖੋਹਲੀ ਹੋਈ ਸੀ। ਮੈਂ, ਅਰਥਾਤ ਇਨ੍ਹਾਂ ਸਤਰਾਂ ਦਾ ਲਿਖਾਰੀ, ਤੇ ਮੇਰੇ ਸਾਥੀ ਭੀ, ਘੁਸੜ ਕੇ, ਲਾਲਾ ਲਾਜਪਤ ਰਾਇ ਦੇ ਕੋਲ ਜਾ ਖਲੋਤੇ। ਸਟੇਸ਼ਨ ਦੇ ਸਾਹਮਣੇ ਵਾਲਾ ਵੱਡਾ ਮੈਦਾਨ ਸਾਰਾ ਖਾਲੀ ਪਿਆ ਸੀ ਤੇ ਅੰਦਰ ਜਾਣ ਦੇ ਰਾਹ, ਰੱਸੇਬੰਦੀ ਕਰਕੇ, ਪੁਲਿਸ ਨੇ ਰੋਕੇ ਹੋਏ ਸਨ। ਕੋਈ ਦਸ ਪੰਦਰਾਂ ਪੁਲਸੀਏ, ਦੋ ਗੋਰੇ ਸਾਰਜੰਟ ਤੇ ਇਕ ਪੁਲਸੀ ਹਾਕਮ (ਜਿਹੜਾ ਕਿ ਕਈ ਵਰ੍ਹੇ ਪਿੱਛੋਂ, ਮੈਨੂੰ ਪਤਾ ਲੱਗਾ, ਕਿ ਉਹ ਮਿਸਟ੍ਰ ਹਮਿਲਟਨ ਹਾਰਡਿੰਗ, ਆਈ. ਪੀ, ਅੰਮ੍ਰਤਸਰ ਦਾ ਸੀਨੀਅਰ ਸੁਪ੍ਰਿੰਟੈਂਟ ਪੁਲਿਸ ਸੀ) ਅਸਾਡਾ ਰਾਹ ਰੋਕੀ ਰੱਸੇਬੰਦੀ ਦੇ ਪਿੱਛੇ ਖੜ੍ਹਾ ਸੀ। ਸਟੇਸ਼ਨ ਦੀ ਹਵੇਲੀ ਦਾ ਦਰਸ਼ਨੀ ਦਾਲਾਨ, ਜਿਥੋਂ ਕਿ ਮੁਸਾਫਰ ਬਾਹਰ ਨਿਕਲਦੇ ਹਨ, ਅਸਾਥੋਂ ਦੂਰ, ਘੱਟੋ ਘੱਟ ਦੋ ਸੌ ਗਜ਼ ਪਰੇ ਸੀ। ਕੁਝ ਚਿਰ ਪਿੱਛੋਂ ਕੁਝ ਮੋਟਰਾਂ, ਤਿੰਨ ਯਾ ਚਾਰ, ਸੱਜੇ ਹੱਥ ਵੱਲ ਨੂੰ ਅਸਾਥੋਂ ਪਰ੍ਹਾਂ, ਹਵਾ

ਹੋ ਗਈਆਂ । ਸ਼ਕ ਪਿਆ ਕਿ ਇਹੋ ਸਾਈਮਨ ਕਮਿਸ਼ਨ ਦੇ ਬੰਦੇ ਹਨ । ਲਾਲਾ ਜੀ ਨੇ ਉੱਚੀ ਆਵਾਜ਼ ਨਾਲ ਕਿਹਾ : "ਸ਼ੇਮ, ਸਾਈਮਨ, ਗੋ ਬੈਕ", ਤੇ ਨਾਲ ਹੀ ਮਾਲਵੀਯ ਜੀ ਨੇ ਪਿਛੇ ਤਾਂਗੇ ਵਿਚ ਬੈਠਿਆਂ ਹੀ ਇਹੋ ਹੇਕ ਲਾਈ । ਅਸੀਂ ਵੀ ਚੀਖ਼ੇ : "ਸ਼ੇਮ ਸਾਈਮਨ, ਗੋ ਬੈਕ" । ਇਸ ਗੱਲ ਦੀ ਨ ਅਸਾਨੂੰ ਉਦੋਂ ਸਮਝ ਸੀ ਤੇ ਨ ਹੁਣ ਪਤਾ ਹੈ ਕਿ ਸਾਈਮਨ ਨੇ ਸ਼ਰਮ ਵਾਲੀ ਕੀ ਕਰਤੂਤ ਕੀਤੀ ਹੈ । ਪਰ ਇਸ ਸਾਈਮਨ ਨੂੰ ਦੇਖਣ ਲਈ, ਅਗਲੀ ਕਤਾਰ ਵਿਚ ਖਲੋਤੇ ਅਸੀਂ ਭੀ ਅਤੇ ਅਸਾਡੇ ਪਿਛੇ ਖਲੋਤੇ ਬਾਕੀ ਆਦਮੀ ਭੀ, ਬਹੁਤ ਉਤਾਵਲੇ ਸਨ । ਪਿੱਛੋਂ ਧੱਕਾ ਜੁ ਪਿਆ ਤਾਂ ਅਸਾਡਾ ਭਾਰ ਅਸਾਡੇ ਅੱਗੇ ਖੰਨ੍ਹੇ ਹੋਏ ਰੋਕੂ ਰੱਸਿਆਂ ਤੇ ਪੈ ਗਿਆ ਤੇ ਇਉਂ ਪੁਲਸੀ ਹੱਦ-ਬੰਦੀ ਟੁੱਟਣ ਲੱਗੀ । ਇਸ ਸਮੇਂ, ਮਿਸਟ੍ਰ ਹੈਮਿਲਟਨ ਹਾਰਡਿੰਗ, ਪੰਜ ਛੇ ਪੁਲਸੀਆਂ ਸਮੇਤ ਅਸਾਡੇ ਵਲ ਵਧੇ । ਹੈਮਿਲਟਨ ਹਾਰਡਿੰਗ ਦੇ ਹੱਥ ਵਿਚ ਕੋਈ ਢਾਈ ਤਿਨ ਫੁਟ ਲੰਮੀ ਬੈਂਤ ਦੀ ਮੋਟੀ ਸੋਟੀ ਸੀ ਅਤੇ ਪੁਲਸੀਆਂ ਦੇ ਹੱਥਾਂ ਵਿਚ ਸਰਕਾਰੀ ਡਾਂਗਾਂ । ਹੈਮਿਲਟਨ ਹਾਰਡਿਗ ਅਗੇ ਵਧਿਆ, ਪਰ ਕਿਸੇ ਸਪਾਹੀ ਨੇ ਡਾਂਗ ਨਹੀਂ ਉਲਾਰੀ । ਹੈਮਿਲਟਨ ਹਾਰਡਿੰਗ ਸੋਟੀ ਉਲਾਰ ਕੇ, ਉਸ ਨੂੰ ਹਵਾ ਵਿਚ ਮਾਰਦਾ, ਜਿਥੇ ਲਾਲਾ ਲਾਜਪਤਰਾਇ ਖੜ੍ਹੇ ਸੀ, ਹੱਸੀ ਕੋਲ ਆਇਆ । "ਪੀਛੇ ਹਟੋ, ਗੈੱਟ ਬੈਕ ।" ਉਸ ਸਮੇਂ, ਸਿਰਫ ਇੱਕ ਬਾਰ, ਉਸ ਦੀ ਬੈਂਤ ਲਾਲਾ ਜੀ ਦੀ ਛਤਰੀ ਦੇ ਉਤਲੇ ਪਾਸੇ ਲੱਗੀ । ਬੱਸ ਇਤਨੇ ਚਿਰ ਵਿਚ ਸਾਈਮਨ ਕਮਿਸ਼ਨ ਵਾਲੇ ਸਟੇਸ਼ਨ ਤੋਂ ਕਈ ਮੀਲ ਦੂਰ ਜਾ ਢੁੱਕੇ ਸਨ ਅਤੇ ਅਸੀਂ ਸਾਰੇ ਘਰੋ ਘਰੀ ਮੁੜ ਆਏ ।

ਮਿਸਟਰ ਸਕਾਟ, ਸੀਨੀਅਰ ਸੁਪ੍ਰਿੰਡੈਂਟ ਪੁਲਿਸ, ਜਿਸ ਨੂੰ ਉਸੇ ਸ਼ਾਮ, ਲਾਲਾ ਲਾਜ-ਪਤ ਰਾਇ ਨੂੰ ਡਾਂਗਾਂ ਨਾਲ ਕੁੱਟਣ ਦਾ ਦੋਸ਼ੀ ਥਾਪਿਆ ਗਿਆ, ਇਹ ਸਾਰਾ ਸਮਾਂ ਅਸਾਡੇ ਸੌ ਸੌ ਗਜ਼ ਨੇੜੇ, ਕਿਤੇ ਨਹੀਂ ਸੀ, ਤੇ ਸੁਣਿਆ ਹੈ ਕਿ ਉਹ ਸਾਰਾ ਸਮਾਂ, ਰੇਲਵੇ ਸਟੇਸ਼ਨ ਦੇ ਅੰਦਰ, ਪਲੇਟਫਾਰਮ ਉੱਤੇ, ਹੀ ਮੌਜੂਦ ਰਿਹਾ । ਮਿਸਟਰ ਸਾਂਡਰਸ, ਅਸਿਸਟੈਂਟ ਸੁਪ੍ਰਿੰਟ ਪੁਲਿਸ, ਜਿਸ ਨੂੰ, ਇਸ ਘਟਨਾਂ ਦੇ ਤਿੰਨ ਕੁ ਮਹੀਨੇ ਪਿੱਛੋਂ, ਨੌਜਵਾਨ ਨੈਸ਼ਨਿਲਸਟ ਸਿਖ, ਭਗਤ ਸਿਘ ਨੇ, ਯਾ ਉਸ ਦੇ ਸਾਥੀ ਸਿੱਖ ਨੇ, ਮੇਰੀਆਂ ਅੱਖਾਂ ਦੇ ਸਾਹਮਣੇ, ਗੋਲੀ ਨਾਲ ਉਡਾ ਦਿੱਤਾ, ਅਤੇ ਨਾਲ ਹੀ ਆਪਣੇ ਸਾਥੀ ਅਫਸਰ ਨੂੰ ਬਚਾਉਣ ਦਾ ਧਰਮ ਪਾਲਨ ਕਰਦੇ ਸਿੱਖ ਅਤੇ ਇਸੇ ਦੇਸ਼ ਵਿਚ, ਨਿਰਦੋਸ਼ੀ ਹਵਾਲਦਾਰ ਚਨਣ ਸਿਘ ਨੂੰ, ਮਾਰ ਸੁੱਟਿਆ, ਉਹ ਸਾਂਡਰਸ, ਉਸ ਦਿਨ ਸਾਈਮਨ ਕਮਿਸ਼ਨ ਦੀ ਆਮਦ ਉਤੇ ਲਾਹੌਰ ਰੇਲਵੇ ਸਟੇਸ਼ਨ ਦੇ ਪੰਜ ਪੰਜ ਮੀਲ ਨੇੜੇ ਕਿਤੇ ਨਹੀਂ ਸੀ ।

ਜਦੋਂ ਮੈਂ ਤੇ ਮੇਰੇ ਸਾਥੀ ਮੁੜ ਕੇ ਕਾਲਜ ਆਏ ਤਾਂ ਅਜੇ ਅਸਾਡਾ ਇੱਕ ਲੈਕਚਰ, ਪ੍ਰੋਫੈਸਰ ਫ਼ਰਥ ਦਾ, ਰਹਿੰਦਾ ਸੀ । ਅਸੀਂ ਚੁਪ-ਚੁਪਾਤੇ, ਪਿਛਲੇ ਦਰਵਾਜ਼ਿਉਂ ਕਮਰੇ ਅੰਦਰ ਵੜੇ ਤਾਂ ਪ੍ਰੋਫੈਸਰ ਫ਼ਰਥ ਨੇ ਅਸਾਨੂੰ ਦੇਖ ਲਿਆ ਤੇ ਉੱਚੀ ਜੈਕਾਰਾ ਛੱਡਿਆ : "ਸ਼ੇਮ ਸ਼ੈਮਨ, ਗੋ ਬੈਕ ।" ਜਿਵੇਂ ਕਿ ਕੁਦਰਤੀ ਸੀ, ਮੈਂ ਤੇ ਮੇਰਾ ਸਾਥੀ ਘਬਰਾ ਗਏ, ਪਰ ਪ੍ਰੋਫੈਸਰ ਫ਼ਰਥ ਨੇ ਹੱਸ ਕੇ ਅਸਾਡਾ ਦਿਲ ਠਿਕਾਣੇ ਕਰ ਦਿੱਤਾ । ਪ੍ਰੋਫੈਸਰ ਫ਼ਰਥ ਸ਼ਬਦ-ਉਚਾਰਣ ਬੋਧ (Phonetics) ਦੇ ਮਾਹਿਰ ਸਨ ਅਤੇ ਰਹਸਯ

ਉਨ੍ਹਾਂ ਦੇ "ਸ਼ੇਮ, ਸ਼ੈਮਨ ਗੌ ਬੈਕ" ਦਾ ਇਤਨਾ ਹੀ ਸੀ ਕਿ ਅਸਾਂ ਭੀ, ਬਾਕੀ ਲੋਕਾਂ ਨਾਲ ਰਲ ਕੇ ਰੇਲਵੇ ਸਟੇਸ਼ਨ ਉੱਤੇ, "ਸ਼ੇਮ ਸ਼ੈਮਨ" ਕਹਿ ਕੇ "ਸਾਈਮਨ" ਸ਼ਬਦ ਦਾ ਅਸ਼ੁੱਧ ਉਚਾਰਣ ਕੀਤਾ ਹੋਵੇਗਾ ਅਤੇ ਇਉਂ ਪ੍ਰੋਫੈਸਰ ਫ਼ਰਬ ਕੋਲੋਂ ਪ੍ਰਾਪਤ ਕੀਤੀ ਸਿੱਖਿਆ ਦਾ ਅਨਾਦਰ ਕੀਤਾ ਹੋਵੇਗਾ । ਅਸਾਡੇ ਸਾਈਮਨ ਕਮਿਸ਼ਨ ਦੇ ਬਰਖ਼ਿਲਾਫ਼ ਨਾਹਰੇ ਲਾਉਣ ਉੱਤੇ ਕੋਈ ਇਹਤਰਾਜ਼ ਉਨ੍ਹਾਂ ਨੂੰ ਨਹੀਂ ਸੀ, ਸਵਾਏ ਅਸ਼ੁੱਧ ਸ਼ਬਦ- ਉਚਾਰਣ ਦੇ ।

ਉਸੇ ਸ਼ਾਮ, ਮੋਰੀ ਦਰਵਾਜ਼ੇ ਦੇ ਬਾਹਰ, ਲਾਹੌਰ ਵਿਚ, ਇਕ ਪਬਲਿਕ ਜਲਸਾ ਹੋਇਆ, ਜਿਸ ਵਿ ਲਾਲਾ ਲਾਜਪਤ ਰਾਇ, ਅਪਣੇ "ਪੰਜਾਬ ਕੇਸਰੀ" ਬਿਰੁਦ ਦੀ ਪੈਜ ਰੱਖਦੇ ਹੋਏ ਗਰਜੇ : "ਅੱਜ ਜਿਹੜੀਆਂ ਲਾਠੀਆਂ ਅਸਾਡੀਆਂ ਛਾਤੀਆਂ ਤੇ ਵੱਜੀਆਂ ਹਨ, ਉਹ ਉਤਨੇ ਹੀ ਕਿੱਲ ਅੰਗ੍ਰੇਜ਼ੀ ਸਾਮਰਾਜ ਦੀ ਲਾਸ਼ ਦੇ ਤਾਬੂਤ ਵਿਚ ਠੁੱਕ ਗਏ ਹਨ ।" ਇੱਥੇ ਲਾਲਾ ਜੀ ਨੇ ਸਪਸ਼ਟ ਦੋਸ਼ ਲਗਾਇਆ ਕਿ ਉਨ੍ਹਾਂ ਦੀ ਛਾਤੀ ਉਪਰ ਮਿਸਟਰ ਸਕਾਟ ਨੇ ਡਾਂਗਾਂ ਮਾਰੀਆਂ ਹਨ ।

ਸੰਨ ੧੯੪੨ ਵਿਚ, ਜਦੋਂ ਕਿ ਮੈਂ ਕਰਨਾਲ ਜ਼ਿਲੇ ਦਾ ਡਿਪਟੀ ਕਮਿਸ਼ਨਰ ਸੀ ਅਤੇ ਮਿਸਟਰ ਹੈਮਿਲਟਨ ਹਾਰਡਿੰਗ, ਅੰਬਾਲਾ ਰੇਂਜ ਦੇ ਡੈਪੁਟੀ ਇਨਸਪੈਕਟਰ ਜਨਰਲ ਪੁਲਿਸ, ਤਾਂ ਇਕ ਸਮੇਂ ਅਸੀਂ ਇੱਕਠੇ ਰਾਤ ਦਾ ਖਾਣਾ ਖਾ ਰਹੇ ਸਾਂ, ਕਿ ਉਨ੍ਹਾਂ ਮੈਨੂੰ ਇਹ ਕਥਾ ਸੁਣਾਈ, ਕਿ ਸੰਨ ੧੯੨੮ ਵਿਚ, ਸਾਈਮਨ ਕਮਿਸ਼ਨ ਦੀ ਆਮਦ ਵੇਲੇ, ਹਵਾ ਵਿਚ ਬੈਂਤ ਉਸ ਨੇ ਘੁਮਾਈ ਸੀ, ਜੋ ਕਿ ਲਾਲਾ ਲਾਜਪਤ ਰਾਇ ਦੀ ਛਤਰੀ ਉੱਤੇ ਜਾ ਲੱਗੀ ਸੀ । ਉਸ ਦਸਿਆ ਕਿ ਮਿਸਟ੍ਰ ਸਕਾਟ ਉਸ ਸਾਰੇ ਸਮੇਂ ਅੰਦਰ ਰੇਲਵੇ ਪਲੇਟਫਾਰਮ ਉੱਤੇ ਹੀ ਰਿਹਾ ਸੀ ਅਤੇ ਲਾਲਾ ਲਾਜਪਤ ਰਾਇ ਨੇ ਅਪਣੀ ਇਕ ਪੁਰਾਣੀ ਤੇ ਜ਼ਾਤੀ ਕਿੜ ਕੱਢਣ ਲਈ, ਸਕਾਟ ਦੇ ਖ਼ਿਲਾਫ਼ ਇਹ ਕਹਾਣੀ ਘੜ ਲਈ ਸੀ ਕਿ ਸਕਾਟ ਨੇ ਲਾਲਾ ਜੀ ਦੀ ਛਾਤੀ ਤੇ ਡਾਂਗਾਂ ਮਾਰੀਆਂ । ਮੈਂ ਉਸ ਵੇਲੇ ਹੈਮਿਲਟਨ ਹਾਰਡਿੰਗ ਨੂੰ ਇਹ ਪ੍ਰਗਟ ਨਾ ਕੀਤਾ, ਕਿ ਚੌਦਾਂ ਵਰ੍ਹੇ ਪਹਿਲਾਂ, ਮੈਂ ਇਹ ਸਭ ਗੱਲਾਂ ਆਪ ਅੱਖੀ ਡਿੱਠੀਆਂ ਸਨ, ਪਰ ਮੇਰੇ ਮਨ ਵਿਚ ਇਸ ਅੰਗ੍ਰੇਜ਼ ਅਫ਼ਸਰ ਦੀ ਸਚਾਈ ਦਾ ਡੂੰਘਾ ਪ੍ਰਭਾਵ ਪਿਆ, ਕਿ ਚੌਦਾਂ ਵਰ੍ਹੇ ਬੀਤਣ ਪਿੱਛੋਂ ਭੀ, ਜਦੋਂ ਕਿ ਇਸ ਘਟਨਾ ਦੇ ਬੜੇ ਦੁਖਾਂਤਕ ਸਿੱਟੇ ਨਿਕਲ ਚੁਕੇ ਹਨ, ਇਹ ਆਦਮੀ ਸਚਾਈ ਨੂੰ ਵਧਾ ਘਟਾ ਨਹੀਂ ਰਿਹਾ ।

ਸਾਈਮਨ ਕਮਿਸ਼ਨ ਦੇ ਲਾਹੌਰ ਪੁੱਜਣ ਤੋਂ ਪੰਜ ਹਫਤੇ ਪਿਛੋਂ ਹੀ, ਲਾਲਾ ਲਾਜ-ਪਤ ਰਾਇ ਦੀ, ਦਿਲ ਦੀ ਧਾਪ ਬੰਦ ਹੋਣ ਕਾਰਣ, ਮ੍ਰਿਤੂ ਹੋ ਗਈ ਤਾਂ ਦੋ ਹਿੰਦੂ ਕਾਂਗ੍ਰੈਸੀ ਡਾਕਟਰਾਂ ਨੇ ਇਹ ਸਰਟੀਫਿਕੇਟ ਦੇ ਦਿਤਾ ਕਿ ਇਸ ਮ੍ਰਿਤੂ ਦਾ ਕਰਤਰੀ ਕਾਰਣ (Efficient cause) ਉਹ ਡਾਂਗਾਂ ਦੀਆਂ ਸੱਟਾਂ ਹੀ ਹਨ, ਜਿਹੜੀਆਂ ਕਿ ਛੇ ਹਫਤੇ ਪਹਿਲਾਂ ਉਨ੍ਹਾਂ ਨੂੰ ਵੱਜੀਆਂ ਸਨ । ਇਸ ਤਰ੍ਹਾਂ ਅਕਾਸ਼ ਬੇਲ ਦੇ ਫੁੱਲਾਂ ਨੂੰ ਫਲ ਲਗੇ ਤੇ ਬਾਂਝ ਵਿਧਵਾ ਦੇ ਸਪੁਤ੍ਰ ਦਾ ਵਿਵਾਹ ਸੰਸਕਾਰ ਹੋਇਆ । ਇਕ ਕਾਂਗ੍ਰੈਸੀ ਦੇਵੀ ਨੇਤਾ, ਇਸ ਸਮੇਂ ਲਾਹੌਰ ਪਧਾਰੀ ਤੇ ਇਹ ਬਿਆਨ ਅਖ਼ਬਾਰਾਂ ਵਿਚ ਛਪਵਾ ਕੇ, ਮੁੜਦੇ ਪੈਰੀਂ ਕਲਕੱਤੇ ਚਲੇ ਗਈ ।

> "ਲਾਲਾ ਜੀ ਨੂੰ ਦੁਸ਼ਟ ਸਕਾਟ ਫਿਰੰਗੀ ਨੇ ਡਾਂਗਾਂ ਮਾਰ ਕੇ ਕਤਲ ਕਰ ਦਿੱਤਾ ਹੈ । ਕੀ ਪੰਜਾਬ ਦਾ ਮਰਦਊਪੁਣਾ ਬਿਲਕੁਲ ਨਿਪੁੰਸਕ ਬਣ ਚੁੱਕਾ ਹੈ ?"

ਸ੍ਰੀਮਤੀ ਜੀ ਤਾਂ ਇਹ ਇਸਤ੍ਰਤਵ ਮਈ, ਕਾਮਨੀ ਸਹਚ੍ਰਸਯ, ਪ੍ਰਸ਼ਨ ਕਰਕੇ ਬੰਗਾਲੇ ਦੇਸ਼ ਪਹੁੰਚ ਗਏ ਤੇ ਪੰਜਾਬ ਦਾ ਮਰਦਊਪੁਣਾ, ਬਾਲ ਭਗਤ ਸਿਘ, ਜਿਸ ਨੂੰ ਕਿ ਨੈਸ਼ਨਿਲਸਟ ਸਿਖੀ, ਅਪਣੇ ਚਾਚੇ ਅਜੀਤ ਸਿੰਘ ਕੋਲੋਂ, ਤੇ ਦੇਸ਼ ਭਗਤੀ ਅਪਣੇ ਪਿਤਾ, ਕਿਸ਼ਨ ਸਿੰਘ ਕੋਲੋਂ, ਵਿਰਸੇ ਵਿਚ ਮਿਲੀ ਸੀ, ਦੇ ਸਰਲ ਹਿਰਦੇ ਵਿਚ ਪ੍ਰਜੁਲਤ ਹੋ ਉਠਿਆ । ਥੋਹੜਾ ਸਮਾਂ ਹੀ ਬੀਤਿਆ ਸੀ, ਕਿ ਦਸੰਬਰ ਅੰਤ ਦੇ ਦਿਨ ਸਨ, ਕਿ ਮੈਂ ਤੇ ਕੁਝ ਹੋਰ ਮੁੰਡੇ, ਗਵਰਨਮੈਂਟ ਕਾਲਜ ਦੇ ਨੀਊ ਹੋਸਟਲ ਦੀ ਧੁਰ ਛੱਤ ਉੱਤੇ ਬੈਠੇ ਪੜ੍ਹ ਰਹੇ ਸੀ, ਯਾ ਪੜ੍ਹਨ ਦਾ ਬਹਾਨਾ ਬਣਾ ਕੇ, ਹੇਠਾਂ ਚੌਕ ਵਿਚ, ਜਿੱਥੇ ਕਿ ਡੀ. ਏ. ਵੀ. ਕਾਲਜ ਦਾ ਖੂੰਜਾ ਲਗਦਾ ਸੀ ਅਤੇ ਜਿਸ ਦੇ ਸਾਹਮਣੇ ਡਿਸਟ੍ਰਿਕਟ ਪੁਲਿਸ ਦਾ ਦਫਤਰ ਸੀ, ਲੋਕਾਂ, ਮੋਟਰਾਂ, ਟਾਂਗਿਆਂ ਦੀ ਆਵਾ-ਜਾਈ ਦੇਖ ਰਹੇ ਸੀ, ਕਿ ਠਾਹ ਠਾਹ ਦੋ ਗੋਲੀਆਂ ਚੱਲੀਆਂ ਤੇ ਪੁਲਿਸ ਦੇ ਦਫਤਰੋਂ ਇਕ ਅੰਗ੍ਰੇਜ਼ ਨਿਕਲ ਕੇ, ਅਪਣੇ ਮੋਟਰ-ਸਾਈਕਲ ਉੱਤੇ ਚੜ੍ਹਣ ਲੱਗਾ, ਮਰ ਕੇ ਭੋਇਂ ਤੇ ਡਿਗਦਾ ਅਸਾਂ ਡਿੱਠਾ । ਫੇਰ ਇੱਕ ਸਿਖ ਪਲਸੀਆ, ਡੀ. ਏ. ਵੀ. ਕਾਲਜ ਤੇ ਡੀ. ਏ. ਵੀ ਹੋਸਟਲ ਵਾਲੀ ਕੰਧ ਦੇ ਖੂੰਜੇ ਵਲ ਨੂੰ ਨੱਸਾ ਤਾਂ ਜੁ ਗੋਲੀ ਚਲਾਉਣ ਵਾਲੇ ਨੂੰ ਫੜ ਲਏ । ਠਾਹ ਕਰਕੇ ਗੋਲੀ ਉਸ ਨੂੰ ਵੀ ਵੱਜੀ ਤੇ ਉਹ ਭੀ ਮਰ ਕੇ ਭੋਇਂ ਡਿੱਗਾ । ਇਤਨੇ ਨੂੰ ਰੌਲਾ ਗੌਲਾ ਢੇਰ ਪੈ ਗਿਆ ਤੇ ਸਾਰਾ ਚੌਕ ਲੋਕਾਂ ਨਾਲ ਤੇ ਪੁਲਿਸ ਨਾਲ ਭਰ ਗਿਆ ।

ਇਉਂ ਭਗਤ ਸਿੰਘ ਨੇ, ਸਾਂਡਰਸ ਨੂੰ, ਯਾ ਉਸ ਦੇ ਕਿਸੇ ਸਾਥੀ ਨੇ, ਸਕਾਟ ਦੇ ਭੁਲੇਖੇ ਕਤਲ ਕਰ ਦਿੱਤਾ* ਅਤੇ ਚੰਨਣ ਸਿੰਘ ਨੂੰ ਇਸ ਅਪ੍ਰਾਧ ਵਿਚ ਕਿ ਉਸ ਨੇ ਅਪਣੇ ਸਾਥੀ ਅਫਸਰ ਦੇ ਕਾਤਲ ਨੂੰ ਫੜਨ ਦਾ ਜਤਨ ਕਰਨ ਦੀ ਧਰਮ ਪਾਲਨਾ ਕਿਉਂ ਕੀਤੀ ।

ਦੂਜੇ ਦਿਨ ਮੈਨੂੰ ਤੇ ਬਾਕੀ ਮੁੰਡਿਆਂ ਨੂੰ ਇਸ ਘਟਨਾ ਬਾਰੇ ਪੁੱਛਿਆ ਗਿਅ ਤਾਂ ਮੈਂ ਜੋ ਦੇਖਿਆ ਸੀ, ਉਹ ਤਾਂ ਦੱਸ ਦਿੱਤਾ ਪਰ ਜਦੋਂ ਮੈਨੂੰ ਭਗਤ ਸਿਘ ਨੂੰ ਸ਼ਨਾਖ਼ਤ ਕਰਨ ਦਾ ਸੁਝਾਓ ਦਿੱਤਾ ਗਿਆ ਤੇ ਲਾਲਚ ਭੀ, ਤਾਂ ਮੈਂ ਸਾਫ ਇਨਕਾਰ ਕਰ ਦਿੱਤਾ । ਮੈਂ ਭਗਤ ਸਿੰਘ ਨੂੰ ਪਹਿਲਾਂ ਹੀ ਜਾਣਦਾ ਸੀ ਅਤੇ ਇਹ ਗੱਲ ਦੋ ਵਰ੍ਹੇ ਪਿੱਛੋਂ, ਜਦੋਂ ਮੈਂ ਆਈ. ਸੀ, ਐਸ. ਦੇ ਮੁਕਾਬਲੇ ਵਿਚ ਕਾਮਯਾਬ ਹੋਇਆ, ਤਾਂ ਮੇਰੇ ਬਰਖ਼ਿਲਾਫ਼ ਸਾਹਮਣੇ ਲਿਆਂਦੀ ਗਈ । ਪਰ ਅਜੇ ਦੇਸ਼ ਉੱਤੇ ਬਿਦੇਸ਼ੀ ਫਿਰੰਗੀਆਂ ਦਾ ਰਾਜ ਪਹਿਰਾ ਸੀ ਤੇ ਬਿਨਾਂ ਸੋਚੇ ਵਿਚਾਰੇ, ਦੁਸ਼ਟ ਰੁਚੀਆਂ ਨੂੰ ਰਾਜਸੱਤਾ ਦਾ ਇੱਕ ਇੱਕ ਰਖਯਕ ਮੱਨ ਕੇ, ਪੱਕਾ ਤੇ ਅਨਿਯਾ ਕਰਨ ਤੋਂ ਉਹ ਲੋਕ ਬਹੁਤ ਘਬਰਾਂਦੇ ਸਨ ।

ਭਗਤ ਸਿੰਘ ਤੇ ਉਸ ਦੇ ਸਾਥੀਆਂ ਉੱਤੇ ਕਤਲ ਦਾ ਮੁਕੱਦਮਾ ਚੱਲਿਆ ਤਾਂ ਉਸ ਨੇ ਬਹੁਤ ਹੌਸਲਾ ਰੱਖਿਆ ਤੇ ਅੰਤ ਫਾਂਸੀ ਚੜ੍ਹਣ ਤਕ, ਉਹ ਹਠ ਵਿਚ ਰਿਹਾ । ਸਰਕਾਰ ਨੇ ਉਸ ਦੀ ਇਹ ਅੰਤਮ ਇੱਛਾ ਤਾਂ ਪ੍ਰਵਾਣ ਕਰ ਲਈ ਕਿ

---

*ਭਾਈ ਰਣਧੀਰ ਸਿੰਘ ਜੀ ਨੇ, ਸੰਨ ੧੯੫੦ ਵਿਚ ਇਹ ਗੱਲ ਮੈਨੂੰ ਸ਼ਿਮਲੇ ਦੱਸੀ, ਕਿ ਭਗਤ ਸਿੰਘ ਨੇ, ਜੇਲ੍ਹ ਵਿਚ ਉਨ੍ਹਾਂ ਨੂੰ ਦੱਸਿਆ ਸੀ ਕਿ ਸਾਂਡਰਸ ਨੂੰ ਗੋਲੀ ਉਸ ਦੇ ਇਕ ਸਾਥੀ ਨੇ ਮਾਰੀ ਸੀ ਅਤੇ ਚੰਨਣ ਸਿੰਘ ਨੂੰ ਉਸਨੇ ।—ਕਰਤਾ ।

ਉਸ ਦੇ ਸਰੀਰ ਦਾ ਦਾਹ ਸੰਸਕਾਰ ਸਿੱਖ ਰਹੁ-ਰੀਤ ਅਨੁਸਾਰ ਕੀਤਾ ਜਾਵੇ, ਪਰ ਉਸ ਦੀ ਇਹ ਪ੍ਰਬਲ ਇੱਛਾ, ਕਿ ਉਸ ਨੂੰ ਫਾਂਸੀ ਲੱਗਣ ਤੋਂ ਪਹਿਲਾਂ, ਭਾਈ ਰਣਧੀਰ ਸਿਘ, ਜੋ ਕਿ ਉਸ ਸਮੇਂ ਲਾਹੌਰ ਜੇਹਲ ਵਿਚੋਂ ਛੁੱਟਣ ਵਾਲੇ ਸਨ, ਦੀ ਜੱਬੇਦਾਰੀ ਵਿਚ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਛਕਣ ਦਿੱਤਾ ਜਾਵੇ, ਅੰਗ੍ਰੇਜ਼ੀ ਸਰਕਾਰ ਨੇ, ਕੋਈ ਨੀਤੀ ਵਿਚਾਰ ਕੇ, ਪੂਰੀ ਨ ਹੋਣ ਦਿੱਤੀ।

ਕੀ ਭਗਤ ਸਿਘ ਨੂੰ, ਅਪਣੇ ਅੰਤਲੇ ਦਿਨਾਂ ਵਿਚ, ਇਹ ਗਿਆਨ ਹੋ ਗਿਆ ਸੀ, ਕਿ ਉਸ ਨੇ ਸਾਂਡਰਸ ਤੇ ਚੰਨਣ ਸਿੰਘ ਦਾ ਕਤਲ ਕਰਕੇ, ਸਿੱਖ ਧਰਮ ਤੇ ਸਿੱਖ ਕੀਮਤਾਂ ਦਾ ਨਿਸ਼ੇਧ ਕੀਤਾ ਹੈ ? ਕੀ ਉਹ ਸਮਝ ਗਿਆ ਸੀ ਕਿ ਬੇ-ਗੁਨਾਹ ਆਦਮੀ ਨੂੰ, ਬਿਨਾ ਵੰਗਾਰਨ ਦੇ, ਅਗਿਆਤ ਰੀਤ ਨਾਲ ਮਾਰਨਾ, ਸਿੱਖੀ ਸ਼ੌਰਯ ਤੇ ਸਿੱਘ ਧਰਮ ਦੇ ਵਿਰੁੱਧ ਹੈ ? ਕੀ ਉਸ ਨੂੰ ਬੋਧ ਹੋ ਗਿਆ ਸੀ ਕਿ ਜੋ ਕਾਰਾ ਉਸ ਨੇ ਕੀਤਾ ਹੈ ਉਸ ਦੀ ਸਿਧਾਂਤਕ ਤਰਕ ਸਿੱਧੀ, ਘੋਰ ਵਾਮ ਸ਼ਾਕਤਮਤ ਦੇ, ਕਾਲੀਮਾਤਾ ਨੂੰ ਪ੍ਰਸੰਨ ਕਾਰਿਕ ਮਨੁਸ਼ਮੇਧ ਕਰਮ ਕਾਂਡਾਂ ਵਿਚ ਤਾਂ ਹੈ, ਪਰ ਸਿੱਖੀ ਵਿਚ ਕਦਾਚਿਤ ਨਹੀਂ ? ਭਗਤ ਸਿੰਘ ਦਾ ਅੰਤਮ ਦਿਨਾਂ ਵਿਚ ਅੰਮ੍ਰਿਤ ਛਕ ਕੇ, ਅਪਣੇ ਪਿਉ ਤੇ ਚਾਚੇ ਦੇ ਕਰਦਾਰ ਸੰਸਕਾਰਾਂ ਨੂੰ ਬਹੁਤੀ ਗੌਰਵਤਾ ਨ ਦੇ ਕੇ, ਅਪਣੇ ਪ੍ਰਾਚੀਨ ਪੂਰਵਜਾਂ ਨਾਲ ਅਪਣੇ ਪੱਕੇ ਸੰਬੰਧ ਸਥਾਪਤ ਕਰਨ ਦੀ ਤੀਬਰ ਇੱਛਾ ਤੋਂ ਇਹੋ ਅਨੁਮਾਨ ਲਗਦਾ ਹੈ ਕਿ ਇਹ ਪ੍ਰਸ਼ਨ ਉਸ ਦੀ ਆਤਮਾ ਵਿਚ ਗੂਢ ਸਮੱਸਿਆ ਦਾ ਰੂਪ ਧਾਰਨ ਕਰ ਚੁੱਕੇ ਸਨ। ਇਨ੍ਹਾਂ ਪ੍ਰਸ਼ਨਾਂ ਦਾ ਕਤਈ ਤੇ ਸਪਸ਼ਟ ਉੱਤ੍ਰ ਹੀ ਉਹ ਅਪਣੇ ਦੇਸ਼ ਵਾਸੀਆਂ ਨੂੰ, ਅੰਮ੍ਰਿਤ ਛਕ ਕੇ ਦੇਣਾ ਚਾਹੁੰਦਾ ਸੀ, ਜਿਹੜਾ ਉੱਤ੍ਰ ਕਿ ਉਸ ਨੂੰ ਅੰਗ੍ਰੇਜ਼ ਨੌਕਰ-ਸ਼ਾਹੀ ਨੇ, ਇਹ ਨੀਤੀ ਵਿਚਾਰ ਕੇ ਨ ਦੇਣ ਦਿੱਤਾ ਕਿ ਕਿਤੇ ਬਹੁਤ ਸਾਰੇ ਸਿੱਖ ਸ਼ਾਕਤ ਮਤ ਦੇ ਮਨੁਸ਼ਮੇਧ ਸਿਧਾਂਤ ਨੂੰ ਹੀ ਸਿੱਖੀ ਦਾ ਅੰਗ ਨ ਸਮਝਣ ਲਗ ਜਾਣ, ਜਿਵੇਂ ਕਿ ਪਹਿਲਾਂ ਅਮ੍ਰੀਕਾ, ਕੈਨੇਡਾ, ਵਿਚ ਵਸਦੇ ਸਿੱਖ, ਨਵੀਨ ਸ਼ਾਕਤ ਮਤ ਆਧਾਰਤ ਰਾਸ਼ਟਰਵਾਦ ਨੂੰ ਸ਼ੁੱਧ ਸਿੱਖ ਸਿਧਾਂਤ ਮਨਣ ਲਗ ਪਏ ਸਨ ਤੇ ਜਿਵੇਂ ਕੁਝ ਸਿੱਖ ਮਾਰਕਸ ਵਾਦ ਨੂੰ ਸਿੱਖੀ ਅਨੁਕੂਲ ਮੰਨਦੇ ਹਨ, ਤੇ ਇਉਂ ਬੰਗਾਲ ਵਾਂਗਣ, ਪੰਜਾਬ ਵਿਚ ਭੀ ਯਵਨ ਰਕਤਸਰਾਵ, ਅੰਗ੍ਰੇਜ਼ਾਂ ਤੇ ਮੁਸਲਮਾਨਾਂ ਦਾ ਖ਼ੂਨ ਕਰਨਾ, ਸਿੱਖ ਧਾਰਮਿਕ ਲਹਿਰ ਦਾ ਰੂਪ ਧਾਰਨ ਨ ਕਰ ਲਵੇ। ਪਰ ਜੋ ਗੱਲਾਂ ਬਾਤਾਂ, ਭਾਈ ਰਣਧੀਰ ਸਿੰਘ ਜੀ ਨਾਲ, ਭਗਤ ਸਿੰਘ ਦੀਆਂ, ਇਨ੍ਹਾਂ ਅੰਤਲੇ ਦਿਨਾਂ ਵਿਚ ਹੋਈਆਂ ਦਸੀਆਂ ਜਾਂਦੀਆਂ ਹਨ,* ਉਨ੍ਹਾਂ ਤੋਂ ਇਹੋ ਸਿੱਧ ਹੁੰਦਾ ਹੈ ਕਿ ਭਗਤ ਸਿੰਘ ਨੈਸ਼ਨਿਲਸਟ ਆਦਿ ਨਵੀਨ ਸਿੱਖੀ, ਤੇ ਨਰੋਲ ਗਰੂਆਂ ਦੀ ਸਿੱਖੀ, ਦੇ ਅੰਤਰ ਦੀ ਰੂਪ ਰੇਖਾ ਪਛਾਣ ਗਿਆ ਸੀ ਅਤੇ ਅੰਤਮ ਇੱਛਾ ਜੋ ਉਸ ਨੇ ਇਹ ਦੱਸੀ ਕਿ ਉਸ ਦਾ ਦਾਹ ਸੰਸਕਾਰ ਸਿੱਖ ਧਰਮ ਅਨੁਸਾਰ ਹੋਵੇ, ਉਹ ਇਸੇ ਗੱਲ ਦਾ ਸੂਚਕ ਹੈ।

ਅਸਾਡੇ ਕੁਝ ਦੇਸ਼ ਵਾਸੀ, ਭਗਤ ਸਿੰਘ ਨੂੰ "ਸ਼ਹੀਦੇ-ਆਜ਼ਮ" ਕਹਿੰਦੇ ਹਨ, ਉਸ ਦੇ ਦੋ ਕਾਰਣ ਹੀ ਹੋ ਸਕਦੇ ਹਨ। ਇੱਕ ਤਾਂ ਇਹ ਕਿ ਉਸ ਦਾ ਚ੍ਰਿਤ੍ਰ ਦਲੇਰੀ ਤੇ ਨਿਰਭੈਤਾ ਪੂਰਤ ਸੀ। ਦਲੇਰੀ ਅਤੇ ਨਿਰਭੈਤਾ ਦੇ ਗੁਣ, ਭਾਵੇਂ ਉਨ੍ਹਾਂ ਦਾ ਪ੍ਰਯੋਗ ਠੀਕ ਨ ਭੀ ਹੋਇਆ ਹੋਵੇ ਯਾ ਸ਼ਪਸ਼ਟ ਅਯੋਗ ਹੀ ਕਿਉਂ ਨ ਹੋਇਆ ਹੋਵੇ, ਆਮ ਲੋਕਾਂ ਦੀ

* ਭਾਈ ਰਣਧੀਰ ਸਿੰਘ ਰਚਿਤ, "ਜੇਲ੍ਹ ਚਿੱਠੀਆਂ", ਚੌਥੀ ਛਾਪ, ਲੁਧਿਆਨਾ, ੧੯੬੫, ਸਫਾ, ੬੨੪ ॥

ਪ੍ਰਸੰਸਾ ਦਾ ਪਾਤ੍ਰ ਬਣ ਜਾਂਦੇ ਹਨ। ਦੂਜਾ ਕਾਰਨ ਸਪਸ਼ਟ ਇਹੋ ਜਾਪਦਾ ਹੈ, ਕਿ ਉਸ ਨੇ ਅੰਗ੍ਰੇਜ਼ ਸਾਂਡਰਸ ਅਤੇ ਉਸ ਨੂੰ ਬਚਾਉਣ ਵਾਲੇ ਸਿੱਖ ਨੂੰ, ਮਾਰ ਕੇ, ਕਾਲੀਮਾਤਾ, ਜੋ ਕਿ ਆਧੁਨਿਕ ਰਾਸ਼ਟਰਵਾਦੀ ਹਿੰਦੂਆਂ ਦੇ ਵਿਚਾਰ ਵਿਚ, ਭਾਰਤ ਮਾਤਾ ਦਾ ਹੀ ਅਧਿਯਾਤ-ਮਕ ਰੂਪ ਹੈ, ਦੀ ਪ੍ਰਸੰਸਾ ਪ੍ਰਾਪਤ ਕੀਤੀ ਹੈ। ਜੇ ਇਹੋ ਦਲੀਲ ਭਗਤ ਸਿੰਘ ਨੂੰ "ਸ਼ਹੀਦੇ-ਆਜ਼ਮ" ਮੰਨਣ ਦੀ ਹੈ ਤਾਂ ਜਿਸ ਸਰ੍ਹੰਦੀ ਪਠਾਣ ਨੇ ਗੁਰੂ ਗੋਬਿੰਦ ਸਿੰਘ ਨੂੰ ਮੁਹਲਿਕ ਘਾਓ ਨਾਂਦੇੜ ਵਿਚ ਲਗਾਇਆ ਸੀ, ਯਾ ਜਿਸ ਕਾਜ਼ੀ ਅਬਦੁਲ ਰਸ਼ੀਦ ਨੇ ਸ੍ਵਾਮੀ ਸ੍ਰਧਾਨੰਦ ਨੂੰ ਦਿੱਲੀ ਵਿਚ ਮਾਰ ਦਿੱਤਾ ਸੀ, ਉਹ "ਸ਼ਹੀਦੇ-ਆਜ਼ਮ" ਕਿਉਂ ਨਹੀਂ ?

ਸੰਨ ੧੯੩੦ ਵਿਚ ਸਾਈਮਨ ਕਮਿਸ਼ਨ ਦੀ ਰਪੋਰਟ ਦੀ ਪਹਿਲੀ ਜਿਲਦ ਛਪੀ ਪਰ ਇਸ ਨੂੰ ਪ੍ਰਵਾਨ ਕਰਨਾ ਤਾਂ ਇਕ ਪਾਸੇ ਰਿਹਾ, ਕਿਸੇ ਨੇ ਠੰਢੇ ਦਿਲ ਨਾਲ ਵਚਾਰਿਆ ਭੀ ਨ। ਸੰਨ ੧੯੨੯ ਵਿਚ ਕਾਂਗ੍ਰੇਸ ਦਾ ਸਾਲਾਨਾ ਸਮਾਗਮ ਲਾਹੌਰ, ਰਾਵੀ ਦੇ ਕੰਢੇ ਹੋਇਆ ਤਾਂ ੨੬/੨੭ ਜਨਵਰੀ ਦੀ ਅੱਧੀ ਰਾਤ ਨੂੰ, ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ, ਪੂਰਨ ਸ੍ਵਰਾਜ ਦਾ ਮਤਾ ਪਾਸ ਕੀਤਾ ਗਿਆ। ਇਹਨਾਂ ਸਤਰਾਂ ਦਾ ਲਿਖਾਰੀ, ਉਸ ਕੜਕਦੀ ਠੰਡੀ ਰਾਤ, ਉਥੇ ਵਾਲੰਟੀਅਰ ਦੇ ਰੂਪ ਵਿਚ ਮੌਜੂਦ ਸੀ।

੧੯੩੦—੩੧ ਵਿਚ ਕਾਂਗ੍ਰੇਸ ਨੇ ਨ-ਮਿਲਵਰਤਨ ਤੇ ਸਤਯਗ੍ਰਹ ਦਾ ਕੌਤਕ ਅਰੰਭ ਦਿੱਤਾ ਅਤੇ ਹਜ਼ਾਰਾਂ ਲੋਕ ਕਾਨੂੰਨ ਤੋੜਨ ਦੇ ਅਪ੍ਰਾਧ ਵਿਚ ਜੇਲ੍ਹੀਂ ਡੱਕੇ ਗਏ। ਅੰਗ੍ਰੇਜ਼ਾਂ ਨੇ ਕਾਂਗ੍ਰੇਸ ਦਾ ਇਹ ਰਾਮ ਰੌਲਾ ਤਾਂ ਦਬਾ ਦਿੱਤਾ, ਪਰ ਤਾਕਤ ਦੇ ਤੇ ਤਲਵਾਰ ਦੇ ਜ਼ੋਰ ਨਾਲ ਰਾਜ ਕਰੀ ਜਾਣਾ, ਉਨ੍ਹਾਂ ਦਾ ਅੰਤਮ ਨਿਸ਼ਾਨਾ ਕਦਾਚਿਤ ਨਹੀਂ ਸੀ। ਵਾਇਸ-ਰਾਇ, ਲਾਰਡ ਇਰਵਨ ਨੇ ਲੰਡਨ ਵਿਚ, ਬਰਤਾਨਵੀ ਗੌਵਰਨਮਿੰਟ ਨਾਲ ਸਲਾਹ ਕਰਕੇ, ਇਹ ਐਲਾਨ ਕੀਤਾ ਕਿ :

> "ਸੰਨ ੧੯੧੭ ਦੇ, ਹਿੰਦੁਸਤਾਨ ਦੇ ਰਾਜਸੀ ਨਿਸ਼ਾਨੇ ਬਾਰੇ ਕੀਤੇ ਗਏ ਐਲਾਨ ਦਾ ਠੀਕ ਭਾਵ ਏਹੋ ਹੈ ਕਿ ਹਿੰਦੁਸਤਾਨ ਡੁਮੀਨੀਅਨ ਸਟੇਟਸ ਦਾ ਦਰਜਾ ਪ੍ਰਾਪਤ ਕਰੇ।"

ਨਾਲ ਹੀ ਇਹ ਫੈਸਲਾ ਕੀਤਾ ਗਿਆ ਕਿ ਹਿੰਦੁਸਤਾਨੀ ਲੀਡਰਾਂ ਤੇ ਹਿੰਦੁਸਤਾਨੀ ਰਾਜਿਆਂ ਦੇ ਨੁਮਾਇੰਦਿਆਂ ਦੀ ਇੱਕ ਰਾਊਂਡ ਟੇਬਲ ਕਾਨਫ੍ਰੰਸ ਲੰਡਣ ਬੈਠੇ, ਜਿਹੜੀ ਕਿ ਸੰਮਿਲਤ ਤੇ ਸੰਯੁਕਤ ਹਿੰਦੁਸਤਾਨ ਦੀ ਰਾਜ-ਬਣਤ੍ਰ ਬਾਰੇ ਵਿਧਾਨ ਦਾ ਨਿਰਣਾ ਕਰੇ। ਇਹ ਕਾਨਫ੍ਰੰਸ, ਦਸੰਬਰ ੧੯੩੦ ਨੂੰ, ਲੰਡਨ ਵਿਚ ਹੋਈ, ਜਿਸ ਵਿਚ ਕਿ ੫੭ ਲੀਡਰ ਬ੍ਰਿਟਿਸ਼ ਹਿੰਦੁਸਤਾਨ ਦੇ, ਤੇ ੧੬ ਬਰਤਾਨਵੀ ਸਰਕਾਰ ਵਲੋਂ ਸ਼ਾਮਲ ਹੋਏ। ਇਸ ਰਾਊਂਡ ਟੇਬਲ ਕਾਨਫ੍ਰੰਸ ਵਿਚ ਮਹਾਰਾਜਾ ਬੀਕਾਨੇਰ ਤੇ ਨਵਾਬ ਭੋਪਾਲ ਨੇ, ਖਾਸ ਕਰਕੇ, ਸੰਮਿਲਤ ਤੇ ਸੰਯੁਕਤ ਕੇਂਦ੍ਰੀ ਸਰਕਾਰ ਨੂੰ ਰਾਜ ਅਧਿਕਾਰ ਦੇਣ ਹਿਤ, ਸ਼ਲਾਘਾ ਯੋਗ ਵਤੀਰਾ ਧਾਰਨ ਕੀਤਾ, ਪਰ ਉਸ ਵੇਲੇ ਚਰਚਿੱਲ ਤੇ ਉਸ ਦੇ ਟੋਰੀ ਸਾਥੀਆਂ ਨੇ ਕੋਈ ਤਸੱਲੀ ਬਖ਼ਸ਼ ਫੈਸਲਾ ਨ ਹੋਣ ਦਿੱਤਾ। ਇਸੇ ਸਮੇਂ ਚਰਚਿੱਲ ਨੇ ਇਹ ਜਗਤ ਪ੍ਰਸਿੱਧ ਵਾਕ ਕਹੇ

"ਇਸ ਨਾਲੋਂ ਵਧੇਰੇ ਹੱਤਕ ਬ੍ਰਿਟਿਸ਼ ਸਾਮਰਾਜ ਦੀ ਕੀ ਹੋ ਸਕਦੀ ਹੈ ਕਿ ਅਸੀਂ ਇਕ ਅੱਧ ਨੰਗੇ ਫਕੀਰ (a half naked fakir) ਨਾਲ ਇਕੋ ਮੇਜ਼ ਤੇ ਬੈਠ ਕੇ ਸਲਾਹ ਮਸ਼ਵਰੇ ਕਰੀਏ ?"

ਇਸ ਰਾਊਂਡ ਟੇਬਲ ਕਾਨਫ੍ਰੰਸ ਵਿਚ ਸੁਰਗਵਾਸੀ ਮਹਾਰਾਜਾ ਭੁਪਿੰਦ੍ਰ ਸਿੰਘ ਪਟਿਆਲੇ ਵਾਲੇ ਭੀ ਪਧਾਰੇ ਸਨ । ਇਨ੍ਹਾਂ ਦੇ ਵਲੈਤ ਨੂੰ ਟੁਰਨ ਤੋਂ ਪਹਿਲਾਂ, ਮੈਂ ਤੇ ਇਕ ਮੇਰਾ ਹੋਰ ਗੌਰਮਿੰਟ ਕਾਲਜ, ਲਾਹੌਰ, ਦੀ ਸਿੱਖ ਐਸੋਸੀਏਸ਼ਨ ਦਾ ਸਾਥੀ, ਮਹਾਰਾਜਾ ਭੁਪਿੰਦ੍ਰ ਸਿੰਘ ਨੂੰ, ਜਿਹੜੇ ਕਿ ਲਾਹੌਰ ਉੱਤਰੇ ਹੋਏ ਸਨ, ਮਿਲਨ ਗਏ ਤਾਂ ਉਨ੍ਹਾਂ ਸਾਨੂੰ ਗੱਲਾਂ ਗੱਲਾਂ ਵਿਚ ਕਿਹਾ :

"ਹਿੰਦੁਸਤਾਨ ਵਿਚ ਅੰਗ੍ਰੇਜ਼ਾਂ ਦਾ ਤਸੱਲਤ ਬਹੁਤਾ ਚਿਰ ਹੁਣ ਨਹੀਂ ਰਹਿਣਾ ਤੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਦੇਸੀ ਰਿਆਸਤਾਂ ਦੀ ਕਿਸਮਤ ਹੁਣ ਕੁਠਾਲੀ ਵਿਚ ਪਈ ਹੋਈ ਹੈ। ਮੈਂ ਤਾਂ ਆਪਣੀ ਉਮਰ ਗੱਦੀ ਉੱਤੇ ਬੈਠਾ ਹੀ ਭੋਗ ਲਵਾਂਗਾ, ਪਰ ਸਿੱਖਾਂ ਦੀ ਕੋਈ ਸੇਵਾ ਮੈਥੋਂ ਹੋ ਆਉਂਦੀ ਤਾਂ ਮੇਰੀ ਆਤਮਾ ਨੂੰ ਬੜੀ ਤਸੱਲੀ ਹੁੰਦੀ । ਹੁਣ ਜੇ ਸਿੱਖ ਮੈਨੂੰ ਆਪਣਾ ਜੱਥੇਦਾਰ ਮਿਥ ਲੈਣ ਤਾਂ ਮੈਂ ਵਲਾਇਤੋਂ ਸਿੱਖਾਂ ਲਈ ਜ਼ਰੂਰ ਕੋਈ ਠੋਸ ਲਾਭ ਲੈ ਕੇ ਮੁੜਾਂ ਤਾਂ ਜੁ ਸਿੱਖ ਪੰਥ ਕਦੇ ਯਾਦ ਕਰੇ ਕਿ ਭੂਪੇ ਜੱਟ ਦੀਆਂ ਰਗਾਂ ਵਿਚ ਬਾਬਾ ਆਲਾ ਸਿੰਘ ਦਾ ਹੀ ਖੂਨ ਸੀ । ਪਰ, ਮੁੰਡਿਓ, ਤੁਹਾਡੇ ਅਕਾਲੀ ਲੀਡਰ ਹੱਥ ਧੋ ਕੇ ਮੇਰੇ ਪਿੱਛੇ ਪਏ ਹੋਏ ਹਨ। ਉਹ ਸੱਚ ਹੀ ਕਹਿੰਦੇ ਹਨ ਕਿ ਮੈਂ ਸਿੱਖੀ ਰਹਿਤ-ਬਹਿਤ ਵਿਚ ਪੱਕਾ ਨਹੀਂ, ਪਰ ਨਿਰੇ ਕਛਹਿਰਿਆਂ ਨੇ ਭੀ ਸਿੱਖਾਂ ਦਾ ਕੁਝ ਨਹੀਂ ਸਾਰਨਾ । ਏਹ ਮੇਰੇ ਬਚਨ ਤੁਸੀਂ ਕਦੇ ਯਾਦ ਕਰੋਗੇ ।"*

---

*੧੯੩੫ ਵਿਚ ਦੀ ਗੱਲ ਹੈ ਕਿ ਡਾਕਟਰ ਅੰਬੇਡਕਰ, ਹਿੰਦੁਸਤਾਨ ਦੇ ਛੇ ਕਰੋੜ ਅਛੂਤਾਂ ਦੇ ਪ੍ਰਮਾਣੀਕ ਨੇਤਾ ਨੇ, ਇਹ ਸਪਸ਼ਟ ਤੇ ਖੁਲ੍ਹੀ ਇੱਛਾ ਪ੍ਰਗਟ ਕੀਤੀ ਕਿ ਦੇਸ ਦੇ ਸਾਰੇ ਅਛੂਤ ਸਿਖ ਬਣ ਜਾਣ ਤਾਂ ਜੋ ਜਾਤ ਪਾਤ ਦੀ, ਹਜ਼ਾਰਾਂ ਵਰ੍ਹਿਆਂ ਦੀ ਗੁਲਾਮੀ, ਵਿਚੋਂ ਉਨ੍ਹਾਂ ਦਾ ਛੁਟਕਾਰਾ ਹੋ ਜਾਵੇ । ਇਸ ਵਿਚਾਰ ਨਾਲ ਹਿੰਦੂ ਮਹਾਂਸਭਾ ਦੇ ਪ੍ਰਧਾਨ, ਡਾਕਟਰ ਮੂੰਜੇ ਅਤੇ ਸਨਾਤਨ ਹਿੰਦੂ ਜਗਤ ਦੇ ਪ੍ਰਸਿੱਧ ਨੇਤਾ, ਪੰਡਿਤ ਮਾਲਵੀਯ ਜੀ, ਪੂਰਨ ਤੌਰ ਤੇ ਸਹਿਮਤ ਸਨ । ਡਾਕਟਰ ਅੰਬੇਡਕਰ ਅਤੇ ਇਨ੍ਹਾਂ ਹਿੰਦੂ ਲੀਡਰਾਂ ਵਿਚਕਾਰ ਜੋ ਚਿੱਠੀ ਪੱਤ੍ਰ ਇਸ ਸਮੱਸਿਆ ਦੀ ਪੂਰਤੀ ਬਾਰੇ ਚਲ ਰਿਹਾ ਸੀ, ਉਸ ਦੀਆਂ ਨਕਲਾਂ ਗਾਂਧੀ ਜੀ ਨੂੰ ਵਿਚਾਰ ਵਜੋਂ ਭੇਜੀਆਂ ਜਾ ਰਹੀਆਂ ਸਨ। ਜਦੋਂ ਤੱਕਿਓਨੇ ਕਿ ਇਹ ਸਭ ਕਾਰਜ ਹੁਣ ਸਿਰੇ ਹੀ ਚੜ੍ਹਨ ਵਾਲਾ ਹੈ, ਤਾਂ ਗਾਂਧੀ ਜੀ ਨੇ, ਸ਼੍ਰਿਸ਼ਟਾਚਾਰ ਦੇ ਸਭ ਨਿੱਯਮਾਂ ਦੇ ਵਿਰੁੱਧ, ਦੋਹਾਂ ਧਿਰਾਂ ਦੀ ਆਗਿਆ ਲਏ ਤੋਂ ਬਿਨਾਂ, ਇਹ ਚਿੱਠੀ ਪੱਤ੍ਰ ਅਪਣੇ ਅਖਬਾਰ, 'ਯੰਗ ਇੰਡੀਆ,' ਵਿਚ ਛਾਪ ਦਿੱਤਾ ਅਤੇ ਲਿਖਿਆ ਕਿ ਅਛੂਤਾਂ ਦਾ ਸਿੱਖੀ ਵਿਚ ਪ੍ਰਵੇਸ਼ ਹਿੰਦੂ ਧਰਮ ਤੋਂ ਪਤਿਤ ਹੋਣ ਦੇ ਤੁੱਲ ਹੈ। ਇਸ ਤੋਂ ਪਿਛੋਂ ਡਾਕਟਰ ਅੰਬੇਡਕਰ ਨੇ ਸਿੱਖ ਲੀਡਰਾਂ ਨਾਲ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਲਈ ਸਿੱਧੀ ਗੱਲਬਾਤ ਆਰੰਭ ਦਿੱਤੀ, ਅਤੇ ਇਹ ਗਲ ਦੇਸ ਭਰ ਵਿਚ ਧੁੰਮ ਗਈ ਕਿ ਹੁਣ ਸਾਰੇ ਹਿੰਦੁਸਤਾਨ ਦੇ ਅਛੂਤ ਸਿੱਖ ਮਤ ਗ੍ਰਹਣ ਕਰਨ ਹੀ ਵਾਲੇ ਹਨ। ਇਹੋ ਸਮਾਂ ਹੈ ਜਦੋਂ ਕਿ ਬੰਬਈ ਵਿਚ ਖਾਲਸਾ ਕਾਲਜ ਦੀ ਨੀਂਹ ਰਖੀ ਗਈ ਤਾਂ ਜੁ ਦੱਖਣੀ ਭਾਰਤ ਦੇ ਅਛੂਤਾਂ ਦਾ ਇਹ ਵਿੱਦਿਆ-ਕੇਂਦ੍ਰ ਬਣ ਸਕੇ । ਇਸ ਸਮੇਂ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨਰੇਸ਼ ਨੇ ਡਾਕਟਰ ਅੰਬੇਡਕਰ ਨੂੰ ਅਪਣੀ ਪੁੱਤ੍ਰੀ ਦਾ ਡੋਲਾ ਦੇਣਾ ਸਵੀਕਾਰ ਕਰ ਲਿਆ ਤਾਂ ਜੁ ਨਵੇਂ ਬਨਣ ਵਾਲੇ ਅਛੂਤ ਜਾਤੀਆਂ ਦੇ ਸਿੱਖਾਂ ਦਾ ਸਮਾਜੀ ਗੌਰਵ ਵਧ ਜਾਵੇ । ਪਰ ਕੁਛ ਸਮੇਂ ਪਿਛੋਂ ਡਾਕਟਰ ਅੰਬੇਡਕਰ ਅਤੇ ਅਕਾਲੀ ਲੀਡਰਾਂ ਵਿਚਕਾਰ ਕੁਝ ਅਜੇਹੇ ਖਰ੍ਹਵੇ ਮਤਭੇਦ ਹੋ ਗਏ ਕਿ ਡਾਕਟਰ ਅੰਬੇਡਕਰ ਅਤੇ ਉਸਦੇ ਸਾਥੀਆਂ ਨੇ ਸਿੱਖੀ ਤੋਂ ਉਪ੍ਰਾਮਤਾ ਧਾਰਨ ਕਰ ਲਈ ਅਤੇ ਪਿਛੋਂ ਜਾਕੇ ਬੁੱਧਮਤ ਵਿਚ ਪ੍ਰਵੇਸ਼ ਕਰ ਲਿਆ । ਇਨ੍ਹਾਂ ਸਤਰਾਂ ਦਾ ਲਿਖਾਰੀ,

(ਬਾਕੀ ਫੁਟ ਨੋਟ ਅਗਲੇ ਸਫੇ ਤੇ)

ਮੈਂ ਇਹ ਗੱਲ ਸਰਦਾਰ ਅਮਰ ਸਿੰਘ, ਐਡੀਟਰ, 'ਸ਼ੇਰੇ ਪੰਜਾਬ', ਨੂੰ ਜਾ ਦਸੀ ਤਾਂ ਉਹ ਕਹਿਣ ਲੱਗੇ, "ਇਹ ਗੱਲ ਹੋ ਚੁੱਕੀ ਹੈ । ਮਾਸਟਰ (ਤਾਰਾ ਸਿੰਘ ਜੀ), ਭੁਪਿੰਦਰ ਸਿੰਘ ਨੂੰ ਸਿੱਖਾਂ ਦਾ ਨੁਮਾਇੰਦਾ ਕਦਾਚਿਤ ਮੰਨਣ ਨੂੰ ਤਿਆਰ ਨਹੀਂ ਤੇ ਮਾਸਟਰ ਨੂੰ ਅੰਗ੍ਰੇਜ਼ ਵਲਾਇਤ ਬੁਲਾਣ ਨੂੰ ਤਿਆਰ ਨਹੀਂ । ਪੰਥ ਦਾ ਗੁਰੂ ਰਾਖਾ ।"

ਅੱਜ ੩੫,੪੦ ਵਰ੍ਹੇ ਇਨ੍ਹਾਂ ਗੱਲਾਂ ਹੋਈਆਂ ਨੂੰ ਬੀਤ ਚੁੱਕੇ ਹਨ ਪਰ ਇਹ ਮੈਨੂੰ ਕਲ੍ਹ ਵਾਂਗਰ ਯਾਦ ਹਨ ।

ਇਸ ਪਹਿਲੀ ਰਾਊਂਡਟੇਬਲ ਕਾਨਫ੍ਰੰਸ ਦੀ ਬੇੜੀ ਜਿਸ ਚਟਾਨ ਨਾਲ ਲਗ ਕੇ ਬਿਲਕੁਲ ਰੁਕ ਗਈ, ਉਹ ਸੀ ਫਿਰਕਾਦਾਰੀ ਨੁਮਾਇੰਦਗੀ ਦਾ ਮਸਲਾ। ਇਸ ਸਮੇਂ ਪਹਿਲੀ ਵਾਰ ਅਛੂਤ ਜਾਤੀਆਂ ਵਲੋਂ ਵੱਖਰੀ ਨੁਮਾਇੰਗੀ ਦੀ ਮੰਗ ਕੀਤੀ ਗਈ, ਤੇ ਇਉਂ ਸਭ ਨੇ ਮਹਿਸੂਸ ਕੀਤਾ ਕਿ ਜਿਤਨਾਂ ਚਿਰ ਕਾਂਗ੍ਰੇਸ ਸ਼ਾਮਲ ਨਹੀਂ ਕੀਤੀ ਜਾਂਦੀ ਉਤਨਾ ਚਿਰ ਕੋਈ ਪੱਕਾ ਹੱਲ ਇਸ ਔਕੜ ਦਾ ਲੱਭਣਾ ਔਖਾ ਹੈ।

ਇਉਂ ਦੂਜੀ ਰਾਊਂਡ ਟੇਬਲ ਕਾਨਫ੍ਰੰਸ ਦੀ ਨੀਂਹ ਬੱਝੀ । ਗਾਂਧੀ ਇਰਵਨ ਪੈਕਟ ਸੰਨ ੧੯੩੧ ਵਿਚ ਹੋਇਆ, ਜਿਸ ਕਾਰਣ ਗੌਵਰਮਿੰਟ ਨੇ ਸੱਤਯਗ੍ਰਹ ਦੇ ਕੈਦੀ ਛੱਡ ਦਿਤੇ, ਵਸੂਲੇ ਹੋਏ ਜੁਰਮਾਨੇ ਮੋੜ ਦਿੱਤੇ ਤੇ ਕਾਂਗ੍ਰੇਸ-ਦਬਾਊ ਕਾਨੂੰਨ ਵਾਪਸ ਲੈ ਲਏ। ਕਾਂਗ੍ਰੇਸ ਦੇ ਰਾਂਉਂਡ ਟੇਬਲ ਕਾਨਫ੍ਰੰਸ ਵਿਚ ਸ਼ਾਮਲ ਹੋਣ ਲਈ ਰਾਹ ਸਾਫ ਹੋ ਗਿਆ ।

ਜੁਲਾਈ, ੧੯੩੧ ਵਿਚ ਜਦੋਂ ਦੂਜੀ ਰਾਊਂਡ ਟੇਬਲ ਕਾਨਫ੍ਰੰਸ ਦੇ ਮੈਂਬਰ ਵਲਾਇਤ ਜਾਣ ਵਾਲੇ ਜਹਾਜ ਤੇ ਚੜ੍ਹੇ ਤਾਂ ਮੈਂ ਭੀ ਨਾਲ ਹੀ ਵਲੈਤ ਪੜ੍ਹਨ ਜਾਣ ਲਈ ਜਹਾਜ਼ ਚੜ੍ਹਿਆ । ਮਿਸਟ੍ਰ ਜਿਨਾਹ ਓਦੋਂ ਮੇਰੇ ਹਮਸਫਰ ਸਨ ਤੇ ਓਦੋਂ, ਤੇ ਉਸ ਦੇ ਪਿਛੋਂ, ਮੈਂ ਉਸ ਨੂੰ ਕਈ ਵਾਰ ਮਿਲਿਆ ਅਤੇ ਹਮੇਸ਼ਾ ਉਸ ਦੀ ਦੇਸ਼ ਭਲਾਈ ਦੀ ਇੱਛਾ, ਉਸ ਦੀ ਆਤਮ ਸ੍ਰਧਾ, ਸ੍ਵੈ-ਵਿਸ਼ਵਾਸ਼, ਸਤਯ ਹ੍ਰਿਦਯ ਅਤੇ ਉਸ ਦੀ ਵਿਚਕਸ਼ਣ ਬੁੱਧੀ ਤੋਂ ਅਤੀ ਪ੍ਰਭਾਵਤ ਹੋਇਆ । ਸਿੱਖਾਂ ਬਾਰੇ ਇਕ ਦਿਨ ਜਹਾਜ਼ ਉੱਤੇ ਮੈਨੂੰ ਕਿਹੋ ਨੇ : "ਸਿੱਖਾਂ ਦਾ ਸਜਾ ਹੱਥ ਇਸਲਾਮ ਨੇ ਫੜਿਆ ਹੋਇਆ ਹੈ ਤੇ ਖੱਬਾ ਹਿੰਦੂਆਂ ਨੇ, ਪਰ ਸਿੱਖ ਮੂੰਹ ਹਰ ਵੇਲੇ ਹਿੰਦੂਆਂ ਵੱਲ ਮੋੜੀ ਰੱਖਦੇ ਹਨ ।" ਮੈਂ ਕਿਹਾ, "ਇਹ ਆਤਮਕ ਰੁਚੀ ਨਹੀਂ, ਇਤਿਹਾਸਕ ਰੁਚੀ ਹੈ" (It is not a spiritual trait but a historical pre-disposition) । ਸੁਣ ਕੇ ਮਿਸਟਰ ਜਿਨਾਹ ਕੁਝ ਚਿਰ ਚੁੱਪ ਕਰਕੇ ਸੋਚਦੇ ਰਹੇ, ਤੇ ਫੇਰ ਮੁਸਕ੍ਰਾ ਕੇ ਕਹਿਣ ਲਗੇ, "ਤੂੰ ਬੜੀ ਡੂੰਘੀ ਗੱਲ ਕੀਤੀ ਹੈ" (you have

---

ਸੰਨ ੧੯੬੪ ਵਿਚ, ਇਕ ਦਿਨ ਚੰਡੀਗੜ੍ਹ ਹਾਈਕੋਰਟ ਦੇ ਬਾਰਰੂਮ ਵਿਚ ਬੈਠਾ ਸੀ ਕਿ ਸਰਦਾਰ ਇੰਦਰ ਸਿੰਘ ਕਰਵਾਲ, ਐਡਵੋਕੇਟ, ਹਾਈਕੋਰਟ, ਨੇ ਬਹੁਤ ਸਾਰੇ ਸੱਜਣਾਂ ਦੇ ਸਾਹਮਣੇ ਇਹ ਕਥਾ ਸੁਣਾਈ ਕਿ, ਉਨਾਂ ਦਿਨਾਂ ਵਿਚ, ਜਦੋਂ ਕਿ ਡਾਕਟਰ ਅੰਬੇਡਕਰ ਦੇ ਅਕਾਲੀ ਲੀਡਰਾਂ ਨਾਲ ਮਤ ਭੇਦ ਦੇ ਕਾਰਣ, ਅਛੂਤਾਂ ਨੇ ਸਿੱਖਮਤ ਵਿੱਚ ਦਾਖਲ ਹੋਣ ਦਾ ਖਿਆਲ ਖੁਲ੍ਹਮ ਖੁਲ੍ਹਾ ਛਡ ਦਿੱਤਾ ਤਾ ਉਨਾਂ ਨੇ ਲਾਹੌਰ ਵਿਚ ਆਪਣੇ ਗਵਾਂਢੀ, ਸਰਦਾਰ ਹਰਨਾਮ ਸਿੰਘ ਜੀ, ਐਮ.ਏ, ਐਲ.ਐਲ ਬੀ, ਐਡਵੋਕੇਟ, (ਹਾਈਕੋਰਟ ਜੱਜ), ਜੋ ਕਿ ਉਸ ਸਮੇਂ ਅਕਾਲੀ ਆਗੂਆਂ ਵਿਚ ਸਿਰਕੱਢ ਸਨ, ਕੋਲੋਂ ਇਸ ਦੁਰਘਟਨਾ ਦਾ ਸਹੀ ਕਾਰਣ ਪੁੱਛਿਆ ਤਾਂ ਸਰਦਾਰ ਹਰਨਾਮ ਸਿੰਘ ਜੀ ਨੇ ਉੱਤਰ ਦਿੱਤਾ : "ਓਏ ਤੈਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ । ਛੇ ਕਰੋੜ ਅਛੂਤ ਸਿੱਖ ਬਣਾ ਕੇ, ਦਰਬਾਰ ਸਾਹਿਬ ਚੂਹੜਿਆਂ ਨੂੰ ਦੇ ਛੋਡੀਏ ?" ਇਉਂ ਛੇ ਕਰੋੜ 'ਰੰਘਰੇਟੇ ਗੁਰੂ ਕੇ ਬੇਟੇ' ਗੁਰੂਘਰ ਦੇ ਦਰ ਉਤੇ ਆਏ ਧੱਕੇ ਮਾਰਕੇ ਪਰਤਾ ਦਿੱਤੇ ਗਏ. ਜਿਵੇਂ ਗੁਰੂ ਤੇਗ ਬਹਾਦੁਰ ਨੂੰ ਹਰਿਮੰਦਰ ਸਾਹਿਬ ਵਿਚ ਵੜਨ ਨਹੀਂ ਸੀ ਦਿੱਤਾ ਗਿਆ ।

spoken profoundly), ਚੱਲ, ਹੇਠਾਂ ਚਲ ਕੇ ਤੈਨੂੰ ਕੁਝ ਪਾਣੀ ਧਾਣੀ ਪਿਆਵਾਂ ।" ਦੂਜੀ ਰਾਊਂਡ ਟੇਬਲ ਕਾਨਫ੍ਰੰਸ ਦੇ ਦਿਨਾਂ ਵਿਚ ਹੀ ਮਿਸਟ੍ਰ ਜਿਨਾਹ, ਕੇਂਮ-ਬ੍ਰਿਜ, ਜਿਥੇ ਕਿ ਮੈਂ ਵਿਦਿਆਰਥੀ ਸੀ, ਇਕ ਲੈਕਚਰ ਦੇਣ ਆਏ । ਯੂਨੀਵਰਸਟੀ ਦੇ ਮੁੰਡਿਆਂ ਸਾਹਮਣੇ ਉਨ੍ਹਾਂ ਨੇ ਹਿੰਦੁਸਤਾਨ ਦੇ ਮੁਸਲਮਾਨਾਂ ਦੀ ਰਾਜਸੀ ਵਿਵਸਥਾ ਬਾਰੇ ਲੈਕਚਰ ਦਿੰਦਿਆਂ ਕਿਹਾ : "ਸਿੱਖਾਂ ਦੀ ਪੋਜ਼ੀਸ਼ਨ ਕਿਸੇ ਯੁਕਤੀ ਨਿਯਾਯ ਅਨੁਸਾਰ ਸਮਝਣੀ ਕਠਨ ਹੈ। ਉਹ ਹੱਕ ਵੱਖਰੀ ਕੌਮ ਦੇ ਮੰਗਦੇ ਹਨ ਪਰ ਹਿਦੂਆਂ ਦੇ ਹੱਥ ਠੋਕੇ ਬਣ ਕੇ ਗੋਡਣੀਆਂ ਮੁਸਲਮਾਨਾਂ ਦੀਆਂ ਲਵਾਉਣੀਆਂ ਲੋਚਦੇ ਹਨ । ਪਰ ਜੇ ਕਿਤੇ ਕੋਈ ਸਿਖਾਂ ਦਾ ਸੋਤੀਵਾਨ ਲੀਡਰ ਹੁੰਦਾ !" (It is difficult to understand the position of the Sikhs by logic or justice. They claim the rights of a separate nation but are determind to do down the Muslims at the instigation of Hindus. Ah, the Sikh leader-ship !) ਮੈਂ ਤੇ ਸਰਦਾਰ ਕਰਤਾਰ ਸਿੰਘ ਛਾਛੀ, ਜਿਹੜੇ ਕਿ ਚੰਡੀਗੜ ਬੈਰਿਸਟਰ ਸਨ, ਪਰ ਹੁਣ ਗੁਰ ਪੁਰੀ ਪਧਾਰ ਗਏ ਹਨ, ਰੋਸ ਵਜੋਂ ਜਲਸੇ ਵਿਚੋਂ ਉੱਠ ਆਏ ।

ਉਸੇ ਦਿਨ ਸ਼ਾਮ ਨੂੰ ਮੈਂ ਮਿਸਟਰ ਜਿਨਾਹ ਨੂੰ ਹੋਟਲ ਵਿਚ ਮਿਲ ਕੇ ਗਿਲਾ ਕੀਤਾ ਕਿ ਉਨ੍ਹਾਂ ਨੇ ਸਿੱਖ ਲੀਡਰਾਂ ਬਾਰੇ ਨਿਰਾਦਰੀ ਦੇ ਵਾਕ ਕਿਉਂ ਕਹੇ, ਤਾਂ ਉਹ ਕਹਿਣ ਲਗੇ : "ਮੁੰਡਿਆ, ਜੋਸ਼ ਤੇ ਜਜ਼ਬਾ ਹੋਰ ਚੀਜ਼ ਹੈ ਤੇ ਰਾਜਨੀਤਕ ਸੂਝ ਬੂਝ ਹੋਰ । ਮੇਰੀਆਂ ਗਲਾਂ ਨੂੰ ਧਿਆਨ ਨਾਲ ਸੋਚ ਤੇ ਕੁਝ ਕਰ ਜੇ ਹੌਸਲਾ ਹੈ ਤਾਂ । ਕਦੇ ਬੁੱਢੇਵਾਰੇ ਮੇਰੀਆਂ ਗੱਲਾਂ ਤੈਨੂੰ ਮੁੜ ਚੇਤੇ ਆਉਣਗੀਆਂ ।" (Young man, sentiment and emotion are not the same thing as political insight. Consider my remarks dispassionately and if you can do something, do it. When you grow mature, you will mark my words.)

ਕਈ ਵੇਰ ਪਹਿਲਾਂ, ਤੇ ਅੱਜ ਫੇਰ, ਇਹ ਗੱਲਾਂ ਮੈਨੂੰ ਚੇਤੇ ਆਈਆਂ ਹਨ ।

ਚੌਧਰੀ ਰਹਿਮਤ ਅਲੀ, ਤੇ ਖ਼ਵਾਜਾ ਅਬਦੁਲ ਰਹੀਮ, ਉਨ੍ਹਾਂ ਦਿਨਾਂ ਵਿਚ ਮੇਰੇ ਨਾਲ ਹੀ, ਕੇਂਮਬ੍ਰਿਜ ਵਿਚ ਪੜ੍ਹਦੇ ਸਨ । ਚੌਧਰੀ ਰਹਿਮਤ ਅਲੀ, ਅਸਲ ਵਿਚ ਪਾਕਿ-ਸਤਾਨ ਦੀ ਸਥਾਪਨਾ ਦੇ ਮੋਢੀ ਹਨ ਅਤੇ ਉਹ, ਉਨ੍ਹਾਂ ਦਿਨਾਂ ਵਿਚ ਪਾਕਿਸਤਾਨ ਦੀ ਸਥਾਪਤੀ ਦਾ ਭਰਪੂਰ ਪ੍ਰਚਾਰ ਕਰ ਰਹੇ ਸੀ ਤੇ ਖ਼ਵਾਜਾ ਅਬਦੁਲ ਰਹੀਮ (ਆਈ. ਸੀ. ਐਸ) ਚੌਧਰੀ ਸਾਹਿਬ ਦੇ ਵੱਡੇ ਹਮਾਇਤੀਆਂ ਵਿਚੋਂ ਸਨ । ਉਪ੍ਰੋਕਤ ਘਟਨਾਂ ਦੇ ਥੋਹੜੇ ਸਮੇਂ ਪਿਛੋਂ, ਮੈਨੂੰ ਚੌਧਰੀ ਸਾਹਿਬ ਨੇ ਕਿਹਾ ਕਿ, "ਆਓ, ਸਿੱਖਾਂ ਤੇ ਮੁਸਲਮਾਨਾ ਦਾ ਪੰਜਾਬ ਵਿਚ ਸਮਝੌਤਾ ਕਰ ਕੇ ਹਿੰਦੁਸਤਾਨ ਦੇ ਸਾਰੇ ਝਗੜੇ ਮੇਟ ਲਈਏ । ਜਿਹੜਾ ਸਮਝੌਤਾ ਹੁਣ ਅਸੀਂ ਕਰਾਂਗੇ, ਉਸ ਦੀ ਮਨਜ਼ੂਰੀ ਤੇ ਉਸ ਨੂੰ ਸਿਰੇ ਚੜ੍ਹਾਉਣ ਦੀ ਜ਼ਿਮੇਵਾਰੀ ਭੀ ਐਥੇ ਹੀ ਮਿਲ ਜਾਵੇਗੀ ।" ਫੇਰ ਉਨ੍ਹਾਂ ਨੇ ਕੁਝ ਮੁਸਲਮਾਨ ਉੱਚਕੋਟੀ ਦੀਆਂ ਹਸਤੀਆਂ ਦੇ ਨਾਮ ਲਏ ਤੇ ਕੁਝ ਹਾਊਸ ਆਫ ਲਾਰਡਜ਼ ਤੇ ਹਾਊਸ ਆਫ ਕਾਮਨਜ਼ ਦੇ ਬਾਰਸੂਖ ਮੈਂਬਰਾਂ ਦੇ ਨਾਮ ਲਏ । ਮੈਂ ਕੁਝ ਗੱਲਾਂ ਬਾਤਾਂ ਕੀਤੀਆਂ, ਤੇ ਜਮੁਨਾ ਤੇ ਲੁੰਡੇ ਦਰਿਆ ਦੀਆ ਹੱਦਾਂ ਦਾ ਇਕ ਦੇਸ਼, ਜਿਸ ਦੀ ਕਨਫਡਰੇਸ਼ਨ ਬਾਕੀ ਹਿੰਦੁਸਤਾਨ ਨਾਲ ਹੋਵੇ, ਅਤੇ ਜਿਸ ਵਿਚ ਸਿੱਖਾਂ ਦੀ ਨੁਮਾਇੰਦਗੀ ਤੀਹ ਫੀ ਸਦੀ, ਤੇ ਉਨ੍ਹਾਂ ਦੇ ਬਤੌਰ ਇਕ ਕੌਮ

ਦੇ ਵਿਸ਼ੇਸ਼ ਹੱਕ ਰਾਖਵੇਂ ਹੋਣ, ਬਨਾਣ ਬਾਬਤ ਵਿਚਾਰਾਂ ਕਈ ਮਹੀਨੇ ਚਲਦੀਆਂ ਰਹੀਆਂ। ਇਨ੍ਹਾਂ ਵਿਚਾਰਾਂ ਦੀ, ਮੈਨੂੰ ਚੌਧਰੀ ਸਾਹਿਬ ਦਸਦੇ ਰਹੇ, ਤੇ ਸਿੱਧੀਆਂ ਗੱਲਾਂ ਨਾਲ ਭੀ ਤਸਦੀਕ ਹੋਈ, ਕਈ ਮੁਸਲਮਾਨ ਲੀਡਰ ਤੇ ਅੰਗ੍ਰੇਜ਼ ਨੀਤੀਵਾਨ, ਪ੍ਰਸ਼ੰਸਾ ਭੀ ਕਰਦੇ ਸਨ। ਪਰ ਅੰਤ ਵਿਚ ਮੈਂ ਇਸ ਗੱਲਬਾਤ ਨੂੰ ਸਿਰੇ ਚਾੜ੍ਹਨ ਦੀ ਜ਼ਿਮੇਦਾਰੀ ਲੈਣ ਤੋਂ ਇਉਂ ਕਹਿਕੇ ਇਨਕਾਰ ਕਰ ਦਿੱਤਾ ਕਿ ਇਹ ਗੱਲਬਾਤ ਸਿੱਖ ਲੀਡਰਾਂ ਨਾਲ ਹੀ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਸਿੱਖ ਸੰਗਤਾਂ, ਹੱਲੇ-ਗੁਲੇ ਵਾਲੇ ਨਾਹਰਿਆਂ ਤੋਂ ਬਿਨਾਂ, ਮੇਰੇ ਵਰਗੇ ਮੁੰਡੇ-ਖੁੰਡੇ ਪਿੱਛੇ ਲੱਗਣ ਨੂੰ ਤਿਆਰ ਕਦਾਚਿਤ ਨਹੀਂ ਹੋਣਗੀਆਂ।

ਇਹ ਉਹ ਵੇਲਾ ਹੈ ਕਿ ਮਿਸਟਰ ਜਿਨਾਹ ਨੇ ਵਲੈਤ ਦੇ ਅਖਬਾਰਾਂ ਵਾਲਿਆਂ ਰਾਹੀਂ ਐਲਾਨ ਕੀਤਾ ਸੀ ਕਿ "ਪਾਕਿਸਤਾਨ ਐਵੇਂ ਸਕੂਲ ਦੇ ਮੁੰਡਿਆਂ ਦੀ ਉਡਾਈ ਹੋਈ ਗੱਲ ਹੈ।"

ਅੱਗੇ ਚੱਲ ਕੇ, ਇਸੇ ਕਮੀਉਨਲਅਵਾਰਡ ਦੀ ਵਾਰਤਾ ਵਿਚ ਮੈਂ ਦਸਾਂਗਾ ਕਿ ਕਿਵੇਂ ਮਿਸਟਰ ਜਿਨਾਹ ਨੇ ਲਗਭਗ ਇਹੋ ਰਾਜਸੀ ਅਧੀਕਾਰ ਤੇ ਦਰਜਾ, ਮੁੜ ਸੰਨ ੧੯੪੭ ਵਿਚ, ਸਿੱਖਾਂ ਨੂੰ 'ਅੰਤਰ-ਜਾਤੀ' (subnation) ਕਹਿ ਕੇ, ਅਤੇ ਮਾਸਟਰ ਤਾਰਾ ਸਿੰਘ ਤੇ ਮਹਾਰਾਜਾ ਪਟਿਆਲਾ, ਸਰ ਯਾਦਵਿੰਦਰ ਸਿੰਘ ਰਾਹੀਂ ਗੱਲ ਬਾਤ ਕਰਕੇ, ਦੇਣ ਦਾ ਅਸਫਲ, ਪਰ ਭਰਪੂਰ ਤੇ ਸਤਯ ਹ੍ਰਿਦਯ ਯੁਕਤ ਜਤਨ ਕੀਤਾ।

ਡਾਕਟਰ ਸਰ ਮੁਹੰਮਦ ਇਕਬਾਲ ਭੀ ਇਨ੍ਹਾਂ ਦਿਨਾ ਵਿਚ, ਦੂਜੀ ਰਾਊਂਡ ਟੇਬਲ ਕਾਨਫ੍ਰੰਸ ਉਤੇ, ਵਲੈਤ ਆਏ ਹੋਏ ਸੀ। ਮੈਂ ਉਨ੍ਹਾਂ ਦੀ ਕਾਵਿ-ਸਫੁਰਤੀ ਤੇ ਦਾਰਸ਼ਨਿਕ ਪ੍ਰਤਿਭਾ ਦਾ, ਅਪਣੇ ਲਾਹੌਰ ਵਿਦਿਆਰਥੀ ਹੋਣ ਦੇ ਦਿਨਾਂ ਤੋਂ ਹੀ ਬੜਾ ਸ਼ਰਧਾਲੂ ਸੀ।

ਸੰਨ ੧੯੨੮-੩੧ ਦੇ ਸਮੇਂ ਵਿਚ, ਸ਼ਾਇਦ ਹੀ ਕੋਈ ਅਜੇਹਾ ਮਹੀਨਾ ਬੀਤਿਆ ਹੋਵੇ ਕਿ ਮੈਂ ਕਦੇ ਇਕੱਲਾ, ਤੇ ਕਦੇ ਸਾਥੀਆਂ ਸਮੇਤ ਉਨ੍ਹਾਂ ਦੇ ਦਰਸ਼ਨ ਕਰਨ ਤੇ ਉਨ੍ਹਾਂ ਨਾਲ ਬਚਨ ਬਿਲਾਸ ਕਰਨ, ਉਨਾਂ ਦੇ ਘਰ, ਜਿਸ ਨੂੰ ਕਿ ਅਸੀਂ "ਪੀਰ ਖਾਨਾ" ਕਹਿੰਦੇ ਹੁੰਦੇ ਸੀ, ਨ ਗਿਆ ਹੋਵਾਂ। ਲਾਹੌਰ ਕਾਲਜ ਵਿਚ, ਫ਼ਾਰਸੀ ਤੇ ਫ਼ਲਸਫ਼ਾ, ਮੇਰੇ ਵਿਸ਼ੇਸ਼ ਮਜ਼ਮੂਨ ਸਨ, ਅਤੇ ਡਾਕਟਰ ਇਕਬਾਲ ਇਨਾਂ ਮਜ਼ਮੂਨਾਂ ਦੇ ਧੁਰੰਧਰ ਅਚਾਰਯ ਸਨ, ਜਿਸ ਕਾਰਨ ਮੇਰਾ ਉਨ੍ਹਾਂ ਨਾਲ ਸਤਿਕਾਰ ਭਰਿਆ ਪ੍ਰੇਮ ਕੁਦਰਤੀ ਸੀ। ਡਾਕਟਰ ਇਕਬਾਲ ਭੀ ਪਹਿਲਾਂ ਗੌਵਰਨਮਿੰਟ ਕਾਲਜ, ਲਾਹੌਰ ਪੜ੍ਹਦੇ ਰਹੇ ਸਨ ਤੇ ਫੇਰ ਜਦ ਉਹ ਕੇਂਮਬ੍ਰਿਜ ਆਏ ਤਾਂ ਅਸੀਂ 'ਇੰਡੀਅਨ ਮਜਲਿਸ' ਵਲੋਂ ਉਨ੍ਹਾਂ ਦਾ ਖਾਣਾ ਕੀਤਾ। ਖਾਣੇ ਦੀ ਮੇਜ਼ ਉੱਤੇ ਮੈਂ ਉਨ੍ਹਾਂ ਦੇ ਸਾਹਮਣੇ ਬੈਠਾ ਸੀ। ਮੈਨੂੰ ਪੰਜਾਬੀ ਵਿਚ ਕਹਿਣ ਲੱਗੇ, "ਸਰਦਾਰਾ, ਕਿਨੀ ਜ਼ਮੀਨ ਪੀਉ ਦਾਦੇ ਦੀ ਹਿੰਦੂਆਂ ਕੋਲ ਗਹਿਣੇ ਰੱਖੀ ਹੋਈ ਏ ?" ਮੈਂ ਕਿਹਾ, "ਜੀ, ਜ਼ਮੀਨ ਤਾਂ ਕੋਈ ਗਹਿਣੇ ਨਹੀਂ ਪਈ ਹੋਈ, ਪਰ ਕਰਜ਼ਾ ਦੇਣਾ ਹੈ, ਸੂਦ-ਦਰ-ਸੂਦ, ਢੇਰ ਵਰ੍ਹੇ ਲੰਘ ਗਏ, ਮੁੱਕਣ ਵਿਚ ਹੀ ਨਹੀਂ ਆਉਂਦਾ।" ਗੰਭੀਰ ਹੋ ਕੇ ਕਹਿਣ ਲੱਗੇ, "ਇਸਲਾਮੀ ਸੌਸਾਇਟੀ ਵਿਚ ਸੂਦ ਦਾ ਗੁਲਾਮ ਬੰਦਾ ਨਹੀ ਬਣਦਾ, ਇਹ ਗੱਲ ਸਿੱਖਾਂ ਲਈ ਭੀ ਫ਼ਾਇਦੇਮੰਦ ਹੈ।" ਮੈਂ ਉਨਾਂ ਦਾ ਰਹੱਸਯ ਸਮਝਿਆ ਤੇ ਹੱਸ ਕੇ ਚੁੱਪ ਕਰ ਰਿਹਾ। ਪੰਜਾਂ ਕੁ ਮਿੰਟਾਂ ਪਿਛੋਂ ਮੈਂ ਉਨ੍ਹਾਂ ਦੇ ਰਚਿਤ ਇੱਕ ਫਾਰਸੀ ਬੰਦ ਦਾ ਪੰਜਾਬੀ ਕਵਿਤਾ ਵਿਚ ਉਲਥਾ ਕਰਕੇ ਭੋਜਨ-ਵਿਸਤਾਰ ਪੱਤ੍ਰ (Dinner-menu) ਉਤੇ

ਲਿਖ ਦਿੱਤਾ, ਜਿਸ ਉਤੇ ਉਨਾਂ ਨੇ ਹਸਤਾਖਰ ਪਾ ਦਿੱਤੇ* । ਉਨਾਂ ਦੇ ਇਹ ਹਸਤਾਖਰ ਮੈਂ ਮੁਤਬੱਰਕ ਸਮਝ ਕੇ ਸੰਭਾਲੀ ਰਖੇ, ਜੋ ਕਿ ਸੰਨ ੧੯੪੭ ਵਿਚ ਲਾਹੌਰ ਹੀ ਮੇਰੇ ਸਾਮਾਨ ਵਿਚ ਰਹਿ ਗਏ ।

ਸੰਨ ੧੯੩੬ ਵਿਚ, ਜਦੋਂ ਉਹ ਬੜੇ ਬੀਮਾਰ ਸੁਣੇ ਤਾਂ ਮੈਂ ਲੱਈਆ, ਮੁਜ਼ੱਫਰਗੜ੍ਹ, ਤੋਂ ਉਨ੍ਹਾਂ ਦੇ ਅੰਤਮ ਦਰਸ਼ਨ ਕਰਨ, ਉਨ੍ਹਾਂ ਦੀ ਮ੍ਰਿਤੂ ਤੋਂ ਇਕ ਦਿਨ ਪਹਿਲਾਂ ਪੁੱਜਾ। ਉਨ੍ਹਾਂ ਦੀ ਅਪਣੀ ਇਕ ਕਵਿਤਾ, ਪੈਨਸਿਲ ਨਾਲ ਲਿਖੀ ਹੋਈ, ਕੁਰਸੀ ਤੇ ਪਈ ਸੀ। ਮੈਨੂੰ ਪਛਾਣ ਕੇ ਉਸ ਵਲ ਇਸ਼ਾਰਾ ਕੀਤਾ ।† ਦੂਜੇ ਦਿਨ ਉਹ ਅੱਲਾ ਨੂੰ ਪਿਆਰੇ ਹੋ ਗਏ।

ਡਾਕਟਰ ਸਰ ਮੁਹੰਮਦ ਇਕ਼ਬਾਲ, ਅਪਣੇ ਪ੍ਰਿਯ ਰਸੂਲ, ਹਜ਼ਰਤ ਮੁਹੰਮਦ ਸਾਹਿਬ, ਅਰਬੀ ਪੈਗੰਬਰ, ਦੀ ਆਤਮਾ ਦੇ, ਵਸਲ ਦੀ ਹੱਦ ਤਕ, ਸਮੀਪ ਸਨ, ਐਨ ਉਸੇ ਤਰ੍ਹਾਂ ਜਿਵੇਂ ਸ਼ੇਖ ਅਹਿਮਦ ਸਿਰਹੰਦੀ ਸੀ। ਹਜ਼ਰਤ ਮੁਹੰਮਦ ਸਾਹਿਬ, ੬੩ ਵਰ੍ਹੇ ਦੀ ਆਯੂ ਭੋਗ ਕੇ ਇਸ ਅਸਾਰ ਸੰਸਾਰ ਨੂੰ ਤਿਆਗ ਗਏ ਸਨ । ਮੁਜੱਦਦ ਅਲਿਫ ਥਾਨੀ ਅਤੇ ਡਾਕਟਰ ਇਕ਼ਬਾਲ ਭੀ, ਪੂਰੇ ੬੩ ਵਰ੍ਹੇ ਹੀ ਜੀਵਤ ਰਹੇ । ਇਸਲਾਮੀ ਗੈਹਯਵਾਦ (Islamic mystique) ਵਿਚ ਇਹ ਇਕ ਨਿਸ਼ਾਨ, ਅਜੇਹੇ ਮਹਾਂਪੁਰਸ਼ਾਂ ਦੀ ਸਤਯ ਵਿਚਾਰਧਾਰਾ ਬਾਬਤ, ਮੰਨਿਆਂ ਜਾਂਦਾ ਹੈ।

ਦੂਜੀ ਰਾਉਂਡ ਟੇਬਲ ਕਾਨਫ੍ਰੰਸ ਵਿਚ, ਕਾਂਗ੍ਰੰਸ ਵਲੋਂ, ਇਕੱਲੇ ਮਹਾਤਮਾ ਗਾਂਧੀ ਹੀ ਗਏ ਤਾਂ ਨਾਲ ਹੋਰ ਕੋਈ, ਸਲਾਹ ਮਸ਼ਵਰਾ ਕਰਨ ਲਈ ਭੀ ਨ ਲੈ ਗਏ। ਮਹਾਤਮਾਂ ਜੀ ਤਾਂ ਸ਼ਾਇਦ ਇਹ ਦਰਸਾਉਣਾ ਚਾਹੁੰਦੇ ਸਨ ਕਿ ਉਹੋ ਕਾਂਗ੍ਰੰਸ ਦੇ ਵਾਹਿਦ ਇਕਲਮ ਕਲੇ ਲੀਡਰ ਹਨ, ਪਰ ਇਸ ਵਿਚ ਹੁਣ ਕੋਈ ਵਿਚਾਰਵਾਨ ਭੀ ਕਿੰਤੂ ਨਹੀ ਕਰਦਾ ਕਿ ਮਹਾਤਮਾ ਜੀ ਨੇ ਇਉਂ ਕਰਕੇ ਨ ਦੇਸ਼ ਦਾ ਅਤੇ ਨ ਹੀ ਕਾਂਗ੍ਰੰਸ ਦਾ ਕੁਝ ਸਵਾਰਿਆ, ਸਗੋਂ ਕਈ ਸਿਆਣੇ, ਇਸ ਗੱਲ ਨੂੰ, ਦੂਜੀ ਰਾਉਂਡ ਟੇਬਲ ਕਾਨਫ੍ਰੰਸ ਦੀ ਅਸਫਲਤਾ ਦਾ ਮੂਲ ਕਾਰਣ ਮੰਨਦੇ ਹਨ ।

---

* ਕਈ ਵਾਰ ਕੱਖਾਂ ਨੇ ਪੜਦੇ ਅੱਖਾਂ ਅੱਗੇ ਤਾਣੇ, ਕਈ ਵਾਰ ਮੈਂ ਇਕ ਨਜ਼ਰ ਵਿਚ ਸਭ ਬ੍ਰਹਮੰਡ ਪਛਾਣੇ।
ਪਰੇਮਦੇਸ ਦਾ ਪੈਂਡਾ ਲੰਬਾ ਦੂਰ ਦੁਰਾਡੇ ਦਿੱਸੇ, ਕਈ ਵਾਰ ਪਰ ਇੱਕੋ ਹੌਕਾ ਲੈ ਜਾਏ ਤੋੜ ਟਿਕਾਣੇ ।
ਤੁਰਿਆ ਚੱਲ ਹੌਸਲਾ ਕਰਕੇ, ਆਸ ਉਮੀਦ ਨ ਛੱਡੀਂ, ਕਈ ਵਾਰ ਰਾਹਾਂ ਦੇ ਉੱਤੇ ਮਿਲਦੇ ਪਏ ਖਜ਼ਾਨੇ ॥
(ਫ਼ਾਰਸੀ ਅਸਲ ਇਉਂ ਹੈ :

می شود پردہ چشمم پرِ کاہی گاہے— دیدہ ام ہر دو جہاں رابنگاہے گاہے—
منزل عشق بسے دور و دراز است ولے— طے شود جادۂ صد سالہ بہ آہے گاہے—
در طلب کوش و مدہ دامن اُمید ز دست— دولتے ہست کہ یابی سر راہے گاہے—

†صدائے رفتہ باز آید کہ ناید— نسیمے از حجاز آید کہ ناید—
سر آمد روزگارے من فقیرے— دگر دانائے راز آید کہ ناید—

ਗੁਰੂ ਗੋਬਿੰਦ ਸਿੰਘ ਨੇ ਸਮਾਜੀ ਤੇ ਰਾਜਸੀ ਮੁਆਮਲਿਆਂ ਬਾਰੇ ਇਹ ਵਿਧਾਨ ਕੀਤਾ ਸੀ ਕਿ ਅਜੇਹੇ ਫੈਸਲੇ ਇਕੱਲਪੁਰਖੀ ਨ ਹੋਣ, ਸੰਗਤ ਸੰਮਤੀ ਨਾਲ ਨਜਿੱਠੇ ਜਾਣ। ਏਥਨਜ਼ (Athens) ਦੇ ਸਹਿਰੀ ਯੂਨਾਨੀਆਂ ਦੀ, ਜੋ ਕਿ ਆਧੁਨਿਕ ਗਣਤੰਤ੍ਰ (modern democracy) ਦੇ ਜਨਮ-ਦਾਤਾ ਤੇ ਨਿਹਮਾਣ ਕਰਤਾ ਹਨ, ਇਹੋ ਰਾਜ-ਨੀਤੀ ਤੇ ਮਤ ਸੀ, ਜਿਸ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਵਿਧਾਨ ਕੀਤਾ। ਅਰਸਤੂ (Aristotle) ਦਾ ਕਥਨ ਹੈ, "ਬਹੁਤ ਸਾਰੇ ਮਨੁੱਖ, ਜਿਹੜੇ ਕਿ ਇਕੱਲੇ ਇਕੱਲੇ ਭਾਵੇਂ ਸ੍ਰੇਸ਼ਟ ਬੁੱਧੀ ਨ ਹੋਣ, ਇਕ ਦੋ ਉੱਚ ਬੁੱਧੀਵਾਨਾਂ ਕੋਲੋਂ ਵਧੇਰੇ ਸਿਆਣੇ ਹੋ ਸਕਦੇ ਹਨ, ਜਦੋਂ ਕਿ ਉਹ ਸੰਗਤ ਵਿਚ ਮਿਲ ਬੈਠਣ।" † ਕੀ ਸਿੱਖਾਂ ਵਿਚ ਅਜੋਕਾ, "ਪੰਥ ਦਾ ਵਾਹਿਦ ਲੀਡਰ" ਦਾ ਵਿਚਾਰ, ਮਹਾਤਮਾ ਗਾਂਧੀ ਦੇ ਸੰਨ ੧੯੩੧ ਦੇ ਇਸੇ ਰੱਵਈਏ ਤੋਂ ਉਤਪਨ ਹੋਇਆ? ਸਿੱਖਾਂ ਦੀ ਕਪਿਬੁੱਧੀ ਨੂੰ ਦ੍ਰਿਸ਼ਟੀਗੋਚਰ ਰਖਦਿਆਂ ਹੋਇਆਂ, ਇਉਂ ਹੀ ਸਮਝੀਏ ਤਾਂ ਕੋਈ ਅਜੋਗ ਨਹੀਂ ਹੋਵੇਗਾ। ਇਸ ਤੋਂ ਇਹ ਭੀ ਸਿੱਧ ਹੋਇਆ ਕਿ ਮਹਾਤਮਾ ਗਾਂਧੀ ਦੇ ਇਸ ਰੱਵਈਏ ਨੇ ਨ ਕੇਵਲ ਕਾਂਗ੍ਰਸ ਤੇ ਹਿੰਦੂਆਂ ਨੂੰ ਹੀ ਨੁਕਸਾਨ ਪੁਚਾਇਆ ਸਗੋਂ ਸਿੱਖਾਂ ਲਈ ਭੀ ਇਕ ਹਾਨੀ-ਕਾਰਕ ਪਿਰਤ ਦੀ ਲੀਹ ਪਾਈ।

ਇਨ੍ਹਾਂ ਦਿਨਾਂ ਵਿਚ ਹੀ, ਮਹਾਤਮਾ ਗਾਂਧੀ ਨੇ, ਕੇਂਮਬ੍ਰਿਜ ਆ ਕੇ, ਯੂਨੀਵਰਸਟੀ ਦੇ ਵਿਦਿਆਰਥੀਆਂ ਨੂੰ ਹਿੰਦੁਸਤਾਨ ਬਾਰੇ, ਇਕ ਲੈਕਚਰ ਭੀ ਦਿੱਤਾ। ਸ੍ਰੋਤਿਆਂ ਵਿਚ ਕੇਵਲ ਮੈਂ ਹੀ ਪਿਛੇ ਜਹੇ ਬੈਠਾ ਸਾਂ, ਜਿਸ ਦਸਤਾਰ ਸਿਰ ਉਤੇ ਬੰਨ੍ਹੀ ਹੋਈ ਸੀ। ਮਹਾਤਮਾ ਜੀ ਨੇ ਸ੍ਰੀਯੁਤ ਐਂਡਰੀਊਜ਼ ਨੂੰ ਤਖਤਪੋਸ਼ (dias) ਤੋਂ ਹੇਠਾਂ ਭੇਜਿਆ ਕਿ ਮੈਨੂੰ ਉਨ੍ਹਾਂ ਦੇ ਕੋਲ ਕੁਰਸੀ ਤੇ ਲਿਆ ਬਿਠਾਵੇ। ਗਾਂਧੀ ਜੀ ਨੇ ਤਾਂ ਇਉਂ ਆਪਣਾ ਦੇਸ਼-ਪ੍ਰੇਮ ਤੇ ਵਿਸ਼ਾਲ-ਦਿਲੀ ਇਸ ਕਾਰਣ ਦਰਸਾਈ ਕਿ ਉਹ ਇਸ ਗੱਲ ਦੀ ਖੁਲ੍ਹੀ ਪ੍ਰਸੰਸਾ ਪ੍ਰਗਟ ਕਰਨਾ ਲੋਚਦੇ ਸਨ, ਕਿ ਯੂਰਪ ਵਿਚ ਰਹਿ ਕੇ ਮੈਂ ਸਿੱਖੀ ਰਹਿਤ ਬਹਿਤ ਤੇ ਪਹਿ-ਰਾਵਾ ਜੋ ਕਾਇਮ ਰੱਖਿਆ ਹੈ, ਉਹ ਬੜੀ ਉਤਮ ਗੱਲ ਕੀਤੀ ਹੈ, ਪਰ ਦਰਸ਼ਕਾਂ ਨੇ ਇਉਂ ਸਮਝਿਆ ਕਿ ਗਾਂਧੀ ਜੀ ਤੇ ਦੀਨਾ-ਬੰਧੂ ਸ੍ਰੀਯੁਤ ਐਂਡਰੀਊਜ਼ ਮੇਰੇ ਪੁਰਾਣੇ ਮਿੱਤ੍ਰ ਹਨ। ਜਗਤ-ਪ੍ਰਸਿੱਧ ਅਰਥ-ਸ਼ਾਸਤ੍ਰ ਵਿਗਿਆਨੀ, (Economist) ਪ੍ਰੋਫੈਸਰ ਕੇਨਸ, (Prof. Kaynes) ਉਨ੍ਹਾਂ ਦਿਨਾਂ ਵਿਚ ਕੇਂਮਬ੍ਰਿਜ ਵਿਚ ਅਧਿਆਪਕ ਸਨ ਅਤੇ ਮੈਂ ਭੀ ਉਨ੍ਹਾਂ ਦੇ ਗੂੜ੍ਹ ਵਿਚਾਰ ਤੇ ਲੈਕਚਰ ਸੁਣਨ ਜਾਂਦਾ ਹੁੰਦਾ ਸੀ। ਉਨ੍ਹਾਂ ਨੇ ਮਹਾਤਮਾ ਗਾਂਧੀ ਨੂੰ ਦੁਪਹਿਰ ਦੇ ਖਾਣੇ ਤੇ ਬੁਲਾਇਆ ਤਾਂ ਮੈਨੂੰ ਭੀ, ਮਹਾਤਮਾਂ ਜੀ ਦਾ ਪੁਰਾਣਾ ਮਿੱਤ੍ਰ, ਤੇ ਆਪਣਾ ਵਿਦਿਆਰਥੀ ਜਾਣ ਕੇ, ਨਾਲ ਹੀ ਬੁਲਾ ਲਿਆ। ਲੰਚ ਉੱਤੇ ਪ੍ਰੋਫੈਸਰ ਕੇਨਸ ਨੇ ਗਾਂਧੀ ਜੀ ਨਾਲ ਅੰਤ੍ਰਰਾਸ਼ਟ੍ਰੀਯ ਧਨਸੰਚਰਣ ( International

---

† ਇਹ ਯੂਨਾਨੀ ਤੇ ਸਿੱਖ ਸਿਧਾਂਤ ਇਸਲਾਮ ਦੀ ਬੁਨਿਆਦੀ ਸਮਾਜਕ ਵਿਚਾਰਧਾਰਾ ਦਾ ਨਿਸ਼ੇਧ ਹੈ, ਕਿਉਂਕਿ 'ਖਿਲਾਫਤ' ਦਾ ਸਿਧਾਂਤ ਹੈ ਕਿ ਅੰਤਮ ਫੈਸਲਾ ਤੇ ਸਰਵਸ਼ਕਤੀਨ ਸ਼ਕਤੀ, ਇਕੱਲੀ ਵਿਯਕਤੀ, 'ਖਲੀਫਹਤੁਲ-ਮੁਸਲਮੀਨ' ਦੇ ਹੱਥਾਂ ਵਿਚ ਹੋਣੀ ਯੋਗ ਹੈ। ਤਾਂ ਹੀ ਡਾਕਟਰ ਇਕਬਾਲ ਨੇ ਆਧੁਨਿਕ ਜਮਾਇਤਵਾਦ ਦਾ ਖੰਡਨ ਕੀਤਾ ਹੈ:—

گریز از طرز جمہوری غلامے پختہ کارے شو—
کہ از مغز دو صد خر فکرے انسانے نمی آید—

Finance ) ਬਾਰੇ ਵਿਚਾਰਾਂ ਦਾ ਵਟਾਂਦਰਾ ਕੀਤਾ, ਤਾਂ ਅਗਲੇ ਦਿਨ ਮੈਨੂੰ, ਕਲਾਸ ਤੋਂ ਪਿਛੋਂ ਕਹਿਣ ਲੱਗੇ, "ਇਹ ਤਾਂ ਅਰਥਸ਼ਾਸਤ੍ਰ ਤੋਂ ਉੱਕਾ ਅਗਿਆਤ ਹੈ" (This man (Mahatma Gandhi) knows nothing about Ecnomics) ਮੈਂ ਕੀ ਉਤ੍ਰ ਦਿੰਦਾ, ਸੁਣ ਕੇ ਚੁੱਪ ਕਰ ਰਿਹਾ। ਕਈ ਵਰ੍ਹੇ ਪਿਛੋਂ ਪ੍ਰੋਫੈਸਰ ਕੇਨਸ ਦੀ ਕੀਤੀ ਗੱਲ ਦਾ ਭਾਵ ਮੈਂ ਸਮਝਿਆ, ਕਿ "ਵਾਹਿਦ ਲੀਡਰ" ਉਹ ਬਣੇ ਜੋ ਸਰਵੱਗਯ ਹੋਵੇ, ਨਹੀ ਤਾਂ ਹਾਨੀ ਦਾ ਕਾਰਣ ਬਣੇਗਾ।

ਮਹਾਤਮਾ ਗਾਂਧੀ ਨੇ ਦੂਜੀ ਰਾਊਂਡ ਟੇਬਲ ਕਾਨਫ੍ਰੰਸ ਦੇ ਖੁਲ੍ਹੇ ਸਮਾਗਮ ਵਿਚ, ਤਿੰਨ ਦਾਹਵੇ ਕੀਤੇ, ਜਿਨ੍ਹਾਂ ਤਿੰਨਾਂ ਦੀ ਭਰਪੂਰ ਤੇ ਖੁਲ੍ਹੀ ਮੁਖ਼ਾਲਫ਼ਤ ਉਸੇ ਸਮੇਂ ਹੋਈ। (੧) ਰਾਜਸੀ ਹਿੰਦੁਸਤਾਨ ਦੀ ਕੇਵਲ ਇਕੋ ਪ੍ਰਤੀਨਿਧ, ਇੰਡੀਅਨ ਨੈਸ਼ਨਲ ਕਾਂਗ੍ਰੈਸ ਹੈ। (੨) ਅਛੂਤ ਜਾਤੀਆਂ ਹਿੰਦੂ ਜਾਤੀ ਦਾ ਅਨਿਖੜਵਾਂ ਅੰਗ ਹਨ ਅਤੇ ਵੱਖਰੀ ਨੁਮਾਇੰਦਗੀ ਨਹੀਂ ਮੰਗ ਸਕਦੀਆਂ। (੩) ਹਿੰਦੂ ਤੇ ਮੁਸਲਮਾਨਾਂ ਆਦਿ ਨੂੰ, ਅਖੰਡ ਹਿੰਦੁਸਤਾਨ ਵਿਚ, ਸਾਂਝੀਆਂ ਚੋਣਾ ਰਾਹੀਂ, ਖਿਨਾ ਫਿਰਕੇਦਾਰੀ ਨੁਮਾਇੰਦਗੀ ਤੇ ਪਾਸਕੂ ਦੇ, ਰਹਿਣਾ ਤੇ ਸਾਂਝਾ ਰਾਜ ਕਰਨਾਂ ਬਣਦਾ ਹੈ।

ਇਨ੍ਹਾਂ ਤ੍ਰਿਨ੍ਹਾਂ ਹੀ ਦਾਹਵਿਆਂ ਨੂੰ ਕਿਸੇ ਭਾਂਤ ਭੀ ਪ੍ਰਵਾਣ ਹੋਦਾ ਨ ਦੇਖ ਕੇ, ਜਦੋਂ ਅਛੂਤਾਂ ਤੇ ਅਲਪ ਸੰਖਿਆ ਜਾਤੀਆਂ ਦੀ ਤਸੱਲੀ ਕਰਵਾਉਣ ਤੋਂ ਅਪਣੇ ਆਪ ਨੂੰ ਅਸਮ੍ਰਥ ਹੋਣ ਦੀ ਗਤੀ ਮਹਾਤਮਾਂ ਗਾਂਧੀ ਨੇ ਖੁਲ੍ਹੀ ਤਸਲੀਮ ਕਰ ਲਈ, ਤਦ ਬਰ-ਤਾਨਵੀ ਸਰਕਾਰ ਨੇ ਐਲਾਨ ਕੀਤਾ ਕਿ ਭਾਵੇਂ ਇਹ ਉਸਤਰਿਆ ਦੀ ਮਾਲਾ ਗਲ੍ਹ ਪਾਉਣ ਵਾਲੀ ਗੱਲ ਹੀ ਹੈ, ਫੇਰ ਭੀ ਜੇ ਹਿੰਦੁਸਤਾਨੀ ਆਗੂ ਕੋਈ ਆਪਸੀ ਸਮਝੌਤਾ ਨ ਕਰ ਸਕੇ ਤਾਂ ਬਰਤਾਨਵੀ ਪ੍ਰਧਾਨ ਮੰਤ੍ਰੀ, ਮਿਸਟਰ ਰਾਮਸੇ ਮਕਡਾਨਲਡ, ਹਿੰਦੁਸਤਾਨ ਦੀਆਂ ਵਿਧਾਨਕ ਅਸੈਂਬਲੀਆਂ ਵਿਚ ਫਿਰਕੇਦਾਰੀ ਤਨਾਸਬ ਦਾ ਨਿਰਣਯ ਆਪ ਕਰ ਦੇਣਗੇ, ਤਾਂ ਜੁ ਦੇਸ ਦੀ ਸੁਰਾਜ ਪ੍ਰਪਤੀ, ਦੇ ਰਾਹ ਵਿਚੋਂ ਇਹ ਅੜਚਨ ਹਟ ਜਾਵੇ।

ਇਸ ਵਾਤਾਵਰਣ, ਤੇ ਇਨ੍ਹਾਂ ਹਾਲਾਤ, ਵਿਚ "ਕਮੀਊਨਲ ਅਵਾਰਡ" ਦਾ ਅੰਕਰ ਪੁੰਗਰਿਆ।

ਮਹਾਤਮਾ ਗਾਂਧੀ ਜਦ, ਸੰਨ ੧੯੩੧ ਦੇ ਅੰਤ ਵਿਚ, ਹਿੰਦੁਸਤਾਨ ਵਾਪਸ, ਖਾਲੀ ਹੱਥ ਪਹੁੰਚੇ ਤਾਂ ਅਗੇ ਮੁਲਕ ਵਿਚ ਵਡਾ ਰਾਮ-ਰੌਲਾ ਪਿਆ ਹੋਇਆ ਸੀ। ਉਤ੍ਰ ਪ੍ਰਦੇਸ਼ ਵਿਚ ਕਾਂਗ੍ਰਸ ਨੇ ਸਰਕਾਰੀ ਹਾਲ੍ਹਾ ਨ ਭਰਨ ਦਾ ਅੰਦੋਲਨ ਚਾਲੂ ਕੀਤਾ ਹੋਇਆ ਸੀ, ਬੰਗਾਲ ਵਿਚ ਅੰਗਰੇਜ਼ ਸਰਕਾਰੀ ਕਰਮਚਾਰੀਆਂ ਨੂੰ ਭਾਰਤਮਾਤਾ ਦੇ ਬਲੀਦਾਨ ਚਾੜ੍ਹਣ ਦੀ ਧਾਰਮਕ ਰੀਤੀ, ਫੇਰ ਪ੍ਰਬਲ ਹੋ ਚੁੱਕੀ ਸੀ ਅਤੇ ਸਰਹੱਦੀ ਸੂਬੇ ਵਿਚ ਅਬਦਲ ਗ਼ੱਫਾਰ ਖ਼ਾਨ ਦੇ ਲਾਲ-ਕੁੜਤੀਏ ਭੜਕ ਉੱਠੇ ਸਨ। ਇਉਂ ਭਾਰੀ ਅੰਦੋਲਨ ਬ੍ਰਿਟਿਸ਼ ਗੌਰਵਨਮੈਂਟ ਦੇ ਬਰਖਿਲਾਫ ਦੇਸ਼ ਵਿਚ ਚਾਲੂ ਹੋ ਗਿਆ ਤੇ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਤੇ ਪਟੇਲ ਆਦਿ ਵੱਡੇ ਵੱਡੇ ਲੀਡਰ ਸਭ ਜੇਲ੍ਹਾਂ ਅੰਦਰ ਡੱਕੇ ਗਏ।

ਪਰ ਰਾਊਂਡ ਟੇਬਲ ਕਾਨਫ੍ਰੰਸ ਦਾ ਕੰਮ ਚਾਲੂ ਰਿਹਾ ਅਤੇ ਇਸ ਦੀਆਂ ਸਬ-ਕਮੇਟੀਆਂ ਸੰਨ ੧੯੩੨ ਵਿਚ ਅਪਣੀਆਂ ਰਪੋਰਟਾਂ ਤਿਆਰ ਕਰਦੀਆਂ ਰਹੀਆਂ।

ਸੰਨ ੧੯੩੨, ਜਨਵਰੀ ਦੇ ਪਹਿਲੇ ਹਫਤੇ ਦੀ ਗੱਲ ਹੈ ਕਿ ਮੈਂ ਲੰਡਨ ਗਿਆ ਹੋਇਆਂ ਸੀ ਕਿ ਮੈਨੂੰ ਸਰਦਾਰ ਬਹਾਦੁਰ ਸ਼ਿਵਦੇਵ ਸਿੰਘ, ਓਬ੍ਰਾਏ, ਜਿਹੜੇ ਕਿ ਉਨ੍ਹਾਂ

ਦਿਨਾਂ ਵਿਚ, ਸੈਕ੍ਰੇਟਰੀ ਆਫ ਸਟੇਟ ਦੀ ਇੰਡੀਆ ਕੌਂਸਲ ਦੇ ਮੈਂਬਰ ਸਨ, ਮਿਲੇ। ਜਦੋਂ ਭੀ ਕੋਈ ਸਿਖ ਵਿਦਿਆਰਥੀ, ਜਿਹੜਾ ਕਿ ਵਲਾਇਤ ਵਿਚ ਰਹਿੰਦਾ ਹੋਇਆ, ਸਿਖੀ ਦੇ ਰਹਿਤ ਪਹਿਰਾਵੇ ਨੂੰ ਤਿਲਾਂਜਲੀ ਨ ਦੇਵੇ, ਉਸ ਨੂੰ, ਸਰਦਾਰ ਬਹਾਦੁਰ ਦਾ ਇਹ ਕਤਈ ਹੁਕਮ ਹੁੰਦਾ ਸੀ ਕਿ ਉਹ ਐਤਵਾਰ ਨੂੰ ਉਨ੍ਹਾਂ ਦੇ ਘਰ ਜ਼ਰੂਰ ਖਾਣਾ ਖਾਵੇ ਅਤੇ ਜੇ ਉਨ੍ਹਾਂ ਉਸ ਦਿਨ ਲੰਡਨ ਨ ਹੋਣਾ ਹੋਵੇ, ਤਾਂ ਕਿਸੇ ਹੋਰ ਦਿਨ ਖਾਣੇ ਉਤੇ ਮਿਲੇ। ਮੈਂ ਟੈਲੀਫੂਨ ਕੀਤਾ ਤਾਂ ਉਨ੍ਹਾਂ ਮੈਨੂੰ ਲੰਚ ਉਤੇ ਝਟ ਪਟ ਬੁਲਾ ਲਿਆ ਤੇ ਕਹਿਣ ਲੱਗੇ, "ਸਿੱਖਾਂ ਦਾ ਕੀ ਬਣੇਗਾ ? ਕਿਸੇ ਸਿੱਧੇ ਪਾਸੇ ਸਿਖ ਲੀਡਰ ਆਉਂਦੇ ਨਹੀਂ ਤੇ ਹੂੜਮੱਤ ਨਾਲ ਸਿੱਖਾਂ ਦੇ ਹੱਥ ਕੁਛ ਨਹੀਂ ਆਉਣਾ।" ਮੈਂ ਕਿਹਾ, "ਤੁਸੀਂ ਐਥੇ ਬੈਠੇ ਹੋ, ਤਾਂ ਲੀਡਰ ਹੀ ਹੋ, ਕੁਛ ਕਰੋ।" ਕਹਿਣ ਲਗੇ, "ਭਾਈ, ਹੁਣ ਅਸਾਂ ਨੂੰ "ਚੀਫੀਏ" ਸਦਦੇ ਹਨ, ਅਤੇ ਸਿੱਖ ਸੰਗਤਾਂ ਸਾਨੂੰ ਝੋਲੀ-ਚੁੱਕ ਕਹਿੰਦੀਆਂ ਨੇ। ਸਿੰਘ ਸਭਾ ਲਹਿਰ ਦੀਆਂ ਜੜਾਂ ਵਲ ਜਾਈਏ ਤਾਂ ਆਰਯਸਮਾਜ ਦੀਆਂ ਸਿੱਖ ਗੁਰੂਆਂ ਨੂੰ ਗਾਲ੍ਹਾਂ ਹੀ ਇਸ ਲਹਿਰ ਦਾ ਮੂਲ ਕਾਰਣ ਨਹੀਂ ਸਨ। ਸਿੱਖ ਰਾਜ ਜਦੋਂ, ਰਣਜੀਤ ਸਿੰਘ ਦੇ ਪਾਲਤੂ ਡੋਗਰਿਆਂ ਨੇ, ਅੰਗ੍ਰੇਜ਼ਾਂ ਦੇ ਪੇਟੇ ਪਾ ਦਿੱਤਾ ਤਾਂ ਜੁ ਰਣਜੀਤ ਸਿੰਘ ਦੀ ਮੜ੍ਹੀ ਉੱਤੇ ਇਹ ਗ਼ਦਾਰ ਅਪਣਾ ਘਰ ਉਸਾਰ ਲੈਣ, ਤਾਂ ਸਿਖ ਸੰਗਤਾਂ ਅਤੇ ਸਿਖ ਸਰਦਾਰਾਂ ਨੇ ਸਿੱਖ ਰਾਜ ਦੇ ਮਹੱਲ ਨੂੰ ਢੈ-ਢੇਰੀ ਹੋਣ ਤੋਂ ਬਚਾਉਣ ਲਈ ਸਿਰ ਤਲੀ ਉੱਤੇ ਰੱਖ ਕੇ ਮੁਕਾਬਲਾ ਕੀਤਾ, ਮੁੱਦਕੀ, ਫੇਰੂਸ਼ਹਿਰ, ਚਿੱਲਿਆਂਵਾਲਾ, ਗੁਜਰਾਤ, ਤੇਰੇ ਕੋਲੋਂ ਕੇਹੜੇ ਭੁੱਲੇ ਹੋਏ ਨੇ। ਫੇਰ, ਭਾਈ ਮਹਾਰਾਜ ਸਿੰਘ, ਤੇ ਗਿਆਨੀ ਠਾਕਰ ਸਿੰਘ, ਤੇ ਦੋਬਾਰਾ ਸਿੰਘ ਸਜ ਚੁੱਕੇ ਮਹਾਰਾਜਾ ਦਲੀਪ ਸਿੰਘ ਦੇ ਅੰਗ੍ਰੇਜ਼ਾਂ ਨੂੰ ਪੰਜਾਬ ਦੀ ਪਿੱਠ ਉੱਤੋਂ ਲਾਹ ਸੁੱਟਣੇ ਦੇ ਜਤਨ ਭੀ ਉਸੇ ਸੰਗਲੀ ਦੀ ਕੜੀ ਹਨ। ਪਰ ਨਿਆਏਕਾਰੀ ਸਤਿਗੁਰੂ ਵੱਲ ਅਸਾਂ ਰਾਜਭਾਗ ਵੇਲੇ ਪਿੱਠ ਕੀਤੀ ਤਾਂ ਉਹ ਅਸਾਂ ਨੂੰ ਸਫਲਤਾ ਕਿਵੇਂ ਬਖ਼ਸ਼ਦੇ ? ਇਹ ਵੇਲਾ ਸੀ ਜਦੋਂ ਪਹਿਲਾਂ ਸਨਾਤਨੀ ਬ੍ਰਾਹਮਣ, ਸ਼ਰਧਾਰਾਮ ਫਿਲੌਰੀ, ਤੇ ਫੇਰ ਨਵੀਨ ਹਿੰਦੂ ਆਰਯਸਮਾਜੀ ਬੁਲਾਰਿਆਂ ਨੇ ਸਿੱਖ ਗੁਰੂਆਂ ਤੇ ਸਿੱਖੀ ਦੀ ਸ਼ਾਨ ਤੇ ਹਮਲੇ ਕਰਨੇ ਅਰੰਭੇ। ਨਿਰਪੱਖ ਤਾਰੀਖਦਾਨ ਇਹ ਊਜ ਸਿੱਖਾਂ ਉੱਤੇ ਤਿੰਨਕਾਲ ਨਹੀਂ ਲਾ ਸਕਦੇ, ਕਿ ਰਾਜ-ਭਾਗ ਪਾ ਕੇ ਸਿੱਖਾਂ ਨੇ ਮੁਸਲਮਾਨਾਂ ਨਾਲ ਧੱਕਾ ਕੀਤਾ। ਹਿੰਦੂਆਂ ਨੂੰ ਤਾਂ ਅਸਾਂ ਅਪਣੇ ਰਾਜਭਾਗ ਵਿਚ ਬਰਾਬਰ ਦਾ ਹਿੱਸੇਦਾਰ ਬਣਾ ਲਿਆ ਸੀ, ਫੇਰ ਉਹ ਵੱਢਖਾਣੇ ਫੇ ਹਲ-ਕਾਏ ਕੁੱਤੇ ਵਾਂਗ ਅਸਾਡੀਆਂ ਜੰਘਾਂ ਨੂੰ ਕਿਉਂ ਪੈ ਗਏ ? ਜਿਸ ਵਿਚਾਰਧਾਰਾ ਵਿਚੋਂ ਅੰਤ ਨੂੰ ਸਿੰਘ ਸਭਾ ਲਹਿਰ ਉੱਠੀ ਉਸ ਦੇ ਮੋਢੀ ਗਿਆਨੀ ਠਾਕਰ ਸਿੰਘ ਸੰਧਾਂਵਾਲੀਆ ਜਿਹੇ ਬੁੱਧੀਵਾਨ ਸਿੱਖ ਸਨ। ਉਨ੍ਹਾਂ ਦੇ ਬੁਨਿਆਦੀ ਵਿਚਾਰ ਇਹ ਸਨ: (੧) ਲਾਹੌਰ ਦਰਬਾਰ ਉੱਤੇ ਅੰਗ੍ਰੇਜ਼ੀ ਕਬਜ਼ਾ ਪੱਕਾ ਹੋਣ ਕਾਰਣ, ਹੁਣ ਸਿੱਖ ਕੇਵਲ ਅਪਣੇ ਬਾਹੂਬਲ ਨਾਲ, ਪੰਜਾਬ ਦੇ ਰਾਜਭਾਗ ਉੱਤੇ ਕਾਬਜ਼ ਨਹੀਂ ਹੋ ਸਕਦੇ। ਇਸ ਲਈ ਅੰਗ੍ਰੇਜ਼ਾਂ ਨਾਲ ਮਿਲਵਰਤਨ ਕਰਕੇ, ਸਿੱਖਾਂ ਦੀ ਰਾਜਸੀ ਗੌਰਵਤਾ, ਜਿਤਨੀ ਹੋ ਸਕੇ, ਵਧਾਉਣੀ ਚਾਹੀਦੀ ਹੈ। ਚੀਫੀਏ ਸਿੱਖਾਂ ਦੀ ਅੰਗ੍ਰੇਜ਼ਾਂ ਨਾਲ ਬਣਾ ਕੇ ਰੱਖਣ ਦੀ ਨੀਤੀ ਨੂੰ ਹੀ, ਅੱਜ ਕਲ੍ਹ ਦੇ ਅਕਾਲੀ, "ਝੋਲੀਚੁੱਕੀ" ਕਹਿੰਦੇ ਹਨ। (੨) ਸਿੱਖ ਪੰਥ ਤੀਜੀ ਇਕਾਈ, ਏਸ਼ੀਆ ਤੇ ਸੰਸਾਰ ਦੇ ਖੇਤ੍ਰ ਵਿਚ, ਗੁਰੂਆਂ ਦੁਆਰਾ, ਅਕਾਲ ਪੁਰਖ ਨੇ ਕਾਇਮ ਕੀਤੀ ਹੈ। ਇਸ ਤੀਜੀ ਇਕਾਈ ਦੇ ਫਰਜ਼ ਭਲੀ ਭਾਂਤ ਨਿਬਾਹ ਕੇ ਹੀ ਸਿੱਖ ਬਚ ਸਕਣਗੇ। ਜੇ ਕੋਈ

ਪਰ ਨੀਤੀ, ਰਲਮਿਲ ਜਾਣ ਦੀ, ਯਾ ਪਿਛਲਗ ਬਨਣ ਦੀ, ਸਿੱਖ ਅਖਤਿਆਰ ਕਰਨਗੇ ਤਾਂ ਅਪਣੀ ਮੌਤ ਦੇ ਵਰੰਟਾਂ ਤੇ ਆਪ ਦਸਖ਼ਤ ਕਰਨਗੇ । ਇਉਂ, ਅੱਜ ਕਲ੍ਹ ਦੀ ਨੈਸ਼ਨਿਲਸਟ ਸਿੱਖੀ, ਅਸਲ ਵਿਚ ਖ਼ੁਦਕੁਸ਼ੀ ਹੈ । ਇਹੋ ਭਾਵ, ਅਸੀਂ ਚੀਫ਼ੀਏ ਸਿੱਖ, "ਜਬ ਲਗ ਰਹੇ ਖਾਲਸਾ ਨਿਆਰਾ, ਤਬ ਲਗ ਤੇਜ ਦੀਓ ਮੈਂ ਸਾਰਾ," ਦੇ ਮਹਾਂਵਾਕ ਦਾ ਸਮਝਦੇ ਰਹੇ ਹਾਂ, ਤੇ ਇਸੇ ਬੁਨਿਆਦੀ ਵਿਚਾਰ ਨੇ ਸਿੰਘ ਸਭਾ ਲਹਿਰ ਨੂੰ ਜਨਮ ਦਿੱਤਾ ਸੀ । (੩) ਪੰਜਾਬ ਦੇ ਮੁਸਲਮਾਨ ਤਾਂ ਸਿੱਖਾਂ ਦੀ ਮੁਖ਼ਾਲਫ਼ਿਤ ਇਸ ਲਈ ਕਰਦੇ ਹਨ, ਕਿ ਕਿਤੇ ਮੁੜ ਸਿੱਖ ਪੰਜਾਬ ਦੇ ਰਾਜਭਾਗ ਤੇ ਕਾਬੂ ਨ ਪਾ ਲੈਣ । ਇਹ ਗੱਲ ਸਮਝ ਵਿਚ ਆਉਂਦੀ ਹੈ, ਇਸ ਲਈ ਮੁਸਲਮਾਨਾਂ ਨਾਲ ਸਮਝੌਤਾ ਹੋ ਸਕਦਾ ਹੈ ਜੇ ਉਨ੍ਹਾਂ ਦੀ ਤਸੱਲੀ ਇਸ ਗੱਲੇ ਹੋ ਜਾਵੇ । ਪਰ ਹਿੰਦੂਆਂ ਦੇ ਸਿੱਖਾਂ ਨਾਲ ਦ੍ਵੈਸ਼ ਤੇ ਸਾੜੇ ਦਾ ਕਾਰਨ ਨਿਰੋਲ ਇਹੋ ਹੈ, ਕਿ ਸਿੱਖਾਂ ਨੇ ਅਠ੍ਹਾਰਵੀਂ ਤੇ ਉਨ੍ਹੀਵੀਂ ਸਦੀ ਵਿਚ ਅਪਣਾ ਰਾਜਸੀ ਦਬਦਬਾ ਜਮਾ ਲਿਆ ਪਰ ਹਿੰਦੂ ਦੀਨਭਾਵ ਵਿਚੋਂ ਨ ਨਿਕਲ ਸਕੇ । ਹਜ਼ਾਰ ਵਰ੍ਹੇ ਤੋਂ ਪ੍ਰਾਧੀਨ ਹਿੰਦੂ, ਸਿੱਖਾਂ ਦਾ ਇਹ "ਅਪ੍ਰਾਧ" ਕਦਾਚਿਤ ਖਿਮਾਂ ਨਹੀਂ ਕਰਨ ਲੱਗੇ । ਸ਼ਰਧਾ ਰਾਮ ਫਿਲੌਰੀ ਤੇ ਆਰਯਸਮਾਜ ਦੇ ਸਿੱਖਾਂ ਤੇ ਸਿੱਖੀ ਵਿਰੁੱਧ ਦ੍ਵੈਸ਼ ਦਾ ਮੂਲ ਕਾਰਣ ਇਹੋ ਹੈ, ਅਤੇ ਜੇ ਕਦੇ, ਗੁਰੂ ਨ ਕਰੇ, ਸਿੱਖ ਹਿੰਦੂਆਂ ਦੇ ਹੇਠਾਂ ਆ ਗਏ ਤਾਂ ਸਿੱਖਾਂ ਸਾਹਮਣੇ ਸਵਾਲ ਜ਼ਿੰਦਗੀ ਦੇ ਬਚਾਅ ਦਾ ਹੋਵੇਗਾ ਰਾਜਭਾਗ ਵਿਚ ਹਿੱਸੇਦਾਰ ਬਣਨ ਦਾ ਨਹੀਂ । ਇਹ ਵਿਚਾਰਧਾਰਾ ਚੀਫ਼ੀਏ ਸਿੱਖਾਂ ਦੀ ਹੈ । (੪) ਅੰਗ੍ਰੇਜ਼ਾਂ ਕੋਲੋਂ ਰਾਜ ਹਿੰਦੁਸਤਾਨੀਆਂ ਨੇ ਖੋਹ ਕੇ ਨਹੀਂ ਲੈ ਸਕਣਾ, ਅੰਗ੍ਰੇਜ਼ ਆਪ ਰਾਜਭਾਗ ਵੰਡ ਵੰਡਾ ਕੇ ਚਲੇ ਜਾਣਗੇ । ਇਸ ਲਈ ਸਿੱਖ ਤੇ ਮਸਲਮਾਨ, ਜੋ ਭੀ ਲੈ ਸਕਦੇ ਹਨ, ਉਹ ਅੰਗ੍ਰੇਜ਼ਾਂ ਨਾਲ ਸੁਲਹ ਸਫ਼ਾਈ ਕਰਕੇ ਹੀ ਲੈ ਸਕਦੇ ਹਨ। ਜੇ ਇਉਂ ਇਨ੍ਹਾਂ ਦੋਹਾਂ ਕੌਮਾਂ ਦੀ ਝੋਲੀ ਨ ਪਵੇਗਾ ਤਾਂ ਉਹ ਸਾਰਾ ਰਾਜਭਾਗ ਹਿੰਦੂਆਂ ਦੇ ਪੇਟੇ ਤਾਂ ਆਪ ਹੀ ਪੈ ਜਾਣਾ ਹੈ । ਬਸ ਏਹੋ ਸਹੀ ਨੀਤੀ ਮੈਂ ਸਮਝਦਾ ਹਾਂ, ਅਤੇ ਇਹੋ ਵਿਚਾਰ ਅਸਾਡੇ ਚੀਫ਼ ਖਾਲਸਾ ਦੀਵਾਨ ਵਾਲਿਆਂ ਦੇ ਹਨ । ਪਰ ਸਿੱਖ ਸੰਗਤਾਂ, ਠੰਢੀ ਸੋਚ ਵਿਚਾਰ ਛੱਡ ਕੇ, ਭੜਕਾਊ ਨਾਹਰਿਆਂ ਪਿਛੇ ਲੱਗ ਚੁੱਕੀਆਂ ਹਨ । ਅਸਾਡੀ ਕਿਸ ਨੇ ਸੁਣਨੀ ਹੈ ?"

ਅੱਜ ਪੂਰੇ ਤੀਹ ਵਰ੍ਹਿਆਂ ਪਿਛੋਂ, ਸਰਦਾਰ ਬਹਾਦੁਰ ਸ਼ਿਵਦੇਵ ਸਿੰਘ, ਉਬਰਾ, ਦਾ ਇਹ ਸਿੱਖ ਪਾਲੇਟਿਕਸ ਤੇ ਹਿੰਦੁਸਤਾਨੀ ਪਾਲੇਟਿਕਸ, ਦਾ ਨਿਰਣਾ, ਮੈਂ ਕਲਮਬੰਦ ਕਰ ਰਿਹਾ ਹਾਂ, ਤਾਂ ਉਨ੍ਹਾਂ ਦੇ ਅਪਣੇ ਮੂੰਹੋਂ ਬੋਲੇ ਸ਼ਬਦ ਮੇਰੇ ਲਈ ਅੰਕਤ ਕਰਨੇ ਅਸੰਭਵ ਹਨ । ਪਰ ਉਨ੍ਹਾਂ ਦੀ, ਉਸ ੧੯੩੨ ਦੇ ਅਰੰਭ ਵਿਚ ਕੀਤੀ ਗੱਲ-ਬਾਤ ਦਾ ਸਾਰੰਸ਼ ਤੇ ਖਾਕਾ ਜੋ ਮੈਂ ਉੱਤੇ ਲਿਖਿਆ ਹੈ, ਉਹ ਮੇਰੀ ਸਮ੍ਰਿਤੀ ਵਿਚ, ਇਹ ਸਾਰਾ ਸਮਾਂ, ਹਰਾ ਰਿਹਾ ਹੈ, ਅਤੇ ਇਸ ਦੀ ਰੂਪ-ਰੇਖਾ, ਕਿਤੋਂ ਕਿਤੋਂ ਬਦਲ ਭਾਵੇਂ ਗਈ ਹੋਵੇ, ਪਰ ਮਸਖ਼ ਨਹੀਂ ਹੋਈ ।

ਮੈਂ, ਜਿਵੇਂ ਕਿ ਹਰ ਖ਼ਾਲੀ-ਦਿਮਾਗ਼ ਆਦਮੀ ਦਾ ਸੁਭਾ ਹੁੰਦਾ ਹੈ, ਇਹ ਗੂੜ੍ਹ ਰਾਜਨੀਤਿਕ ਵਿਸ਼ਲੇਸ਼ਨ ਸੁਣ ਕੇ ਕਿਹਾ : "ਤਾਂ ਫੇਰ ਕੁਛ ਕਰੋ ।" ਇਹ ਸੁਣ ਕੇ ਕਹਿਣ ਲੱਗੇ, "ਮੈਂ ਭੀ ਕੁਛ ਕਰਦਾ ਹਾਂ, ਤੂੰ ਭੀ ਕਰ । ਮੇਰੀ ਗੱਲ ਨੂੰ ਧਿਆਨ ਨਾਲ ਸੁਣ । ਜੇ ਐਸ ਵੇਲੇ ਸਿੱਖ ਲੀਡਰ, ਅੰਗ੍ਰੇਜ਼ਾਂ ਨੂੰ ਇਹ ਪੱਕਾ ਵਿਸ਼ਵਾਸ ਦਿਵਾ ਦੇਣ ਕਿ ਜੇ



ਮਾਸਟਰ ਤਾਰਾ ਸਿੰਘ

ਹਿੱਸਾ ਪੰਜਾਬ ਦੇ ਰਾਜਭਾਗ ਵਿਚ ਸਿੱਖਾਂ ਨੂੰ ਮਿਲੇਗਾ, ਉਸ ਨੂੰ ਉਹ ਅਪਣੇ ਬਚਾਅ ਤੇ ਬਿਹਤਰੀ ਲਈ ਹੀ ਵਰਤਣਗੇ ਅਤੇ ਹਿੰਦੂਆਂ ਦੇ ਹੱਥ ਠੋਕੇ ਬਣ ਕੇ ਮੁਸਲਮਾਨਾਂ ਨੂੰ ਦਬਾਣ ਲਈ ਨਹੀਂ, ਤਾਂ ਕਮੀਊਨਲ ਅਵਾਰਡ, ਜਿਹੜਾ ਕਿ ਬਣ ਰਿਹਾ ਹੈ, ਵਿਚ ਸਿਖਾਂ ਨੂੰ ਇਤਨੀ ਗੌਰਵਤਾ ਦਿੱਤੀ ਜਾਵੇਗੀ, ਜਿਸ ਸਦਕਾ ਕਿ ਸਿੱਖਾਂ ਦੀ ਗਰਦਣ ਕਦੇ ਭੀ ਨ ਹਿੰਦੂਆਂ ਤੇ ਨ ਮੁਸਲਮਾਨਾਂ ਸਾਹਮਣੇ ਨੀਵੀਂ ਹੋਵੇ।" ਮੈਂ ਪੁੱਛਿਆ, "ਅੰਗ੍ਰੇਜ਼ਾਂ ਨੂੰ ਸਿੱਖਾਂ ਵਲੋਂ ਇਹ ਪੱਕਾ ਵਿਸ਼ਵਾਸ ਕੌਣ ਦੇਵੇ ?" ਉੱਤ੍ਰ ਦਿੱਤੋ ਨੇ: "ਜਿਨ੍ਹਾਂ ਨੂੰ ਸਿੱਖਾਂ ਨੇ ਅਪਣੇ ਜੱਥੇਦਾਰ ਬਣਾਇਆ ਹੋਇਆ ਹੈ। ਹੋਰ ਕੌਣ, ਅਕਾਲੀ ਲੀਡਰ ਇਹ ਵਿਸ਼ਵਾਸ ਦਿਵਾਉਣ।" ਫੇਰ ਉਹਨਾਂ ਨੇ ਅਕਾਲੀਆਂ ਦੇ ਵੱਡੇ ਲੀਡਰ ਦਾ ਨਾਮ ਲਿਆ ਤੇ ਕਹਿਣ ਲੱਗੇ, "ਤੂੰ ਅਪਣੀ ਪੜ੍ਹਾਈ ਦੋਂਹ ਤਿੰਨਾਂ ਮਹੀਨਿਆਂ ਲਈ ਛੱਡ ਤੇ ਹਿੰਦੁਸਤਾਨ ਜਾ ਕੇ, ਜਿਵੇਂ ਮੈਂ ਕਹਿੰਦਾ ਹਾਂ, ਓਵੇਂ ਕਰ।" ਮੈਂ ਕਿਹਾ, 'ਇਕ ਤਾਂ ਮੈਂ ਆਈ. ਸੀ. ਐਸ. ਦਾ ਵਿਦਿਆਰਥੀ (probationer) ਹਾਂ, ਅਤੇ ਜੇ ਮੈਂ ਹੁਣ ਪੜ੍ਹਾਈ ਵਿਚੇ ਛੱਡਾਂ ਤਾਂ ਸਾਰੀ ਉਮਰ ਲਈ ਇਸ ਵੱਡੀ ਨੌਕਰੀ ਤੋਂ ਹੱਥ ਧੋ ਬੈਠਾਂ। ਦੂਜੇ, ਜਿਸ ਅਕਾਲੀ ਲੀਡਰ ਦਾ ਤੁਸੀਂ ਨਾਮ ਲੈਂਦੇ ਹੋ, ਮੇਰਾ ਉਨ੍ਹਾਂ ਨਾਲ ਸੰਬੰਧ ਕੇਵਲ ਇਤਨਾ ਹੀ ਹੈ, ਕਿ ਜਿਸ ਸਕੂਲ ਵਿਚ ਮੈਂ ਪੜ੍ਹਦਾ ਰਿਹਾ ਹਾਂ, ਉਹ ਉਥੇ ਕਦੇ ਟੀਚਰ ਰਹਿ ਚੁੱਕੇ ਹਨ। ਹੋਰ ਮੇਰਾ ਕੋਈ ਰਸੂਖ ਉਨ੍ਹਾਂ ਨਾਲ ਨਹੀਂ ਹੈ, ਜਿਸ ਕਰਕੇ ਉਹ ਕੇਵਲ ਮੇਰੇ ਲਿਹਾਜ਼ ਕਰਕੇ, ਕੋਈ ਰਾਜਨੀਤਕ ਵਿਚਾਰ ਪ੍ਰਵਾਣ ਕਰ ਲੈਣ। ਇਸ ਲਈ, ਮੇਰਾ ਜਾਣਾ ਤਾਂ ਕਿਵੇਂ ਭੀ ਨਹੀਂ ਬਣਦਾ।' ਕਹਿਣ ਲਗੇ, "ਹਛਾ, ਜੇ ਇਹ ਗੱਲ ਹੈ, ਤਾਂ ਕਿਸੇ ਹੋਰ ਨੂੰ ਭੇਜੀਏ। ਮੈਂ ਆਪ ਭੀ ਨਹੀਂ ਜਾ ਸਕਦਾ। ਮੈਂ ਤਾ ਜਾਚਿਆ ਸੀ, ਤੁਸੀਂ ਅਕਲ ਦੀ ਗੱਲ ਮਨਵਾ ਸਕੋਗੇ। ਨੌਕਰੀ ਤਾਂ ਸੋਹਣੀ ਚੀ ਹੁੰਦੀ।"

"ਅਜ ਯਾਦ ਆਇਆ ਮੈਨੂੰ ਉਹ ਸੱਜਣ ਜਿਹੰਦੇ ਮਗਰ ਉਲਾਂਭੜਾ ਜੱਗ ਦਾ ਏ।" ਉਸ ਵੇਲੇ ਮੈਨੂੰ ਸੁਪਨੇ ਵਿਚ ਭੀ ਇਹ ਵਿਚਾਰ ਨਹੀਂ ਸੀ ਆ ਸਕਦਾ ਕਿ ਪੰਦਰਾਂ ਸੋਲ੍ਹਾਂ ਵਰ੍ਹੇ ਪਿਛੋਂ, ਇਸੇ ਨਿਰਮੂਲ ਊਜ ਉੱਤੇ ਕਿ ਕੋਈ ਅਕਾਲੀ ਲੀਡਰ ਮੇਰੇ ਜਾਤੀ ਪ੍ਰਭਾਵ ਨੂੰ ਕਬੂਲਦਾ ਹੈ, ਮੈਨੂੰ ਅਪਣੇ ਜੀਵਣ ਦੇ ਸਭ ਤੋਂ ਭੀਹਾਵਲੇ ਤੇ ਕਸ਼ਟ ਭਰੇ ਦਿਨ ਦੇਖਣੇ ਪੈਣਗੇ।

ਮੈਨੂੰ ਕੁਝ ਚਿਰ ਪਿਛੋਂ ਪਤਾ ਲੱਗਾ ਕਿ ਸਰਦਾਰ ਬਹਾਦੁਰ ਸ਼ਿਵਦੇਵ ਸਿੰਘ ਨੇ ਅਪਣਾ ਲੜਕਾ, ਜੋ ਕਿ ਉਦੋਂ ਲੰਡਨ ਵਿਚ ਹੀ ਹਵਾਈ ਉਡਾਰੂ ਸੀ, ਇਕ ਚਿੱਠੀ ਦੇ ਕੇ ਹਿੰਦੁਸਤਾਨ ਭੇਜਿਆ, ਜੋ ਕਿ ਜੂਨ ੧੯੩੨ ਦੇ ਲਾਗੇ ਸ਼ਾਗੇ, ਉਕਾ ਨਿਰਾਸ ਹੋ ਕੇ ਤੇ ਖਾਲੀ ਹੱਥ ਮੁੜ ਆਇਆ। ਅਗਸਤ ੧੯੩੨ ਵਿਚ ਮੈਨੂੰ ਸਰਦਾਰ ਬਹਾਦੁਰ ਕਹਿਣ ਲੱਗੇ, ਕਿ ਉਤ੍ਰ ਆ ਗਿਆ ਹੈ। ਮੈਂ ਕਿਹਾ, ਕੀ ਉਤ੍ਰ ਮਿਲਿਆ, ਤਾਂ ਦੱਸਿਓ ਨੇ: "ਜਵਾਬ ਇਹ ਮਿਲਿਆ ਹੈ: ਅੰਗ੍ਰੇਜ਼ਾਂ ਨਾਲ ਗੱਲਬਾਤ ਕਰਕੇ, ਆਉਣ ਵਾਲੀ ਤਾਰੀਖ ਵਿਚ ਅਸੀਂ ਅਪਣਾ ਮੂੰਹ ਕਾਲਾ ਕਰਵਾਈਏ ?" ਫੇਰ ਕੁਛ ਚਿਰ ਚੁੱਪ ਕਰ ਰਹੇ, ਤੇ ਬੋਲੇ, "ਪਾਲੇਟਿਕਸ ਵਿਚ ਮੂੰਹ ਕਾਲਾ ਉਸ ਦਾ ਹੁੰਦਾ ਹੈ, ਜੋ ਅੰਤਮ ਬਾਜੀ ਹਾਰ ਜਾਏ। ਐਸੀ ਕਲਾ ਨ ਖੇਡੀਏ ਜਿਤਿ ਅਗੈ ਗਿਆਂ ਹਾਰੀਏ। ਹੁਣ ਗੁਰੂ ਹੀ ਸਿਖਾਂ ਦੇ ਮੁੱਖ ਉੱਜਲੇ ਰੱਖੇ ਤਾਂ ਰੱਖੇ।"

ਸਤੰਬਰ ਯਾ ਅਕਤੂਬਰ ੧੯੩੨ ਦੇ ਲਗਭਗ, ਬਰਤਾਨਵੀ ਪ੍ਰਧਾਨ ਮੰਤ੍ਰੀ, ਰਾਮਸੇ ਮੈਕਡਾਨਲਡ, ਨੇ ਕਮੀਊਨਲ ਅਵਾਰਡ ਦਾ ਐਲਾਨ ਕਰ ਦਿੱਤਾ। ਇਸ ਵਿਚ ਸਿੱਖਾਂ ਨੂੰ ਸਤਾਰਾਂ ਫੀ ਸਦੀ ਦੇ ਕਰੀਬ ਪੰਜਾਬ ਵਿਚ ਨੁਮਾਇੰਦਗੀ ਦਿੱਤੀ ਗਈ, ਜਦੋਂ ਕਿ ਗਿਣਤੀ ਵਿਚ ਉਹ ਗਿਆਰਾਂ ਫੀ ਸਦੀ ਲਗ ਭਗ ਸਨ। ਸਤਾਰਾਂ ਫੀ ਸਦੀ ਨੁਮਾਇੰਦਗੀ ਨਾਲ ਸਿੱਖ, ਹਿੰਦੂਆਂ ਨਾਲ ਰਲ ਕੇ ਭੀ, ਮੁਸਲਮਾਨਾਂ ਤੇ ਭਾਰੂ ਨਹੀਂ ਸੀ ਪੈ ਸਕਦੇ ਅਤੇ ਮੁਸਲਮਾਨਾਂ ਨੂੰ, ਸਿੱਖਾਂ ਨੂੰ ਨਾਲ ਰਲਾਉਣ ਦੀ, ਕੋਈ ਬਹੁਤੀ ਤੀਬਰ ਲੋੜ ਨਹੀਂ ਸੀ ਰਹਿ ਜਾਂਦੀ ॥

ਇਸ ਕਮੀਊਨਿਲ ਅਵਾਰਡ ਨੂੰ ਮੁਸਲਮਾਨਾਂ ਨੇ, ਸਿਆਣੇ ਰਾਜਨੀਤਕਾਂ ਵਾਂਗਰ, "ਮਾੜਾ, ਮਾੜਾ" ਕਹਿਕੇ, ਪ੍ਰਵਾਣ ਕਰ ਲਿਆ। ਮਹਾਤਮਾ ਗਾਂਧੀ ਨੇ ਇਸ ਅਵਾਰਡ ਦੀ ਕੇਵਲ ਇੱਕ ਧਾਰਾ, ਜਿਸ ਦੁਆਰਾ ਕਿ ਅਛੂਤਾਂ ਦਾ ਹਿੰਦੂਆਂ ਨਾਲੋਂ ਰਾਜਸੀ ਨਿਖੇੜਾ ਹੁੰਦਾ ਸੀ, ਵਿਰੁੱਧ ਭੁਖ ਹੜਤਾਲ ਕਰ ਕੇ, ਉਸ ਨੂੰ ਬਦਲਵਾ ਲਿਆ ਤੇ ਇਉਂ ਅਛੂਤਾਂ ਤੇ ਹਿੰਦੂਆਂ ਦਾ ਰਾਜਸੀ ਏਕਾ ਨ ਟੁੱਟਣ ਦਿੱਤਾ, ਅਤੇ ਕਾਂਗਰੈਸ ਨੇ ਇਹ ਕਿਹਾ ਕਿ ਅਸਾਨੂੰ ਇਹ ਕਮੀਊਨਲ ਅਵਾਰਡ 'ਨ ਰੱਦ ਨ ਕਬੂਲ'।

"ਨ ਰੱਦ ਨ ਕਬੂਲ" ਦਾ ਗੌਹਯ ਭਾਵ ਕੀ ਸਮਝੀਏ ? ਅੰਤ੍ਰੀਵ ਰਹੱਸਯ ਇਸ ਦਾ ਕੁਛ ਹੋਰ ਸੀ, ਰਾਜਸੀ ਰਹੱਸਯ ਹੋਰ ਤੇ ਲੋਕਪ੍ਰਿਤ ਅਰਥ ਹੋਰ।

ਲੋਕਪ੍ਰਿਤ ਅਰਥ ਤਾਂ ਇਹ ਸਨ, ਕਿ ਹਿੰਦੂ ਇਸ ਤੇ ਨਾਖੁਸ਼ ਹਨ ਅਤੇ ਮੁਸਲਮਾਨ ਇਸ ਨੂੰ ਕਬੂਲਦੇ ਹਨ, ਤਾਂ ਕਾਂਗਰੈਸ ਨ ਹਿੰਦੂਆਂ ਨੂੰ ਨਾਰਾਜ਼ ਕਰਨਾ ਚਾਹੁੰਦੀ ਹੈ ਨ ਮੁਸਲਮਾਨਾਂ ਨੂੰ। ਰਾਜਸੀ ਅਰਥ ਇਹ ਸੀ ਕਿ ਜਦੋਂ ਕਾਂਗਰੈਸ ਦੇ ਹਥ ਤਾਕਤ ਆਵੇਗੀ ਤਾਂ ਕਮੀਊਨਿਲ ਅਵਾਰਡ ਨਾਲ ਭੀ ਸਿੱਝ ਲਵਾਂਗੇ। ਇਹੋ ਕੁਝ ਕਾਂਗਰੈਸ ਨੇ, ੧੯੫੦ ਵਿਚ, ਕਮੀਊਨਿਲ ਅਵਾਰਡ ਦੇ ਬੁਨਿਆਦੀ ਸਿਧਾਂਤ ਦਾ ਨਿਰੋਧ ਕਰਕੇ ਕੀਤਾ। ਗੌਹਯ ਰਹੱਸਯ "ਰੱਦ ਨ ਕਬੂਲ" ਦੇ ਨੁਕਤੇ ਦਾ ਇਹ ਹੈ ਕਿ ਹਿੰਦੂ ਬੁੱਧੀ ਮੂਲਕ ਤੌਰ ਤੇ ਅਸਤਿਵਾਦੀ (positivist) ਨਹੀਂ, ਨਾਸਤਿਵਾਦੀ (negativist) ਹੈ ਜੋ ਕਿ ਪ੍ਰਸਿੱਧ ਸਿਧਾਂਤ ਇਹ ਮੰਨਦੀ ਹੈ ਕਿ ਸਚਾਈ "ਨਾ" ਵਿਚ ਹੈ "ਹਾਂ" ਵਿਚ ਨਹੀਂ। ਅਸਾਡੇ ਦੇਸ਼ ਦੀ ਪਿਛਲੇ ਪੰਜਾਹ ਵਰ੍ਹਿਆਂ ਦੀ ਰਾਜਨੀਤੀ, ਨਮਿਲਵਰਤਨ (non-cooperation), ਅਸਹਿਯੋਗ (boycot), ਨ-ਏਧਰ-ਨ-ਉਧਰ (neutralism) ਨਿਰਲੇਪ ਨੀਤੀ (non-alignment), ਇਨ੍ਹਾਂ ਸਭ ਵਿਚਾਰਾਂ ਦੀ ਜੜ੍ਹ ਉਪਨਿਸ਼ਦਾਂ ਦਾ "ਨੇਤਿ" ਸਿਧਾਂਤ ਹੀ ਹੈ ਜੋ ਕਿ ਹਿੰਦੂ ਆਤਮਾ ਦੇ ਰਗੋ-ਰੇਸ਼ੇ ਵਿਚ ਸਮੋਂ ਚੁੱਕਾ ਹੈ ॥

ਸਿੱਖਾਂ ਨੇ, ਅਪਣੀ ਪ੍ਰਚਲਤ ਰਾਜਨੀਤੀ ਅਨੁਸਾਰ, ਭਬਕਾਂ ਮਾਰੀਆਂ ਤੇ ਨਾਹਰੇ ਲਾਏ ਅਤੇ ਅਪਣਾਂ ਅੱਗਾ ਸ਼ੇਰ ਦਾ ਤੇ ਪਿੱਛਾ ਗਿਦੜ ਦਾ ਕਾਇਮ ਰੱਖਿਆ। ਸਿੱਖ ਆਗੂਆਂ ਨੇ ਸੰਨ ੧੯੩੬ ਵਿਚ, ਜਾਗਤਾ-ਦੇਵ ਸਤਿਗੁਰੂ ਗੋਬਿੰਦ ਸਿੰਘ ਨੂੰ, ਨ ਸ਼ਾਇਸਤਾ ਤੇ ਸ਼ਰਧਾ-ਵਿਹੂਣ ਢੰਗ ਨਾਲ ਵੰਗਾਰ ਪਈ, ਪਰ ਜਦੋਂ ਅਪਣੇ ਬਿਰੁਧ

ਦੀ ਪੈਜ ਰੱਖਣ ਲਈ, ਦਸ਼ਮ ਪਾਤਸ਼ਾਹ ਨੇ ਅਪਣੇ ਮੂਹ ਨੂੰ ਸਿਖਾਂ ਵੱਲ ਫੇਰਿਆ ਤਾਂ ਸਿੱਖ ਸੁਤੇ ਪਏ ਸਨ, 'ਆਂਗਣ ਆਇ ਚਲੇ ਗਏ ਸਾਜਨ ਮੈਂ ਮੂਰਖ ਰਹੀ ਸੋਇ ॥'

ਇਹ ਵਚਿਤ੍ਰ ਕਥਾ ਇਜ ਪ੍ਰਕਾਰ ਹੈ । ਭਾਈ ਮੋਹਨ ਸਿੰਘ ਵੈਦ ਦੀ 'ਡਾਇਰੀ ਵਿਚ ਅੰਕਤ ਹੈ ਕਿ, ੨੦ ਮਾਰਚ, ੧੯੩੪, ਨੂੰ ਬਾਬਾ ਖੜਕ ਸਿੰਘ ਨੇ ਆਲ ਇੰਡੀਆ, ਸਿਖ ਨੈਸ਼ਨਿਲਸਟ ਕਾਨਫ੍ਰੰਸ ਦੀ ਪ੍ਰਧਾਨਗੀ ਕਰਦਿਆਂ ਹੋਇਆਂ, ਐਲਾਨ ਕੀਤਾ ਕਿ ਕਮਿਊਨਿਲ ਅਵਾਰਡ ਸਿੱਖਾਂ ਨਾਲ ਇਨਸਾਫ ਨਹੀਂ ਕਰਦਾ । ਇਸ ਵੇਲੇ ਇਹ ਫੈਸਲਾ ਭੀ ਕੀਤਾ ਗਿਆ ਕਿ ਇਸ ਬਾਰੇ ਇੱਕ ਡੈਪੂਟੇਸ਼ਨ ਵਲੈਤ ਭੇਜਿਆ ਜਾਵੇ, ਜਿਸ ਤੋਂ ਇਹ ਅਨੁਮਾਨ ਲੱਗਦਾ ਹੈ ਕਿ ਬਾਬਾ ਖੜਗ ਸਿੰਘ ਨੂੰ ਸਰਦਾਰ ਬਹਾਦੁਰ ਸ਼ਿਵਦੇਵ ਸਿੰਘ ਉਬਰ੍ਹਾ ਵਾਲੀ ਗੱਲ ਬਾਤ ਤੇ ਕਮੀਊਨਿਲ ਅਵਾਰਡ ਦੇ ਪਿਛੋਕੜ ਦਾ ਪਤਾ ਅਜੇ ਨਹੀ ਸੀ ਲੱਗਾ । ਇਸੇ 'ਡਾਇਰੀ' ਵਿਚ ਅੰਕਤ ਹੈ, ਕਿ ੧੬ ਅਪ੍ਰੈਲ ਸੰਨ ੧੯੩੫ ਨੂੰ ਸਿੱਖ ਆਗੂਆਂ ਦੀ ਇੱਕ ਮੀਟਿੰਗ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠ, ਅੰਮ੍ਰਿਤਸਰ ਹੋਈ । ਉਸ ਵਿਚ ਨਿਸ਼ਚਾ ਕੀਤਾ ਗਿਆ ਕਿ ਕਮੀਊਨਲ ਅਵਾਰਡ ਬਾਰੇ, ਵਲੈਤ ਡੈਪੁਟੇਸ਼ਨ ਭੇਜਣ ਦਾ ਵਿਚਾਰ ਛੱਡ ਦਿੱਤਾ ਜਾਵੇ । ਇਸ ਵੇਲੇ ਤੱਕ, ਚੋਦਾ ਚੀਦਾ ਸਿੱਖ ਆਗੂਆਂ ਨੂੰ, ਕਮੀਊਨਿਲ ਅਵਾਰਡ ਦੇ ਸਹੀ ਪਿਛੋਕੜ ਦਾਂ ਇਲਮ ਹੋ ਚੁੱਕਾ ਜਾਪਦਾ ਹੈ ।

ਮਈ ੧੯੩੩ ਵਿਚ, ਦੂਜੀ ਰਊਂਡ ਟੇਬਲ ਕਾਨਫ੍ਰੰਸ ਦੇ ਵਿਚਾਰਾਂ ਦੇ ਆਧਾਰ ਤੇ, ਬ੍ਰਿਟਿਸ਼ ਗਵਰਨਮਿੰਟ ਨੇ ਸਫੈਦ ਕਿਤਾਬਚਾ (white paper) ਛਾਪਿਆ ਅਤੇ ਪੂਰੇ ਅਠਾਰ੍ਹਾਂ ਮਹੀਨਿਆਂ ਪਿੱਛੋਂ, ਜਨਵਰੀ, ੧੯੩੫ ਵਿਚ, ਇਸ ਉਤੇ ਪਾਰਲੀਮੈਂਟਰੀ ਸੀਲੈਕਟ ਕਮੇਟੀ ਦੀ ਰਿਪੋਰਟ ਮੁਕੰਮਲ ਹੋਈ । ਅਕਤੂਬਰ, ੧੯੩੪ ਵਿਚ ਮਹਾਤਮਾ ਗਾਂਧੀ ਕਾਂਗਰੈਸ ਤੋਂ ਰੀਟਾਇਰ ਹੋ ਗਏ, ਤੇ ਕਾਂਗਰੈਸ ਦੀ ਸੰਸਥਾ ਸਿੱਧੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਹੱਥ ਆ ਗਈ । ਸੰਨ ੧੯੩੫ ਦੇ ਮੱਧ ਵਿਚ ਗਵਰਨਮੈਂਟ ਆਫ ਇੰਡੀਆ ਐਕਟ, (੧੯੩੫) ਬ੍ਰਿਟਿਸ਼ ਪਾਰਲੀਮੈਂਟ ਨੇ ਪਾਸ ਕੀਤਾ ਜਿਸ ਦੁਆਰਾ ਕਿ ਕਮੀਊਨਿਲ ਅਵਾਰਡ, ਹਿੰਦੁਸਤਾਨ ਵਿਚ ਰਾਜਸੀ ਤਾਕਤ ਦੇ ਵੰਡਾਰੇ ਦਾ ਆਧਾਰ ਬਣ ਗਿਆ । ਸੰਨ ੧੯੩੬ ਦੀ ਮਈ ਯਾ ਜੂਨ ਨੂੰ ਐਲਾਨ ਹੋਇਆ ਕਿ, ਅਪਰੈਲ ੧੯੩੭ ਵਿੱਚ, ਐਕਟ ੧੯੩੫ ਦੇ ਆਧਾਰ ਤੇ, ਸੂਬਿਕ ਤੇ ਕੇਂਦ੍ਰੀ ਚੋਣਾਂ ਮੁਕੰਮਲ ਹੋ ਜਾਣਗੀਆਂ ॥

ਸੰਨ ੧੯੨੫ ਵਿਚ, ਮਹਾਨ ਮੁਸਲਿਮ ਨੇਤਾ, ਸਰ ਫਜ਼ਲ ਹੁਸੈਨ ਨੇ ਇੱਕ ਸੱਠ ਸੱਤਰ ਸਫੇ ਦੀ ਕਿਤਾਬ, ਗੋਪਨੀਯ ਅਧਯੇਨ ਲਈ, (For private circulation only) ਛਾਪੀ ਸੀ, ਜੋ ਕਿ ਕੇਵਲ, ਚੋਣਵੇਂ ਮਸਲਮਾਨ ਰਾਜਨੈਤਿਕ ਬੁੱਧੀਵਾਨਾਂ ਦੇ ਹੱਥ ਹੀ ਦਿੱਤੀ ਗਈ ਸੀ, ਇਸ ਹਿਦਾਇਤ ਨਾਲ ਕਿ ਇਹ ਕਿਸੇ ਹਿੰਦੂ ਯਾ ਸਿੱਖ ਨੂੰ ਨ ਦਿਖਾਈ ਜਾਵੇ । ਮੈਂ ਉਹ ਕਿਤਾਬ ਸਾਰੀ ਪੜ੍ਹੀ ਸੀ । ਉਸ ਵਿਚ ਇਹ ਸ਼ਬਦ ਅੰਕਤ ਸਨ :

"ਹਿੰਦੂ, ਰਾਜਸੀ ਮਸਲਿਆਂ ਦੇ ਅੰਤ੍ਰੀਵ ਭਾਵ ਤੇ ਉਨ੍ਹਾਂ ਤੋਂ ਨਿਕਲਣ ਵਾਲੇ ਸਿੱਟਿਆਂ ਨੂੰ ਕਈ ਵਰ੍ਹੇ ਪਹਿਲਾਂ ਸੋਚ ਰਖਦਾ ਹੈ । ਮੁਸਲਮਾਨ, ਜਦੋਂ ਉਹ ਮਸਲਾ

ਸਾਹਮਣੇ ਆਵੇ, ਤਾਂ ਉਸਨੂੰ ਸੰਜੀਦਗੀ ਨਾਲ ਸੋਚਣਾ ਅਰੰਭ ਦਿੰਦਾ ਹੈ। ਪਰ ਸਿੱਖ, ਜਿਤਨਾ ਚਿਰ ਉਹ ਮਸਲਾ ਆਪੇ ਹੱਲ ਹੋਕੇ, ਕਿਸੇ ਪਾਸੇ ਪੱਕਾ ਲੱਗ ਨਹੀਂ ਜਾਂਦਾ, ਓਸ ਬਾਰੇ ਸੋਚਣ ਦੀ ਖੇਚਲ ਨਹੀਂ ਕਰਦਾ। ਸਿੱਖਾਂ ਦੇ ਦਿਮਾਗਾਂ ਉਤੇ ਇਹ ਘੁਕਾਂ ਚੜ੍ਹੀ ਹੋਈ ਹੈ, ਕਿ ਉਨ੍ਹਾਂ ਨੇ ਪੰਜਾਬ ਦਾ ਰਾਜ ਖੋਹ ਲਿਆ ਸੀ। ਇਹ ਉਨ੍ਹਾਂ ਨੂੰ ਯਾਦ ਹੀ ਨਹੀਂ ਕਿ ਪੰਜਾਬ ਦੇ ਸਿੰਘ ਦੀ ਪੂਛਲ ਫਿਰੰਗੀ ਨੇ ਮਰੋੜ ਸੁੱਟੀ ਹੈ।"*

ਸਰ ਫਜ਼ਲ ਹੁਸੈਨ ਦੇ, ਸਿਖਾਂ ਬਾਰੇ ਇਸ ਅੰਦਾਜ਼ੇ ਦੀ ਪੁਸ਼ਟੀ ਇਉਂ ਹੋਈ, ਜਦੋਂ ਸਾਰੇ ਸਿੱਖ ਆਗੂ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਇਕੱਠੇ ਹੋਏ, ਇਹ ਸੋਚਣ ਲਈ ਕਿ ਐਕਟ ੧੯੩੫ ਦੁਆਰਾ ਜੋ ਸਿੱਖ, ਪੰਜਾਬ ਵਿਚ, ਹਿੰਦੂ ਮੁਸਲਮਾਨ ਦੋਹਾਂ ਦੇ ਪ੍ਰਾਧੀਨ ਬਣਾ ਦਿੱਤੇ ਗਏ ਹਨ, ਉਸ ਤੋਂ ਕਿਵੇਂ ਬਚਿਆ ਜਾਵੇ। ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸਿੱਖ ਕਟ ਕੇ ਮਰ ਜਾਣਗੇ, ਪਰ ਕਮੀਊਨਿਲ ਅਵਾਰਡ ਨੂੰ ਪੰਜਾਬ ਵਿਚ ਲਾਗੂ ਨਹੀਂ ਹੋਣ ਦੇਣਗੇ। ਉਨ੍ਹਾਂ ਦਿਨਾਂ ਵਿਚ, ਮਾਸਟਰ ਤਾਰਾ ਸਿੰਘ, ਅਕਾਲੀ ਆਗੂ ਨੂੰ ਸਰਕਾ ਨੇ ਲਾਹੌਰ ਸ਼ਹਿਰ ਵਿਚ ਵੜਨ ਦੀ ਮਨਾਹੀ ਕੀਤੀ ਹੋਈ ਸੀ ਅਤੇ ਉਹ ਸ਼ਾਹਦਰੇ ਨਜ਼ਰਬੰਦ ਸਨ। ਬਿਨਾ ਆਗਿਆ ਤੋਂ ਲਾਹੌਰ ਵੜਨ ਦੀ ਸਜ਼ਾ ਉਨ੍ਹਾਂ ਨੂੰ ਛੇ ਮਹੀਨੇ ਦੀ ਕੈਦ ਹੋ ਸਕਦੀ ਸੀ। ਇਸ ਲਈ ਮਾਸਟਰ ਤਾਰਾ ਸਿੰਘ ਜੀ ਆਪ ਤਾਂ ਇਸ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਾਲੀ ਮੀਟਿੰਗ ਤੇ ਨ ਆਏ, ਪਰ ਗਿਆਨੀ ਕਰਤਾਰ ਸਿੰਘ ਜੀ ਦੇ ਹੱਥ, ਇਹ ਲਿਖਤੀ ਸੁਨੇਹਾ ਸਿੱਖ ਆਗੂਆਂ ਦੇ ਸਵੀਕਾਰ ਕਰਨ ਹਿੱਤ ਭੇਜਿਆ:

"ਅਸੀਂ ਬੋਟੀ ਬੋਟੀ ਕਟਵਾ ਕੇ ਮਰ ਜਾਵਾਂਗੇ, ਪਰ ਜੀਊਂਦੇ ਜੀ ਪੰਜਾਬ ਵਿਚ ਕਮੀਊਨਿਲ ਅਵਾਰਡ ਲਾਗੂ ਨਹੀ ਹੋਣ ਦਿਆਂਗੇ। ਹੇ ਗੁਰੂ ਗੋਬਿੰਦ ਸਿੰਘ, ਤੂੰ ਪੰਥ ਦਾ ਵਾਲੀ ਕਹਾਉਂਦਾ ਹੈਂ। ਜੇ ਅਸੀਂ, ਕਮੀਊਨਿਲ ਅਵਾਰਡ ਨੂੰ ਰੋਕਣ ਲਈ, ਵੱਡੀ ਤੋਂ ਵੱਡੀ ਕੁਰਬਾਨੀ ਕਰਨੋਂ ਝਿਜਕੀਏ ਤਾਂ ਅਸੀਂ ਤੇਰੇ ਸਿੱਖ ਨਹੀ। ਪਰ ਜੇ ਤੂੰ ਅਸਾਡੀਆਂ ਕੁਰਬਾਨੀਆਂ ਨੂੰ ਸਫਲਤਾ ਨ ਬਖਸੇਂ, ਤਾਂ ਤੂੰ ਪੰਥ ਦਾ ਵਾਲੀ ਨਹੀ।"

ਗੁਰੂ ਗੋਬਿੰਦ ਸਿੰਘ ਦੇ ਇਹ ਅੰਤਮ ਬਚਨ, ਕਿ "ਪੰਥ ਖਾਲਸਾ ਖੇਤੀ ਮੇਰੀ, ਸਦਾ ਸੰਭਾਰ ਕਰੌਂ, ਤਿਸ ਕੇਰੀ," ਤਾਂ ਸਭ ਸਿੱਖਾਂ ਦੀ ਸਮ੍ਰਿਤੀ ਵਿਚ ਹਨ, ਅਤੇ "ਪੰਥ ਦਾ ਵਾਲੀ", ਦਸਮ ਪਾਤਸ਼ਾਹ ਦਾ ਬਿਰੁਦ, ਯਾ ਇੱਕ ਖਿਤਾਬ ਹੈ। ਪਰ ਇਹੋ ਜਹੀ ਸ਼ਰਤ ਤੇ ਇਹੋ ਜਿਹੀ ਜਟਕੀ ਵੰਗਾਰ ਇਸ ਤੋਂ ਪਹਿਲਾਂ ਸਿੱਖਾਂ ਨੇ ਕਦੇ ਗੁਰੂ ਨੂੰ

---

*"Hindu considers political matters and their implications years ahead. The Musalman tries to tackle them just in time. But the Sikh never thinks of them unless the time is actually past and the matter is well settled. The Sikh brain is intoxicated and obscured with the memory that once they ruled over Punjab, and they quite forget that the tail of the Sikh lion has been twisted by the British."

ਨਹੀਂ ਸੀ ਪਾਈ । ਵੱਡੇ ਘਲੂਘਾਰੇ ਵੇਲੇ ਸਿੰਘਾਂ ਨੇ ਅਰਦਾਸ ਕੀਤੀ ਸੀ, ਬੜੀ ਨਿਮ੍ਰਤਾ ਨਾਲ, ਤੇ ਨਿਹੋਰਾ ਕੇਵਲ ਇਤਨਾ ਹੀ ਦਿੱਤਾ ਸੀ, ਕਿ ਪੰਥ ਦੀ ਰਖਿਆ ਕਰੋ ਤਾਂ ਜੁ ਗੁਰੂਆਂ ਦੇ ਵਿਸ਼ਵ ਕਲਿਆਣਕਾਰੀ ਸੱਤਯ ਧਰਮ ਉਪਦੇਸ਼ ਸੰਸਾਰ ਵਿਚ ਜੀਵਤ ਤੇ ਪ੍ਰਚਲਤ ਰਹਿਣ :

"ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗੋ ਨਾਥ,
ਪੰਥ ਨ ਰਹਾ ਤੋਂ ਤੇਰਾ ਗ੍ਰੰਥ ਕੌਣ ਮਾਨੈਗੋ ।"

ਗੁਰੂ ਗੋਬਿੰਦ ਸਿੰਘ ਨੇ ਇਹ ਨਿਹੋਰਾ ਮੰਨ ਲਿਆ ਸੀ ਅਤੇ ਨ ਕੇਵਲ ਵਡੇ ਘਲੂ ਘਾਰੇ ਵਿਚੋਂ ਪੰਥ ਬਚ ਨਿਕਲਿਆ, ਸਗੋਂ ਪੰਥ ਨੇ ਉਸੇ ਸਾਲ, ਸੰਨ ੧੭੬੨ ਵਿਚ, ਵੱਡਾ ਘਲੂਘਾਰਾ ਕਰਨ ਵਾਲੇ ਅਬਦਾਲੀ ਨੂੰ, ਖੁਲ੍ਹੇ ਮੈਦਾਨ ਵਿਚ ਸ਼ਿਕਸਤ ਦਿੱਤੀ । ਫੇਰ ਦਸੰਬਰ ੧੭੬੪ ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਸਤਵੀਂ ਵਾਰ ਹਿੰਦ ਉੱਤੇ ਚੜ੍ਹ ਆਇਆ, ਤਾਂ ਸਿੱਖ ਪੰਥ ਉੱਤੇ ਬੜਾ ਭਾਰੀ ਕਸ਼ਟ ਆਇਆ ਦੇਖ ਕੇ ਨਿਹੰਗ ਗੁਰਬਖਸ਼ ਸਿੰਘ, ਸ਼ਹੀਦ, ਨੇ, ਸਿੱਖਾਂ ਨੂੰ ਵੰਗਾਰ ਪਾਈ ਸੀ, ਗੁਰੂ ਨੂੰ ਨਹੀਂ ।

"ਹੈ ਕੋਊ ਸਿੰਘ ਇਸ ਪੰਥ ਮਝਾਰ,
ਲਾਇ ਸੀਸ ਕਰੇ ਦਰਗਹ ਪੁਕਾਰ ?"

ਉਸ ਨੂੰ ਇਹ ਸੰਸ਼ੇ ਤਾਂ ਸੀ, ਕਿ ਸਿੱਖ ਕੁਰਬਾਨੀਆਂ ਕਰਨੋ ਝਿਜਕ ਜਾਣਗੇ, ਪਰ ਗੁਰੂ ਦੇ ਸ਼ਕਤੀ ਸੰਪੰਨ ਹੋਣ ਉੱਤੇ ਕੋਈ ਸੰਸ਼ੇ ਨਹੀਂ ਸੀ । ਸ਼ਹੀਦ ਹੋਣ ਤੋਂ ਪਹਿਲਾਂ ਗੁਰੂ ਕੋਲ ਉਸ ਦੀ ਅਰਦਾਸ ਏਹੋ ਸੀ,

"ਹਰਿਮੰਦਰ ਕੇ ਬੀਚ ਮੈਂ ਇਮ ਕੀਨੀ ਅਰਦਾਸ,
ਸਿੱਖੀ ਤੋੜ ਨਿਭਾਈਐ, ਸੀਸ, ਕੇਸਨ, ਸੰਗ ਸਵਾਸ ।

ਦਸਮ ਪਾਤਸ਼ਾਹ ਨੂੰ ਬੇਦਾਵਾ ਜਿਨ੍ਹਾਂ ਸਿਖਾਂ ਨੇ, ਕਿਸੇ ਸਮੇ, ਲਿਖ ਦਿੱਤਾ ਸੀ, ਉਸ ਦਾ ਕਾਰਣ ਇਹੋ ਦੱਸਿਆ ਸੀ, ਕਿ, "ਸਿੱਖੀ ਅਸਾਥੋਂ ਨਿਭਦੀ ਨਹੀਂ ।" ਜੁਲਾਈ, ਸੰਨ ੧੯੩੬ ਵਿਚ, ਪਹਿਲੀ ਵਾਰ, ਅਜੇਹੀ ਵੰਗਾਰ ਗੁਰੂ ਗੋਬਿੰਦ ਸਿੰਘ ਨੂੰ ਸਿੱਖਾਂ ਵੱਲੋਂ, ਯਾ ਸਿੱਖ ਆਗੂਆਂ ਵੱਲੋਂ ਯਾਂ ਪੰਥ ਦੇ ਵਾਹਿਦ ਲੀਡਰ, ਵਲੋਂ ਪਾਈ ਗਈ ਜਿਸ ਵਿਚ ਗੁਰੂ ਦੇ ਸਰਵ ਸ਼ਕਤੀਸ਼ਾਲੀ ਹੋਣ ਬਾਰੇ ਸ਼ਰਧਾ ਦਾ ਅਭਾਵ ਸੀ । ਅਸ਼ਰਧਕ ਸਿੱਖ ਦੀ ਅਰਦਾਸ ਗੁਰੂ ਨਹੀਂ ਕਬੂਲਦਾ, ਇਹ ਪ੍ਰਮਾਣੀਕ ਸਿਧਾਂਤ ਹੈ, ਪਰ ਸਿੱਖ ਆਗੂਆਂ ਦੀ ਇਹ ਵੰਗਾਰ ਗੁਰੂ ਨੇ ਸੁਣੀ ਅਤੇ ਅਪਣੇ ਬਿਰਦ ਦੀ ਲਾਜ ਰਖਣ ਹਿਤ, ਆਪਣਾ ਮੂੰਹ ਇਨ੍ਹਾਂ ਸਿੱਖ ਆਗੂਆਂ ਵਲ ਸਨਮੁਖ ਕੀਤਾ ਪਰ ਸਿੱਖ ਆਗੂ ਅਸ਼ਰਧਾ-ਤਿਮ੍ਰ-ਗ੍ਰਸਤ ਗਤੀ ਨੂੰ ਪ੍ਰਾਪਤ ਹੋਏ ਹੋਏ, ਗੁਰੂ ਦੇ ਹੱਥੋਂ ਅਪਣੀ ਰਾਜਸੀ ਗੁਲਾਮੀ ਦੀਆਂ ਬੇੜੀਆਂ ਨੂੰ ਕਟਵਾ ਨ ਸਕੇ ।

ਇਹ ਗੱਲ ਇਉਂ ਹੋਈ ।

ਇਸ, ਜੁਲਾਈ ੧੯੩੬ ਦੇ ਸਿੱਖ ਆਗੂਆਂ ਦੇ ਸਮਾਗਮ, ਦੀਆਂ ਰੀਪੋਰਟਾਂ ਜਦ ਲੰਡਨ, ਬਰਤਾਨਵੀ ਗਵਰਨਮੈਂਟ, ਕੋਲ ਪੁੱਜੀਆ ਤਾਂ ਉਥੇ ਬੜੀ ਚਿੰਤਾ ਹੋਈ । ਸੋਚ ਵਿਚਾਰ ਪਿੱਛੋਂ, ਸਿਤੰਬਰ ੧੯੩੬ ਵਿਚ ਇਹ ਫੈਸਲਾ ਕੀਤਾ ਗਿਆ ਕਿ ਜੇ ਸਿੱਖ ਸਚੀਂ ਮੁਚੀਂ,

ਕਮੀਊਨਿਲ ਅਵਾਰਡ ਵਿਰੁੱਧ ਰੋਸ ਵਜੋਂ, ਮਰਨ ਮਾਰਨ ਉਤੇ ਆ ਜਾਣ ਤਾਂ ਜਿਥੇ ਤਕ ਪੰਜਾਬ ਦਾ ਸੰਬੰਧ ਹੈ, ਕਮੀਊਨਿਲ ਅਵਾਰਡ, ਇੰਡੀਆ ਐਕਟ, ੧੯੩੫ ਵਿਚੋਂ ਖਾਰਜ ਕਰ ਦਿੱਤਾ ਜਾਵੇ, ਤੇ ਦੋਬਾਰਾ, ਕੇਵਲ ਪੰਜਾਬ ਦੇ ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਦੀ ਰਾਊਂਡ ਟੇਬਲ ਕਾਨਫ੍ਰੰਸ, ਇਸ ਫਿਰਕਾਦਾਰੀ ਤਨਾਸਬ ਨੂੰ ਨਜਿੱਠਣ ਲਈ ਬੁਲਾਈ ਜਾਵੇ । ਇਸ ਅਨੁਸਾਰ, ਅਕਤੂਬਰ ੧੯੩੬ ਵਿਚ ਗਵਰਨਰ ਪੰਜਾਬ ਵੱਲੋਂ, ਕਮਿਸ਼ਨਰਾਂ ਦੇ ਨਾਮ, ਗੁਪਤੀ ਹੁਕਮ ਜਾਰੀ ਹੋਏ ਕਿ ਉਨ੍ਹਾਂ ਦੇ ਜ਼ਿਲਿਆਂ ਵਿਚ, ਜਿਸ ਵੇਲੇ ਭੀ ਸਿੱਖ ਮਰਨ ਮਾਰਨ ਉੱਤੇ ਉਠ ਖੜੇ ਹੋਣ, ਤੇ ਮੋਰਚਾ ਵੀਹਾ ਤੋਂ ਵਧ ਜਾਣ, ਤਾਂ ਝਟ ਪਟ ਸਰਕਾਰੀ ਐਲਾਨ, ਪੰਜਾਬ ਵਿਚੋਂ ਕਮਿਊਨਿਲ ਅਵਾਰਡ ਦੀ ਵਾਪਸੀ ਦਾ, ਬਰਤਾਨਵੀ ਸਰਕਾਰ ਵੱਲੋਂ ਕਰ ਦਿੱਤਾ ਜਾਵੇ । ਇਹ ਗਲ, ਨਵੰਬਰ, ਸੰਨ ੧੯੩੬ ਦੇ ਅੰਤ ਵਿਚ ਅਕਾਲੀ ਆਗੂਆਂ ਦੇ ਕਨਾਂ ਵਿਚ ਪਹੁੰਚਾ ਦਿਤੀ ਗਈ ਸੀ। ਪਰ ਸਿੱਖ ਆਗੂ ਇਸ ਵੇਲੇ ਤਕ, ਕਮੀਊਨਿਲ ਅਵਾਰਡ ਬਾਬਤ ਰੋਸ ਭੁੱਲ ਚੁੱਕੇ ਸਨ, ਅਤੇ ਝਗੜਾ ਇਹ ਰਹਿ ਗਿਆ ਸੀ, ਕਿ ਮਾਸਟਰ ਤਾਰਾ ਸਿੰਘ ਦੇ ਬੰਦੇ ਪੰਜਾਬ ਕੌਂਸਲ ਲਈ ਚੁਣੇ ਜਾਣ ਕਿ ਸਰ ਸੁੰਦਰ ਸਿੰਘ ਸਜੀਠੀਆ ਦੇ । ਅੰਤ ਨੂੰ ਮਾਰਚ, ੧੯੩੭ ਦੀਆਂ ਚੋਣਾਂ ਵਿਚ ਸਿੱਖਾਂ ਨੇ ਆਪਸੀ ਘਰਾਮਾਰੂ ਘੋਲ ਇਸ ਨੁਕਤੇ ਉੱਤੇ ਕੀਤਾ, ਕਮੀਊਨਿਲ ਅਵਾਰਡ ਦੇ ਬਰਖ਼ਿਲਾਫ਼ ਨਹੀਂ ।

"ਯਹ ਮਿਸਰਹਿ ਲਿਖ ਦੀਆਂ ਕਿਸ ਸ਼ੋਖ ਨੇ ਮਹਿਰਾਬੇ ਮਸਜਿਦ ਪਰ,
ਯਿਹ ਨਾਦਾਂ ਗਿਰ ਗਏ ਸਜਦੋਂ ਮੇਂ ਜਬ ਵਕ਼ਤੇ ਕ਼ਿਆਮ ਆਯਾ ।"*

ਇਉਂ ਸਿੱਖ ਆਗੂਆਂ ਵੱਲੋਂ ਪਾਈ, ਗੁਰੂ ਗੋਬਿੰਦ ਸਿੰਘ ਨੂੰ ਵੰਗਾਰ, ਦਾ ਨਿਤਾਰਾ ਹੋਇਆ ।

੧੯੩੭ ਦੀਆਂ ਚੋਣਾਂ ਵਿਚ, ਉਹ ਸੂਬੇ, ਜਿਨ੍ਹਾਂ ਵਿਚ ਹਿਦੂ ਬਹੁ-ਸੰਖਿਆ ਸੀ, ਕਾਂਗਰਸ ਦੇ ਹੱਥ ਆਏ ਅਤੇ ਜਿਨ੍ਹਾਂ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਸੀ, ਉਹ ਮੁਸਲਮ ਲੀਗ ਦੇ ਹੱਥ ਆਏ । ਫਰੰਟੀਅਰ ਵਿਚ ਅਬਦੁਲ ਗ਼ੱਫ਼ਾਰ ਖਾਨ ਦੇ ਲਾਲ-ਕੁੜਤੀਏ ਜਿੱਤ ਗਏ, ਤੇ ਇਉਂ ਉਥੇ ਭੀ ਕਾਂਗਰਸ ਨਾਲ ਸੰਬੰਧਤ ਵਜ਼ਾਰਤ ਬਣ ਗਈ । ਪੰਜਾਬ ਵਿਚ ਪੇਂਡੂ ਮੁਸਲਮਾਨ ਜਿੱਤੇ, ਜਿਨ੍ਹਾਂ ਨੇ ਪੇਂਡੂ ਹਿੰਦੂਆਂ ਨਾਲ ਰਲ ਕੇ ਯੂਨੀਅਨਿਸਟ ਵਜ਼ਾਰਤ ਬਣਾ ਲਈ । ਸਿੱਖਾਂ ਵਿਚ ਮਾਸਟਰ ਤਾਰਾ ਸਿੰਘ ਦਾ ਧੜਾ ਜਿੱਤ ਗਿਆ ਤੇ ਇਉਂ ਧੜੇ ਦੇ ਧਨੀ, ਸਰਦਾਰ ਬਲਦੇਵ ਸਿੰਘ, ਵਜ਼ੀਰ, ਸਿੱਖਾਂ ਵੱਲੋਂ ਅੰਤ ਨੂੰ ਬਣ ਗਏ । ਇਉਂ ਸਿੱਖ ਰਾਜ ਨੀਤੀ ਵਿਚ ਚੀਫ਼ੀਆਂ ਦੀ ਨੀਤੀ ਦੇ ਸਫਲ ਹੋ ਸੱਕਣ ਦੀ ਸੰਭਾਵਨਾ ਭੀ ਸਦਾ ਲਈ ਖਤਮ ਹੋ ਗਈ । ਜਿਨ੍ਹਾਂ ਸੂਬਿਆਂ ਵਿਚ ਕਾਂਗਰਸੀ ਹਿਦੂਆਂ ਦੀ ਬਹੁਗਿਣਤੀ ਸੀ, ਉਥੇ ਕਾਂਗਰੇਸ ਨੇ, ਜਵਾਹਰ ਲਾਲ, ਨਹਿਰੂ ਦੀ ਅਗਵਾਈ ਵਿਚ, ਮੁਸਲਮ ਲੀਗ ਦੇ ਮਿੰਬਰਾਂ ਨਾਲ ਰੱਲ ਕੇ ਸਾਂਝੀ ਵਜ਼ਾਰਤ

---

*یہ مصرعہ لکھ دیا کس شوخ نے محراب مسجد پر،
یہ ناداں گرگئے سجدوں میں جب وقت قیام آیا۔

ਬਨਾਉਣ ਤੋਂ ਇਨਕਾਰ ਕਰ ਦਿੱਤਾ ਤੇ ਇਉਂ ਮੁਸਲਮਾਨਾਂ ਤੇ ਹਿੰਦੂਆਂ ਵਿਚਕਾਰ ਪਾੜਾ ਹੋਰ ਭੀ ਵਧ ਗਿਆ । ਸੰਨ ੧੯੩੯ ਵਿਚ ਜਦੋਂ ਦੂਜਾ ਵਿਸ਼ਵ ਯੁੱਧ ਛਿੜਿਆਂ ਤਾਂ ਕਾਂਗਰੈਸ ਨੇ ਵਜ਼ੀਰੀਆਂ ਇਸ ਰੋਸ ਵਿਚ ਛੱਡ ਦਿੱਤੀਆਂ ਕਿ ਹਿੰਦੁਸਤਾਨ ਨੂੰ ਬਿਨਾਂ ਪੁੱਛੇ ਯੁੱਧ ਵਿਚ ਕਿਉਂ ਸ਼ਾਮਲ ਕੀਤਾ ਗਿਆ ਹੈ । ਇਸ ਉਤੇ ਮੁਸਲਮ ਲੀਗ ਨੇ "ਹਿੰਦੂ ਦਾਬੇ ਹੋਨੋਂ ਛੁਟਕਾਰਾ" ਪਾਉਣ ਦੀ ਬੜੀ ਖੁਸ਼ੀ ਮਨਾਈ ।

ਇਉਂ ਸੰਯੁਕਤ ਹਿੰਦਸਤਾਨ ਦੇ ਟੁਕੜੇ ਟੁਕੜੇ ਹੋਣ, ਤੇ ਦੇਸ਼ ਦੇ ਪਕੇ ਵੰਡਾਰੇ ਦੀ ਨੀਂਹ ਸਥਿਰ ਹੁੰਦੀ ਗਈ ।

ਦੂਜਾ ਵਿਸ਼ਵ-ਯੁੱਧ ਸ਼ੁਰੂ ਹੋਣ ਦੇ ਇਕ ਵਰ੍ਹੇ ਦੇ ਅੰਦਰ ਅੰਦਰ ਹੀ ਹਿਟਲਰ ਨੇ ਅੱਧਾ ਯੂਰਪ ਸਾਂਭ ਲਿਆ ਤੇ ਇਉਂ ਲਗਦਾ ਸੀ ਜਿਵੇਂ ਕਿ ਇੰਗਲੈਂਡ ਉੱਤੇ ਜਰਮਨੀ ਦਾ ਕਬਜ਼ਾ ਅੱਜ ਹੋਇਆ ਕਿ ਕੱਲ । ਜੁਲਾਈ ੧੯੪੦ ਵਿਚ ਗਾਂਧੀ ਜੀ ਨੇ ਬਰਤਾਨਵੀ ਗੌਵਰਨਮਿੰਟ ਨੂੰ ਸਨੇਹਾ ਭੇਜਿਆ ਕਿ ਜਿਵੇਂ ਫਰਾਂਸ ਨੇ ਹਿਟਲਰ ਦੀ ਈਨ ਮੰਨ ਲਈ ਹੈ, ਇਵੇਂ ਹੀ, ਸ਼ਾਂਤਮਈ ਰਹਿ ਕੇ, ਅੰਗ੍ਰੇਜ਼ਾਂ ਨੂੰ ਭੀ ਯੋਗ ਹੈ ਕਿ ਉਹ ਹਿਟਲਰ ਤੇ ਮਸੋਲੀਨੀ ਦੀਆਂ ਫੌਜਾਂ ਨੂੰ, ਬਿਨਾ ਰੋਕ, ਬ੍ਰਿਟਿਸ਼ ਟਾਪੂ ਸਾਂਭ ਲੈਣ ਦੇਣ। ਉੱਤ੍ਰ ਵਿਚ, ਬ੍ਰਿਟਿਸ਼ ਸਰਕਾਰ ਨੇ ਗਾਂਧੀ ਜੀ ਦਾ, ਇਹ ਸ਼ੁਭ ਉਪਦੇਸ਼ ਭੇਜਣ ਲਈ, ਧੰਨਵਾਦ ਕੀਤਾ ਅਤੇ ਮੰਨਿਆ ਕਿ ਮਹਾਤਮਾ ਜੀ ਦੀ ਚੇਸ਼ਟਾ ਬੜੀ ਉੱਤਮ ਹੈ । ਪਰ ਬਰਤਾਨੀਆ ਦੀ ਗੌਵਰਨਮਿੰਟ ਨੇ ਕਿਹਾ ਕਿ ਅੰਗ੍ਰੇਜ਼ ਇਸ ਯੁੱਧ ਵਿਚ ਉਦੋਂ ਤਕ ਲੜਦੇ ਰਹਿਣਗੇ, ਜਦ ਤਕ ਫਤਹ ਨਹੀਂ ਹੋ ਜਾਂਦੀ । ਅਗਸਤ, ੧੯੪੦ ਵਿਚ, ਬਰਤਾਨਵੀ ਸਰਕਾਰ ਦੇ ਹੁਕਮ ਨਾਲ, ਵਾਇਸਰਾਇ ਨੇ ਐਲਾਨ ਕੀਤਾ ਕਿ ਲੜਾਈ ਤੋਂ ਝਟਪਟ ਪਿਛੋਂ ਹਿੰਦੁਸਤਾਨ ਨੂੰ ਡਮੀਨੀਯਨ ਸਟੇਟਸ ਦੇ ਦਿੱਤਾ ਜਾਵੇਗਾ, ਅਤੇ ਲੜਾਈ ਦੇ ਦੌਰਾਨ ਵਿਚ ਦੇਸ਼ ਦੇ ਲੀਡਰ ਕੇਂਦ੍ਰੀ ਸਰਕਾਰ ਵਿਚ ਸ਼ਾਮਲ ਹੋਕੇ ਲੜਾਈ ਜਿੱਤਣ ਵਿਚ ਸਹਿਯੋਗ ਦੇਣ । ਕਾਂਗਰੈਸ ਵਾਲੇ ਇਹ ਨ ਮੰਨੇ ਅਤੇ ਗਾਂਧੀ ਜੀ ਨੇ ਵਾਇਸਰਾਇ ਨੂੰ ਕਹਿ ਦਿਤਾ ਕਿ ਕਾਂਗ੍ਰੈਸ ਹਿੰਦੁਸਤਾਨ ਦੇ ਯੁੱਧ ਵਿਚ ਭਾਗ ਲੈਣ ਦੇ ਵਿਰੁੱਧ ਪ੍ਰਚਾਰ ਕਰੇਗੀ । ਇਉਂ ਸੰਨ ੧੯੪੦ ਦੇ ਅੰਤ ਵਿਚ ਗਾਂਧੀ ਜੀ, ਨਹਿਰੂ ਆਦਿ ਲੀਡਰ ਫੇਰ ਜੇਹਲਾਂ ਵਿਚ ਚਲੇ ਗਏ ।

ਸੰਨ ੧੯੪੨ ਦੇ ਆਰੰਭ ਵਿਚ ਵਿਸ਼ਵ ਯੁੱਧ ਦਾ ਪਾਸਾ, ਅੰਗ੍ਰੇਜ਼ਾਂ ਤੇ ਇਤ੍ਰਿ-ਹਾਦੀਆਂ ਦੇ ਖਿਲਾਫ ਹੋਰ ਭੀ ਪਲਟ ਗਿਆ । ਜਾਪਾਨ ਨੇ ਪੂਰਬੀ ਏਸ਼ੀਆ ਵਿਚੋਂ ਅਮ੍ਰੀਕਨ ਤੇ ਅੰਗਰੇਜ਼ੀ ਰਾਜ ਖੋਹ ਲਿਆ ਅਤੇ ਸਿੰਗਾਪੁਰ ਉਤੇ ਕਬਜਾ ਕਰ ਲਿਆ । ਅੰਗਰੇਜ਼ੀ ਫੌਜਾਂ ਨੂੰ ਬਰ੍ਹਮਾ ਖਾਲੀ ਕਰਨਾ ਪਿਆ । ੮ ਮਾਰਚ, ੧੯੪੨ ਨੂੰ ਜਾਪਾਨੀ ਫੌਜਾਂ ਰੰਗੂਨ ਵਿਚ ਦਾਖਲ ਹੋ ਗਈਆਂ । ਇਸ ਪਿਛੋਕੜ ਵਿਚ, ਬਰਤਾਨੀਆ ਦੇ ਯੁੱਧ ਮੰਤ੍ਰੀ ਮੰਡਲ ਨੇ ਹਿੰਦੁਸਤਾਨ ਨੂੰ ਪੂਰਨ ਸੁਤੰਤ੍ਰਤਾ ਦੇਣ ਬਾਰੇ ਇਕ ਸਕੀਮ ਬਣਾਈ, ਤੇ ਸਰ ਸਟੈਫਰਡ ਕ੍ਰਿਪਸ ਨੂੰ ਹਿੰਦੁਸਤਾਨ ਭੇਜਿਆ ਕਿ ਉਹ ਇਹ ਸਕੀਮ ਹਿੰਦੁਸਤਾਨੀ ਲੀਡਰਾਂ ਕੋਲੋਂ ਪਰਵਾਨ ਕਰਵਾ ਲਿਆਵੇ ।

ਇਹ ਕ੍ਰਿਪਸ-ਮਿਸ਼ਨ ਕਹਾਇਆ ।

ਮਾਰਚ ੧੯੪੨ ਦੇ ਅੰਤਲੇ ਦਿਨ ਸਨ, ਅਤੇ ਮੈਂ ਤੇ ਮੇਰੀ ਸਿੰਘਣੀ, ਉਨ੍ਹਾਂ ਦਿਨਾਂ ਵਿਚ ਗਾਂਧੀ ਜੀ ਦੇ ਵਰਧਾ ਆਸ਼ਰਮ ਗਏ ਹੋਏ ਸੀ। ਆਸ਼ਰਮ ਵਿਚ ਫਿਰਦਿਆਂ ਦੇਖ ਕੇ, ਪਹਿਲੇ ਦਿਨ ਹੀ ਗਾਂਧੀ ਜੀ ਨੇ ਅਸਾਨੂੰ ਦੋਹਾਂ ਨੂੰ ਆਪਣੀ ਕੁਟੀਆ ਵਿਚ ਬੁਲਾ ਲਿਆ। ਪ੍ਰੀਚੇ ਕਰਵਾਣ ਵੱਲੋਂ ਜਦ ਮੈਂ ਸੰਨ ੧੯੩੨ ਵਿਚ ਦਸ ਸਾਲ ਪਹਿਲਾਂ ਕੇਂਮਬ੍ਰਿਜ ਵਿਚ ਹੋਈ ਮੁਲਾਕਾਤ ਯਾਦ ਕਰਵਾਈ ਤਾਂ ਗਾਂਧੀ ਜੀ ਨੂੰ ਝਟ ਮੇਰੀ ਸਮ੍ਰਿਤੀ ਆ ਗਈ। ਬੜੇ ਪਿਆਰ ਨਾਲ ਗਾਂਧੀ ਜੀ ਨੇ ਅਸਾਡਾ ਆਸ਼ਰਮ ਵਿਚ ਸਵਾਗਤ ਕੀਤਾ ਤੇ ਪ੍ਰਾਹੁਣਚਾਰੀ ਕੀਤੀ। ਦੋ ਤਿੰਨ ਦਿਨ, ਘੰਟਾ ਘੰਟਾ, ਗਲਾਂ ਕਰਦੇ ਰਹੇ, ਰਾਜਨੀਤੀ ਬਾਰੇ ਭੀ, ਪਰ ਬਹੁਤੀਆਂ ਸਿੱਖ ਧਰਮ ਬਾਰੇ। ਮੈਂ ਗਿਲਾ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਅਖਬਾਰ 'ਯੰਗ ਇੰਡੀਆ' ਵਿਚ "ਭੁੱਲੜ ਦੇਸ਼ ਭਗਤ" (misguided patriot) ਲਿਖਕੇ ਗਾਂਧੀ ਜੀ ਨੇ ਨਾ ਕੇਵਲ ਵੱਡੀ ਅਵੱਗਿਆ ਹੀ ਕੀਤੀ ਹੈ, ਸਗੋਂ ਸਿੱਖਾਂ ਦੇ ਦਿਲ ਭੀ ਦੁਖਾਏ ਹਨ। ਮੈਂ ਕਿਹਾ ਕਿ, "ਉਨ੍ਹਾਂ ਨੂੰ ਤੇ ਬਾਕੀ ਗੈਰ-ਸਿੱਖਾਂ ਨੂੰ, ਸਿੱਖ ਮਤ ਬਾਰੇ ਸੋਝੀ ਬਹੁਤ ਘੱਟ ਹੈ, ਕਿਉਂ ਜੁ ਸਿਖ ਧਰਮ ਗ੍ਰੰਥ ਪੰਜਾਬੀ ਗੁਰਮੁਖੀ ਵਿਚ ਲਿਖਿਆ ਹੋਇਆ ਹੈ ਅਤੇ ਸਿੱਖ ਦਰਸ਼ਨ ਦੇ ਸਿਧਾਂਤਾਂ ਦੀ ਪੜਚੋਲ ਅਜੇ ਤਕ ਆਧੁਨਿਕ ਢੰਗ ਨਾਲ ਹੋਈ ਨਹੀਂ। ਸਿੱਖੀ, ਮੱਧਕਾਲੀਨ ਬ੍ਰਾਹਮਣੀ ਹਿੰਦੂ ਮੱਤ ਦੀ ਭਗਤੀ ਲਹਿਰ ਦੀ ਸਾਖਾ ਉੱਕਾ ਨਹੀਂ ਹੈ, ਸਗੋਂ ਇਕ ਸੁਤੰਤਰ ਤੇ ਪੂਰਨ ਧਰਮ ਹੈ, ਜਿਸ ਦਾ ਬ੍ਰਾਹਮਣੀ ਹਿੰਦੂ ਮਤ ਨਾਲੋਂ ਇਸ ਤੋਂ ਭੀ ਵੱਡਾ ਅੰਤਰ ਹੈ, ਜਿਤਨਾ ਕਿ ਇਸਲਾਮ ਤੇ ਈਸਾਈ ਮੱਤ ਦਾ ਯਹੂਦੀ ਮੱਤ ਨਾਲੋਂ ਹੈ। ਗੁਰੂ ਗੋਬਿੰਦ ਸਿੰਘ ਦੇਸ਼ ਭਗਤ ਉੱਕਾ ਨਹੀਂ ਸਨ, ਇਸ ਲਈ ਉਨ੍ਹਾਂ ਦੇ "ਭੁੱਲੜ ਦੇਸ਼ ਭਗਤ" ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਵਿਸ਼ਵ ਕਲਿਆਣਕਾਰੀ ਧਰਮ ਦਾ ਪ੍ਰਚਾਰ ਉਨ੍ਹਾਂ ਦਾ ਨਿਰੋਲ ਆਸ਼ਾ ਸੀ, ਤੇ ਉਨ੍ਹਾਂ ਦਾ ਮਤ ਹੈ ਕਿ ਪ੍ਰਾਧੀਨ ਮਨੁਸ਼ ਤੇ ਜਾਤੀਆਂ ਧਾਰਮਿਕ ਜੀਵਨ ਬਤੀਤ ਨਹੀਂ ਕਰ ਸਕਦੀਆਂ। ਸਿੱਖ ਮੱਤ, ਇਸਲਾਮ ਦਾ ਵਿਰਧੀ ਹੋਣਾ ਤਾਂ ਇਕ ਪਾਸੇ ਰਿਹਾ, ਉਹ ਇਸਲਾਮ ਦੇ ਮਹਾਨ, ਮੁਢਲੇ, ਤੇ ਮੂਲਿਕ ਸਿਧਾਂਤ, ਕਿ ਮਾਨੁਸ਼ੀ ਧਰਮ ਦਾ ਸਾਰੰਸ਼ ਸ੍ਵੈ ਇਛਾ ਨੂੰ ਈਸ਼ਵਰੀ ਇਛਾ ਨਾਲ ਇਕਸਾਰ ਕਰਨਾ ਹੈ, ਦੀ ਭਰਪੂਰ ਪੁਸ਼ਟੀ ਕਰਦਾ ਹੈ। ਸਿੱਖਾਂ ਦੇ ਧਰਮ ਪੁਸਤਕ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿਚ ਹੀ ਪਹਿਲਾ ਇਹ ਕਿਹਾ ਗਿਆ ਹੈ ਕਿ ਧਰਮ ਤੇ ਮਜ਼ਹਬ ਦਾ ਬੁਨਿਆਦੀ ਮਸਲਾ ਹੈ, ਆਤਮਾ ਦਾ ਯਾ ਮਨੁੱਖ ਦਾ ਸੱਤਯ ਤੇ ਈਸ਼੍ਵਰ ਨਾਲ ਮੇਲ ਸਮਾਪਤਾ ਕਿਵੇਂ ਹੋਵੇ ? 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ?' ਫਿਰ ਉਤ੍ਰ ਦਿਤਾ ਹੈ, 'ਹੁਕਮ ਰਜਾਈ ਚਲਣਾ, ਨਾਨਕ ਲਿਖਿਆ ਨਾਲਿ', ਅਰਥਾਤ, ਸਰਵ-ਵਿਆਪੀ ਸੱਤਯ, ਈਸ਼ਵਰ ਦੇ ਅਧੀਨ ਨਿਜੀ ਇੱਛਾ ਨੂੰ ਕਰਨ ਨਾਲ ਜਿਸ ਈਸ਼ਵਰੀ ਇੱਛਾ ਦਾ ਬੀਜ ਗਿਆਨ ਹਰ ਆਤਮਾ ਦੇ ਕੇਂਦਰ ਵਿਚ ਸਥਿਤ ਹੈ। 'ਹੁਕਮ ਰਜਾਈ ਚਲਣਾ' ਦੇ ਸਪਸ਼ਟ ਅਰਥ ਹਨ, ਇਸਲਾਮ ਕਬੂਲ ਕਰਨਾ। ਇਹ ਈਸ਼ਵਰੀ ਇੱਛਾ ਕੀ ਹੈ ? ਕੀ ਇਸ ਇੱਛਾ ਦਾ ਰੂਪ ਰੇਖਾ ਅਨਾਦੀ ਤੇ ਅਟਲ ਤੌਰ ਉਤੇ ਕਿਸੇ ਇਕ ਮਜਹਬ ਦੀ ਧਰਮ ਪੁਸਤਕ ਯਾ ਉਸ ਦੇ ਬਾਨੀ ਦੇ ਪਾਏ ਹੋਏ ਪੂਰਨਿਆਂ ਵਿਚ ਸੀਮਤ ਹੈ, ਯਾ ਕਿ ਇਸ ਦਾ ਨਿਕਾਸ ਤੇ ਵਿਕਾਸ ਹਰ ਪ੍ਰਾਣੀ ਦੀ ਅੰਤਰ ਆਤਮਾ ਵਿਚ ਨਿਤਪ੍ਰਵਾਹ ਰੂਪ ਵਿਚ ਮੌਜੂਦ ਹੈ, ਜਿਵੇਂ ਕਿ ਸਿੱਖੀ ਸਿਧਾਂਤ ਹੈ ? ਕੀ ਇਸਲਾਮ ਦੀ ਸਮਾਜਕ ਤੇ ਰਾਜਸੀ ਵਿਚਾਰਧਾਰਾ, ਧਰਮਿਕ

ਇਸਲਾਮ ਦਾ ਅਵਸ਼ਯਕ ਅਗ ਹੈ ? ਇਹ ਮਤਭੇਦ ਸਿੱਖੀ ਦੇ ਮੁਸਲਮਾਨਾਂ ਨਾਲ ਸਨ ਤੇ ਏਹੋ ਕਾਰਨ ਮੁਗ਼ਲ ਪਾਤਸ਼ਾਹੀਆ ਨਾਲ ਸਿੱਖਾਂ ਦੇ ਜੰਗ ਯੁੱਧਾਂ ਦੇ। ਸਿੱਖੀ ਦਾ ਇਸਲਾਮ ਨਾਲ ਕੋਈ ਵਿਰੋਧ ਉੱਕਾ ਨਹੀਂ ਹੈ। ਜਿਸ ਜਜ਼ਬੇ ਤੇ ਸਿਧਾਂਤ ਨੂੰ ਅਜ ਕਲ ਦੇ ਰਾਜਸੀ ਹਿੰਦੂ 'ਦੇਸ਼ ਭਗਤੀ' ਕਹਿੰਦੇ ਹਨ, ਸਿੱਖੀ ਦੀ ਉਸ ਨਾਲ ਕੋਈ ਹਮਦਰਦੀ ਨਹੀਂ। ਇਹ ਦੇਸ਼ ਭਗਤੀ ਯੂਰਪ ਵਿਚੋਂ ਮੰਗਵੀਂ, ਅਨੀਸ਼ਵਰਵਾਦੀ ਵਿਚਾਰਧਾਰਾ, ਬ੍ਰਾਹਮਣੀ ਹਿੰਦੂ ਮਤ ਦੀ ਭੂਗੋਲ-ਸੀਮਤ ਆਤਮਕ ਮਨੋਵਿਰਤੀ, ਸਾਕਤ ਮਤ ਦਾ, ਦੇਸ਼ ਅਥਵਾ ਭੌਤਿਕ ਸੰਬੰਧਾਂ ਨੂੰ ਦਿੱਬਯ ਦੇਵੀ ਦੇ ਮਨੋਕਲਪਤ ਰੂਪ ਵਿਚ ਪੂਜਣ ਦੇ, ਰੁਹਜਾਨ ਦਾ ਇਕ ਮਿਲਗੋਭਾ ਜਿਹਾ ਹੈ, ਜੋ ਕਿ ਉਚ ਆਤਮਾ, ਸੁਜਨ, ਨਿਰਲੇਪ ਬੁੱਧੀ ਤੇ ਸਮਦਰਸ਼ੀ ਪੁਰਸ਼ ਕਦਾਚਿਤ ਪ੍ਰਵਾਣ ਨਹੀਂ ਕਰ ਸਕਦੇ, ਭਾਵੇਂ ਉਹ ਹਿੰਦੂ ਹੋਣ ਯਾ ਕਿਸੇ ਹੋਰ ਦੇਸ਼ ਮਜ਼ਹਬ ਦੇ। ਇਹ ਬੜਾ ਤੰਗ ਦਿਲ, ਅਨਿਆਸ਼ੀਲ ਤੇ ਸੀਮਤ ਧਰਮ ਹੈ, ਤੇ ਸਿੱਖੀ ਇਸ ਦੀ ਪੁਸ਼ਟੀ ਨਹੀਂ ਕਰਦੀ।" ਗਾਂਧੀ ਜੀ ਪੁੱਛਣ ਲਗੇ, "ਤਾਂ ਕੀ ਸਿੱਖ ਆਪਣੇ ਆਪ ਨੂੰ ਹਿੰਦੂ ਨਹੀਂ ਸਮਝਦੇ ?" ਮੈਂ ਕਿਹਾ, "ਸਿੱਖਾਂ ਦਾ ਵਿਸ਼ਵਾਸ ਹੈ ਕਿ ਸਨਾਤਨ ਤੇ ਵਿਸ਼ਵ-ਕਲਿਆਣਕਾਰੀ ਹਿੰਦੂ ਧਰਮ ਦੀ ਸ਼ੁਧ ਆਤਮਾ ਦੇ ਵਾਰਸ ਸਿੱਖ ਹੀ ਹਨ। ਸਿੱਖੀ ਤੋਂ ਮੁਨਕਰ ਹਿੰਦੂ, ਭੁੱਲੜ ਹਿੰਦੂ ਹਨ। ਇਹ ਵਿਚਾਰ ਮੇਰੇ ਨਹੀਂ, ਅਸਾਡੇ ਬਜ਼ੁਰਗਾਂ ਦੇ ਚਿਰਕਾਲ ਤੋਂ ਚਲੇ ਆਉਂਦੇ ਹਨ, ਅਤੇ ਮੁਸਲਮਾਨ ਪਾਤਸ਼ਾਹੀਆਂ ਨਾਲ ਝਗੜਿਆਂ ਵੇਲੇ ਸਿੱਖ ਸਦਾ ਇਹੋ ਕਹਿੰਦੇ ਰਹੇ, 'ਹਮ ਹਿੰਦੂ ਹੈਂ, ਗੁਰ ਕੇ ਸਿੱਖ', ਅਰਥਾਤ ਅਸੀਂ ਗੁਰੂਆਂ ਦੇ ਦਰਸਾਏ ਹੋਏ, ਆਦੀ ਸਨਾਤਨ ਤੇ ਵਿਸ਼ਵ ਵਿਆਪੀ ਹਿੰਦੂ ਮੱਤ ਧਾਰਨੀ ਹਾਂ।" ਮੇਰੇ "ਭੁੱਲੜ ਹਿੰਦੂ" ਦੇ ਵਿਅੰਗ ਉਤੇ ਗਾਂਧੀ ਜੀ ਮੁਸਕਰਾਏ। ਫੇਰ ਕਹਿਣ ਲਗੇ, "ਅਹਿੰਸਾ ਬਾਬਤ ਸਿਖੀ ਮਤ ਕੀ ਹੈ ? ਤੁਸਾਂ ਕ੍ਰਿਪਾਨ ਪਾਈ ਹੋਈ ਹੈ ?" ਮੈਂ ਉੱਤਰ ਦਿਤਾ, ਕ੍ਰਿਪਾਨ ਬਾਰੇ ਸਿੱਖੀ ਦਾ ਗੌਰਵ ਸਿਧਾਂਤ ਹੀ ਹੈ, ਇਹ ਗੱਲ ਬਹੁਤ ਲੰਬੀ ਹੋ ਜਾਵੇਗੀ। ਅਹਿੰਸਾ ਨੂੰ ਸਿੱਖੀ ਹਰ ਉੱਚ ਮਾਨੁਸ਼ੀ ਆਤਮਾ ਦੀ ਸਵੈ-ਸਿਧ ਰੁਚੀ ਮੰਨਦੀ ਹੈ। ਪਰ ਕਈ ਹਜ਼ਾਰ ਵਰ੍ਹੇ ਹੋਏ ਜਦੋਂ ਉਪਨਿਸ਼ਦਾਂ ਦੀ ਵਿਚਾਰਧਾਰਾ ਨੇ ਅਸਾਡੇ ਦੇਸ਼ ਵਿਚ ਜਨਮ ਲਿਆ, ਉਸ ਸਮੇਂ ਹੀ ਇਸ ਸਥੂਲ ਵੈਦਿਕ ਦ੍ਰਿਸ਼ਟੀਕੋਣ ਨੂੰ ਅਸਾਡੇ ਰਿਸ਼ੀਆਂ ਨੇ ਤਿਆਗ ਦਿਤਾ ਸੀ ਕਿ ਨਿਰਜਿੰਦ ਕਰਮ, ਯਜਨ ਆਦਿ ਮਾਨੁਸ਼ੀ ਧਰਮ ਦਾ ਸਾਰੰਸ਼ ਹੈ। ਮੂਲ ਪ੍ਰਸ਼ਨ ਮਨ ਤੇ ਆਤਮਾ ਦੀ ਰੁਚੀ ਤੇ ਉਨ੍ਹਾਂ ਦੇ ਲਿਪਤ ਹੋਣ ਯਾ ਨਿਰਲੇਪ ਰਹਿਣ ਦਾ ਹੈ। ਨਿਰੋਲ ਕਰਮ ਨਾ ਸਾਰ ਹੈ ਤੇ ਨਾ ਵਿਧਾਨ। ਕੀ ਤੁਸੀਂ ਗੀਤਾ ਦੇ ਰਹੱਸਯ ਨੂੰ ਕਿਵੇਂ ਹੋਰਵੇਂ ਸਮਝਦੇ ਹੋ ? ਇਉਂ ਆਤਮਕ ਅਹਿੰਸਾ ਨੂੰ ਸਿਖੀ ਪ੍ਰਵਾਣ ਕਰਦੀ ਹੈ, ਪਰ ਨਿਰੇ ਕਰਮ ਦੀ ਅਹਿੰਸਾ, ਦੀਨਭਾਵ, ਧੱਕੇ ਨੂੰ ਮੰਨ ਲੈਣਾ ਤੇ ਦੁਸ਼ਟ ਦਾ ਦਮਨ ਨਾ ਕਰਨਾ, ਅਤੇ ਇਉਂ ਮੰਨਣਾ ਕਿ ਜੇ ਕੋਈ ਸੱਜੇ ਪਾਸੇ ਚਪੇੜ ਮਾਰੇ ਤਾਂ ਖੱਬਾ ਪਾਸਾ ਮੂੰਹ ਦਾ ਉਸ ਵਲ ਫੇਰੋ, ਇਹ ਟਾਲਸਟਾਇ ਦਾ ਸਿਧਾਂਤ ਯਾ ਯਿਸੂ ਮਸੀਹ ਦਾ ਧਰਮ ਉਪਦੇਸ਼ ਹੋਵੇ ਤਾਂ ਹੋਵੇ, ਅਹਿੰਸਾ ਦਾ ਸਾਰ ਨਹੀਂ। ਵੈਰ ਨੂੰ ਪ੍ਰੇਮ ਨਾਲ ਜਿਤਣਾ ਤੇ ਕਰੋਧ ਨੂੰ ਸ਼ਾਂਤੀ ਨਾਲ, ਇਹ ਅਸਾਡੇ ਮਹਾ ਪੁਰਸ਼ਾਂ ਦੇ ਪ੍ਰਾਚੀਨ ਉਪਦੇਸ਼ ਹਨ। ਸ਼ਸਤਰ-ਸ਼ਕਤੀ ਤੇ ਸ਼ਸਤਰ-ਪ੍ਰਯੋਗ ਦਾ ਸਿਧਾਂਤਕ ਨਿਰੋਧ ਅਗਿਆਨ-ਆਸ਼੍ਰਿਤ ਹੈ ਅਤੇ ਆਤਮਵਿਹੀਨ, ਕਰਮ ਯਜਨ ਵੈਦਿਕ ਵਿਚਾਰਧਾਰਾ, ਤੇ ਯਸੂ ਦੇ 'ਪਰਬਤ-

ਉਪਦੇਸ਼' ਦੇ ਇਕ ਖਾਸ ਪਰਿਭਾਸ਼ ਦਾ ਮਿਲਗੋਭਾ (hybrid) ਹੈ । ਇਹ ਬਣਿਕ ਅਹਿੰਸਾ ਸਿੱਖੀ ਨਹੀਂ ਮੰਨਦੀ । ਗਾਂਧੀ ਜੀ ਫੇਰ ਹੱਸ ਪਏ ਤੇ ਕਹਿਣ ਲੱਗੇ, "ਬਣੀਆ ਤੋ ਮੈਂ ਹੂੰ, ਔਰ ਆਪ ਨੇ ਜੋ ਮੇਰਾ ਸਮੈਂ ਲੀਆ ਹੈ, ਉਸ ਕੇ ਦਾਮ ਆਪ ਕੋ ਦੇਣੇ ਪੜੇਂਗੇ ।" ਫੇਰ ਗੰਭੀਰ ਹੋ ਕੇ ਕਹਿਣ ਲਗੇ, "ਕੋਈ ਗੁਰੂ ਗੋਬਿੰਦ ਸਿੰਘ ਜੀ ਕਾ ਵਚਨ ਸੁਣਾਓ ।" ਮੈਂ ਕਿਹਾ, "ਮੈਂ ਤੁਹਾਨੂੰ ਗੁਰੂ ਗੋਬਿੰਦ ਸਿੰਘ ਦੇ ਰਚੇ ਹੋਏ ਉਹ ਮੰਤਰ ਸੁਣਾਂਦਾ ਹਾਂ ਜਿਨ੍ਹਾਂ ਨਾਲ ਸਿੱਖਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਜਾਂਦਾ ਹੈ ।" ਫੇਰ ਮੈਂ ਸੁਧਾ ਸਵੱਈਏ, ਜਿਨ੍ਹਾਂ ਵਿਚ ਸੈਨਿਕ ਸ਼ਕਤੀ, ਰਾਜਸੀ ਬਲ ਤੇ ਧਨ ਧਾਮ ਆਦੀ ਐਸ਼ਵਰਯ ਨੂੰ ਤੁੱਛ ਦਸਿਆ ਗਿਆ ਹੈ । ਯਥਾ, "ਏਤੇ ਭਏ ਤੋ ਕਹਾਂ ਭਏ ਭੂਪਤ, ਅੰਤ ਕੋ ਅੰਤ ਕੇ ਧਾਮ ਸਿਧਾਰੇ," "ਸ੍ਰੀਪਤ ਸ੍ਰੀ ਭਗਵਾਨ ਕ੍ਰਿਪਾ ਬਿਨ ਤਿਆਗ ਜਹਾਨ ਨਿਦਾਨ ਚਲੇਂਗੇ", ਪੜ੍ਹਕੇ ਤੇ ਖੋਲ੍ਹਕੇ ਸੁਣਾਏ, ਤਾਂ ਕੁਝ ਚਿਰ ਸੋਚਦੇ ਰਹੇ ਤੇ ਫੇਰ ਕਿਹਾ, ਸਿੱਖ ਮਤ ਬਾਰੇ, ਇਹ ਸਾਰਾ ਨਿਰਣਾ ਖੋਹਲ ਕੇ ਪੁਸਤਕ ਰੂਪ ਵਿਚ ਲਿਖੋ ਤੇ ਮੈਨੂੰ ਪੜ੍ਹਨ ਲਈ ਦਿਓ । "ਯਹ ਬਾਤੇਂ ਮੁਝੇ ਸ਼ਾਰਦੂਲ ਸਿੰਹ ਜੀ ਔਰ ਮੰਗਲ ਸਿੰਹ ਜੀ ਨੇ ਕਭੀ ਨਹੀਂ ਬਤਾਈਂ ।" ਫੇਰ ਮਹਾਦੇਵ ਡੇਸਾਈ ਨੂੰ ਬੁਲਾ ਭੇਜਿਆ ਤੇ ਇਕ ਛੋਟਾ ਜਿਹਾ ਨੋਟ ਲਿਖਾਇਆ, ਜੋ "ਯੰਗ ਇੰਡੀਆ" ਵਿਚ ਪਿਛੋਂ ਛਪ ਗਿਆ । ਉਸ ਵਿਚ ਗਾਂਧੀ ਜੀ ਵਲੋਂ ਨਿਰਣਯ ਕੀਤਾ ਗਿਆ ਸੀ ਕਿ ਉਨ੍ਹਾਂ ਦਾ ਭਾਵ ਗੁਰੂ ਗੋਬਿੰਦ ਸਿੰਘ ਜੀ ਦਾ ਨਿਰਾਦਰ ਕਰਨ ਦਾ ਕਦੇ ਭੀ ਨਹੀਂ ਹੋਇਆ ।

ਉਸ ਵੇਲੇ ਰਾਜਕੁਮਾਰੀ ਅੰਮ੍ਰਿਤਕੌਰ ਜੀ ਭੀ ਆ ਗਏ, ਜਿਹੜੇ ਕਿ ਇਸ ਸਮੇਂ ਰਤਾ ਪਰੇ ਹੋ ਕੇ, ਮੇਰੀ ਸਿੰਘਣੀ ਨਾਲ ਗੱਲਾਂ ਬਾਤਾਂ ਕਰਦੇ ਰਹੇ ਸਨ । ਮੈਂ ਦੇਖਿਆ ਕਿ ਰਾਜਕੁਮਾਰੀ ਜੀ ਨੇ, ਸੱਜੀ ਬਾਂਹ ਵਿਚ, ਲੋਹੇ ਦਾ ਕੜਾ, ਜਿਹੋ ਜਿਹਾ ਕਿ ਸਿੱਖ ਪਾਉਂਦੇ ਹਨ, ਪਹਿਰਿਆ ਹੋਇਆ ਹੈ । ਉਹ ਕਹਿਣ ਲੱਗੇ, "ਦੇਖੋ, ਇਹ ਸਰਦਾਰਨੀ ਲੇਡੀ ਇਰਵਨ ਕਾਲਜ ਦਿੱਲੀ ਦੀ ਗ੍ਰੈਜੂਏਟ ਹੈ । ਉਹ ਕਾਲਜ ਤਾਂ ਅਸਾਂ ਖੋਹਲਿਆ ਸੀ, ਜੁ ਉਥੋਂ ਕੁੜੀਆਂ ਨਿਕਲ ਕੇ ਦੇਸ ਸੇਵਾ ਕਰਨ । ਪਰ ਇਹ ਆਈ. ਸੀ. ਐਸ., ਡਿਪਟੀ ਕਮਿਸ਼ਨਰ ਨਾਲ ਵਿਆਹ ਕਰਾ ਬੈਠੀ ਹੈ ।" ਅਤਿਥੀ ਸਨਮਾਨ ਵਿਚ ਨਿਪੁਣ, ਸ੍ਰੇਸ਼ਟਾਚਾਰ ਦੇ ਪੁੰਜ ਤੇ ਮਨੋਹਰ ਵਚਨ ਸਮ੍ਰਾਟ, ਗਾਂਧੀ ਜੀ, ਝਟਪਟ ਬੋਲੇ : "ਨਹੀ, ਨਹੀ, ਐਸਾ ਮਤ ਕਹੋ । ਯਹ ਸਰਦਾਰ ਜੀ ਬੜੇ ਵਿੱਦਵਾਨ ਹੈਂ ਔਰ ਇਨ ਕੇ ਵਿਚਾਰ ਬੜੇ ਵਚਿਤ੍ਰ ਹੈਂ । ਐਸੇ ਹੀ ਸਰਦਾਰਨੀ ਜੀ ਭੀ ਹੋਂਗੇ । ਇਨਕੇ ਦੇਸ਼ ਸੇਵਕ ਹੋਨੇ ਮੇਂ ਕਿਆ ਸੰਸ਼ੇ ਹੈ ।"

ਇਨਾਂ ਦਿਨਾਂ ਵਿਚ ਹੀ, ਮੈਂ ਇਕ ਦਿਨ ਗਾਂਧੀ ਜੀ ਦੀ ਕੁਟੀਆ ਵਿਚ ਬੈਠਾ ਸੀ । ਕਿ ਮਹਾਦੇਵ ਜੀ ਆਏ ਤੇ ਕਹਿਣ ਲੱਗੇ । "ਇਕ ਬੜੀ ਜਰੂਰੀ ਖਬਰ ਹੈ ।" ਗਾਂਧੀ ਜੀ ਨੇ ਕਿਹਾ, "ਸਰਦਾਰ ਜੀ ਸੇ ਛਿਪਾਨੇ ਕੀ ਕਿਆ ਬਾਤ ਹੋ ਸਕਤੀ ਹੈ, ਕਹਿ ਦੋ ।" ਤਦ ਮਹਾਦੇਵ ਜੀ ਨੇ ਦੱਸਿਆ ਕਿ ਵਲੈਤੋਂ, ਸਰ ਸਟੈਫਰਡ ਕ੍ਰਿਪਸ, ਹਿੰਦੁ-ਸਤਾਨ ਨੂੰ ਸੁਤੰਤਰ ਕਰਨ ਦੀ ਸਕੀਮ ਲੈ ਕੇ ਆ ਰਿਹਾ ਹੈ ।



ਸ: ਬਲਦੇਵ ਸਿੰਘ, ਸਰ ਕ੍ਰਿਪਸ (ਖੜ੍ਹੇ), ਮਾਸਟਰ ਤਾਰਾ ਸਿੰਘ, ਸਰ ਜੋਗਿੰਦ ਸਿੰਘ, ਸਰਦਾਰ ਬਹਾਦਰ ਉੱਜਲ ਸਿੰਘ

੨੨ ਮਾਰਚ, ੧੯੪੨ ਨੂੰ ਸਰ ਸਟੈਫਰਡ ਕ੍ਰਿਪਸ, ਦਿਲੀ ਪੁੱਜਾ ਸੀ ।

ਜਿਹੜੀ ਸਕੀਮ, ਹਿੰਦੁਸਤਾਨ ਦਾ ਰਾਜਪ੍ਰਬੰਧ ਚਲਾਣ ਦੀ, ਅਤੇ ਜੰਗ ਪਿੱਛੋਂ ਨਵਾਂ ਵਿਧਾਨ ਬਨਾਣ ਦੀ ਕ੍ਰਿਪਸ ਲੈ ਕੇ ਆਇਆ ਸੀ, ਕਮੀਊਨਿਲ ਅਵਾਰਡ ਉਸਦਾ, ਇਕ ਤਰਾਂ ਆਧਾਰ ਸੀ । ਕਮੀਊਨਿਲ ਅਵਾਰਡ, ਉਸ ਸਾਰੇ ਢਾਂਚੇ ਦੀ ਪੂਰਵ-ਕਲਪਨਾ (pre-supposition) ਸੀ।

ਗਾਂਧੀ ਜੀ ਨੂੰ ਮਿਲ ਕੇ ਅਤੇ ਤੀਰਥ ਯਾਤ੍ਰਾ ਕਰਕੇ ਮੈਂ ਫੇਰ ਕਰਨਾਲ ਵਿਚ ਡਿਪਟੀ ਕਮਿਸ਼ਨਰ ਆਣ ਲੱਗਾ, ਤਾਂ ਕਾਂਗ੍ਰਸ ਦਾ 'ਹਿੰਦੁਸਤਾਨ ਛੋੜ ਜਾਓ' (Quit-India) ਦਾ ਅੰਦੋਲਨ, ਜਿਸ ਦਾ ਮੂਲ ਮੰਤ੍ਰ ਸੀ, 'ਮਰੋ ਯਾ ਕਰੋ,' ਚਾਲੂ ਹੋ ਗਿਆ । ਇਹ ਸਮਾਂ, ਅੰਗ੍ਰੇਜਾਂ ਲਈ, ਅੰਦਰ ਬਾਹਰ, ਜੀਵਨ ਮੌਤ ਦਾ ਸੰਘਰਸ਼ ਸੀ । ਪੰਜਾਬ ਦੇ ਗਵਰਨਰ ਮੈਨੂੰ ਬੁਲਾ ਕੇ ਕਹਿਣ ਲੱਗੇ, "ਤੁਸੀਂ ਹੁਣੇ ਗਾਂਧੀ ਨੂੰ ਮਿਲ ਜੁਲ ਕੇ ਆਏ ਹ । ਮੈਂ ਤੁਹਾਨੂੰ ਨਿੰਦਦਾ ਨਹੀ । ਬਹੁਤ ਸਾਰੇ ਹਿੰਦੁਸਤਾਨੀਆ ਦੀ ਹਮਦਰਦੀ ਕਾਂਗ੍ਰਸ ਤੇ ਗਾਂਧੀ ਦੇ ਵਿਚਾਰਾਂ ਨਾਲ ਹੈ ਤੇ ਤੁਹਾਡੀ ਭੀ ਹੋਵੇ ਤਾਂ ਮੈਂ ਸਮਝ ਸਕਦਾ ਹਾਂ । ਪਰ ਤੁਸੀਂ ਮੈਨੂੰ ਭੀ ਸਮਝਣ ਦਾ ਯਤਨ ਕਰੋ । ਇਨ੍ਹਾਂ ਹਾਲਾਤ ਵਿਚ ਤੁਹਾਡੇ ਹਥ ਇਕ ਜ਼ਿਲੇ ਦੇ ਪ੍ਰਬੰਧ ਦੀ ਵਾਗ ਡੋਰ ਦੇਣੀ ਯੋਗ ਨਹੀ ਭਾਸਦੀ ।" ਮੈਂ ਉੱਤ੍ਰ ਵਿਚ, ਆਪਣੀਆਂ ਸਭ ਗੱਲਾਂ ਬਾਤਾਂ ਤੇ ਸੰਬੰਧ ਗਾਂਧੀ ਜੀ ਨਾਲ, ਲਾਟ ਸਾਹਿਬ ਨੂੰ ਸਚ ਸੱਚ ਦੱਸ ਦਿਤੇ, ਅਤੇ ਕਿਹਾ, "ਜੇ ਮੇਰੇ ਤੇ ਭਰੋਸਾ ਕਰੋ, ਅਤੇ ਮੈਨੂੰ ਕੋਈ ਨਾਜਾਇਜ਼ ਸਖਤੀ ਕਰਨ ਤੋਂ ਬਿਨਾਂ, ਜਿਲੇ ਦਾ ਪ੍ਰਬੰਧ ਚਲਾਉਣ ਦਿਓ, ਤਾਂ ਆਪਣੇ ਜਿਲੇ ਦੇ ਅਮਨ ਤੇ ਕਾਨੂਨ ਦੀ ਜਿਮੇਵਾਰੀ ਮੈਂ ਸ਼ੁੱਧ ਹ੍ਰਿਦਯ ਨਾਲ ਸੰਭਾਲਾਂਗਾ । ਨਹੀ ਤਾਂ ਮੈਂ, ਜਿਥੇ ਕਹੋ ਚਲਾ ਜਾਂਦਾ ਹਾਂ, ਯਾ ਨੌਕਰੀ ਛਡ ਦਿੰਦਾ ਹਾਂ ।" ਮੇਰੀ ਗੱਲ ਸਣ ਕੇ ਗਵਰਨਰ ਸਾਹਿਬ ਕੋਈ ਪਲ ਭਰ ਚੁੱਪ ਰਹੇ ਤੇ ਫੇਰ ਕੁਰਸੀ ਤੋਂ ਉਠ ਖੜੇ ਹੋਏ ਤੇ ਮੇਰੇ ਨਾਲ ਹੱਥ ਮਿਲਾ ਕੇ ਕਹਿਣ ਲਗੇ, "ਜਾਓ, ਕਰਨਾਲ ਹੀ ਟਿਕੇ ਰਹੋ । ਮੈਨੂੰ ਤੁਹਾਡੇ ਤੇ ਪੂਰਨ ਭਰੋਸਾ ਹੈ ।"

ਕਰਨਾਲ ਦੇ ਜਿਲੇ ਵਿਚ, ਮੇਰੇ ਹੁੰਦਿਆਂ, ਨ ਤਾਂ ਗੋਲੀ ਚੱਲੀ ਤੇ ਨਾਂ ਮਾਰ ਕੁੱਟ ਲੋਕਾਂ ਉਤੇ ਹੋਈ । ਗ੍ਰਿਫ਼ਤਾਰੀਆਂ ਹੋਈਆਂ, ਪਰ ਜਿਲੇ ਦੀ ਕਾਂਗ੍ਰਸ ਦੇ ਲੀਡਰ ਉਤਨਾਂ ਚਿਰ ਗ੍ਰਿਫ਼ਤਾਰ ਨ ਕੀਤੇ ਗਏ ਜਿਤਨ ਚਿਰ ਉਨਾਂ ਮੈਨੂੰ ਆਕੇ ਆਪ ਗ੍ਰਿਫ਼ਤਾਰੀ ਲਈ ਨ ਕਿਹਾ । ਵਰਧਾ ਆਸ਼੍ਰਮ ਤੋਂ ਇਕ ਦੋ ਆਦਮੀ ਕਰਨਾਲ ਵਿਚੋਂ, ਫਰੰਟੀਅਰ ਜਾਣ ਲਈ ਲੰਘੇ ਤਾ ਮੈਨੂੰ ਮਿਲ ਕੇ ਗਏ, ਤੇ ਇਕ, ਉਨਾਂ ਵਿਚੋਂ ਮੇਰੇ ਕੋਲੋਂ ਉਧਾਰ ਪੈਸੇ ਭੀ ਲੈ ਗਿਆ । ਪਰ ਕਰਨਾਲ ਵਿਚ ਸਾੜ ਫੂਕ ਯਾ ਹਿੰਸਕ ਕਾਰਵਾਈ ਕੋਈ ਨ ਹੋਈ।

ਅੱਜ ਵੀਹ ਸਾਲ ਪਿੱਛੋਂ ਇਹ ਗੱਲਾਂ ਲਿਖਣ ਬੈਠਾ ਹਾਂ ਤਾਂ ਸੋਚਦਾ ਹਾਂ ਕਿ ਕਿਤੇ ਕੋਈ ਦੇਸੀ ਰਾਜਾ ਹੁੰਦਾ, ਤਾਂ ਬਿਨਾਂ ਪੁੱਛ ਪੜਤਾਲ, ਬਿਨਾਂ ਧਰਮ ਕਾਨੂੰਨ ਵਚਾਰਿਆਂ, ਮੈਨੂੰ ਸਣ-ਬੱਚਾ ਘਾਣੀ ਪੀੜ ਸੁੱਟਣਾ ਸੀ ।

"ਫ਼ਲਕ ਨੇ ਉਨ ਕੋ ਅਤਾ ਕੀ ਹੈ ਖ਼ਾਜਗੀ ਕਿ ਜਿਨ੍ਹੇਂ,
ਖ਼ਬਰ ਨਹੀ ਰਵਸ਼ੇ ਬੰਦਹ ਪਰਵਰੀ ਕਿਆ ਹੈ ।"*

ਕ੍ਰਿਪਸ ਜੇਹੜੀ ਸਕੀਮ ਲੈ ਕੇ ਆਇਆ ਸੀ, ਉਸ ਬਾਰੇ ਕਾਂਗ੍ਰੇਸ ਨੇ ਮੰਗ ਕੀਤੀ, ਕਿ ਹੁਣੇ ਤੇ ਝਟਪਟ, ਕੇਂਦ੍ਰ ਵਿਚ ਹਿੰਦੁਸਤਾਨੀਆਂ ਦੇ ਹੱਥ ਤਾਕਤ ਦੇ ਦਿਤੀ ਜਾਵੇ, ਜੋ ਕਿ ਬਿਨਾਂ ਲੰਡਨ ਪਾਰਲੀਮੈਂਟ ਵਿਚ ਐਕਟ ਪਾਸ ਹੋਏ ਦੇ ਹੋ ਨਹੀਂ ਸੀ ਸਕਦਾ, ਤੇ ਉਸ ਵੇਲੇ, ਘੋਰ ਯੁੱਧ ਦੇ ਝਮੇਲਿਆਂ ਵਿਚ, ਇਹ ਐਕਟ ਪਾਸ ਹੋਣਾ ਅਸੰਭਵ ਸੀ । ਕ੍ਰਿਪਸ ਨੇ ਗਿਲਾ ਕੀਤਾ ਕਿ ਕਾਂਗ੍ਰੇਸ ਸਹਿਯੋਗ ਨਾਲ ਰਾਜਭਾਗ ਵਿਚ ਹਿੱਸੇਦਾਰ ਬਣਨ ਦੀ ਬਜਾਏ, ਆਲਟੀਮੇਟਮ ਦਿੰਦੀ ਹੈ, ਤਾਂ ਕਾਂਗ੍ਰੇਸ ਦੇ ਪ੍ਰਧਾਨ ਨਹਿਰੂ ਨੇ ਕਿਹਾ ਕਿ ਕ੍ਰਿਪਸ 'ਸ਼ੈਤਾਨ ਦਾ ਵਕੀਲ ਬਣ ਬੈਠਾ ਹੈ ।"**

ਇਉਂ ਕ੍ਰਿਪਸ ਮਿਸ਼ਨ, ਸੰਨ ੧੯੪੨ ਵਿਚ, ਫੇਹਲ ਹੋਇਆ ਤੇ ਕਾਂਗਰੈਸ ਨੇ "ਦੇਸ ਛਡ ਜਾਓ" ਦਾ ਅੰਦੋਲਨ ਅੰਗਰੇਜ਼ਾਂ ਦੇ ਬਰਖ਼ਿਲਾਫ਼ ਆਰੰਭ ਦਿਤਾ । ਜੇ ਅੰਗਰੇਜ਼ ਝਟ ਪਟ ਮੁਲਕ ਛਡ ਜਾਣ, ਬਿਨਾਂ ਕੋਈ ਰਾਜ ਕਾਜ ਦਾ ਕੰਮ ਚਲਾਣ ਲਈ, ਪੱਕਾ ਪ੍ਰਬੰਧ ਕੀਤੇ ਦੇ, ਤਾਂ ਦੇਸ ਦੀ ਕੀ ਗਤੀ ਹੋਵੇਗੀ, ਇਸ ਉਤੇ ਕੋਈ ਦੀਰਘ ਵਿਚਾਰ ਨ ਗਾਂਧੀ ਜੀ ਨੇ ਕੀਤੀ ਤੇ ਨ ਹੀ ਕਾਂਗਰੈਸ ਦੇ ਹੋਰ ਆਗੂਆਂ ਨੇ । ਉਸ ਵੇਲੇ, ਸੰਨ ੧੯੪੨ ਵਿਚ, ਜਦੋਂ ਕਿ ਘੋਰ ਵਿਸ਼ਵ ਯੁਧ ਮਚ ਰਿਹਾ ਸੀ ਤੇ ਜਾਪਾਨੀ ਫੌਜਾਂ ਤੇ ਬੇੜੇ ਹਿੰਦੁਸਤਾਨ ਦੀਆਂ ਸਰਹੱਦਾਂ ਤੇ ਖੜੇ ਸਨ, ਜੇ ਅੰਗਰੇਜ਼ ਗਾਂਧੀ ਜੀ ਤੇ ਕਾਂਗਰੈਸ ਦੀ ਗੱਲ ਮੰਨਕੇ ਦੇਸ਼ ਨੂੰ ਨਿਖਸਮਾ ਛਡਕੇ ਨਿਕਲ ਜਾਂਦੇ ਤਾਂ ਜੋ ਖ਼ੂਨ ਖਰਾਬਾ, ਬਦਅਮਨੀ ਤੇ ਰਾਮਰੌਲਾ ਪੈਣਾ ਸੀ, ਉਸ ਦੇ ਸਾਹਮਣੇ ਨਾ ਕੇਵਲ ੧੯੪੭ ਦਾ ਰਕਤ ਸਰਾਵ ਹੀ ਮਾਤ ਪੈ ਜਾਂਦਾ ਸਗੋਂ ਹਿੰਦੁਸਤਾਨ ਵਿਚ ਮੁੜ ਕੋਈ ਸਥਿਰ ਸਰਕਾਰ ਤੇ ਅਮਨ ਕਾਇਮ ਹੋਣ ਵਿਚ ਕਈ ਦਹਾਕੇ ਲਗ ਜਾਣੇ ਸਨ । ਸ੍ਵੈਰਾਜ ਯਾ ਸੁਤੰਤ੍ਰਤਾ ਦਾ ਕੀ ਹਸ਼ਰ ਹੁੰਦਾ, ਇਹ ਹੁਣ ਵਿਚਾਰ ਕਰਨਾ ਹੀ ਦੁਖਦਾਈ ਹੈ ।

ਅਗਸਤ ੧੯੪੨ ਤੋਂ ਲੈ ਕੇ, ਇਸ ਸਾਲ ਦੇ ਅਖੀਰ ਤਕ, ਮਲਕ ਵਿਚ "ਦੇਸ਼ ਛੋੜ ਜਾਓ" ਦਾ ਅੰਦੋਲਨ ਘੋਰ ਰੂਪ ਵਿਚ ਚਲਦਾ ਰਿਹਾ, ਪਰ ਸੰਨ ੧੯੪੩ ਦੇ ਅਰੰਭ ਵਿਚ ਯੁਧ ਦਾ ਝੁਕਾ, ਜਿਹੜਾ ਕਿ ਅੱਜ ਤਕ ਅੰਗਰੇਜ਼ਾਂ ਦੇ ਬਰਖਿਲਾਫ ਜਾ ਰਿਹਾ ਸੀ, ਉਨ੍ਹਾਂ ਦੇ ਹੱਕ ਵਿਚ ਪਲਟ ਗਿਆ । ਇਸ ਵੇਲੇ ਤਕ ਕਾਂਗਰੈਸ ਦੇ ਅੰਗਰੇਜ਼ਾਂ ਵਿਰਧ ਅੰਦੋਲਨ ਦਾ ਲੱਕ ਭੀ ਟੁਟ ਚੁਕਾ ਸੀ । ਇਉਂ ਅੰਗਰੇਜ਼ੀ ਸਰਕਾਰ ਬਾਹਰੋਂ ਅੰਦਰੋਂ ਦੋਹਾਂ ਪਾਸਿਆਂ ਤੋਂ ਸੁਰਖਯਤ ਹੋ ਗਈ ਸੀ । ਸੰਨ ੧੯੪੪ ਦੇ ਅਰੰਭ ਵਿਚ, ਜਨਵਰੀ ਵਿਚ, ਮਹਾਤਮਾ ਗਾਂਧੀ ਨੇ ਵਾਇਸਰਾਏ ਲਿਾਰਡ ਵੇਵਲ ਨੂੰ ਜੇਹਲ ਵਿਚੋਂ ਇਕ ਚਿੱਠੀ ਲਿਖੀ, ਜਿਸ ਵਿਚ ਸੰਨ ੧੯੪੨ ਵਾਲਾ ਜੋਸ਼ ਤੇ 'ਕਰੋ ਜਾਂ ਮਰੋ' ਦੀ ਸਪਿਰਟ ਦਾ ਤਿਆਗ ਸੀ ਤੇ ਹਲੀਮੀ ਤੇ ਨਰਮੀ ਦੇ ਲਹਿਜੇ ਵਿਚ ਕਿਹਾ ਗਿਆ ਸੀ

---

* فلک نے اُن کو عطا کی ہے خواجگی کہ جنہیں
خبر نہیں روشِ بندہ پروری کیا ہے—

**The daily *Hindustan Times*, Delhi, 27th April, 1942.

ਕਿ "ਦੇਸ਼ ਛੋੜ ਜਾਓ" ਦਾ ਭਾਵ ਇਹ ਨਹੀਂ ਸੀ ਕਿ ਮੁਲਕੋਂ ਨਿਕਲ ਜਾਓ, ਇਹ ਨਾਹਰਾ ਤਾਂ ਐਵੇਂ ਸੁਤੰਤ੍ਰਤਾ ਪ੍ਰਾਪਤੀ ਲਈ ਬੇਹਬਲਤਾ ਦਾ ਸੂਚਕ ਸੀ ।

ਇਉਂ ਕਾਂਗਰਸ ਤੇ ਅੰਗਰੇਜ਼ੀ ਸਰਕਾਰ ਦੇ ਦੋਬਾਰਾ ਸਹਿਯੋਗ ਦੀ ਨੀਂਹ ਬੱਝੀ ।

ਇਥੇ ਸਿੱਖਾਂ ਦੇ ਪ੍ਰਮੁਖ ਨੇਤਾ, ਅਕਾਲੀ ਲੀਡਰ ਮਾਸਟਰ ਤਾਰਾ ਸਿਘ ਦੇ, ਸੰਨ ੧੯੪੨ ਵਿਚ ਧਾਰਨ ਕੀਤੇ, ਰਵੱਈਏ ਦਾ ਵਰਨਣ ਧਮਾਊਨਲ ਅਵਾਰਡ ਦੀ ਇਸ ਕਹਾਣੀ ਦੇ ਮੁਕੰਮਲ ਕਰਨ ਹਿਤ, ਬੜਾ ਜ਼ਰੂਰੀ ਹੈ ।

ਜਦੋਂ ਕਾਂਗਰੈਸ ਤੇ ਗਾਂਧੀ ਜੀ ਨੇ ਅੰਗਰੇਜ਼ਾਂ ਨੂੰ ਆਤੁਰ ਕਰਨ ਦਾ ਅੰਦੋਲਨ ਜਾਰੀ ਕੀਤਾ ਤਾਂ ਦੇਸ਼ ਦੀਆਂ ਉਹ ਜਾਤੀਆਂ, ਜਿਨ੍ਹਾਂ ਵਿਚੋਂ ਹਿੰਦੁਸਤਾਨੀ ਫੌਜ ਲਈ ਸਿਪਾਹੀ, ਬਹੁਤ ਕਰਕੇ, ਪਰੰਮਪਰਾ ਤੋਂ ਭਰਤੀ ਹੁੰਦੇ ਤੇ ਕੀਤੇ ਜਾਂਦੇ ਹਨ, ਉਨ੍ਹਾਂ ਵਿਚ, ਸਿੱਖਾਂ ਨੂੰ ਛਡਕੇ, ਕਾਂਗਰੈਸ ਦਾ ਰਸੂਖ ਤੇ ਪ੍ਰਭਾਵ ਬਹੁਤ ਘਟ ਸੀ । ਰਾਜਪੂਤ, ਜਾਟ, ਗੋਰਖੇ, ਮੁਸਲਮਾਨ ਤੇ ਮਰਾਠੇ, ਸਾਰ ਕਾਂਗਰੈਸ ਦੇ ਉਦੇਸ਼ ਤੇ ਅੰਦੋਲਨ ਦੇ ਬਾਵਜੂਦ ਫੌਜ ਵਿਚ ਵੱਡੀ ਗਿਣਤੀ ਵਿਚ ਭਰਤੀ ਹੋ ਰਹੇ ਸਨ । ਪੰਜਾਬ ਦੇ ਮੁਸਲਮਾਨ ਤੇ ਫਰੰਟੀਅਰ ਦੇ ਪਠਾਣ, ਖਾਸ ਕਰਕੇ ਮੁਸਲਿਮ ਲੀਗ ਦੇ ਹੁਕਮਾਂ ਤੇ ਪਾਲਿਸੀ ਨੂੰ ਅਮੰਨਾ ਕਰਕੇ ਫੌਜ ਵਿਚ ਦਬਾਦਬ ਭਰਤੀ ਹੋ ਰਹੇ ਸਨ । ਇਨ੍ਹਾਂ ਜਾਤੀਆਂ ਦਾ ਰਾਜਸੀ ਤੇ ਨਸਲੀ ਰੁਹਜਾਨ ਕਤ ਅਜਿਹਾ ਸੀ ਕਿ ਜੇ ਲਾਲ ਕੁਰਤੀਆਂ ਦੇ ਲੀਡਰ ਤੇ ਪੰਜਾਬ ਵਿਚ ਮੁਸਲਿਮ ਤ੍ਰੱਰੇਬਾਜ਼, ਯੂਨੀਅਨਿਸਟ ਲੀਡਰ ਉਨਾਂ ਨੂੰ ਰੋਕਦੇ ਭੀ, ਤਾਂ ਭੀ ਉਨ੍ਹਾਂ ਨੇ ਗੱਜ ਵੱਜਕੇ ਫੌਜ ਵਿਚ ਭਰਤੀ ਹੋਈ ਜਾਣਾਂ ਸੀ । ਹਾਂ, ਜੇ ਉਸ ਵੇਲੇ ਅਕਾਲੀ ਸਿੱਖ ਲੀਡਰ, ਸਿੱਖਾਂ ਵਿਚ ਫੌਜੀ ਭਰਤੀ ਦੇ ਬਰਖਿਲਾਫ ਪ੍ਰਚਾਰ ਕਰਦੇ ਤਾਂ ਇਸ ਦਾ ਬੜਾ ਭਾਰੀ ਅਸਰ ਪੈਣਾਂ ਸੀ । ਇਉਂ ਹਿੰਦੁਸਤਾਨੀ ਫ਼ੌਜ ਵਿਚ ਮੁਸਲਮਾਨਾਂ ਦੀ, ਉੱਤਰ ਪਛਮੀ ਹਿੰਦੁਸਤਾਨ ਦੇ ਮੁਸਲਮਾਨਾਂ ਦੀ, ਪਕਿਸਤਾਨੀ ਪ੍ਰਾਂਤਾਂ ਦੇ ਮੁਸਲਮਾਨਾਂ ਦੀ, ਗਿਣਤੀ ਬਹੁਤ ਵਧ ਜਾਣੀ ਸੀ । ਉਸ ਵੇਲੇ ਜੇ ਅੰਗਰੇਜ਼ ਗਾਂਧੀ ਜੀ ਨੂੰ ਖੁਸ਼ ਕਰਨ ਲਈ ਤੇ ਕਾਂਗਰੈਸ ਨੂੰ ਪ੍ਰਸੰਨ ਕਰਨ ਲਈ ਮੁਲਕ ਨੂੰ ਛਡਕੇ ਚਲੇ ਜਾਂਦੇ ਯਾ ਵਿਸ਼ਵ ਯੁਧ ਦਾ ਪਾਸਾ ਐਸਾ ਪਲਟਦਾ ਕਿ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਨੱਸਣਾ ਪੈਂਦਾ ਤਾਂ ਨਾ ਕੇਵਲ ਪੰਜਾਬ ਤੇ ਪਾਕਿਸਤਾਨੀ ਪ੍ਰਾਂਤਾਂ ਦੀ ਸਗੋਂ ਸਾਰ ਹਿੰਦੁਸਤਾਨ ਅਤੇ ਸਾਰੀ ਹਿੰਦੂ ਜਾਤੀ ਦੀ ਕਿਸਮਤ ਇਨ੍ਹਾਂ ਹਥਿਆਰਬੰਦ, ਨਵੀਨ ਹਥਿਆਰਾਂ ਦੀ ਵਰਤੋਂ ਤੇ ਲੜਾਈ ਦੇ ਢੰਗਾਂ ਵਿਚ ਨਿਪੁਣ, ਮੁਸਲਮਾਨ ਫੌਜੀਆਂ ਦੇ ਹੱਥ ਆ ਜਾਣੀ ਸੀ, ਜਿਸ ਦਾ ਸਿੱਟਾ ਕਿ ਨਿਰਸੰਦੇਹ ਇਹ ਨਿਕਲਦਾ ਕਿ ਪਸ਼ਾਵਰ ਤੋਂ ਲੈ ਕੇ ਕੰਨਿਆਕੁਮਾਰੀ ਤਕ ਨਾ ਹਿੰਦੂ ਧਨ ਸਬਾਵਰ ਤੇ ਨਾ ਹਿੰਦੂ ਪਤਿ ਪ੍ਰਤਿਸ਼ਤਾ ਬਚ ਸਕਦੀ । ਪੂਰਨ ਸਵੈਰਾਜ, ਸਰਵਸ੍ਰੇਸ਼ਤਾ ਸੰਪੰਨ ਗਣਤੰਤਰ ਰਾਜ ਅਤੇ ਸ਼ਕਤੀਸ਼ਾਲੀ ਸੈਕਲਰ ਕੇਂਦਰ ਦੀ ਤਾਂ ਗਲ ਹੀ ਜਾਣ ਦਿਉ । ਇਸ ਸਮੇਂ ਸਿੱਖ ਲੀਡਰਾਂ ਨੇ, ਜਿਨ੍ਹਾਂ ਦੇ ਸਲਾਹਕਾਰ ਸਰ ਜੋਗਿੰਦਰ ਸਿੰਘ ਸਨ ਅਤੇ ਜਿਨ੍ਹਾਂ ਦੇ ਮੁਖੀ ਲੀਡਰ ਮਾਸਟਰ ਤਾਰਾ ਸਿੰਘ ਸਨ, ਨੇ ਬੜੀ ਦੀਰਘ ਦ੍ਰਿਸ਼ਟੀ ਤੇ ਹੌਂਸਲੇ ਤੋਂ ਕੰਮ ਲਿਆ । ਭਾਵੇਂ ਮੁਲਕ ਦੀਆਂ ਲੋਕ-ਪ੍ਰਿਯ ਅਖਬਾਰਾਂ ਤੇ ਆਮ ਕਾਂਗਰੈਸ ਹਿੰਦੂ ਜਜ਼ਬਾ ਇਸ ਕਦਮ ਨੂੰ ਅਤੀ ਨਿੰਦਨੀਯ ਗਿਣਦਾ ਸੀ, ਪਰ ਸਿਖ ਲੀਡਰਾਂ ਨੇ, ਇਸ ਜਨਤਕ 'ਵਾਹ ਵਾਹ' ਦਾ ਲਾਲਚ ਛਡਕੇ, ਇਹ ਨਿਸ਼ਚਿਤ ਕੀਤਾ ਕਿ ਫੌਜ ਵਿਚ ਸਿੱਖ ਵਧ ਤੋਂ ਵਧ ਭਰਤੀ

ਹੋਣ। ਇਸ ਸੂਨੀਤੀ ਦੇ ਸਿੱਟੇ ਤਿੱਨ ਨਿਕਲੇ (੧) ਹਥਿਆਰਬੰਦ ਮੁਸਲਮਾਨੀ ਫੌਜੀਆਂ ਦਾ ਅੰਗੂਠਾ ਹਿੰਦੂਆਂ ਤੇ ਕਾਂਗਰੇਸ ਦੀ ਸੰਘੀ ਤੋਂ ਢਿੱਲਾ ਪੈ ਗਿਆ, (੨) ਉੱਤਰ ਪੱਛਮੀ ਹਿੰਦੁਸਤਾਨ ਵਿਚ ਫੌਜ-ਗਰਦੀ ਰਾਹੀਂ ਪਾਕਿਸਤਾਨ ਕਾਇਮ ਕਰਨ ਦੀ ਸੰਭਾਵਨਾ ਦਾ ਨਿਰੋਧ ਹੋ ਗਿਆ ਅਤੇ (੩) ੧੮੫੭ ਦੇ ਗ਼ਦਰ ਤੋਂ ਪਿਛੋਂ, ਪਹਿਲੀ ਵਾਰ, ਅੰਗਰੇਜ਼ਾਂ ਦੇ ਮਨ ਵਿਚ ਮੁੜ ਇਹ ਵਿਸ਼ਵਾਸ ਉਪਜਿਆ ਕਿ ਹਿੰਦੁਸਤਾਨ ਵਿਚ ਸਿੱਖਾਂ ਦੀ ਗੌਰਵਤਾ ਨੂੰ ਸਿਰਾਂ ਦੀ ਗਿਣਤੀ ਦਵਾਰਾ ਸੀਮਤ ਕਰਨ ਦਾ ਅਸੂਲ ਨਾ ਕੇਵਲ ਸਿੱਖਾਂ ਨਾਲ ਧੱਕਾ ਹੈ, ਸਗੋਂ ਦੀਰਘ ਦਰਿਸ਼ਟੀ ਨਾਲ ਵਿਚਾਰਿਆਂ, ਸਾਰੇ ਹਿੰਦੁਸਤਾਨ ਨਾਲ ਅਨਿਆ ਕਰਨਾ ਹੈ।

ਅਗਲੀ ਸਾਖੀ ਵਿਚ ਹੁਣੇ ਖੁਲ੍ਹੇਗਾ ਕਿ ਕਿਵੇਂ ਪਹਿਲੇ ਦੋ ਲਾਭ ਤਾਂ, ਬੁੱਧੀਵਾਨਾਂ ਨੇ ਪ੍ਰਾਪਤ ਕਰ ਲਏ, ਅਤੇ ਸਾਰੇ ਦੇਸ਼ ਨੂੰ ਇਨਾਂ ਦਾ ਭਾਰੀ ਫ਼ਾਇਦਾ ਪੁੱਜਾ, ਪਰ ਤੀਜਾ ਲਾਭ, ਜਿਸ ਨੂੰ ਵਰਤ ਕੇ ਸਿੱਖ ਆਪਣੇ ਬਚਾਅ ਲਈ ਕੁਝ ਗੌਰਵ ਪ੍ਰਾਪਤ ਕਰ ਸਕਦੇ ਸਨ, ਉਸ ਨੂੰ ਸਿੱਖਾਂ ਨੇ, ਜਾਣ ਬੁੱਝ ਕੇ, ਇਉਂ ਠੁਕਰਾ ਦਿਤਾ ਜਿਵੇਂ ਸਮੁੰਦਰ ਮੰਥਨ ਪਿਛੋਂ, ਮੋਹਣੀ ਦੇ ਨਖਰਿਆਂ ਵਿਚ ਆ ਕੇ, ਦੈਤਾਂ ਨੇ, ਸੁਰਾ ਛਕ ਲਈ ਸੀ ਤੇ ਅੰਮ੍ਰਿਤ ਨਹੀਂ ਸੀ ਛਕ ਸਕੇ। ਵਰਤਮਾਨ ਮਨੋਵਿਗਿਆਨ ਵਿਚ, ਦੈਂਤਾਂ ਦੀ ਪ੍ਰਾਧੀਨਤਾ ਅਤੇ ਸੁਰਾਂ ਦੇ ਵਿਜਈ ਹੋਣ ਦਾ ਮੂਲ ਕਾਰਣ, ਦੈਂਤਾਂ ਦੀ ਇਹ ਅਨਗਹਿਲੀ ਹੀ ਹੈ. ਦੈਤਾਂ ਦਾ ਅਸਲੀ ਸੁਭਾਅ ਨਹੀਂ ਹੈ। ਉਂਜ, ਸਿੱਖ ਸੁਭਾਵਕ ਸੁਰਾਵ੍ਰਿਤੀ ਹਨ, ਕਿਉਂਕਿ ਪ੍ਰਾਣੀ ਮਾਤ੍ਰ ਦੀ ਸੇਵਾ ਤੇ ਵਭਿੰਨ ਜਾਤੀਆਂ ਵਿਚ ਸਹਿਯੋਗ ਕਰਵਾਉਣ ਦੇ ਜਤਨ ਹੀ ਉਨ੍ਹਾਂ ਦੇ ਗੁਰੂਆਂ ਦੇ ਦਰਸਾਏ ਹੋਏ, ਮੁੱਖ ਆਦੇਸ਼ ਹਨ।

ਸੰਨ ੧੯੪੩ ਵਿਚ, ਜੇ ਅੰਗ੍ਰੇਜ਼ ਹਾਕਮ ਬਦਲਾ ਲੈਣ ਦੀ ਮਨੋਵ੍ਰਿਤੀ ਵਿਚ ਹੁੰਦੇ ਤਾਂ ਦੇਸ਼ ਦੇ ਉਨਾਂ ਅੰਗਾਂ ਨੂੰ, ਜਿਨ੍ਹਾਂ ਨੇ ਕਿ "ਦੇਸ਼ ਛੋੜ ਜਾਓ" ਦਾ ਅੰਦੋਲਨ ਚਾਲੂ ਕੀਤਾ ਸੀ, ਇਉਂ ਕੁਚਲ ਕੇ ਰੱਖ ਦਿੰਦੇ, ਜਿਵੇਂ ਸੰਨ ੧੮੫੭ ਤੋਂ ਪਿਛੋਂ, ਪੂਰਬੀਆਂ ਨੂੰ ਘਸਿਆਰੇ ਬਣਾ ਦਿੱਤਾ ਗਿਆ ਸੀ। ਪਰ ਜਿਸ ਸਮੇਂ, ਮਹਾਤਮਾ ਗਾਂਧੀ ਨੇ ਲਾਰਡ ਵੇਵਲ ਨੂੰ ਜੇਲ ਵਿਚੋਂ ਚਿਠੀ ਲਿਖੀ ਸੀ, ਉਸ ਤੋਂ ਕੁਝ ਦਿਨ ਪਹਿਲਾਂ ਹੀ, ਲਾਰਡ ਵੇਵਲ ਨੇ, ਸੈਂਟਰਲ ਅਸੈਂਬਲੀ ਵਿਚ, ਹਿੰਦੁਸਤਾਨ ਦੇ ਰਾਜਸੀ ਤੇ ਵਿਧਾਨਕ ਭਵਿਸ਼ ਬਾਰੇ ਇਕ ਭਾਸ਼ਨ ਦਿਤਾ ਸੀ ਜਿਸ ਦੀ ਨਕਲ ਕਿ ਉਸ ਨੇ ਮਹਾਤਮਾ ਗਾਂਧੀ ਨੂੰ ਭੇਜ ਦਿਤੀ। ਉਸ ਭਾਸ਼ਨ ਵਿਚ ਲਾਰਡ ਵੇਵਲ ਨੇ ਕਿਹਾ ਸੀ: "ਭਾਵੇਂ ਐਸ ਵੇਲੇ ਅੰਗਰੇਜ਼ਾਂ ਦਾ ਮੁਖ ਮੰਤਵ ਜੰਗ ਨੂੰ ਜਿੱਤਣਾਂ ਹੈ, ਪਰ ਅਸੀਂ ਆਉਣ ਵਾਲੇ ਦਿਨਾਂ ਲਈ ਭੀ ਬਹੁਤ ਤਿਆਰੀ ਕਰ ਰਹੇ ਹਾਂ। ਅੰਗਰੇਜ਼ ਜਾਤੀ ਤੇ ਬ੍ਰਿਟਿਸ਼ ਸਰਕਾਰ ਸੰਯੁਕਤ, ਖੁਸ਼ਹਾਲ ਤੇ ਸਵਤੰਤਰ ਹਿੰਦੁਸਤਾਨ ਨੂੰ ਦੇਖਣ ਦੀ ਪੱਕੀ ਇੱਛਾਵਾਨ ਹੈ। ਹਿੰਦੁਸਤਾਨ ਦਾ ਵੰਡਾਰਾ ਕਦਾਚਿਤ ਯੋਗ ਨਹੀਂ, ਕਿਉਂਕਿ ਕੁਦਰਤ ਨੇ ਭੂਗੋਲਕ ਤੌਰ ਤੇ ਹਿੰਦੁਸਤਾਨ ਨੂੰ ਅਖੰਡ ਬਣਾਇਆ ਹੈ। ਜਿਸ ਵੇਲੇ ਭੀ ਹਿੰਦੁਸਤਾਨੀ ਮਿਲ ਕੇ ਆਪਣਾ ਮਨ ਭਾਉਂਦਾ ਵਿਧਾਨ ਬਣਾ ਲੈਣ, ਅਸੀਂ ਦੇਸ਼ ਦਾ ਸਾਰਾ ਰਾਜ ਭਾਗ ਉਨ੍ਹਾਂ ਨੂੰ ਛੇਤੀ ਸੌਂਪਣ ਨੂੰ ਤਿਆਰ ਹਾਂ। ਜਿਨ੍ਹਾਂ ਨੇ ਸੰਨ ੧੯੪੨ ਦੀ ਸਾੜ ਫੂਕ ਦੀ ਮਹਿਮ ਚਲਾਈ ਸੀ, ਅਸੀਂ ਉਨ੍ਹਾਂ ਨੂੰ ਜੇਹਲਾਂ ਚੋਂ ਕੱਢਣ ਲਈ ਤਿਆਰ ਹਾਂ, ਜੇ

ਉਹ ਭਰੋਸਾ ਦਵਾਣ ਕਿ ਫੇਰ ਅਜਿਹਾ ਘੋਰੂ ਨਹੀਂ ਪਾਣਗੇ । ਅਸੀਂ, ਮੰਨਦੇ ਹਾਂ ਕਿ ਕਾਂਗਰਸੀਆਂ ਦੀ ਚੇਸ਼ਟਾ ਉੱਚੀ ਹੈ ਤੇ ਉਹ ਬੜੇ ਦੇਸ਼ ਭਗਤ ਹਨ," ਆਦਿ ।

ਕੁਝ ਚਿਰ ਪਿਛੋਂ ਸੈਕਰੇਟਰੀ ਆਫ ਸਟੇਟ ਨੇ ਲੰਡਨ ਤੋਂ ਐਲਾਨ ਕੀਤਾ ਕਿ ਸਰ ਸਟੈਫਰਡ ਕ੍ਰਿਪਸ ਜਿਹੜੀਆਂ ਤਜਵੀਜ਼ਾਂ ਲੈ ਕੇ ਹਿੰਦੁਸਤਾਨ ਗਏ ਸਨ, ਉਹ ਬਦਸਤੂਰ ਖੁਲ੍ਹੀਆਂ ਹਨ ਅਤੇ ਹਿੰਦੁਸਤਾਨੀ ਤੇ ਕਾਂਗਰਸੀ ਨੇਤਾ ਜਦ ਚਾਹੁਣ ਉਹਨਾ ਤੇ ਵਿਚਾਰ ਵਟਾਂਦਰਾ ਅਰੰਭ ਲੈਣ ।

ਇਸ ਸਮੇਂ ਗਾਂਧੀ ਜੀ ਨੂੰ ਜੇਹਲ ਵਿਚ ਬੀਮਾਰ ਹੋ ਜਾਣ ਦੇ ਕਾਰਨ ਛਡ ਦਿਤਾ ਗਿਆ । ਜਨਵਰੀ, ਸੰਨ ੧੯੪੪ ਵਿਚ ਰਾਜਗੋਪਾਲਾਚਾਰੀ ਨੇ ਇਕ ਫਾਰਮੂਲਾ ਗਾਂਧੀ ਜੀ ਕੋਲੋਂ ਮੰਨਜ਼ੂਰ ਕਰਵਾ ਲਿਆ ਜਿਸ ਵਿਚ ਪਾਕਿਸਤਾਨ ਦਾ ਅਸੂਲ ਮੰਨ ਲਿਆ ਗਿਆ ਸੀ । ਗਾਂਧੀ ਜੀ ਨੇ ਜਿਨਾਹ ਨਾਲ ਸਿਧਾ ਚਿੱਠੀ ਪੱਤਰ ਅਰੰਭ ਦਿਤਾ, ਪਰ ਕੋਈ ਫੈਸਲਾ ਹਿੰਦੂਆਂ ਤੇ ਮੁਸਲਮਾਨਾਂ ਦੇ ਝਗੜੇ ਦਾ ਨਾ ਹੋ ਸਕਿਆ । ਰਾਜਗੋਪਾਲਾਚਾਰੀ ਦੇ ਫਾਰਮੂਲੇ ਵਿਚ ਬੰਗਾਲ, ਪੰਜਾਬ ਆਦਿ ਦੇ ਕੇਵਲ ਉਹ ਭਾਗ ਹੀ ਪਾਕਿਸਤਾਨ ਵਿਚ ਜਾ ਸਕਦੇ ਸਨ ਜਿਨ੍ਹਾਂ ਦੀ ਬਹੁ-ਗਿਣਤੀ ਪਾਕਿਸਤਾਨ ਦੇ ਹੱਕ ਵਿਚ ਵੋਟ ਪਾਵੇ ਅਤੇ ਮਿਸਟਰ ਜਿਨਾਹ ਦਾ ਗਿਲਾ ਸੀ ਕਿ ਇਹ ਤਾਂ 'ਕੀੜਿਆਂ ਖਾਧਾ ਪਾਕਿਸਤਾਨ' ("moth-eaten Pakistan") ਹੈ । ਦੂਜੀ ਮਦ ਰਾਜਾ ਜੀ ਦੇ ਫਾਰਮੂਲੇ ਵਿਚ ਇਹ ਸੀ ਕਿ ਜੇ ਪਾਕਿਸਤਾਨ ਬਣ ਜਾਵੇ ਤਾਂ ਹਿੰਦਸਤਾਨ ਤੇ ਪਾਕਿਸਤਾਨ ਦੀ ਤਜਾਰਤ, ਯਾਤਾਯਾਤ ਅਤੇ ਸਾਂਝੀ ਸੈਨਿਕ ਸੁਰੱਖਿਆ ਬਾਰੇ ਸਮਝੌਤਾ ਹੋਣਾ ਲੋੜੀਏ । ਇਹ ਗੱਲ ਮਿਸਟਰ ਜਿਨਾਹ ਦੇ ਵਿਚਾਰ ਵਿਚ ਮੁਸਲਮਾਨਾਂ ਉਤੇ ਠੋਸੀ ਨਹੀਂ ਜਾਣੀ ਚਾਹੀਦੀ ਸੀ ਕਿਉਂਕਿ ਮੁਸਲਮਾਨ ਵੱਖਰੀ ਕੌਮ ਹਨ ।

ਅੰਤ, ਨੂੰ ਸੰਨ ੧੯੪੭ ਵਿਚ, ਪਾਕਿਸਤਾਨ, ਰਾਜਾ ਜੀ ਦੇ ਫਾਰਮੂਲੇ ਦੀ ਪਹਿਲੀ ਮਦ ਦੇ ਆਧਾਰ ਤੇ ਹੀ ਬਣਿਆ ਅਤੇ ਦੂਜੀ ਮਦ ਮਸਲਮ ਲੀਗ ਨੇ ਤਾਂ ਸਵੀਕਾਰ ਕਰ ਲਈ ਸੀ, ਪਰ ਪੰਡਤ ਨਹਿਰੂ ਜੀ ਦੇ ਕਲਕਤੇ ਵਿਚ ਇੱਕ ਪ੍ਰੈਸ ਕਾਨਫਰੰਸ ਵਿਚ ਕਹੇ ਹੋਏ ਕੁਛ ਅਯੋਗ ਬਚਨਾਂ ਨੇ ਮੁਸਲਮਾਨਾਂ ਨੂੰ ਅਜੇਹਾ ਭੈਭੀਤ ਕੀਤਾ ਤੇ ਤ੍ਰਹਬਕਾਇਆ ਕਿ ਪਾਕਿਸਤਾਨ ਤੇ ਹਿੰਦੁਸਤਾਨ ਨਾ ਕੇਵਲ ਦੋ ਵੱਖਰੇ ਦੇਸ਼, ਪਰ ਇੱਕ ਦੂਜੇ ਦੇ ਵਿਰੋਧੀ ਦੇਸ ਬਣ ਗਏ । ਇਹ ਵਿਸਤਾਰ ਅੱਗੇ ਆਵੇਗਾ ।

ਸੰਨ ੧੯੪੫ ਦੇ ਅਰੰਭ ਵਿਚ, ਇਹ ਵੇਖ ਕੇ ਕਿ ਹਿੰਦੁਸਤਾਨ ਦੇ ਲੀਡਰ ਕਿਸੇ ਆਪਸੀ ਸਮਝੌਤੇ ਉਤੇ ਪੁਜਣੋਂ ਅਸਮਰਥ ਹਨ, ਵਾਇਸਰਾਏ ਲਾਰਡ ਵੇਵਲ ਲੰਡਨ ਗਿਆ ਅਤੇ ਉਥੋਂ ਬਰਤਾਨਵੀ ਸਰਕਾਰ ਨਾਲ ਸਲਾਹ ਮਸ਼ਵਰਾ ਕਰਕੇ ਇਕ ਸਕੀਮ ਨਾਲ ਲਿਆਇਆ ਜਿਸ ਦਾ ਮੰਤਵ ਹਿੰਦੂ ਮਸਲਿਮ ਬਰਾਬਰੀ ਦੇ ਆਧਾਰ ਤੇ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਬਨਾਣਾ ਸੀ, ਜਿਸ ਦੇ ਹੱਥ ਕਿ, ਯੁੱਧ ਦਾ ਮਹਿਕਮਾ ਆਪ ਰਖ ਕੇ, ਬਾਕੀ ਸਾਰੇ ਅਖਤਿਆਰ ਸੌਂਪ ਦਿਤੇ ਜਾਣ । ਇਸ ਫੈਸਲੇ ਅਨੁਸਾਰ ਕਾਂਗਰੇਸ ਦੇ ਬਾਕੀ ਲੀਡਰ ਭੀ ਜੇਲ੍ਹਾਂ ਵਿਚੋਂ ਛਡ ਦਿਤੇ ਗਏ ਅਤੇ ੨੫ ਜੂਨ, ੧੯੪੫ ਨੂੰ ਸ਼ਿਮਲੇ ਵਿਚ ਕਾਨਫਰੰਸ ਦਾਂ ਅਰੰਭ ਹੋਇਆ । ਇਸ ਕਾਨਫਰੰਸ

ਵਿਚ ਮਿਸਟਰ ਜਿਨਾਹ ਨੇ ਪੱਕੀ ਮੰਗ ਇਹੋ ਕੀਤੀ ਕਿ ਵਾਇਸਰਾਏ ਦੀ ਨਵੀਂ ਬਣਨ ਵਾਲੀ ਐਗਜ਼ੈਕਟਿਵ ਕੌਂਸਲ ਵਿਚ ਸਾਰੇ ਦੇ ਸਾਰੇ ਮੁਸਲਮਾਨ ਮੈਂਬਰ ਮੁਸਲਿਮ ਲੀਗ ਦੇ ਭੇਜੇ ਹੋਏ ਲਏ ਜਾਣ । ਇਹ ਗੱਲ ਕਾਂਗਰੇਸ ਨੇ ਨਾ ਮੰਨੀ, ਕਿਉਂ ਜੁ ਇਉਂ ਜਿਹੜੇ ਮੁਸਲਮਾਨ ਕਾਂਗਰੇਸ ਦੇ ਨਾਲ ਸਨ ਉਨ੍ਹਾਂ ਦਾ ਤਿਰਸਕਾਰ ਤੇ ਰਾਜਸੀ ਅਭਾਵ ਹੁੰਦਾ ਸੀ । ਇਸ ਕਾਰਣ, ਇਸ ਸ਼ਿਮਲੇ ਵਾਲੀ ਕਾਨਫਰੰਸ ਦਾ ਕੋਈ ਠੋਸ ਸਿੱਟਾ ਨ ਨਿਕਲਿਆ ।

ਸ਼ਿਮਲੇ ਦੀ ਇਸ ਕਾਨਫਰੰਸ ਦੇ ਫੇਲ੍ਹ ਹੋਣ ਪਿਛੋਂ, ਝੱਟ ਪੱਟ, ਵਲੈਤ ਵਿਚ ਰਾਜਸੀ ਵਾਤਾਵਰਣ ਬਦਲ ਗਿਆ । ਲੰਡਨ ਦੀ ਪਾਰਲੀਮੈਂਟ ਦੇ ਜਿਹੜੇ ਨਵੇਂ ਚੁਣਾਉ ਹੋਏ, ਉਨ੍ਹਾਂ ਵਿਚ ਲੇਬਰ ਪਾਰਟੀ, ਸਿਰ ਕੱਢਵੀਂ ਕਾਮਯਾਬ ਹੋਈ । ੬ ਅਗਸਤ, ੧੯੪੫ ਨੂੰ ਹੀਰੋਸ਼ੀਮਾ ਉਤੇ ਐਟਮ ਬੰਬ ਸੁੱਟਿਆ ਗਿਆ, ਜਿਸ ਨਾਲ ਜਾਪਾਨ ਨੇ ਹਥਿਆਰ ਸੁੱਟ ਦਿਤੇ। ੨੧ ਅਗਸਤ, ੧੯੪੫, ਨੂੰ ਵਾਇਸਰਾਏ ਨੇ ਐਲਾਨ ਕੀਤਾ ਕਿ ਸੂਬਿਕ ਤੇ ਸੈਂਟਰਲ ਅਸੈਂਬਲੀਆਂ ਦੇ ਚੁਣਾਓ, ਪੋਹ ਮਾਘ ਵਿਚ ਕੀਤੇ ਜਾਣਗੇ ।

ਇਨ੍ਹਾਂ ਚੋਣਾਂ ਵਿਚ, ਮੁਸਲਿਮ ਲੀਗ ਦੀ ਬੜੀ ਭਾਰੀ ਵਿਜੈ ਹੋਈ । ਸੈਂਟਰਲ ਅਸੈਂਬਲੀ ਵਿਚ ਸਾਰੀਆਂ ਮੁਸਲਿਮ ਸੀਟਾਂ, ਲੀਗ ਨੇ ਜਿੱਤ ਲਈਆਂ। ੧੦੨ ਸੀਟਾਂ ਤੇ ਚੁਣਾਉ ਲੜੇ ਗਏ ਸੀ, ਜਿਨ੍ਹਾਂ ਵਿਚੋਂ ੫੭ ਕਾਂਗ੍ਰਸ, ੩੦ ਮੁਸਲਿਮ ਲੀਗ, ੫ ਆਜ਼ਾਦ ਤੇ ੨ ਅਕਾਲੀਆਂ ਦੇ ਪੇਟੇ ਪਈਆਂ। ੧੧ ਜਨਵਰੀ, ਸੰਨ ੧੯੪੬ ਨੂੰ ਮੁਸਲਿਮ ਲੀਗ ਨੇ 'ਵਿਜੈ ਉਤਸਵ' ਦੇਸ਼ ਭਰ ਵਿਚ ਮਨਾਇਆ ।

ਬਰਤਾਨਵੀ ਗੌਵਰਨਮਿੰਟ ਦੀ ਇਹ ਬੜੀ ਤੀਬਰ ਇੱਛਾ ਸੀ ਕਿ ਦੇਸ਼ ਦਾ ਵਿਧਾਨ ਬਨਾਣ ਲਈ ਕੋਈ ਬਾਨ੍ਹਣੂ ਝੱਟ ਪੱਟ ਬੱਨ੍ਹਿਆ ਜਾਵੇ, ਤਾਂ ਜੁ ਅੰਗ੍ਰੇਜ਼ ਹਿੰਦੁਸਤਾਨ ਨੂੰ ਪੂਰਣ ਸ੍ਵੈਰਾਜ, ਬਿਨਾ ਵਿਲੰਬ, ਦੇ ਦੇਣ ।

ਇਉਂ ਵਿਚਾਰ ਕੇ, ਬਰਤਾਨਵੀ ਸਰਕਾਰ ਵਲੋਂ, ਅਪਣੇ ਇਕ ਵਜ਼ੀਰਾਂ ਦਾ ਜੱਥਾ, ਹਿੰਦੁਸਤਾਨ ਭੇਜਿਆ ਗਿਆ ਤਾਂ ਜੁ ਉਹ ਹਿੰਦੁਸਤਾਨੀ ਲੀਡਰਾਂ ਨਾਲ ਗਲ ਬਾਤ ਕਰਕੇ, ਵਿਧਾਨਕ ਅਸੈਂਬਲੀ ਨੂੰ ਸਥਾਪਤ ਕਰਨ ਦਾ ਕੋਈ ਰਾਹ ਲੱਭਣ। ਇਹ ਵਜ਼ੀਰਾਂ ਦਾ ਜੱਥਾ ਕੈਬੀਨਿਟ ਮਿਸ਼ਨ ਕਹਿਲਾਇਆ, ਜੋ ਸੰਨ ੧੯੪੬ ਦੇ ਚੜ੍ਹਦੇ ਸਾਲ ਹਿੰਦੁਸਤਾਨ ਪੁੱਜਾ। ਇਸ ਕੈਬੀਨਿਟ ਮਿਸ਼ਨ ਵਿਚ, ਬਰਤਾਨਵੀ ਸਰਕਾਰ ਦੇ ਤਿੰਨ, ਸਿਰਕੱਢ ਵਜ਼ੀਰ ਸ਼ਾਮਲ ਸਨ, ਪੈਥਿਕ ਲਾਰੰਸ, ਸਟੈਫਰਡ ਕ੍ਰਿਪਸ ਅਤੇ ਏ. ਵੀ. ਅਲਗਜ਼ਾਂਡਰ ।

ਮਾਰਚ, ੧੯੪੬ ਦੇ ਅਰੰਭ ਦੀ ਗੱਲ ਹੈ ਕਿ ਮੈਂ ਸਰ ਜੋਗਿੰਦਰਾ ਸਿੰਘ ਦੀ ਯਾਰਕ ਰੋਡ ਉਤੇ ਕੋਠੀ ਵਿਚ ਬੈਠਾ ਸੀ। ਸਰ ਜੋਗਿੰਦਰਾ ਸਿੰਘ ਉਨ੍ਹਾਂ ਦਿਨਾਂ ਵਿਚ, ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਸਿੱਖ ਮੈਂਬਰ ਸਨ । ਸਰ ਜੋਗਿੰਦਰਾ ਸਿੰਘ ਬੜੇ ਉੱਚ ਬੁਧੀ, ਧੀਰਜ ਸੁਭਾਵ ਦੇ ਸ਼ਰਧਾਵਾਨ ਸਿੱਖ ਸਨ, ਅਤੇ ਵਿੱਦਿਆ, ਗਿਆਨ ਦੇ ਪਾਰਖੂ ਤੇ ਕਦਰਦਾਨ। ਮੇਰੇ ਨਾਲ ਬੜਾ ਸਨੇਹ ਕਰਦੇ ਸਨ ਅਤੇ ੧੯੪੪-੪੫ ਵਿਚ, ਜਦੋਂ ਮੈਂ ਗੁੜਗਾਉਂ ਵਿਚ ਡਿਪਟੀ ਕਮਿਸ਼ਨਰ ਸੀ, ਉਨ੍ਹਾਂ ਨੂੰ ਹਰ ਤੀਜੇ ਚੌਥੇ ਦਿਨ ਮਿਲਦਾ ਰਹਿੰਦਾ ਸੀ, ਅਤੇ ਉਹ ਧਰਮ, ਰਾਜਨੀਤੀ, ਆਰਟ, ਸਾਹਿਤਯ ਆਦਿ ਵਿਸ਼ਿਆਂ ਉਤੇ ਮੇਰੇ ਨਾਲ ਗੱਲਾਂ ਕਰਕੇ ਪ੍ਰਸੰਨ ਹੁੰਦੇ ਸਨ। ਇਸ ਕੈਬੀਨਟ ਮਿਸ਼ਨ ਬਾਰੇ ਗੱਲ ਚੱਲੀ ਤਾਂ ਕਹਿਣ



ਸਰਦਾਰ ਸਰ ਜੋਗਿੰਦ੍ਰ ਸਿੰਘ

ਲਗੇ, "ਬਰਤਾਨੀਆ ਦੀ ਇਹ ਵਜ਼ੀਰ ਮੰਡਲੀ ਤਨੋਂ ਮਨੋਂ ਚਾਹਵਾਨ ਹੈ ਕਿ ਅੰਗ੍ਰੇਜ਼ਾਂ ਦੇ ਹਿੰਦੁਸਤਾਨ ਛੱਡ ਜਾਣ ਤੋਂ ਪਹਿਲਾਂ, ਕੋਈ ਅਜੇਹਾ ਪੱਕਾ ਕਾਨੂੰਨ ਬਨ੍ਹਿਆ ਜਾ ਸਕੇ, ਜਿਸ ਨਾਲ ਸਿੱਖ, ਸੁਤੰਤ੍ਰ ਹਿੰਦੁਸਤਾਨ ਵਿਚ, ਆਪਣੇ ਪੈਰਾਂ ਤੇ ਪਕੇ ਤੌਰ ਤੇ ਖੜੇ ਸਕਣ। ਬ੍ਰਿਟਿਸ਼ ਪਾਰਲੀਮੈਂਟ ਤੇ ਅੰਗ੍ਰੇਜ਼ੀ ਕੌਮ ਉਤੇ, ਇਸ ਵਿਸ਼ਵ-ਯੁੱਧ ਵਿਚ ਸਿੱਖਾਂ ਦੇ ਮਿਲਵਰਤਣ ਦਾ ਬੜਾ ਚੰਗਾ ਪ੍ਰਭਾਵ ਪਿਆ ਹੈ । ਜੇ ਮਾਸਟਰ ਤਾਰਾ ਸਿੰਘ ਮੇਰੇ ਵਲ ਨ ਹੁੰਦੇ ਤਾਂ ਜਿਹੜੀ ਖਾਲਸਾ ਡੀਫੈਂਸ ਆਫ ਇੰਡੀਆ ਲੀਗ ਬਣਾਈ ਗਈ ਸੀ, ਉਹ ਕਾਮਿਯਾਬ ਨਹੀਂ ਹੋਣੀ ਸੀ । ਸਤਿਗੁਰੂ ਸਿੱਖ ਲੀਡਰਾਂ ਨੂੰ ਸਦਾ ਹੀ ਇਹੋ ਜਿਹੀ ਨਿਰਮਲ ਬੁੱਧੀ ਬਖਸ਼ਣ ਤਾਂ ਜੁ ਖਾਲਸਾ, ਨ ਕੇਵਲ ਹਿੰਦੁਸਤਾਨ ਲਈ, ਸਗੋਂ ਸਾਰੇ ਸੰਸਾਰ ਲਈ ਲਾਭਵੰਦ ਹੋ ਸਕੇ।"

ਮੈਂ ਪੁੱਛਿਆ, "ਇਹ ਸਿੱਖਾਂ ਲਈ ਕੀ ਕਰ ਸਕਦੇ ਹਨ ? ਸਿਰਾਂ ਦੀ ਗਿਣਤੀ ਕਰਕੇ, ਇਹ ਰਾਜ ਭਾਗ ਦਾ ਵੰਡਾਰਾ ਕਰਨ ਲਗੇ ਹਨ ਤੇ ਸਿੱਖ ਕੇਵਲ ਅਲਪ ਸੰਖਿਆ ਹੀ ਨਹੀਂ, ਸਗੋਂ ਕਿਸੇ ਮੁਲਕ ਦੇ ਹਿੱਸੇ ਵਿਚ ਭੀ ਬਹੁ-ਗਿਣਤੀ ਵਿਚ ਨਹੀਂ । ਇਹ ਸਿੱਖਾਂ ਦੀ ਸਹਾਇਤਾ ਕਿਹੜੇ ਰਾਹ ਨਾਲ ਕਰਨਾ ਲੋਚਦੇ ਹਨ ?" ਸਰ ਜੋਗਿੰਦਰਾ ਸਿੰਘ ਕਹਿਣ ਲਗੇ, "ਪਾਕਿਸਤਾਨ ਦੇ ਵਜ਼ਨ ਉਤੇ ਖਾਲਿਸਤਾਨ, ਕੇਵਲ ਇਹੋ ਰਾਹ ਸਿੱਖਾਂ ਦੀ ਸੁਰੱਖਯਾ ਦਾ ਨਹੀਂ ਅਤੇ ਨ ਹੀ ਇਹ ਗੁਰੂ ਦੀ ਇੱਛਾ ਭਾਸਦੀ ਹੈ। ਸਿੱਖ ਸਾਰੇ ਹਿੰਦੁਸਤਾਨ ਅਤੇ ਹਿੰਦੂਆਂ ਦੇ ਪੁੱਜ ਕੇ ਖੈਰਖਾਹ ਹਨ ਕਿਉਂਕਿ ਹਿੰਦੂਆਂ ਨਾਲ ਸਾਡੇ ਸੰਬੰਧ ਬੜੇ ਡੂੰਘੇ ਤੇ ਸੁਖਾਵੇਂ ਹਨ। ਪਰ ਸਤਿਗੁਰੂ ਨੇ ਸਿੱਖਾਂ ਦਾ ਜੀਵਣ ਮਰਨ ਹਿੰਦੁਸਤਾਨ ਦੇ ਮੁਸਲਮਾਨਾਂ ਤੇ ਇਸਲਾਮ ਨਾਲ ਨੱਥੀ ਕਰ ਦਿੱਤਾ ਹੈ । ਇਸ ਵਿਚ ਭੀ ਕੋਈ ਰੱਬੀ ਭੇਤ ਹੈ । ਮੁਸਲਮਾਨਾਂ ਦੀ ਨਿਰੀ ਮੁਖਾਲਫਤ ਕਰਕੇ, ਅਸੀਂ ਨ ਹਿੰਦੂਆਂ ਦਾ ਬਹੁਤ ਕੁਝ ਸਵਾਰ ਸਕਦੇ ਹਾਂ ਅਤੇ ਨ ਹਿੰਦੁਸਤਾਨ ਦੀ ਕੋਈ ਚੋਰਪਾ ਸੇਵਾ । ਮੁਸਲਮਾਨਾਂ ਨਾਲ ਸਹਿਯੋਗ ਕਰਕੇ, ਸਿੱਖ, ਨ ਕੇਵਲ ਮੁਸਲਮਾਨਾਂ ਦੀਆਂ ਇਕੱਲਖੋਰ ਰੁਚੀਆਂ (exclusiveness) ਅਤੇ ਹਿੰਦੂ ਦਵੈਸ਼ ਸੁਭਾਅ ਨੂੰ ਹੀ ਰੋਕ ਪਾ ਸਕਦੇ ਹਨ ਸਗੋਂ ਹਿੰਦੂਆਂ ਤੇ ਮੁਸਲਮਾਨਾਂ ਅਤੇ ਪਾਕਿਸਤਾਨ ਤੇ ਹਿੰਦੁਸਤਾਨ ਵਿਚਕਾਰ ਅਤੁੱਟ ਭਰਾਤਰੀ ਭਾਵ ਦੀ ਵਿਚੋਲਗੀਰੀ ਕਰ ਸਕਦੇ ਹਨ । ਇਉਂ ਤੇ ਇਹੋ ਜਿਹਾ ਜਿਹੜਾ ਸਾਲਮ ਤੇ ਅਖੰਡ ਹਿੰਦੁਸਤਾਨ ਬਣੇਗਾ, ਓਹੋ ਚਿਰੰਜੀਵ ਤੇ ਨਰੋਆ ਹੋਵੇਗਾ, ਨਹੀਂ ਤਾਂ ਜਿਵੇਂ ਸਤਮਾਹੇਂ ਬੱਚੇ, ਪੇਟ ਚਾਕ ਕਰਕੇ ਕੱਢੇ ਹੋਏ (premature and caesarian birth) ਹੁੰਦੇ ਹਨ, ਉਹ ਦਸ਼ਾ ਹੋ ਜਾਵੇਗੀ। ਇਹੋ ਸਿੱਖੀ ਤੇ ਸਿੱਖਾਂ ਦਾ ਅਸਲੀ ਮਿਸ਼ਨ ਭੀ ਹੈ ਜੋ ਗੁਰੂਆਂ ਨੇ ਅਸਾਨੂੰ ਸੌਂਪਿਆ ਹੈ ।" ਮੈਂ ਕਿਹਾ, "ਤੁਸੀਂ ਜੋ ਕਹਿ ਰਹੇ ਹੋ ,ਇਸ ਨਾਲ ਮੇਰੇ ਮਨ ਅੰਦਰ ਕੁਝ ਧੁੰਦਲੇ ਜਿਹੇ ਰੂਪ, ਹੋਣ ਵਾਲੇ ਰਾਜਸੀ ਪ੍ਰਬੰਧ ਬਾਰੇ ਬਣੇ ਹਨ, ਕਿਉਂਕਿ ਇਸ ਪਾਸੇ ਮੇਰਾ ਮਨ, ਸੰਨ ੧੯੩੨, ਤੋਂ ਕਦੇ ਕਦੇ ਜਾਂਦਾ ਰਿਹਾ ਹੈ । ਮੈਂ ਤੁਹਾਨੂੰ ਆਪਣੀਆਂ ਕੇਮਬਰਿਜ ਦੀਆਂ ਯਾਦਦਾਸ਼ਤਾਂ, ਇਸ ਵਿਸ਼ੇ ਉਤੇ ਦੱਸ ਹੀ ਚੁੱਕਾ ਹਾਂ । ਪਰ ਕੈਬੀਨਟ ਮਿਸ਼ਨ ਵਾਲਿਆਂ ਨੇ ਭੀ ਕੋਈ ਇਸ਼ਾਰਾ ਸੰਕੇਤ ਅਜੇ ਕੀਤਾ ਹੈ ਕਿ ਨਹੀਂ ?" ਉੱਤਰ ਦਿਤੋ ਨੇ, "ਨਹੀਂ, ਅਜੇ ਮੇਰੀ ਕੋਈ ਸਵਿਸਤਾਰ ਗੱਲ ਬਾਤ ਇਸ ਵਿਸ਼ੇ ਤੇ ਉਨ੍ਹਾਂ ਨਾਲ ਨਹੀਂ ਹੋਈ । ਪਰ ਉਹ ਮੇਰੇ ਨਾਲ ਗੱਲ ਬਾਤ ਕਰਨ ਦੇ ਮੌਕੇ ਦੇ ਇੱਛਾਵਾਨ ਹਨ, ਇਹ ਮੇਰੇ ਕੰਨੀਂ ਪਾ ਦਿਤਾ ਗਿਆ ਹੈ ।

ਕਲ੍ਹ ਤੁਸੀਂ ਆਉਣਾ ਮੈਂ ਪਤਾ ਕਰ ਰਖਾਂਗਾ ਤੇ ਫੇਰ ਕੈਬਨਿਟ ਮਿਸ਼ਨ ਦੇ ਵਜ਼ੀਰਾਂ ਨੂੰ ਆਪਣੇ ਘਰ ਰਾਤ ਦੇ ਖਾਣੇ ਉਤੇ ਬੁਲਾਵਾਂਗਾ। ਉਸ ਖਾਣੇ ਉਤੇ ਹੀ ਸਭ ਗਲ ਬਾਤ ਦੀ ਨੀਂਹ ਬੱਝ ਜਾਵੇਗੀ। ਮੈਂ ਦੋ ਦਿਨ ਹੋਏ ਇਹ ਇਸ਼ਾਰੇ ਅੰਮ੍ਰਿਤਸਰ ਭੀ ਕਹਾ ਭੇਜੇ ਹਨ।"

ਦੂਜੇ ਦਿਨ ਮੈਂ ਸਵੇਰੇ ਗਿਆਰਾਂ ਕੁ ਵਜੇ ਸਰ ਜੋਗਿੰਦਰਾ ਸਿੰਘ ਦੀ ਕੋਠੀ ਪੁੱਜਾ ਤਾਂ ਉਹ ਆਪਣੇ ਘਰ ਦੇ ਦਫਤਰ ਵਿਚ ਹੀ ਬੈਠੇ ਮਿਲੇ। ਮੇਰੇ ਨਾਲ ਬੋਲ ਕੁਝ ਨਾ, ਪਰ ਇਕ ਤਾਰ ਜੇਬ ਵਿਚੋਂ ਕਢ ਕੇ ਮੇਰੇ ਹੱਥ ਫੜਾਈ। ਉਸ ਵਿਚ ਮੈਂ ਪੜ੍ਹਿਆ :

"ਤੁਹਾਨੂੰ ਕੈਬੀਨਟ ਮਿਸ਼ਨ ਨਾਲ ਸਿਖਾਂ ਬਾਰੇ ਕੋਈ ਗਲ ਬਾਤ ਕਰਨ ਦਾ ਅਧਿਕਾਰ ਪੰਥ ਵਲੋਂ ਨਹੀਂ ਹੈ। ਕਰੋਗੇ ਤਾਂ ਅਕਾਲੀ ਦਲ ਤੁਹਾਡੀ ਜ਼ਹੀ ਤਹੀ ਫੇਰੇਗਾ। ਗਿਆਨੀ ਕਰਤਾਰ ਸਿੰਘ*, ਸ਼੍ਰੋਮਣੀ ਅਕਾਲੀ ਦਲ।"§

ਇਹ ਪੜ੍ਹ ਕੇ ਮੈਂ ਚੁਪ ਕਰਕੇ ਬੈਠਾ ਰਿਹਾ। ਕੁਝ ਸਮੇਂ ਪਿਛੋਂ ਸਰ ਜੋਗਿੰਦਰਾ ਸਿੰਘ ਆਪ ਹੀ ਬੋਲੇ, "ਮੇਰੇ ਹੱਥੋਂ ਐਸ ਵੇਲੇ ਪੰਥ ਦੀ ਕੁਝ ਸੇਵਾ ਹੋ ਸਕਦੀ ਤਾਂ ਮੈਂ ਗੁਰਪੁਰੀ ਵਿਚ ਸੁਰਖ਼ਰੂ ਹੋ ਕੇ ਜਾਂਦਾ। ਇਹ ਅਕਾਲੀਆਂ ਨੂੰ ਐਵੇਂ ਸ਼ਕ ਹੈ ਕਿ ਮੈਂ ਉਨ੍ਹਾਂ ਦੇ ਬੰਦੇ ਨੂੰ ਨਵੀਂ ਬਣਨ ਵਾਲੀ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਵਿਚ ਵਜ਼ਨ ਨਹੀਂ ਦੇਣਾ ਚਾਹੁੰਦਾ। ਮੇਰੀਆਂ ਹੁਣ ਬਹੁਤੀਆਂ ਸੰਸਾਰੀ ਉਮੰਗਾਂ ਨਹੀਂ ਰਹਿ ਗਈਆਂ। ਇਹੋ ਸਮਾਂ, ਵੇਲਾ ਸੰਭਾਲ ਲੈਣ ਦਾ ਹੈ ਸੀ, ਜੋ ਮੈਂ ਕਰ ਸਕਦਾ ਸੀ। ਫੇਰ ਸੱਪ ਨਿਕਲ ਜਾਵੇਗਾ ਤੇ ਲਕੀਰ ਰਹਿ ਜਾਵੇਗੀ। ਅੰਗਰੇਜ਼ ਦਿੰਦੇ ਹਨ ਤਾਂ ਸਿੱਖ ਲੈਂਦੇ ਨਹੀਂ। ਫੇਰ ਸਿਖ ਮੰਗਣਗੇ ਤਾਂ ਕਿਸੇ ਨ ਦੇਣਾ ਨਹੀਂ।

* "You not authorised talk with Cabinet Mission by Panth. If you talk Akali Dal expose you. Giani Kartar Singh Shromani Akali Dal."

§ ਸੰਨ ੧੯੪੭ ਦੇ [illegible] ਦੀ ਗਲ ਹੈ [illegible] ਕਰਤਾਰ ਸਿੰਘ ਜੀ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ [illegible] ਸਿੰਘ, ਐਮ. ਏ., ਪੀ ਐਚ. ਡੀ., ਗਿਆਨੀ ਜੀ ਦੇ ਨਿਕਟ-ਵਰਤੀ ਹੋਲੇ ਸਨ. [illegible] ਬਹੁਤ ਵਧ ਗਈ। ਉਸ ਸਮੇਂ ਇਕ [illegible] ਹੋਰ ਪ੍ਰਤਿਸ਼ਟ ਬੰਗਾਲੀ ਅੰਮ੍ਰਿਤਸਰ ਆ ਕੇ ਗਿਆਨੀ ਜੀ ਨੂੰ ਮਿਲ [illegible] ਕਿ [illegible] ਵਿਦਵਾਨ ਸਿਖ ਝਟ ਪਟ ਬੰਗਾਲ ਭੇਜੇ ਜਾਣ ਤਾਂ [illegible] ਸਿੰਘ ਸਜ ਜਾਣ ਅਤੇ ਇਉਂ ਪੂਰਬੀ ਬੰਗਾਲ ਵਿਚ [illegible] ੫੦-੬੦ ਲਖ ਸਿੰਘ ਵਸੋਂ ਹੋ ਜਾਵੇ ਜੋ ਪਾਕਿਸਤਾਨ ਦੇ [illegible] ਕਿ [illegible] ਹੀ ਕੁਝ ਪ੍ਰਬੰਧ ਕੀਤਾ ਜਾਵੇਗਾ, ਪਰ ਕੀਤਾ ਕੁਝ ਨ ਗਿਆ। [illegible] ਸਿੰਘ [illegible] ਉਤੇ ਦਿਲ ਦਾ ਭੇਤ ਇਉਂ ਖੋਲ੍ਹਿਆ: "[illegible] ਨਹੀਂ ਹੈ। ਜੇ ਬੰਗਾਲ ਵਿਚ ਇਕ ਕਰੋੜ ਭੀ ਸਿੰਘ ਸਜ ਜਾਣ, ਤਾਂ ਭੀ [illegible] ਸਿਖ ਹੀ ਬਣਨਾ ਹੈ। ਉਹ ਸਰਦਾਰ ਬਲਦੇਵ ਸਿੰਘ ਜੀ [illegible]।" '[illegible] ਹੈ।'



ਗਿਆਨੀ ਕਰਤਾਰ ਸਿੰਘ

ਪਿਛਲੇ ਪੰਜੀ ਸਾਲਾਂ ਤੋਂ ਜੋ ਜਤਨ ਭੀ ਸਿੱਖਾਂ ਦੇ ਬਚਾਅ ਦਾ ਕਰੀਦਾ ਹੈ ਉਸ ਨੂੰ ਆਪਣੇ ਹੀ ਅਸਫਲ ਬਣਾ ਦਿੰਦੇ ਹਨ। ਜਹਿਂ ਜਹਿਂ ਭਾਰੀ ਪਗ ਧਰਉਂ ਜੇਈ ਮੁਰਿ ਮੁਰਿ ਜਾਏ। ਪੰਥ ਦੀ ਸੇਵਾ ਬੜੀ ਔਖੀ ਹੈ, ਸਤਿਗੁਰ ਕੀ ਸਵਾ ਗਾਖੜੀ। ਪਰ ਸਿੱਖਾਂ ਹੱਥੋਂ ਪੱਗ ਲੁਹਾਉਣੀ ਇਸ ਤੋਂ ਭੀ ਵਧੇਰੇ ਔਖੀ ਹੈ। ਪਤਾ ਨਹੀਂ ਸਤਿਗੁਰੂ ਦਾ ਕੀ ਭਾਣਾ ਵਰਤਣਾ ਹੈ।"

ਮੈਂ ਕੁਛ ਨਾ ਬੋਲਿਆ ਤੇ ਚੁਪ ਕਰ ਕੇ ਟੁਰ ਆਇਆ।

ਕੈਬੀਨਟ ਮਿਸ਼ਨ ਦੇ ਸਾਹਮਣੇ ਪਹਿਲਾ ਤੇ ਜ਼ਰੂਰੀ ਕਦਮ ਇਹ ਸੀ ਕਿ ਕਿਵੇਂ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ, ਦੇਸ਼ ਦੇ ਲੀਡਰਾਂ ਦੇ ਸਲਾਹ ਮਸ਼ਵਰੇ ਨਾਲ ਬਣ ਜਾਵੇ ਤਾਂ ਉਹ ਹਿੰਦੁਸਤਾਨ ਦਾ ਨਿਤਾਪ੍ਰਤਿ ਦਾ ਰਾਜ ਪ੍ਰਬੰਧ ਸੰਭਾਲ ਲਵੇ। ਫੇਰ ਵਿਧਾਨ ਪ੍ਰੀਸ਼ਦ ਯਾ ਕੰਨਸਟਾਚੂਐਂਟ ਅਸੈਂਬਲੀ ਬਣਾਈ ਜਾ ਸਕੇਗੀ। ਆਪਸੀ ਸਮਝੌਤਾ ਕੋਈ ਹਿੰਦੁਸਤਾਨੀ ਲੀਡਰਾਂ ਦਾ ਨਾ ਹੁੰਦਾ ਦੇਖ ਕੇ ਕੇਬੀਨਟ ਮਿਸ਼ਨ ਨੇ ਤਜਵੀਜ਼ ਕੀਤੀ ਕਿ ੬ ਮੈਂਬਰ ਕਾਂਗਰੇਸ ਦੇ, ਜਿਨ੍ਹਾਂ ਵਿਚ ਇੱਕ ਅਛੂਤ ਹੋਵੇ, ੫ ਮੁਸਲਿਮ ਲੀਗ ਦੇ, ਇੱਕ ਸਿੱਖ, ਇੱਕ ਪਾਰਸੀ ਤੇ ਇੱਕ ਹਿੰਦੁਸਤਾਨੀ ਈਸਾਈ, ਰਲ ਕੇ ਵਾਇਸਰਾਏ ਦੀ ਕੌਂਸਲ ਬਣਾ ਲੈਣ। ਪਰ ਇਸ ਤਜਵੀਜ਼ ਨੂੰ ਭੀ ਕਾਂਗਰੇਸ ਨੇ ਕਬੂਲ ਨਾ ਕੀਤਾ।

੨੯ ਜੂਨ, ੧੯੪੬ ਨੂੰ ਨਿਰਾਸ ਹੋ ਕੇ ਕੈਬੀਨਟ ਮਿਸ਼ਨ ਵਾਪਸ ਵਲਾਇਤ ਮੁੜ ਗਿਆ।

ਇਸ ਵਿਚ ਕਈ ਸ਼ੱਕ ਨਹੀਂ ਰਹਿ ਗਿਆ ਸੀ ਕਿ ਅੰਗਰੇਜ਼ ਰਾਜ ਰਾਗ ਹਿੰਦੁਸਤਾਨ ਨੂੰ ਸੌਂਪਣ ਲਈ ਉਤਾਵਲੇ ਸਨ, ਪਰ ਹਿੰਦੁਸਤਾਨੀ ਇਸ ਨੂੰ ਸਾਂਭਣ ਲਈ ਆਪਸ ਵਿਚ ਸਹਿਮਤ ਨਹੀਂ ਸਨ ਹੋ ਸਕਦੇ।

੬ ਜੁਲਾਈ, ੧੯੪੬ ਨੂੰ ਕਾਂਗਰੇਸ ਨੇ ਮਤਾ ਪਾਸ ਕਰ ਦਿਤਾ ਕਿ ਉਹ ਵਿਧਾਨ ਪ੍ਰੀਸ਼ਦ ਵਿਚ ਸ਼ਾਮਲ ਹੋਣ ਲਈ ਤਿਆਰ ਹਨ, ਬਿਨਾ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਬਣੇ ਵੀ। ਇਹ ਮਤਾ ਮਗਰੋਂ ਇਹ ਕਾਂਗਰੇਸ ਕਮੇਟੀ ਨੇ ਕਲਕੱਤੇ ਜਾ ਕੇ ਪਾਸ ਕੀਤਾ। ਜਿਸ ਵੇਲੇ ਕਾਂਗਰਸ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਸਨ। ਆਪਣੇ ਪ੍ਰਧਾਨਗੀ ਭਾਸ਼ਨ ਵਿਚ ਤੇ ਪਿਛੋਂ ਪ੍ਰੈਸ ਕਾਨਫਰੰਸ ਵਿਚ, ਨਹਿਰੂ ਜੀ ਨੇ ਦੋ ਗੱਲਾਂ ਸਪਸ਼ਟ ਆਖੀਆਂ, ਇੱਕ ਇਹ ਕਿ ਕੈਬੀਨਟ ਮਿਸ਼ਨ ਨੇ ਹਿੰਦੁਸਤਾਨ ਦੇ ਵਿਧਾਨ ਬਾਰੇ ਜੋ ਖਰੜਾ ਬਣਾਇਆ ਹੈ ਉਸਦੀਆਂ ਪੂਰਵਕਲਪਤ ਮਨਿਆਦਾਂ ਨੂੰ ਅਤੇ ਉਸਦੀਆਂ ਨਿਸਚਿਤ ਧਾਰਾਂ ਨੂੰ ਅਸਾਡਾ ਵਿਧਾਨ ਪ੍ਰੀਸ਼ਦ ਬਦਲਨ ਦਾ ਅਧਿਕਾਰੀ ਹੋਵੇਗਾ। ਦੂਜੀ ਸਪਸ਼ਟ ਗੱਲ ਇਹ ਸੀ ਕਿ ਕੈਬੀਨਟ ਮਿਸ਼ਨ ਦੀਆਂ ਤਜਵੀਜ਼ਾਂ ਅਨੁਸਾਰ ਨਿਸ਼ਚਿਤ ਕੀਤਾ ਹੋਇਆ ਵਿਧਾਨ ਪ੍ਰੀਸ਼ਦ, ਝਟ ਪਟ, ਬਿਨਾ ਬਰਤਾਨਵੀ ਸਰਕਾਰ ਦੇ ਪਹਿਲੀ ਅਜੇਹਾ ਕਾਨੂੰਨ ਬਣਾਏ ਦੇ, ਸਰਵ ਸ਼ਕਤੀ ਸੰਪੰਨ ਵਿਧਾਨ ਪ੍ਰੀਸ਼ਦ (Sovereign Constituent Assembly) ਬਣ ਜਾਵੇਗਾ। ਇਹ ਗੱਲ ਨਾ ਤਾਂ ਕਾਨੂੰਨ ਅਨੁਸਾਰ ਹੀ ਸੀ ਤੇ ਨ ਨਿਆਂ ਪੂਰਕ ਹੀ, ਕਿਉਂਕਿ ਹਿੰਦੁਸਤਾਨ ਦੇ ਵਿਧਾਨ ਬਨਾਉਣ ਤੇ ਰਾਜ ਭਾਗ ਸੰਭਾਲਣ ਦੀਆਂ ਨੀਹਾਂ ਬ੍ਰਿਟਿਸ਼

ਦੀ ਸਾਰੀ ਤਾਕਤ ਵਿਧਾਨ ਪ੍ਰੀਸ਼ਦ ਵਿਚ ਬਹੁਗਿਣਤੀ, ਜਿਹੜੀ ਕਿ ਹਿੰਦੂ ਸਨ, ਦੇ ਹੱਥ ਚਲੀ ਜਾਂਦੀ ਸੀ ਅਤੇ ਮੁਸਲਮਾਨ ਬਿਲਕੁੱਲ ਨਿਹੱਥਲ ਤੇ ਬੇਬਸ ਹੋ ਜਾਂਦੇ ਸਨ। ਬਾਕੀ ਘਟ ਗਿਣਤੀ ਕੌਮਾਂ ਦਾ ਤਾਂ ਨਾਮ ਹੀ ਲੈਣਾ ਸਮਾਂ ਗੁਆਉਣ ਵਾਲੀ ਗੱਲ ਬਣ ਜਾਂਦੀ ਸੀ। ਇਹ ਭਾਰੀ ਤੇ ਦਿਨ ਦੀਵੀਂ ਧੱਕਾ ਸੀ, ਜਿਸ ਨੂੰ ਮੁਸਲਿਮ ਲੀਗ ਮੰਨ ਲੈਂਦੀ ਤਾਂ ਖੁਦਕਸ਼ੀ ਕਰਦੀ। ਇਉਂ ਵਿਚਾਰ ਕੇ ਮੁਸਲਿਮ ਲੀਗ ਨੇ ਫੈਸਲਾ ਕੀਤਾ ਕਿ ਹੁਣ, 'ਹੱਥਾਂ ਬਾਝ ਕਰਾਰਿਆਂ ਵੈਰੀ ਮਿਤ ਨਾ ਹੋਇ।' ਇਹ ਕੈਬੀਨਟ ਮਿਸ਼ਨ ਦੀ ਸਕੀਮ ਦੀਆਂ ਨੀਹਾਂ ਤੇ ਸੀਮਾ ਬਦਲਣ ਦੀ ਗੱਲ ਨਾ ਭੀ ਹੁੰਦੀ ਤਾਂ ਭੀ ਦੂਜੀ ਧਮਕੀ ਜੋ ਨਹਿਰੂ ਜੀ ਨੇ ਦਿਤੀ ਉਹ ਹੀ ਹਿੰਦੁਸਤਾਨ ਦਾ ਵੰਡਾਰਾ ਲਾਜ਼ਮੀ ਬਣਾਉਣ ਲਈ ਕਾਫੀ ਸੀ। ਹੁਣ ਤਕ ਮੁਸਲਿਮ ਲੀਗ, ਜਿਸ ਨੇ ਕਿ ਸਾਰੀਆਂ ਮੁਸਲਿਮ ਸੀਟਾਂ ਸੈਂਟਰਲ ਅਸੰਬਲੀ ਦੇ ਚੁਣਾਉ ਵਿਚ ਜਿੱਤ ਲਈਆਂ ਸਨ, ਇਹ ਮੰਨਦੀ ਚਲੀ ਆ ਰਹੀ ਸੀ ਕਿ ਕਿਸੇ ਨਾ ਕਿਸੇ ਰੂਪ ਵਿਚ ਹਿੰਦੁਸਤਾਨ ਦੀ ਇੱਕਮੁਠ ਅਖੰਡਤਾ, ਇਕ ਕੇਂਦਰੀ ਹਿੰਦ ਸਰਕਾਰ ਦੇ ਰੂਪ ਵਿਚ ਕਾਇਮ ਰਹਿਣੀ ਯੋਗ ਹੈ। ਕੈਬੀਨਟ ਮਿਸ਼ਨ ਦੀ ਸਕੀਮ ਦੀ ਇਹ ਆਧਾਰਸ਼ਿਲਾ ਸੀ ਅਤੇ ਇਸ ਸਕੀਮ ਨੂੰ ਮੁਸਲਿਮ ਲੀਗ ਨੇ ਸ਼ੁੱਧ ਹਿਰਦੇ ਨਾਲ ਕਬੂਲ ਲਿਆ ਸੀ। ਮੁਸਲਿਮ ਲੀਗ ਦੀ ਯੋਗ ਇੱਛਾ ਇਹ ਸੀ, ਕਿ ਇਸ ਕੇਂਦਰੀ ਸਰਕਾਰ ਕੋਲ ਕੋਈ ਅਜੇਹੇ ਅਧਿਕਾਰ ਨਾ ਹੋਣ ਜਿਨ੍ਹਾਂ ਦੁਆਰਾ ਉਹ, ਮੁਸਲਿਮ ਬਹੁਗਿਣਤੀ ਦੇ ਪ੍ਰਾਂਤਾਂ ਵਿਚ, ਨਿਤਾਪ੍ਰਤਿ ਦਾ ਰਾਜਕਾਜ ਅਸੰਭਵ ਬਣਾ ਸਕੇ ਜੋ ਕਿ ਮੁਸਲਮਾਨਾਂ ਉਤੇ ਤੱਦੀ ਦਾ ਕਾਰਣ ਬਣੇ।* ਦੂਜੇ, ਉਸ ਦੀ ਮੰਗ ਸੀ ਕਿ ਇਸ ਕੇਂਦਰੀ ਸਰਕਾਰ ਵਿਚ ਮੁਸਲਮਾਨਾਂ ਦਾ ਧੜਾ ਇਤਨਾ ਵੱਡਾ ਹੋਵੇ ਕਿ ਹਿੰਦੂ, ਸਿੱਖ, ਈਸਾਈ ਤੇ ਪਾਰਸੀ ਸਾਰੇ ਮਿਲਕੇ ਭੀ, ਉਨ੍ਹਾਂ ਉਤੇ ਬਹੁਤੇ ਭਾਰੂ ਨਾ ਹੋ ਸੱਕਣ। ਇਹ ਮੰਗ ਮੁਸਲਮਾਨਾਂ ਨੂੰ ਕਰਨ ਦੀ ਤੀਬਰ ਲੋੜ ਤਾਂ ਪਈ, ਕਿਉਂਜੁ ਸਿੱਖ, ਜਿਨ੍ਹਾਂ ਦੇ ਹੱਥ ਉਤਰ ਪੱਛਮੀ ਹਿੰਦ ਦੇ ਮੁਸਲਮ ਬਹੁਗਿਣਤੀ ਦੇ ਇਲਾਕਿਆਂ ਵਿਚ ਤਾਕਤ ਦਾ ਪਾਸਕੂ ਸੀ, ਉਹ ਜੇ ਹਿੰਦੂਆਂ ਵਲ ਹੋਣ ਤਾਂ ਹਿੰਦੂ ਭਾਰੂ ਤੇ ਜੇ ਮੁਸਲਮਾਨਾਂ ਵੱਲ ਹੋਣ ਤਾਂ ਮੁਸਲਮਾਨ ਭਾਰੂ ਹੋ ਜਾਂਦੇ ਸੀ, ਸਪਸ਼ਟ ਆਪਣੀ ਹੋਣੀ ਹਿੰਦੂਆਂ ਦੇ ਹਵਾਲੇ ਕਰਨ ਦਾ ਨਿਸ਼ਚਾ ਕਰ ਚੁੱਕੇ ਸਨ। ਜੇ ਕਿੱਤੇ ਸਿੱਖ ਇਹ ਯਕੀਨ ਕਰਾ ਦਿੰਦੇ ਕਿ ਉਹ ਆਪਣੇ ਆਪ ਨੂੰ ਇਕ ਸੁਤੰਤਰ ਤੇ ਨਿਰਪੱਖ ਇਕਾਈ ਸਮਝ ਕੇ, ਦੇਸ ਦੇ ਰਾਜਸੀ ਖੇਤ੍ਰ ਵਿਚ ਵਿਚਰਨਾ ਚਾਹੁੰਦੇ ਹਨ, ਤਾਂ ਮੁਸਲਮਾਨਾਂ ਦੇ ਮਨ ਵਿਚ ਇਤਨਾ ਧੁੜਕੂ ਨਹੀਂ ਸੀ ਪੈਣਾ ਤੇ ਉਹ ਦੇਸ਼ ਦੇ ਵੰਡਾਰੇ ਵਲ, ਇਉਂ ਦ੍ਰਿੜ੍ਹਚਿੱਤ ਹੋਕੇ ਕਦਮ ਨਾ ਚੁਕਦੇ, ਜਿਵੇਂ ਕਿ

* "....the Muslims fear that if the provinces are not free and autonomous, there will always be a danger of undue and unwarranted interference from the Centre, which will be dominated by Hindus .......sofar as the Hindu majority provinces are concerned, they will be 'on velvet' the whole time."—*Speech by Punjab Premier, Sir Sikandar Hyat Khan in debate on Demands for Grants in Punjab Legislative Assembly, on* 11 *March,* 1941.

ਤ੍ਰੇਨਾਂ ਨੇ ਅੰਤ ਨੂੰ ਕੀਤਾ। ਇਉਂ ਵਿਚਾਰਿਆਂ, ਜਿਥੇ ਇਹ ਠੀਕ ਹੈ, ਕਿ ਪੂਰਬੀ ਪੰਜਾਬ, ਪੱਛਮੀ ਬੰਗਾਲ, ਅੱਸਾਮ, ਜੰਮੂ ਕਸ਼ਮੀਰ, ਲੱਦਾਖ ਤੇ ਹਿਮਾਚਲ ਪ੍ਰਦੇਸ਼, ਦੇ ਵਿਸ਼ਾਲ ਦੇਸ਼ ਸਿੱਖਾਂ ਨੇ ਮੁਸਲਮਾਨਾਂ ਕੋਲੋਂ ਖੋਹ ਕੇ, ਹਿੰਦੂਆਂ ਨੂੰ ਦਵਾਏ ਹਨ, ਉਥੇ ਇਹ ਭੀ ਠੀਕ ਹੈ ਕਿ ਦੇਸ਼ ਦੇ ਵੰਡਾਰੇ ਦੀ ਸਥੂਲ ਜਿਮੇਵਾਰੀ ਜੋ ਹਿੰਦੂਆ ਦੇ ਸਿਰ ਹੈ ਤਾਂ ਇਸ ਦੁਰ-ਘਟਨਾ ਦੀ ਸੂਖਮ ਜਿਮੇਂਵਾਰੀ ਸਿੱਖਾਂ ਦੇ ਸਿਰ ਆਉਂਦੀ ਹੈ। ਕੇਬੀਨਟ ਮਿਸ਼ਨ ਦੀ ਸਕੀਮ ਵਿਚ ਇਹ ਨਿਸ਼ਚਾ ਕੀਤਾ ਗਿਆ ਸੀ ਕਿ ਕੇਂਦਰੀ ਸਰਕਾਰ ਕੋਲ ਕੇਵਲ ਸੈਨਿਕ ਰਖਿਆ (Defence) ਯਾਤਾਯਾਤ (Communications) ਤੇ ਬਿਉਪਾਰ (Commerce) ਬਿਦੇਸ਼ੀ ਨੀਤੀ (Foreign Policy) ਆਦ ਦੇ ਅਧਿਕਾਰ ਹੀ ਰਹਿਣ ਤੇ ਬਾਕੀ ਰਾਜ ਪ੍ਰਬੰਧ ਦੇ ਸਭ ਅਧਿਕਾਰ ਪ੍ਰਾਂਤਾਂ ਕੋਲ ਰਹਿਣ। ਇਉਂ ਮੁਸਲਮਾਨ ਸਮਝਦੇ ਸੀ ਕਿ ਉਨ੍ਹਾਂ ਉਤੇ ਹਿੰਦੂ ਬਹੁਗਿਣਤੀ ਕਦੇ ਬਹੁਤਾ ਧੱਕਾ ਨਹੀਂ ਕਰ ਸਕੇਗੀ। ਨਹਿਰੂ ਜੀ ਨੇ ਇਸ ੬ ਜੁਲਾਈ ਵਾਲੀ ਪ੍ਰੈਸ ਕਾਨਫਰੰਸ ਵਿਚ ਕਲਕੱਤੇ ਕਿਹਾ, ਕਿ "ਸੈਨਿਕ ਰੱਖਿਆ", "ਬਦੇਸ਼ੀ ਨੀਤੀ", "ਯਾਤਾਯਾਤ", ਇਹ ਜੋ ਅਧਿਕਾਰਪਰਦਾ ਸ਼ਬਦ ਹਨ, ਇਨ੍ਹਾਂ ਦੇ ਕੀ ਅਰਥ ਹਨ, "ਸੈਨਿਕ ਰੱਖਿਆ" ਲਈ ਕਿਹੜੇ ਕਿਹੜੇ ਅਧਿਕਾਰ ਕੇਂਦਰੀ ਸਰਕਾਰ ਯੋਗ ਸਮਝਦੀ ਹੈ ਤੇ ਇਉਂ ਹੀ "ਬਦੇਸ਼ੀ ਨੀਤੀ", "ਯਾਤਾਯਾਤ" ਆਦਿ ਬਾਬਤ, ਇਸ ਦਾ ਅੰਤਮ ਫੈਸਲਾ ਭੀ, ਵਿਧਾਨ ਪ੍ਰੀਸ਼ਦ ਹੀ ਕਰੇਗਾ। ਇਸ ਦਾ ਭਾਵ ਸਪਸ਼ਟ ਇਹ ਸੀ ਕਿ ਵਿਧਾਨ ਪ੍ਰੀਸ਼ਦ ਵਿਚ ਹਿੰਦੂ ਬਹੁਗਿਣਤੀ ਜੋ ਵਿਧਾਨ ਦੇਸ਼ ਦਾ ਚਾਹੇ ਨਿਰਮਤ ਕਰ ਲਵੇ ਤੇ ਜੋ ਅਧਿਕਾਰ ਭੀ ਕੇਂਦਰੀ ਸਰਕਾਰ ਨੂੰ ਦੇਣਾ ਚਾਹੇ ਦੇ ਦੇਵੇ। ਮੁੱਦਾ ਕੀ, ਨਹਿਰੂ ਜੀ ਨੇ ਮੁਸਲਮਾਨਾ ਤੇ ਹੋਰ ਘਟ ਗਿਣਤੀਆਂ ਨੂੰ, ਬਿਨਾਂ ਲਾਗ ਲਪੇਟ ਦੇ, ਸਪਸ਼ਟ ਕਰ ਦਿਤਾ ਕਿ, ਅੰਗਰੇਜ਼ਾਂ ਦੇ ਚਲੇ ਜਾਣ ਤੋਂ ਪਿਛੋਂ, ਰਾਜ ਨਿਰੋਲ ਹਿੰਦੂਆਂ ਦੀ ਮਰਜ਼ੀ ਨਾਲ ਚੱਲੇਗਾ, ਕੋਈ ਕਾਨੂੰਨ ਕੋਈ ਨਹੀਂ। ਇਹ ਭਾਵ ਇਸ ਦਾਅਵੇ ਦਾ ਸੀ ਕਿ ਅਮਕੇ ਸ਼ਬਦ ਦਾ ਕੀ ਭਾਵਾਰਥ ਹੈ, ਅਮਕੀ ਵਿਧਾਨਕ ਧਾਰਾ ਦਾ ਕੀ ਪ੍ਰਯੋਜਨ ਹੈ, ਦਾ ਫੈਸਲਾ ਹਿੰਦੂ ਬਹੁਗਿਣਤੀ ਆਪਣੀ ਸਵੈ-ਇੱਛਾ ਅਨੁਸਾਰ ਕਰੇਗੀ, ਭਾਵੇਂ ਨਿਯਾਯਸ਼ੀਲ, ਨਿਰਪੱਖ ਆਤਮਾਂ ਪੁਰਸ਼ (reasonable men) ਕੁਛ ਭੀ ਕਹਿੰਦੇ ਹੋਣ ਤੇ ਭਾਵੇਂ ਇਹਨਾਂ ਸ਼ਬਦਾਂ ਦੇ ਪ੍ਰਮਾਣਕ ਭਾਵਾਰਥ (accepted meanings) ਕੁਝ ਭੀ ਹੋਣ। ਪੰਡਿਤ ਜਵਾਹਰ ਲਾਲ ਨਹਿਰੂ ਵਰਗਾ ਵਿੱਦਵਾਨ, ਸੋਝੀਵਾਨ ਤੇ ਨਿਯਾਯਸ਼ੀਲ ਆਦਮੀ ਇਸ ਪ੍ਰਕਾਰ ਦੀ ਗੱਲ ਆਖੇ, ਇਹ ਮੰਨਣੀ ਬੜੀ ਕਠਨ ਭਾਸਦੀ ਹੈ, ਪਰ ਭਾਵੇਂ ਜੋਸ਼ ਵਿਚ ਆ ਕੇ ਤੇ ਯਾ ਆਪਣੀ ਪਰਪੱਕ ਮਨੋਂਵ੍ਰਿਤੀ ਦੇ ਅਧੀਨ ਅਤੇ ਮਨ, ਵਚਨ, ਕਰਮ ਇਕੋ ਰਖਣ ਦੇ ਉੱਚ ਆਦਰਸ਼ ਪੂਰਤੀ ਲਈ, ਜੋ ਕੁਛ ਨਹਿਰੂ ਜੀ ਨੇ ਇਸ ਸਮੇਂ ਕਿਹਾ, ਉਸ ਦੇ ਇਹੋ ਅਰਥ ਠੀਕ ਨਿਕਲਦੇ ਸਨ, ਜੋ ਮੁਸਲਿਮ ਲੀਗ ਨੇ ਸਮਝੇ।

ਕੀ ਨਹਿਰੂ ਜੀ ਨੇ ਸਮਝਿਆ ਨਾ ਕਿ ਜੋ ਕੁਛ ਉਹ ਕਹਿ ਰਹੇ ਹਨ ਉਹ ਕਿਵੇਂ ਭੀ ਯਥਾਰਥ ਨਹੀਂ ਹੈ? ਭਾਵ ਇਹ ਕਿ, ਉਨ੍ਹਾਂ ਦੇ ਵਿਚਾਰ ਵਿਚ ਅਤੇ ਹਿੰਦੂਆਂ ਦੀ ਵਿਚਾਰਧਾਰਾ ਅਨੁਸਾਰ, ਸੁਤੰਤਰ ਹਿੰਦੁਸਤਾਨ ਵਿਚ ਇਹ ਨਹੀਂ ਮੰਨਿਆਂ ਜਾਵੇਗਾ

ਕਿ ਵਿਧਾਨਕ ਸ਼ਬਦਾਂ ਅਤੇ ਕਾਨੂਨੀ ਸੰਬੰਧਾਂ ਦੇ ਭਾਵਾਰਥ ਨਿਸ਼ਚੇ ਕਰਨ ਦਾ ਅਧਿਕਾਰ, ਨਿਯਾਯਸ਼ੀਲ ਨਿਰਪੱਖ ਆਤਮਾ ਪੁਰਸ਼ਾਂ ਨੂੰ ਹੀ ਹੈ, ਨਿਰੀ ਬਹੁਗਿਣਤੀ ਨੂੰ ਨਹੀਂ ਅਤੇ ਅਜੇਹੇ ਸੰਬੰਧਾਂ ਦੇ ਅਰਥ ਸਦੀਵ ਪਰੰਪਰਾ ਤੇ ਪਰਮਾਣ ਦੇ ਅਧੀਨ ਹੁੰਦੇ ਹਨ, ਰਾਜਸੀ ਸੱਤਾ ਯਾ ਹਿਕ ਦੇ ਧੱਕੇ ਦੇ ਨਹੀਂ । ਜੇ ਨਹਿਰੂ ਜੀ ਦਾ, ਕਾਂਗਰੈਸ ਦਾ, ਤੇ ਹਿੰਦੂਆਂ ਦਾ ਸਚ ਮੁਚ ਇਹੋ ਮੱਤ ਤੇ ਮਨੋਵਰਿਤੀ ਹੈ, ਤਾਂ ਕਾਨੂਨ ਤੇ ਵਿਧਾਨ ਦੇ ਅਰਥ ਹੀ ਕੋਈ ਨਹੀਂ ਰਹਿ ਜਾਂਦੇ, ਸਿਵਾਏ ਏਸ ਦੇ ਕਿ ਵਿਧਾਨ ਤੇ ਕਾਨੂਨ ਰਾਜਕੀਯਾਂ ਦੀ ਨਿਤਪ੍ਰਤਿ ਚਲਾਇਮਾਨ ਸ੍ਵੈ-ਇਛਾ ਦਾ ਹੀ ਦੂਜਾ ਨਾਮ ਹੈ । ਇਸ ਬੁਨਿਆਦ ਉਤੇ ਤਾਂ ਕੋਈ ਰਾਜ ਯਾ ਸਮਾਜ ਬਹੁਤਾ ਚਿਰ ਸਥਿਰ ਹੀ ਨਹੀਂ ਰਹਿ ਸਕਦਾ । ਪਰ ਇਹ ਵਿਚਾਰ ਉਸ ਵੇਲੇ ਜੋਸ਼ ਵਿਚ ਨਹਿਰੂ ਜੀ ਨੂੰ ਨਹੀਂ ਫੁਰੇ ਹੋਣਗੇ ਅਤੇ ਜੋ ਕਛ ਉਨ੍ਹਾਂ ਦੇ ਮਨ ਅੰਦਰ ਸੀ ਉਹ ਉਨ੍ਹਾਂ ਨੇ ਬਿਨਾਂ ਲਾਗਲਪੇਟ ਦੇ ਮੂਹੋਂ ਕਢ ਦਿੱਤਾ । ਪਰ ਜੇ ਏਹੋ ਅਸਲੀ ਇਰਾਦੇ ਹਿੰਦੂਆਂ ਦੇ ਸਨ ਤਾਂ ਮੁਸਲਮਾਨਾਂ ਲਈ ਹੋਰ ਰਾਹ ਹੀ ਕੀ ਰਹਿ ਗਿਆ ਸੀ ਕਿ ਉਹ ਆਪਣਾ ਰਾਜ ਭਾਗ ਵਖਰਾ ਵੰਡਾ ਲੈਂਦੇ ?

ਜੁਲਾਈ, ੧੯੪੬ ਦੇ ਤੀਜੇ ਹਫਤੇ, ਮੁਸਲਿਮ ਲੀਗ ਨੇ ਸਿੱਧੇ ਹੱਥ ਕਰਨ (Direct Action) ਦਾ ਮਤਾ ਪਾਸ ਕਰ ਦਿਤਾ ਤੇ ਹਿੰਦੁਸਤਾਨ ਦੇ ਮੁਸਲਮਾਨਾਂ ਨੂੰ ਵੰਗਾਰਿਆ ਕਿ ਉਹ ੧੬ ਅਗਸਤ, ੧੯੪੬ ਨੂੰ ਸਿੱਧੇ ਹਥ ਕਰਨ ਦਾ ਦਿਨ ਮਨਾਉਣ ।

ਮਾਰਚ, ੧੯੪੭ ਤੋਂ ਲੈ ਕੇ ਸਤੰਬਰ ੧੯੪੭ ਤੱਕ ਦੇ ਦਿਨਾਂ ਵਿਚ, ਲਗਭਗ ਪੰਜ ਲੱਖ, ਹਿੰਦੂ ਸਿੱਖ ਮੁਸਲਮਾਨ, ਮਰਦ, ਔਰਤਾਂ ਤੇ ਬੱਚੇ, ਉਤ੍ਰ ਪੱਛਮੀ ਹਿੰਦ ਵਿਚ ਤੇ ਬੰਗਾਲ ਵਿਚ ਕਤਲ ਕੀਤੇ ਗਏ। ਇਕ ਲਖ ਕੁਆਰੀਆਂ ਦੇ ਸਤ ਭੰਗ ਹੋਏ ਤੇ ਧਰਮ ਛੀਨ ਹੋਏ। ੫੦ ਲੱਖ ਆਦਮੀ ਅਪਣੇ ਪਿਤਾਪੁਰਖੀ ਜਨਮ ਅਸਥਾਨਾਂ ਵਿਚੋਂ ਕਢੇ ਗਏ ਤੇ ਘਰੋਂ ਬੇਘਰ ਹੋਏ। ਅਤੇ ੧੦੦ ਅਰਬ ਰੁਪੈ ਦੀ ਧਨ ਸਥਾਵਰ ਹਾਨੀ ਹੋਈ। ਇਹ ਫਲ ਸੀ, ਇਸ ਸਿਧਾਂਤ ਤੇ ਨਹਿਰੂ ਜੀ ਦੇ ਸਿੰਘਨਾਦ ਦਾ ਕਿ, ਵਿਧਾਨਕ ਸ਼ਬਦਾਂ ਅਤੇ ਕਾਨੂਨੀ ਸੰਬੰਧਾਂ ਦੇ ਅਰਥ ਬਹੁ ਗਿਣਤੀ ਦੇ ਸ੍ਵੈ-ਇੱਛਾ ਆਧਾਰਤ ਤੇ ਹਿੱਕ ਦੇ ਧੱਕੇ ਦੇ ਅਧੀਨ ਹਨ, ਹੋਰ ਕੋਈ ਸੁਤੰਤ੍ਰ, ਸੁਤੇਸਿੱਧ, ਸਰਵਪ੍ਰਮਾਣੀਕ ਅਰਥ ਅਜੇਹੇ ਸ਼ਬਦਾਂ ਦੇ, ਉਹ , ਜਿਨ੍ਹਾਂ ਦੇ ਹੱਥ, ਰਾਜਸੱਤਾ, ਸਿਰਾਂ ਦੀ ਗਿਣਤੀ ਦੇ ਆਧਾਰ ਤੇ, ਆਉਣ ਵਾਲੀ ਹੈ, ਅਰਥਾਤ ਹਿੰਦੂ, ਨਹੀਂ ਮੰਨਣਗੇ । ਇਉਂ ਸੋਚਣਾ, ਜਿਵੇਂ ਕਿ ਨਹਿਰੂ ਜੀ ਨੇ ਸੋਚਿਆ, ਅਯੋਗ ਸੀ, ਪਰ ਇਉਂ ਸੋਚ ਕੇ ਉਹ ਕਹਿਣਾ, ਜੋ ਕੁਛ ਨਹਿਰੂ ਜੀ ਨੇ ਕਿਹਾ, ਉਹ ਹੋਰ ਭੀ ਅਯੋਗ ਸੀ । ਧਰਮੰ ਯੋ ਬਾਧਤੇ ਧਰਮਾ ਨ ਸ ਧਰਮਹ ਕੁਧਰਮ ਤਤ ।

ਇਸੇ ਕਲਕੱਤੇ ਵਾਲੀ ਪ੍ਰੈਸ ਕਾਨਫ੍ਰੰਸ ਵਿਚ ਨਹਿਰੂ ਜੀ ਨੇ, ਦੁਨੀਆ ਭਰ ਦੇ ਅਖਬਾਰੀ ਨੁਮਾਇੰਦਿਆਂ ਰਾਹੀਂ ਸਿੱਖਾਂ ਨੂੰ ਇਹ ਛਲਾਵਾ ਦਿਤਾ :

"ਪੰਜਾਬ ਦੇ ਬਹਾਦੁਰ ਸਿੱਖ ਖਾਸ ਸਲੂਕ ਦੇ ਹੱਕਦਾਰ ਹਨ । ਮੈਂ ਮੰਨਦਾ ਹਾਂ

ਕਿ ਹਿਦੁਸਤਾਨ ਦੇ ਉੱਤਰ ਵਿਚ ਇੱਕ ਅਜੇਹਾ ਖਿਤਾ ਅਤੇ ਵਿਧਾਨ ਹੋਣਾ ਚਾਹੀਦਾ ਹੈ, ਜਿਸ ਵਿਚ ਸਿੱਖਾਂ ਉੱਤੇ ਕਿਸੇ ਹੋਰ ਦਾ ਦਾਬਾ ਨਾ ਹੋਵੇ।"*

ਬਹਾਦੁਰ, ਨਿਰਛਲ ਤੇ ਵਿਸਾਹ ਖਾਣ ਵਾਲੇ ਸਿੱਖ ਇਨ੍ਹਾਂ ਬਚਨਾਂ ਨੂੰ, ਸੰਨ ੧੯੫੦ ਤਕ, ਤਿਨਕਾਲ ਸੱਤ ਦੇਵਬਾਣੀ ਮਨਦੇ ਰਹੇ।

੨੫ ਜੁਲਾਈ, ੧੯੪੬ ਨੂੰ ਵਿਧਾਨ ਪ੍ਰੀਸ਼ਦ ਦੀਆਂ ਚੋਣਾਂ ਦੇ ਸਿੱਟੇ ਨਿਕਲੇ। ਬਿਟਿਸ਼ ਇੰਡੀਆ ਦੇ ਪ੍ਰਾਂਤਾਂ ਵਲੋਂ ੨੯੬ ਨੁਮਾਇਦੇ ਹਿੰਦੂਆਂ ਦੇ ਚੁਣੇ ਜਾਣੇ ਸਨ, ਉਹ ਸਾਰੇ ਦੇ ਸਾਰੇ. ( ੯ ਆਦਮੀ ਛੱਡ ਕੇ ) ਕਾਂਗ੍ਰਸ ਦੇ ਆਦਮੀ ਚੁਣੇ ਗਏ। ੭੯ ਮੁਸਲਿਮ ਸੀਟਾਂ ਵਿਚੋਂ, ਮੁਸਲਿਮ ਲੀਗ, ੭੩ ਜਿਤ ਗਈ। ਤੇ ਇਉਂ ਕਾਂਗ੍ਰਸੀ ਬਾਕੀ ਸਾਰਿਆਂ ਦੇ ਇਕੱਠੇ ਮੁਕਾਬਲੇ ਉੱਤੇ ਭੀ, ਭਾਰੀ ਬਹੁਗਿਣਤੀ ਵਿਚ ਸਨ। ਇਸ ਵਿਧਾਨ ਪ੍ਰੀਸ਼ਦ ਵਿਚ, ਨਹਿਰੂ ਜੀ ਦੇ ਕਥਨ ਕੀਤੇ ਸਿਧਾਂਤਾਂ ਅਨੁਸਾਰ, ਜੋ ਵਿਧਾਨ ਬਣਦਾ ਅਤੇ ਉਸ ਵਿਧਾਨ ਉੱਤੇ ਜਿਵੇਂ ਅਮਲ ਹੋਣਾ ਸੀ, ਉਹ ਕਿਸੇ ਗੈਰ ਕਾਂਗ੍ਰਸੀ ਲਈ ਭੀ ਭਰੋਸਾ ਦਵਾਊ ਨਹੀਂ ਸੀ, ਮੁਸਲਮਾਨਾਂ ਲਈ ਤਾਂ ਸਿੱਧਾ ਕਹਿਰ ਸੀ।

੧੨ ਅਗਸਤ ਨੂੰ ਵਾਇਸਰਾਏ ਨੇ ਕਾਂਗ੍ਰਸ ਦੇ ਪ੍ਰੈਜ਼ੀਡੈਂਟ ਨੂੰ ਕੇਂਦਰੀ ਵਜ਼ਾਰਤ ਬਨਾਣ ਦਾ ਨਿਮੰਤ੍ਰਣ ਦਿੱਤਾ। ੧੬ ਅਗਸਤ ਨੂੰ ਮੁਸਲਮਾਨਾਂ ਨੇ, 'ਅਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ,' ਦੇ ਮਹਾਵਾਕ ਉਤੇ ਅਮਲ ਅਰੰਭ ਦਿੱਤਾ। ਬੰਗਾਲ ਤੇ ਬਿਹਾਰ ਵਿੱਚ ਭਾਰੇ ਹਿੰਦੂ ਮੁਸਲਿਮ ਫਸਾਦ ਅਰੰਭ ਹੋ ਗਏ ਅਤੇ ਬੰਗਾਲ ਦੇ ਮੁਸਲਿਮ ਲੀਗੀ ਮੁੱਖ ਮੰਤ੍ਰੀ, ਸੁਹਰਾਵਰਦੀ ਨੇ ਐਲਾਨ ਕਰ ਦਿੱਤਾ ਕਿ ਜੇ ਕੇਂਦ੍ਰੀ ਸਰਕਾਰ ਕਾਂਗ੍ਰਸ ਦੀ ਬਣ ਗਈ ਤਾਂ ਬੰਗਾਲ ਸੁਤੰਤ੍ਰ ਦੇਸ ਬਣਾ ਦਿੱਤਾ ਜਾਵੇਗਾ। ੨ ਸਤੰਬ੍ਰ ਨੂੰ ਵਾਇਸਰਾਏ ਨੇ ਅਪਣੀ ਨਵੀਂ ਐਗਜ਼ੈਕਟਿਵ ਕੌਂਸਲ ਬਣਾਈ ਤਾਂ ਸਰ ਸ਼ਫਾਤ ਅਹਿਮਦ ਖਾਨ ਉਸ ਵਿਚ, ਮੁਸਲਿਮ ਲੀਗ ਦੀ ਮਰਜ਼ੀ ਤੋਂ ਬਿਨਾਂ, ਸ਼ਾਮਲ ਹੋਏ ਸਨ। ਉਸ ਨੂੰ ਸ਼ਿਮਲੇ ਦੇ ਭਰੇ ਚੌਕ ਵਿਚ, ਚਾਕੂ ਮਾਰ ਕੇ, ਘਾਇਲ ਕਰ ਦਿੱਤਾ ਗਿਆ। ਨਾਲ ਹੀ ਬੰਬਈ ਤੇ ਅਹਿਮਦਾਬਾਦ ਵਿਚ ਖੂਨੀ ਹਿੰਦੂ ਮੁਸਲਿਮ ਫ਼ਸਾਦ ਅਰੰਭ ਹੋ ਗਏ। ਤਦ ਗਾਂਧੀ ਜੀ ਨੇ ਮੰਨਿਆ ਕਿ ਹਿੰਦੁਸਤਾਨ "ਖਾਨਾਜੰਗੀ ਦੇ ਮੂੰਹ ਕੋਲ ਆ ਖੜ੍ਹਾ ਹੈ"।

ਇਸ ਸਮੇਂ ਨਹਿਰੂ ਜੀ ਨੇ ਜਤਨ ਕੀਤਾ ਕਿ, ਬਲਦੇ ਭਾਂਬੜ, ਪਾਣੀ ਦੀਆਂ ਕੁਝ ਬਾਲ-ਟੀਆਂ ਪਾ ਕੇ ਬੁਝਾ ਦਿੱਤੇ ਜਾਣ। ਉਨ੍ਹਾਂ ਨੇ ਐਲਾਨ ਕੀਤਾ ਕਿ ਵਿਧਾਨ ਪ੍ਰੀਸ਼ਦ ਵਿਚ ਫੈਸਲੇ ਸਰਵਸੰਮਤੀ ਨਾਲ ਕਰਾਂਗੇ, ਬਹੁ-ਗਿਣਤੀ ਦੇ ਧੱਕੇ ਨਾਲ ਨਹੀਂ। ਪਰ ਇਸ ਨਾਲ ਹੁਣ ਤ੍ਰਹਬਕੀ ਹੋਈ ਮੁਸਲਮ ਲੀਗ ਦੀ ਤਸੱਲੀ ਕਿੱਥੇ ਹੋਣੀ ਸੀ। ਜਿਨਾਹ ਨੇ ਉੱਤਰ ਵਿਚ ਕਿਹਾ, "ਮੇਰੀ ਪਿੱਠ ਵਿਚ ਛੁਰਾ ਮਾਰਿਆ ਗਿਆ ਹੈ, ਲੋੜ ਮਲ੍ਹਮ ਪੱਟੀ ਦੀ ਹੈ, ਮਿੱਠੀਆਂ ਮਿੱਠੀਆਂ ਗੱਲਾਂ ਦੀ ਨਹੀਂ" (I have been stabbed and kind words will not stop the bleeding.)

---

* The brave Sikhs of the Punjab are entitled to special consideration. I see nothing wrong in an area and a set-up in the North wherein the Sikhs can also experience the glow of freedom.

੧੩ ਅਕਤੂਬਰ, ੧੯੪੬ ਨੂੰ ਇਹ ਦੇਖ ਕੇ, ਕਿ ਵਾਇਸਰਾਏ ਨੇ, ਐਗਜ਼ੈਕਟਿਵ ਕੌਂਸਲ ਵਿਚ, ਕਾਂਗ੍ਰੇਸ ਦੇ ਬੰਦੇ ਲੈ ਲਏ ਹਨ, ਮੁਸਲਿਮ ਲੀਗ ਨੇ ਆਪਣੇ ਪੰਜ ਬੰਦੇ ਭੇਜਣੇ ਸਵੀਕਾਰ ਕਰ ਲਏ, ਜਿਨ੍ਹਾਂ ਵਿਚ ਕਿ ਇੱਕ ਅਛੂਤ, ਜੋਗਿੰਦ੍ਰ ਨਾਥ ਮੰਡਲ, ਬੰਗਾਲ ਵਾਸੀ ਸੀ। ਮੁਸਲਿਮ ਲੀਗ ਨੇ, ਕੇਂਦਰੀ ਸਰਕਾਰ ਦੇ ਅੰਦਰ ਵੜ ਕੇ ਭੀ, ਪਾਕਸਤਾਨ ਜਿੱਤਣ ਦੀ ਲੜਾਈ ਜਾਰੀ ਰੱਖੀ। ਪੂਰਬੀ ਬੰਗਾਲ ਵਿਚ ਬੜੇ ਖੂਨੀ ਫਸਾਦ ਹੋ ਗਏ, ਪਰ ਅੰਗਰੇਜ਼ ਹਿੰਦੁਸਤਾਨ ਨੂੰ ਛੇਤੀ ਤੋਂ ਛੇਤੀ ਸਵਰਾਜ ਦੇਣ ਲਈ ਉਤਾਵਲੇ ਪਏ ਹੋਏ ਸਨ। ਇਸ ਲਈ, ਵਾਇਸਰਾਏ ਨੇ ਵਿਧਾਨ ਪ੍ਰੀਸ਼ਦ ਦੀ ਬੈਠਕ ਬੁਲਾਣ ਹਿਤ ਨਿਮੰਤ੍ਰਣ ਪਤ੍ਰ ੨੦ ਨਵੰਬਰ ਨੂੰ ਜਾਰੀ ਕਰ ਦਿੱਤੇ ਤੇ ੯ ਦਸੰਬਰ, ਪਹਿਲੀ ਬੈਠਕ ਦਾ ਦਿਨ ਨਿਸ਼ਚਿਤ ਹੋ ਗਿਆ। ਕੈਬੀਨਟ ਮਿਸ਼ਨ ਦੀ ਸਕੀਮ ਵਿਚ ਇਹ ਨਿਸ਼ਚਾ ਕੀਤਾ ਗਿਆ ਸੀ ਕਿ ਵਿਧਾਨ ਪ੍ਰੀਸ਼ਦ ਦੇ, ਪ੍ਰਾਂਤਾਂ ਦੇ ਨੁਮਾਇੰਦਿਆਂ ਦੀ ਇੱਛਾ ਅਨੁਸਾਰ, ਭਾਗ ਭੀ ਬਣ ਸਕਦੇ ਹਨ। ਇਉਂ, ਜੇ ਬੰਗਾਲ ਤੇ ਪੰਜਾਬ ਦੇ ਮੁਸਲਮਾਨ ਨੁਮਾਇੰਦੇ ਚਾਹੁੰਦੇ ਤਾਂ ਅਪਣੇ ਪ੍ਰਾਂਤਾਂ ਦਾ ਵੱਖਰਾ ਵਿਧਾਨ ਬਨਾਣ ਲਈ, ਭਾਗਾਂ ਵਿਚ ਭੀ ਬੈਠ ਸਕਦੇ ਸਨ। ਹੁਣ ਝਗੜਾ ਇਸ ਗੱਲ ਤੇ ਪੈ ਗਿਆ ਕਿ ਕੀ ਭਾਗਾਂ ਵਿਚ ਬੈਠਣ ਵਾਲੀਆਂ ਗੋਸ਼ਟੀਆਂ ਅਪਣੇ ਵਿਧਾਨ ਬਹੁ ਸੰਮਤੀ ਨਾਲ, ਬਣਾ ਸਕਣਗੀਆਂ ? ਕਾਂਗ੍ਰੇਸ ਕਹਿੰਦੀ ਸੀ, ਕਿ ਨਹੀਂ, ਉਨ੍ਹਾਂ ਨੂੰ ਅਪਣੇ ਵਿਧਾਨਾਂ ਦੀ ਅੰਤਮ ਮਨਜ਼ੂਰੀ, ਸਾਂਝੇ ਤੇ ਸਾਰੇ ਵਿਧਾਨ ਪ੍ਰੀਸ਼ਦ ਤੋਂ ਲੈਣੀ ਪਵੇਗੀ। ਇਸ ਦਾ ਸਪਸ਼ਟ ਭਾਵ ਇਹੋ ਸੀ ਕਿ ਬਹੁ ਗਿਣਤੀ ਦੇ ਮੁਸਲਿਮ ਇਲਾਕਿਆਂ ਵਾਸਤੇ ਭੀ, ਕੋਈ ਵਿਧਾਨ ਅਜਿਹਾ ਨਹੀਂ ਪ੍ਰਵਾਣ ਹੋਵੇਗਾ, ਜਿਸਦੀ ਆਗਿਆ ਹਿੰਦੂ ਬਹੁ ਸੰਮਤੀ ਨ ਦੇਵੇ। ਇਉਂ ਇਹ ਹਿੰਦੂ-ਮੁਸਲਮ ਝਗੜਾ ਜਿਥੋਂ ਤੁਰਿਆ ਸੀ, ਘੁਮ ਘੁਮਾ ਕੇ, ਮੁੜ ਉਥੇ ਹੀ ਆ ਖੜਾ ਹੋਇਆ।

ਜੇ ਸਮਝੌਤਾ ਨ ਹੋ ਸਕੇ, ਤਾਂ ਦੂਜਾ ਰਾਹ ਕੇਵਲ ਖਾਨਾ-ਜੰਗੀ ਦਾ ਹੀ ਸੀ, ਪਰ ਮਿਸਟਰ ਜਨਾਹ ਨੇ ਸਾਫ ਕਹਿ ਦਿੱਤਾ ਕਿ ਹੁਣ ਹਿੰਦੂਆਂ ਨਾਲ ਸਮਝੌਤਾ ਅਸੰਭਵ ਹੈ।

ਸੰਨ ੧੯੪੬ ਦੇ ਸਰਦੀਆਂ ਦੇ ਦਿਨ ਸਨ ਤੇ ਮਿਸਟਰ ਜਿਨਾਹ ਇਕ ਦੋ ਦਿਨਾਂ ਲਈ ਲਾਹੌਰ ਆਏ ਹੋਏ ਸਨ। ਮੈਂ ਉਨ੍ਹਾਂ ਨੂੰ ਸਲਾਮ ਕਰਨ ਹਿਤ ਮਿਲਿਆ, ਤੇ ਗੱਲੀਂ ਗੱਲੀਂ ਕਿਹਾ, "ਤੁਸੀਂ ਗਾਂਧੀ ਜੀ ਤੇ ਨਹਿਰੂ ਜੀ ਨਾਲ ਮਿਲ ਕੇ ਕੋਈ ਸੁਲਾਹ ਸਫਾਈ ਦਾ ਰਾਹ ਕਿਉਂ ਨਹੀਂ ਲੱਭਦੇ ?" ਮੇਰੇ ਵੱਲ ਕਰੁਣਾਮਯ ਹੋ ਕੇ ਤੱਕਿਆ ਤੇ ਕਿਹਾ, "ਮੁਸਲਮਾਨ ਨ ਦੇਸ਼ ਦਾ ਵੰਡਾਰਾ ਕਰਨਾ ਚਾਹੁੰਦੇ ਹਨ ਤੇ ਨ ਹਿੰਦੂਆਂ ਨਾਲੋਂ ਵੱਖ ਹੋਣਾ। ਹਿੰਦੂ ਮੁਸਲਮਾਨਾਂ ਨੂੰ ਨਾਲ ਛੂਹਣ ਨਹੀਂ ਦੇਣਾ ਚਾਹੁੰਦੇ ਤੇ ਮੁਲਕ ਬਦਰ ਕਰਨਾ ਲੋਚਦੇ ਹਨ। ਆਉਣ ਵਾਲੇ ਸਮੇਂ ਵਿਚ ਨਿਰਪੱਖ ਤਾਰੀਖਦਾਨ ਮੇਰੇ ਇਸ ਦਾਵੇ ਦੀ ਪੁਸ਼ਟੀ ਕਰਨਗੇ।" (Muslims niether desire division of the country nor separation from Hindus. The Hindus do not wish to defile themselves by the Muslim touch and are determined to turn them out of the country. The future historian will support me in this).

ਮੈਂ ਕਿਹਾ, "ਗਾਂਧੀ ਜੀ ਤਾਂ ਬੜੇ ਧਰਮੀ ਬੰਦੇ ਹਨ।" ਕਹਿਣ ਲਗੇ, "ਗਾਂਧੀ ਜਦੋਂ ਭੀ ਮੈਨੂੰ ਸੁਲਾਹ ਸਫਾਈ ਲਈ ਮਿਲਣ ਆਇਆ ਹੈ, ਮਨ ਵਿਚ ਬਦੀ ਛੁਪਾ ਕੇ ਆਇਆ ਹੈ" (Whenever Gandhi has met me, he has done so with the intention to cheat.)।

ਮਿਸਟਰ ਜਿਨਾਹ ਬੜੇ ਸਪਸ਼ਟ ਵਕਤਾ ਪੁਰਸ਼ ਸਨ, ਅਤੇ ਬਹੁਤੀ ਵਾਰ, ਭਾਵੇਂ ਕਿਸੇ ਦੇ ਗਿੱਟੇ ਲਗੇ, ਭਾਵੇਂ ਗੋਡੇ, ਸਿੱਧੀ ਗੱਲ ਮੂੰਹ ਉਤੇ ਮਾਰਦੇ ਸਨ।

ਇਸ ਤੋਂ ਕੁਝ ਚਿਰ ਹੀ ਪਿਛੋਂ ਦੀ ਗੱਲ ਹੈ ਕਿ ਜਿਨਾਹ ਨੇ ਖੁਲ੍ਹੀ ਮੰਗ ਕੀਤੀ ਕਿ, "ਜੇ ਅੰਗਰੇਜ਼ ਛੇਤੀ ਹਿੰਦੁਸਤਾਨ ਵਿਚੋਂ ਨਿਕਲਨਾ ਹੀ ਚਾਹੁੰਦੇ ਹਨ ਤਾਂ ਮੁਸਲਮਾਨਾਂ ਨੂੰ ਜੋ ਥੋਹੜਾ ਬਹੁਤ ਦੇਸ਼ ਦਾ ਭਾਗ ਦੇ ਸਕਦੇ ਹਨ, ਵੰਡ ਕੇ ਦੇ ਜਾਣ। ਜੇ ਝਰਨਾ ਪਿਆ ਤਾਂ ਮੁਸਲਮਾਨ, ਇੱਕ ਡੰਗ ਰੋਟੀ ਖਾ ਕੇ ਹੀ ਗੁਜ਼ਾਰਾ ਕਰ ਲੈਣਗੇ।"

ਇਉਂ, ਕਿਵੇਂ ਭੀ ਕੋਈ ਗੱਲ ਸਿਰੇ ਚੜ੍ਹਦੀ ਨ ਦੇਖ ਕੇ, ਸੈਕ੍ਰੇਟਰੀ ਆਫ ਸਟੇਟ ਨੇ ਲੰਡਨੋਂ ਐਲਾਨ ਕੀਤਾ ਕਿ ਇੱਕ ਕਾਂਗ੍ਰੇਸ ਦਾ ਨੁਮਾਇੰਦਾ ਤੇ ਇੱਕ ਮੁਸਲਮਲੀਗ ਦਾ, ਲੰਡਨ ਆਉਣ ਤਾਂ ਜੁ ਹਿੰਦੁਸਤਾਨ ਦਾ ਰਾਜਸੀ ਝੰਝਟ ਨਿਬੇੜਨ ਦਾ ਇੱਕ ਹੋਰ ਭਰਪੂਰ ਜਤਨ ਕੀਤਾ ਜਾਵੇ। ਵਾਇਸਰਾਏ ਲਾਰਡ ਵੇਵਲ ਨੇ ਸਲਾਹ ਦਿਤੀ, ਕਿ ਤੀਜਾ ਸਿੱਖਾਂ ਦਾ ਨੁਮਾਇੰਦਾ ਭੀ ਬੁਲਾਣਾ ਚਾਹੀਦੇ।

ਇਉਂ, ਸਿੱਖਾਂ ਦੀ ਹਿੰਦੁਸਤਾਨ ਵਿਚ, ਅਤੇ ਸਾਮੀ ਤੇ ਆਰਯ ਆਤਮਾ ਵਿਚਕਾਰ ਵਿਚੋਲੇ ਹੋਣ ਦੇ ਨਾਤੇ, ਸਾਰੇ ਏਸ਼ੀਆ ਤੇ ਸੰਸਾਰ ਵਿਚ, ਜੋ ਆਤਮਕ ਤੇ ਸਭਿਯਾਚਾਰਕ ਗੌਰਵਤਾ ਹੈ, ਉਹ ਅੰਗ੍ਰੇਜ਼ਾਂ ਨੇ ਰਾਜਸੀ ਪੱਧਰ ਉੱਤੇ ਦ੍ਰਿੜ੍ਹਤਾ ਨਾਲ ਤੇ ਸਪਸ਼ਟ, ਮੁੜ ਪ੍ਰਵਾਨ ਕਰ ਲਈ। ਇਸ ਦਾ ਭਾਵ ਇਹ ਸੀ, ਕਿ ਹਿੰਦੁਸਤਾਨ ਵਿਚ ਸੁਫ਼ੂਰਤੀ ਪ੍ਰਦਾਇਕ ਆਤਮਕ ਇਕਾਈਆਂ (dynamic spiritual entities) ਤਿੰਨ, ਤੇ ਕੇਵਲ ਤਿੰਨ ਹੀ, ਹਨ, ਜੋ ਕਿ ਹਿੰਦੁਸਤਾਨ ਦੀ ਰਾਜਸੀ ਸੱਤਾ ਦੀਆਂ ਸਹੀ ਤੇ ਹੱਕੀ ਵਾਰਸ ਹਨ। ਪਰ ਸਿੱਖ ਲੀਡਰਾਂ ਵਿਚ, ਉਸ ਵੇਲੇ, ਇਸ ਰਹੱਸਯ ਨੂੰ ਸਮਝਣ ਵਾਲਾ ਤੇ ਇਸ ਉੱਤੇ ਸਿੱਖ ਰਾਜਨੀਤੀ ਦਾ ਆਧਾਰ ਰੱਖਣ ਵਾਲਾ, ਕੋਈ ਦੂਰ-ਦਰਸ਼ੀ, ਤੇ ਵਿਸ਼ਾਲ-ਬੁੱਧੀ ਲੀਡਰ ਸਾਹਮਣੇ ਨਹੀਂ ਸੀ।

ਥੋੜਾ ਸਮਾਂ ਪਹਿਲਾਂ ਹੀ, ਸਰ ਜੋਗਿੰਦ੍ਰ ਸਿੰਘ ਦੀ ਥਾਵੇਂ, ਸਰਦਾਰ ਬਲਦੇਵ ਸਿੰਘ ਜੀ ਵਾਇਸਰਾਏ ਦੀ ਅਗਜ਼ੈਕਟਿਵ ਕੌਂਸਲ ਵਿਚ, ਸਿੱਖਾਂ ਵੱਲੋਂ ਆ ਚੁੱਕੇ ਸਨ। ਸਨ ੧੯੬੦ ਦੇ ਉਤਰਾ ਵਿਚ, (ਅਗਸਤ) ਮੈਂ ਇਸ ਪਿਛੋਕੜ ਉੱਤੇ ਉਨ੍ਹਾਂ ਨਾਲ ਗੱਲ ਬਾਤ ਕੀਤੀ, ਤਾਂ ਕਹਿਣ ਲੱਗੇ, "ਇਸ ਪਾਸੇ ਮੇਰਾ ਮਨ ਨਹੀਂ ਜਾ ਸਕਿਆ। ਉਸ ਵੇਲੇ ਮੇਰੀ ਕੋਈ ਐਡੀ ਵੱਡੀ ਉਮਰ ਤੇ ਤਜਰਬਾ ਭੀ ਨਹੀਂ ਸੀ, ਤੇ ਮੇਰੇ ਮਨ ਉੱਤੇ ਦੋ ਹੀ ਪ੍ਰਭਾਵ ਸਨ, ਅਕਾਲੀ ਬੜੇ ਦੇਸ਼ ਭਗਤ ਹਨ ਅਤੇ ਕਾਂਗ੍ਰਸੀ ਬੜੇ ਉੱਚਾਤਮਾ। ਮੈਂ ਕਾਂਗ੍ਰਸ ਦੇ ਪ੍ਰਛਾਵੇਂ ਹੇਠਾਂ ਹੀ, ਸਿੱਖਾਂ ਦਾ ਲਾਭ ਸਮਝਦਾ ਤੇ ਚਿਤਵਦਾ ਰਿਹਾ।

ਜੇ ਕਿਤੇ ਪਤਾ ਹੁੰਦਾ, ਇਨ੍ਹਾਂ ਸਾਲਿਆਂ ਨੇ ਅਸਾਡੇ ਨਾਲ ਇਉਂ ਕਰਨੀ ਹੈ. . . .''* ਫੇਰ, ਸਰਦਾਰ ਸਾਹਿਬ ਚੁੱਪ ਕਰ ਗਏ, ਅਤੇ ਉਨ੍ਹਾਂ ਦੇ ਢਿੱਲੇ ਸੁਆਸਥ ਨੂੰ ਮੁੱਖ ਰੱਖ ਕੇ, ਮੈਂ ਗੱਲ ਅੱਗੇ ਚੱਲਣ ਉੱਤੇ ਜ਼ੋਰ ਨ ਦਿੱਤਾ। ਸਰਦਾਰ ਬਲਦੇਵ ਸਿੰਘ ਜੀ ਵਿਚ ਬੜੇ ਗੁਣ ਹੋਣਗੇ, ਯਥਾ, ਦੇਸ਼ ਪਿਆਰ, ਸਿੱਖੀ ਪਿਆਰ, ਵਿਸਾਹ ਕਰਨਾ, ਭਰੋਸਾ ਕਰਨਾ, ਅਤੇ ਹਿਰਦੇ ਦੀ ਸਰਲਤਾ। ਪਰ ਜਿਸ ਵੇਲੇ, ਸਿੱਖਾਂ ਨੇ ਅਪਣਾ ਨੇਤ੍ਰਤਵ, ਜਦੋਂ ਕਿ ਬੇੜਾ ਮਝਦਾਰ ਵਿਚ ਸੀ, ਉਨ੍ਹਾਂ ਦੇ ਹੱਥਾਂ ਵਿਚ ਦੇ ਦਿੱਤਾ, ਉਹ ਵੇਲਾ ਕਿਸੇ ਵੱਡੇ ਚਤੁਰ, ਦੂਰਅੰਦੇਸ਼, ਆਪਾ-ਵਾਰੂ, ਸ੍ਵਾਰਥ-ਤਿਆਗੀ, ਇੰਦ੍ਰੀਜਿਤ ਤੇ ਤਜਰਬੇਕਾਰ ਸਿੱਖ ਲੀਡਰ ਦੀ ਮੰਗ ਕਰਦਾ ਸੀ।

ਇਉਂ ਜਿਨਾਹ (ਲਿਆਕਤ ਅਲੀ ਨੂੰ ਨਾਲ ਲੈ ਕੇ) ਨਹਿਰੂ ਤੇ ਬਲਦੇਵ ਸਿੰਘ, ਸਣੇ ਵਾਇਸਰਾਏ ਦੇ, ਦੋ ਦਸੰਬਰ, ੧੯੪੬ ਨੂੰ ਲੰਡਨ ਪੁੱਜੇ। ਪੂਰੇ ਚਾਰ ਦਿਨ ਆਪਸੀ ਗੱਲਾਂ ਬਾਤਾਂ ਹੋਈਆਂ, ਪਰ ਕੋਈ ਸਮਝੌਤਾ ਕਾਂਗ੍ਰੇਸ ਤੇ ਮੁਸਲਿਮ ਲੀਗ ਵਿਚਕਾਰ ਨ ਹੋ ਸਕਿਆ, ਤੇ ੭ ਦਸੰਬਰ ਦੀ ਸਵੇਰ ਨੂੰ ਨਹਿਰੂ ਜੀ ਤੇ ਬਲਦੇਵ ਸਿੰਘ, ਇਕੱਠੇ ਇਕੋ ਜਹਾਜ਼ ਵਿਚ, ਹਿੰਦੁਸਤਾਨ ਮੁੜ ਆਏ ਅਤੇ ਹਵਾਈ ਜਹਾਜ਼ ਵਿਚ ਚੜ੍ਹਨ ਤੋਂ ਪਹਿਲਾਂ, ਸਰਦਾਰ ਬਲਦੇਵ ਸਿੰਘ ਜੀ ਨੇ ਅਖਬਾਰੀ ਨੁਮਾਇੰਦਿਆਂ ਨੂੰ ਬਿਆਨ ਦਿਤਾ :

''ਸਿੱਖਾਂ ਦੀ ਕੋਈ ਮੰਗ ਨਹੀਂ ਹੈ ਜੋ ਉਹ ਅੰਗਰੇਜ਼ਾਂ ਕੋਲੋਂ ਲੈਣਾ ਚਾਹੁੰਦੇ ਹਨ। ਉਹ ਅਪਣਾ ਫੈਸਲਾ ਸਿੱਧਾ ਕਾਂਗਰੇਸ ਨਾਲ ਆਪ ਕਰ ਲੈਣਗੇ। ਸਿੱਖਾਂ ਦੀ ਇੱਕੋ ਇੱਕ ਮੰਗ ਹੈ ਕਿ ਅੰਗਰੇਜ਼ ਹਿੰਦੁਸਤਾਨ ਖਾਲੀ ਕਰ ਜਾਣ।''

ਸਹੀ ਟੀਕਾ ਟਿਪਣੀ ਇਸ ਉੱਤੇ ਕੀ ਕੀਤੀ ਜਾਵੇ ? ਯਤ੍ਰ ਸ੍ਵਾਰਥਯੁਤੋ ਸਾਰਥੀ ਕੁਬੁੱਧਯਹ ਵਿਮੂਢ ਚ, ਤਤ੍ਰ ਪ੍ਰਾਧੀਨਤਾ ਪ੍ਰਾਜਯੋ ਸਰਵਕਾਲੇ ਮਤਿਰਮਮ ॥

ਇਸ ਬੇਲੋੜੇ ਜਿਹੇ ਬਿਆਨ ਦੇ ਕੋਈ ਗੰਭੀਰ ਅਰਥ ਨਹੀਂ ਨਿਕਲ ਸਕਦੇ ਜਿਤਨਾ ਚਿਰ, ਇਸ ਦਾ ਪਿਛੋਕੜ, ਜੋ ਕਿ ਇੱਕ ਵੱਡੇ ਅੰਗਰੇਜ਼ ਅਫਸਰ ਨੇ, ਜਿਸ ਨੂੰ ਕਿ ਇਸ ਦਾ ਜ਼ਾਤੀ ਇਲਮ ਸੀ, ਮੈਨੂੰ ਸੰਨ ੧੯੪੭ ਦੇ ਅਰੰਭ ਵਿੱਚ, ਲਾਹੌਰ ਦੱਸਿਆ। ਸਿੱਖਾਂ ਦੀ ਇਹ ਮੰਗ ਕਿ ਅੰਗਰੇਜ਼ ਹਿੰਦੁਸਤਾਨ ਖਾਲੀ ਕਰ ਜਾਣ, ਬੜੀ ਹੋਛੀ

---

*ਸੰਨ ੧੯੪੯ ਵਿਚ ਜਦੋਂ ਭਾਰਤ ਦਾ ਵਿਧਾਨ ਪਾਸ ਹੋਣ ਲਗਾ, ਅਤੇ ਉਸ ਰਾਹੀਂ ਸਿੱਖ ਪੰਥ ਨੂੰ ਕੋਈ ਅਧਿਕਾਰ ਦੇਣ ਤੋਂ ਉੱਕਾ ਨਾਂਹ ਕਰ ਦਿੱਤੀ ਗਈ ਤਾਂ ਮਾਸਟਰ ਤਾਰਾ ਸਿੰਘ ਹੀ ਇਕੱਲੇ ਸਿੱਖ ਆਗੂ ਸਨ ਜਿੰਨ੍ਹਾਂ ਇਸ ਧੱਕੇ ਸ਼ਾਹੀ ਵਿਰੁਧ ਆਵਾਜ਼ ਉਠਾਈ ਅਤੇ ਇਸ ਧਰੋਹ-ਆਧਾਰਤ ਵਿਧਾਨ ਦੇ ਵਿਰੁਧ ਦਿੱਲੀ ਵਿੱਚ ਰੋਸ ਪ੍ਰਗਟ ਕਰਨ ਦੀ ਯੋਜਨਾ ਬਣਾਈ। ਜਦੋਂ ਮਾਸਟਰ ਜੀ ਸਿੱਖਾਂ ਦੇ ਇਕ ਭਾਰੇ ਇਕੱਠ ਦੀ ਪ੍ਰਧਾਨਗੀ ਕਰਨ, ਸੰਨ ੧੯੪੯ ਦੇ ਆਰੰਭ ਵਿਚ ਦਿੱਲੀ ਜਾ ਰਹੇ ਸਨ ਤਾਂ ਭਾਰਤ ਦੇ ਗ੍ਰਿਹ ਮੰਤਰੀ, ''ਲੋਹ ਪੁਰਸ਼'' ਸਰਦਾਰ ਪਟੇਲ ਨੇ ਉਨ੍ਹਾਂ ਨੂੰ ਨਰੇਲੇ ਦੇ ਸਟੇਸ਼ਨ ਉੱਤੇ ਹੀ ਗ੍ਰਿਫਤਾਰ ਕਰਵਾ ਲਿਆ ਤੇ ਅਲਮੋੜੇ ਨਜ਼ਰ ਬੰਦ ਕਰ ਦਿੱਤਾ। ਉਸ ਸਮੇਂ ਸਰਦਾਰ ਬਲਦੇਵ ਸਿੰਘ ਨੇ ਦਿੱਲੀਓਂ ਆਕਾਸ਼ਵਾਣੀ ਰਾਹੀਂ ਪ੍ਰਸਾਰ ਕੀਤਾ ਕਿ ਮਾਸਟਰ ਜੀ ਵਿਧਾਨ ਵਿਰੁਧ ਵਿਚਾਰ ਪ੍ਰਗਟਾ ਕੇ ਭਾਰੀ ਮੂਰਖਤਾ ਕਰ ਰਹੇ ਹਨ। ਇਸੇ ਵਰ੍ਹੇ ਦੇ ਅੰਤ ਵਿਚ, ਚਮਕੌਰ ਸਾਹਿਬ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਉਤਸਵ ਉਤੇ, ਬਲਦੇਵ ਸਿੰਘ ਜੀ ਉਚੇਚੇ ਪੁੱਜੇ ਅਤੇ ਦੀਵਾਨ ਵਿਚ ਕਿਹੋ ਨੇ : ''ਹਿੰਦੂਆਂ ਨੇ ਇੱਕ ਸਿੱਖ ਨੂੰ ਰਖਸ਼ਾ ਮੰਤਰੀ ਬਣਾਇਆ ਹੋਇਆ ਹੈ। ਇਸ ਤੋਂ ਵੱਧ ਸਿੱਖ ਹੋਰ ਕੀ ਮੰਗਦੇ ਹਨ ?''

ਸੀ, ਕਿਉਂਜੁ ਅੰਗਰੇਜ਼ ਤਾਂ ਪਹਿਲਾਂ ਹੀ ਅਪਣਾ ਬਿਸਤਰਾ ਬੋਰੀਆ ਬੰਨ੍ਹੀ, ਦੇਸੋਂ ਜਾਣ ਨੂੰ, ਉਤਾਵਲੇ ਬੈਠੇ ਸਨ । ਸੁਆਲ ਤਾਂ ਸੀ, ਸਿੱਖਾਂ ਦੇ ਕੁਝ ਬਨਣ ਦਾ । ਉਸ ਬਾਰ ਇਹ ਕਹਿਣਾ ਕਿ ਅਸੀਂ ਅੰਗਰਜ਼ਾਂ ਕੋਲੋਂ ਕੁੱਛ ਨਹੀਂ ਲੈਣਾ, ਜੋ ਮੰਗਾਗੇ ਕਾਂਗਰੇਸ ਕੋਲੋਂ ਮੰਗ ਕੇ ਲੈ ਲਵਾਂਗੇ, ਇਹ ਸਿੱਧ ਕਰਦਾ ਹੈ ਕਿ ਸਿਖ ਸਚੀਂ ਮੁਚੀਂ ਬੜੇ ਸਰਲਸੁਭਾ (naive) ਤੇ ਰਾਜਨੀਤੀ ਦੇ ਖੇਤਰ ਵਿਚ ਬਾਲਬੁੱਧਿ (immature) ਹਨ । ਜਿਸ ਨੇ ਦੇ ਕੇ ਚਲੇ ਜਾਣਾ ਹੈ, ਖੁਲ੍ਹੇ ਹੱਥ ਨਾਲ ਉਹ ਦਿੰਦਾ ਹੈ, ਜਿਸ ਨੇ ਲੈ ਕੇ ਕਾਬੂ ਕਰਨਾ ਹੈ, ਉਹ ਘੁੱਟੀ ਮੁੱਠ ਕਿਸੇ ਗਲੇ ਹੀ ਖੋਹਲਦਾ ਹੈ, ਇਹ ਰਾਜਸੀ ਮਨੋਵਿਗਿਆਨ ਦਾ ਊੜਾ ਐੜਾ ਹੈ। ਕੀ ਅਸਾਡੇ ਬਜ਼ੁਰਗ, ਅਸਾਨੂੰ ਨਹੀਂ ਦਸ ਗਏ, ਕਿ "ਕੋਊ ਕਿਸੀ ਕੋ ਰਾਜ ਨ ਦੇ ਹੈ ?" ਮਜਬੂਰੀ ਕਾਰਨ ਰਾਜ ਦਿੱਤਾ ਜਾਂਦਾ ਹੈ । ਯਾ ਕਦੇ ਕਦੇ ਕੋਈ ਵਿਚਕਸ਼ਣ ਬੁੱਧੀ ਸੁਧ ਆਤਮਾ ਆਪੇ ਹੱਕ ਹੱਕੀ ਨੂੰ ਮੋੜ ਦਿੰਦੀ ਹੈ ਅਤੇ, ਸਾਡੇ ਵੱਡੇ ਭਰਾ, ਹਿੰਦੂ, ਜਿੱਥੇ ਤੀਖਣ ਬੁੱਧ ਲਈ ਮਸ਼ਹੂਰ ਹਨ, ਉੱਥੇ ਦੇਣ ਦਵਾਣ ਵੱਲੋਂ ਬੋਹੜਦਿਲੀ ਲਈ ਭੀ ਪ੍ਰਸਿੱਧ ਹਨ । ਇਹ ਬਿਆਨ ਸਰਦਾਰ ਬਲਦੇਵ ਸਿੰਘ ਜੀ ਨੇ ਇਸ ਕਾਰਣ ਦਿੱਤਾ, ਕਿ ੬ ਦਸੰਬਰ ਦੀ ਸ਼ਾਮ ਨੂੰ, ਬ੍ਰਿਟਿਸ਼ ਅੰਗਰੇਜ਼ੀ ਸਰਕਾਰ ਦੇ ਇੱਕ ਬਹੁਤ ਵੱਡੇ ਤੇ ਬਾਰਸੂਖ ਮੁਦੱਬਰ ਵਲੋਂ ਇਹ ਸੁਨੇਹਾ ਆਇਆ, ਕਿ 'ਨਹਿਰੂ ਨੂੰ ਵਾਪਸ ਹਿੰਦੁਸਤਾਨ ਚਲੇ ਜਾਣ ਦਿਓ ਤੇ ਸਿੱਖਾਂ ਦਾ ਨੁਮਾਇੰਦਾ ਦੋ ਦਿਨ ਹੋਰ ਲੰਡਨ ਅਟਕ ਜਾਵੇ ਤਾਂ ਮੁਸਲਿਮਲੀਗ ਤੇ ਅੰਗਰੇਜ਼ਾਂ ਦੇ ਮਸ਼ਵਰੇ ਨਾਲ ਕੋਈ ਅਜੇਹਾ ਰਾਜਸੀ ਬਾਨ੍ਹਣੂ ਬੰਨ੍ਹਿਆ ਜਾ ਸਕਦਾ ਹੈ, ਜਿਸ ਨਾਲ ਕਿ ਸਿਖ ਹਿੰਦੁਸਤਾਨ ਦੇ ਰਾਜਸੀ ਖੇਤਰ ਵਿਚ ਅਪਣੇਂ ਪੈਰਾਂ ਤੇ ਖੜੋ ਕੇ, ਵਿਸ਼ਵ ਇਤਿਹਾਸ ਵਿਚ ਅਪਣਾ ਕਿਰਦਾਰ ਭੁਗਤਾ ਸਕਣ ।"* ਸਰਦਾਰ ਸਾਹਿਬ ਨੇ ਇਹ ਖੁਫੀਆ ਤੇ ਜ਼ਾਤੀ ਸੁਨੇਹਾ, ਝੱਟ ਨਹਿਰੂ ਜੀ ਦੇ ਕੰਨੀ ਪਾ ਦਿਤਾ ਜਿਸ ਕਰਕੇ ਉਨ੍ਹਾਂ ਨੇ ਇਹ ਅਖਬਾਰੀ ਬਿਆਨ ਆਪ ਤਿਆਰ ਕਰਕੇ, ਸਰਦਾਰ ਸਾਹਿਬ ਵਲੋਂ ਦਿਵਾਇਆ, ਤੇ ਬਲਦੇਵ ਸਿੰਘ ਜੀ ਨੂੰ ਸਲਾਹ ਦਿੱਤੀ ਕਿ ਕਲ੍ਹ ਸਵੇਰੇ ਹੀ ਏਥੋਂ ਇਕੱਠੇ ਨਿਕਲ ਚੱਲੀਏ ।

ਮੇਰੇ ਅੰਗਰੇਜ਼ ਮਿੱਤ੍ਰ ਨੇ ਤਾਂ ਮੈਨੂੰ ਇਹ ਭੀ ਦੱਸਿਆ ਕਿ ਹਵਾਈ ਅੱਡੇ ਉਤੇ, ਜਦੋਂ ਬਲਦੇਵ ਸਿੰਘ ਜੀ ਇਹ ਬਿਆਨ ਦੇ ਚੁੱਕੇ, ਤਾਂ ਨਹਿਰੂ ਜੀ ਨੇ ਪਹਿਲਾਂ ਬਲਦੇਵ ਸਿੰਘ ਜੀ ਨੂੰ ਜਹਾਜ ਤੇ ਚੜ੍ਹਨ ਲਈ ਪ੍ਰੇਰਿਆ ਤੇ ਮਗਰੋਂ, ਸਭ ਨਾਲੋਂ ਪਿੱਛੋਂ, ਆਪ ਚੜ੍ਹੇ ।

ਇਥੇ, ਲਗਦੇ ਹੱਥ, ਇਹ ਗਲ ਵੀ ਦੱਸ ਦੇਣੀ ਬਣਦੀ ਹੈ, ਕਿ ਜਦੋਂ ਸਰਦਾਰ ਬਲਦੇਵ ਸਿੰਘ ਜੀ ਕੇਬੀਨਿਟ ਮਿਸ਼ਨ ਦੇ ਮਿੰਬਰਾਂ ਨੂੰ, ਲਾਹੌਰ, ਵਾਇਸਰਾਏ ਦੀ ਐਗਜ਼ੈਕ-ਟਿਵ ਕੌਂਸਲ ਦਾ ਮਿੰਬਰ ਬਨਣ ਤੋਂ ਪਹਿਲਾਂ, ਸਿੱਖਾਂ ਦੇ ਨੁਮਾਇੰਦੇ ਦੀ ਹੈਸੀਯਤ ਵਿਚ

---

* ਮੈਨੂੰ ਸਿੱਖਾਂ ਦੀ ਰੱਖਿਆ ਦੇ ਮਹੱਤਵ ਬਾਰੇ, ਜੋ ਸ਼ਬਦ ਕਹੇ ਹੋਏ, ਦੱਸੇ ਗਏ ਸੀ, ਉਹ ਮੇਰੀ ਯਾਦਦਾਸ਼ਤ ਵਿਚ ਇਉਂ ਅੰਕਤ ਹਨ :

"So as to enable the Sikhs to have political feet of their own on which they may walk into the current of World-History."

ਮਿਲੇ ਸਨ ਤਾਂ, ਉੱਥੇ ਜੋ ਗੱਲ ਬਾਤ ਸਿੱਖਾਂ ਬਾਰੇ ਹੋਈ, ਉਸ ਦਾ ਸਾਰੰਸ਼, ਜੋ ਮੇਰੇ ਕੰਨੀ ਉਸੇ ਵੇਲੇ ਪੁੱਜਾ ਸੀ, ਤੇ ਓਦੋਂ ਦਾ ਮੇਰੀਆਂ ਯਾਦਦਾਸ਼ਤਾਂ ਵਿਚ ਸਾਂਭਿਆ ਪਿਆ ਹੈ, ਇਹ ਹੈ,

"ਸਰ ਕ੍ਰਿਪਸ : ਸਰਦਾਰ ਸਾਹਿਬ; ਸਿੱਖਾਂ ਲਈ ਕੀ ਕਰੀਏ ? ਅਸਾਡੀ ਕੌਮ ਦੀ ਤੀਬਰ ਇੱਛਾ ਹੈ ਕਿ ਅਸੀਂ ਜਾਣ ਤੋਂ ਪਹਿਲਾਂ ਸਿੱਖਾਂ ਦਾ ਕੁਛ ਬਣਾ ਜਾਈਏ ।

ਸਰਦਾਰ ਸਾਹਿਬ: ਜੇ ਪਾਕਿਸਤਾਨ ਬਨਾਣਾ ਹੈ ਤਾਂ ਸਿੱਖ ਸਟੇਟ ਜ਼ਰੂਰ ਬਣੇ ।

ਸਰ ਪੈਥਿਕ ਲਾਰੰਸ: ਅਸੂਲਨ ਤਾਂ ਇਸ ਵਿਚ ਕੋਈ ਹਰਜ ਨਹੀਂ । ਪਰ ਕਿੱਥੇ ਬਣਾਈਏ ? ਔਹ ਨਕਸ਼ਾ ਲਟਕਦਾ ਹੈ, ਦੱਸੋ ਕਿਹੜੇ ਇਲਾਕੇ ਵਿਚ ਸਿਖ ਸਟੇਟ ਬਣਾ ਦੇਈਏ ।

ਸਰਦਾਰ ਸਾਹਿਬ: (ਚੁੱਪ)

ਸਰ ਕ੍ਰਿਪਸ : ਸਰਦਾਰ ਸਾਹਿਬ, ਮੇਰੀ ਗੱਲ ਨੂੰ ਧਿਆਨ ਨਾਲ ਸੁਣੋ । ਆਹ ਦੇਖੋ, ਹਿੰਦੁਸਤਾਣ ਦਾ ਨਕਸ਼ਾ ਲਟਕਦਾ ਹੈ । ਇਹ ਪੰਜਾਬ ਹੈ । ਜੇ ਬ੍ਰਿਟਿਸ਼ ਪਾਰਲੀਮੈਂਟ ਇਹ ਨਿਸ਼ਚਿਤ ਕਰ ਦੇਵੇ ਕਿ ਇਸ ਇਲਾਕੇ ਵਿਚ (ਇਉਂ ਕਹਿਕੇ, ਸਰ ਕ੍ਰਿਪਸ ਨੇ, ਸੋਟੀ ਨਾਲ, ਪਾਨੀਪਤ ਤੋਂ ਲੈ ਕੇ, ਨਨਕਾਣੇ ਸਾਹਿਬ ਦੇ ਇਲਾਕੇ ਦੇ ਦੁਆਲੇ ਲਕੀਰ ਪਾਈ) ਸਿੱਖਾਂ ਦੇ ਵਿਸ਼ੇਸ਼ ਅਧਿਕਾਰ ਰਾਖਵੇਂ ਹਨ ਅਤੇ ਭਾਂਵੇਂ ਇਹ ਇਲਾਕਾ ਕਿਸੇ ਪਾਸੇ ਭੀ ਜਾਵੇ, ਕੋਈ ਵਿਧਾਨ ਅਜੇਹਾ ਨ ਬਣੇ, ਜਿਹੜਾ ਇਸ ਇਲਾਕੇ ਬਾਰੇ, ਸਿੱਖਾਂ ਦੀ ਮਰਜ਼ੀ ਦੇ ਵਿਰੁੱਧ ਬਣੇ ਤਾਂ ਕੀ ਇਹ ਸਿੱਖਾਂ ਨੂੰ ਮਨਜ਼ੂਰ ਹੈ ?

ਸਰਦਾਰ ਸਾਹਿਬ : ਨਹੀਂ, ਨਹੀ, ਮੇਰੀ ਕੌਮ ਤਾਂ ਜਿਹਲਮ ਤੱਕ ਰਾਜ ਮੰਗਦੀ ਹੈ। ਇਹ ਛੋਟਾ ਜਿਹਾ ਥਾਂ ਅਸਾਂ ਨਹੀ ਲੈਣਾ ।"

ਗਿਆਨੀ ਕਰਤਾਰ ਸਿੰਘ ਦੇ ਕੰਨੀ ਜਦੋਂ ਇਹ ਗੱਲਬਾਤ ਪਈ, ਉਨ੍ਹਾਂ ਨੇ ਦੁਹੱਥੜ ਅਪਣੇ ਮੱਥੇ ਉੱਤੇ, ਤਿਨ ਵਾਰ ਮਾਰਿਆ ।

੯ ਦਸੰਬਰ, ੧੯੪੬ ਨੂੰ ਵਿਧਾਨ ਪ੍ਰੀਸ਼ਦ ਦੀ ਪਹਿਲੀ ਬੈਠਿਕ, ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠ, ਹੋਈ, ਜਿਸ ਵਿਚ ਨਹਿਰੂ ਨੇ ਪਹਿਲਾ ਤੇ ਬੁਨਿਆਦੀ ਮਤਾ ਪੇਸ਼ ਕੀਤਾ, ਜਿਸ ਵਿਚ ਕਿਹਾ ਗਿਆ ਕਿ,

"ਅਸੀਂ ਅਪਣੇ ਵਿਧਾਨ ਵਿਚ, ਘਟ ਗਿਣਤੀਆਂ ਤੇ ਪਛੜੀਆਂ ਜਾਤੀਆਂ ਆਦਿ ਦੀ ਪੂਰੀ ਪੂਰੀ ਰੱਖਿਆ ਦਾ ਪ੍ਰਬੰਧ ਕਰਾਂਗੇ । ਇਹ ਅਸਾਡਾ ਐਲਾਨ ਹੈ, ਦਿੱਤਾ ਹੋਇਆ ਵਚਨ ਹੈ ਅਤੇ ਸਾਰੇ ਸੰਸਾਰ ਦੇ ਰੂਬਰੂ ਕੀਤੀ ਹੋਈ ਪ੍ਰਤਿਗਿਆ ਹੈ । ਇਹ ਇਕਰਾਰਨਾਮਾ ਅਸੀਂ ਕਰੋੜਾਂ ਹਿੰਦੁਸਤਾਨੀਆਂ ਨਾਲ ਕਰ ਰਹੇ ਹਾਂ ਅਤੇ ਇਸ ਕਾਰਣ ਇਹ ਅਸਾਡੇ ਲਈ, ਧਾਰਮਿਕ ਸੌਂਹ ਬਣ ਗਈ ਹੈ ।"*

---

* "Adequate safeguards would be provided for minorities.... It was a declaration, a pledge and an undertaking before the world, a contract with millions of Indians and, therefore, in the nature of an oath which we must keep."



ਸਰਦਾਰ ਬਲਦੇਵ ਸਿੰਘ

ਇਹ ਸੌਂਹ, ਸੰਨ ੧੯੫੦ ਵਿਚ, ਹਿੰਦੁਸਤਾਨ ਦਾ ਵਧਾਨ ਬਨਾਣ ਵੇਲੇ, ਸਤਿਕਾਰੀ ਗਈ ਯਾ ਨ ? ਜਦੋਂ ਸਿੱਖਾਂ ਦੇ ਪ੍ਰਮੁਖ ਨੁਮਾਇੰਦੇ ਨੇ ਵਿਧਾਨ ਪ੍ਰੀਸ਼ਦ ਵਿਚ ਕਿਹਾ ਕਿ ਸਿੱਖ ਇਸ ਵਿਧਾਨ ਨੂੰ ਨਹੀਂ ਮਨਦੇ ਹਨ, ਇਹ ਸਿੱਖਾਂ ਨਾਲ ਧੱਕਾ ਹੈ ਅਤੇ ਉਨ੍ਹਾਂ ਨਾਲ ਕੀਤੇ ਹੋਏ ਬਚਨਾਂ ਦੇ ਉਲਟ ਹੈ ਤਾਂ ਕਿਸੇ ਨੇ ਉਸਦੇ ਚੀਕ ਦਿਹਾੜੇ ਦਾ ਉੱਤਰ ਦੇਣਾ ਭੀ ਜ਼ਰੂਰੀ ਨਾ ਸਮਝਿਆ । ਕੀ ਇਸ ਦਾ ਕਾਰਣ ਇਹ ਹੈ, ਕਿ ੬ ਜੁਲਾਈ, ੧੯੪੬ ਨੂੰ ਨਹਿਰੂ ਜੀ ਨੇ, ਕਲਕੱਤੇ ਵਿਚ, ਪਹਿਲਾਂ ਹੀ ਸਪਸ਼ਟ ਕਰ ਦਿਤਾ ਸੀ ਕਿ ਕੀਤੇ ਹੋਏ ਬਚਨ ਤੇ ਬੋਲੇ ਹੋਏ ਸ਼ਬਦ, ਸੰਬੰਧ, ਕਦੇ ਵੀ ਸਥਿਰ-ਅਰਥੀ ਨਹੀਂ ਹੁੰਦੇ । ਉਨ੍ਹਾਂ ਦੇ ਅਰਥ ਉਹੋ ਹਨ, ਜੋ ਸਮਾਂ ਆਉਣ ਉਤੇ, ਡਾਹਡੀ ਧਿਰ ਕੱਢ ਲਵੇ ? ਮੁਸਲਮਾਨਾਂ ਨੇ ਤਾਂ ਨਹਿਰੂ ਜੀ ਦੀ ਇਹ ਭਾਵਾਰਥਨੀ ਟੀਕਾ ਪੱਲੇ ਬਨ੍ਹ ਲਈ ਤੇ ਉਨ੍ਹਾਂ ਨੇ ਇੱਕੋ ਹੱਠ ਦ੍ਰਿੜ ਕਰ ਲਿਆ ਕਿ ਵੱਖਰੇ ਹੋ ਕੇ ਅਪਨਾ ਵਿਧਾਨ ਆਪ ਬਣਾਉਣਾ ਹੈ, ਜਿਸ ਦੇ ਅਰਥ ਭੀ ਪਿਛੋਂ ਆਪ ਕਢੀਏ । ਪਰ ਸਿੱਖਾਂ ਨੂੰ ਗੁਰੂਆਂ ਦਾ ਬਖਸ਼ਿਆ ਹੋਇਆ ਗਿਆਨ ਵਿਸਰ ਚੁੱਕਾ ਸੀ, 'ਜੋ ਮਨ ਹੋਇ ਸੋ ਉਗਵੈ ਮੂੰਹ ਕਾ ਕਿਹਾ ਵਾਓ,' ਵਾਕ ਕੇਵਲ ਮੂੰਹ ਵਿਚੋਂ ਨਿਕਲੀ ਹੋਈ ਹਵਾ ਹੈ, ਅਰਥ ਉਸਦੇ ਨਿਰਪੱਖ ਨਿਰਮਲ ਬੁੱਧੀ ਆਸ਼੍ਰਿਤ ਹਨ, ਅਤੇ ਭਾਵਾਰਥ, ਬੋਲਣ ਵਾਲੇ ਦੀ ਮਨ ਦੀਆਂ ਡੂੰਘਾਈਆਂ ਵਿਚ ਲੁਕਿਆਂ ਹੋਇਆ ਹੁੰਦਾ ਹੈ। ਜੇ ਕੇਵਲ ਇਹੋ ਊਣ ਸਿੱਖਾਂ ਵਿਚ ਹੁੰਦੀ ਤਾਂ ਭੀ ਕਦੇ ਕੋਈ ਤਰਸ ਕਰਕੇ, ਉਨ੍ਹਾਂ ਨਾਲ ਥੋੜਾ ਬਹੁਤ ਇਨਸਾਫ ਕਰ ਦਿੰਦਾ, ਪਰ ਮੂਰਖ ਹੋ ਕੇ ਚਤੁਰ ਬਣੇ, ਉਸ ਦੀ ਚਤੁਰਾਈ ਕੌਣ ਚਲਣ ਦਿੰਦਾ ਹੈ ?

ਮੁਸਲਿਮ ਲੀਗ ਨੇ ਜਿਨ੍ਹਾਂ ਕਾਰਣਾ ਕਰਕੇ, ਕੈਬੀਨਟ ਮਿਸ਼ਨ ਦੀ ਸਕੀਮ ਅਤੇ ਇਸ ਵਿਚੋਂ ਉਪਜੇ ਹੋਏ ਵਿਧਾਨ ਪ੍ਰੀਸ਼ਦ ਦਾ ਬਾਈਕਾਟ ਕੀਤਾ ਸੀ, ਉਹ ਤਾਂ ਸਪਸ਼ਟ ਹੋ ਚੁਕੇ ਹਨ । ਪਰ ਸਿੱਖਾਂ ਨੇ ਭੀ ਇਸ ਸਕੀਮ ਨੂੰ ਰੱਦ ਕਰ ਦਿੱਤਾ, ਅਤੇ ਅਕਾਲ ਤਖਤ ਸਾਹਮਣੇ ਇਕੱਠ ਕਰਕੇ, ਸੈਂਕੜੇ ਆਦਮੀਆਂ ਨੇ ਅਪਣੇ ਲਹੂ ਨਾਲ ਪਰਣ ਪੱਤਰ ਭਰੇ ਕਿ ਉਹ ਮਰਦੇ ਮਾਰਦੇ ਮਰ ਜਾਣਗੇ, ਪਰ ਕੈਬਨਿਟ ਮਿਸ਼ਨ ਦੀ ਸਕੀਮ, ਜਿਸ ਵਿਚ ਪੰਜਾਬ ਤੇ ਫਰੰਟੀਅਰ ਨੂੰ ਅਪਣਾ ਵੱਖਰਾ ਵਿਧਾਨ ਬਣਾਉਣ ਦੀ ਖੁਲ੍ਹ ਦਿਤੀ ਗਈ ਹੈ, ਨਹੀਂ ਚਾਲੂ ਹੋਣ ਦੇਣਗੇ । ਇਹ ਪਰਣ ਪੱਤ੍ਰ ਖੂਨ ਨਾਲ ਅਜੇ ਭਰੇ ਹੀ ਜਾ ਰਹੇ ਸਨ, ਕਿ ਦਿੱਲੀਓਂ ਸੁਨੇਹਾ ਪੁੱਜਾ ਕਿ ਜੇ ਸਿੱਖਾਂ ਨੇ ਕੈਬਿਨਟ ਮਿਸ਼ਨ ਦਾ ਪਲਾਨ ਠੁਕਰਾ ਦਿਤਾ ਤਾਂ ਨਵੀਂ ਬਨਣ ਵਾਲੀ, ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਵਿਚ, ਅਕਾਲੀਆਂ ਦਾ ਬੰਦਾ ਨਹੀਂ ਲਿਆ ਜਾਵੇਗਾ ਤੇ ਕੋਈ ਹੋਰ ਸਿਖ ਲੀਡਰ ਲੈ ਲਿਆ ਜਾਵੇਗਾ । ਝਟ-ਪਟ, ਫੌਰਨ ਅਕਾਲ ਤਖਤ ਦੀ ਤੀਜੀ ਛੱਤ ਉਤੇ, ਜਿਥੇ ਸਿੱਖਾਂ ਨੂੰ ਅੰਮ੍ਰਿਤ ਤਿਆਰ ਕਰਕੇ ਛਕਾਇਆ ਜਾਂਦਾ ਹੈ, ਅਕਾਲੀ ਲੀਡਰਾਂ ਨੇ ਬੈਠਕ ਕਰਕੇ, ਇਕ ਤਾਰ ਦੇ ਦਿਤੀ ਕਿ ਸਿੱਖਾਂ ਨੂੰ ਕੇਬਿਨਿਟ ਮਿਸ਼ਨ ਦਾ ਪਲਾਨ ਮਨਜ਼ੂਰ ਹੈ । ਪਰਣ ਪੱਤਰਾਂ ਤੇ ਲਹੂ ਅਜੇ ਸੁੱਕਾ ਨਹੀਂ ਸੀ । ਇਹ ਉਹੋ ਅਕਾਲੀ ਸਨ ਜਿਨ੍ਹਾਂ ਬਾਬਤ, 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਪੜ੍ਹੀਦਾ ਹੈ,

''ਅੰਮ੍ਰਿਤਸਰ ਸਨਮੁਖ ਦਰਬਾਰ,
ਅਕਾਲਬੁੰਗੇ ਬਹੈਂ ਤਖਤ ਮਝਾਰ।

ਸਿਰੋਂ ਪਰੇ ਉਨ ਡੇਰਾ ਰਹੈ,

'ਅਕਾਲ, ਅਕਾਲ' ਵਹਿ ਮੁਖ ਤੇ ਕਹੈਂ ।

ਹਠੀ, ਜਤੀ, ਅੰ ਜਪ ਤਪੀ, ਦਾਤੇ, ਪੂਰੇ ਸੂਰ,

ਆਵੈਂ ਪਾਸ ਸਰਦਾਰ ਤਹਿੰ ਵਹੁ ਰਹੈਂ ਆਪ ਗ਼ਮਰੂਰ ।''

ਗੱਲ ਕੀ, ਇਸ ਵਿਧਾਨ ਪ੍ਰੀਸ਼ਦ ਵਿਚ ਸਿੱਖ ਤਾਂ ਜਾ ਵੜੇ ਪਰ ਮੁਸਲਮਾਨ ਸ਼ਾਮਲ ਨਾ ਹੋਏ । ਇਸ ਕਰਕੇ, ਵਿਧਾਨ ਪ੍ਰੀਸ਼ਦ ਨੇ ਆਪਣੀਆਂ ਬੈਠਕਾਂ ਮੁਲਤਵੀ ਕਰ ਦਿਤੀਆਂ।

ਇਹ ਦੇਖ ਕੇ ਕਿ, ਮੁਸਲਮਾਨਾ ਤੇ ਹਿੰਦੂਆਂ ਦਾਂ ਝਗੜਾ ਕਿਵੇਂ ਭੀ ਨਹੀਂ ਸੁਲਝਦਾ, ਬ੍ਰਤਾਨਵੀਂ ਸਰਕਾਰ ਦੇ ਪ੍ਰਧਾਨ ਮੰਤਰੀ, ਮਿਸਟਰ ਅਟਲੀ ਨੇ, ੨੦ ਫਰਵਰੀ, ੧੯੪੭ ਨੂੰ ਐਲਾਨ ਕਰ ਦਿਤਾ, ਕਿ ਅੰਗਰੇਜ਼, ਜੂਨ ੧੯੪੮ ਤੋਂ ਪਹਿਲਾਂ ਪਹਿਲਾਂ, ਹਿੰਦੁਸਤਾਨ ਦਾ ਰਾਜ, ਭਾਗ, ਹਿੰਦੁਸਤਾਨੀ ਲੀਡਰਾਂ ਨੂੰ ਸੌਂਪ ਕੇ ਚਲੇ ਜਾਣਗੇ । ਨਾਲ ਹੀ ਇਹ ਫੈਸਲਾ ਕਰ ਦਿਤਾ ਕਿ, ਮਾਰਚ, ੧੯੪੭ ਨੂੰ ਲਾਰਡ ਵੇਵਲ ਦੀ ਥਾਂ, ਜੰਗੀ ਲਾਟ, ਮਾਊਂਟਬੇਟਨ ਹਿੰਦੁਸਤਾਨ ਦੇ ਵਾਇਸਰਾਏ ਬਣ ਜਾਣਗੇ ।

ਹਿੰਦੁਸਤਾਨ ਛੱਡਣ ਤੋਂ ਕੁਛ ਦਿਨ ਪਹਿਲਾਂ, ਲਾਰਡ ਵੇਵਲ ਨੇ ਨਹਿਰੂ ਜੀ ਨੂੰ ਮੁੜ ਪ੍ਰੇਰਨਾ ਕੀਤੀ, ਕਿ ਉਹ ਮੁਸਲਿਮ ਲੀਗ ਨੂੰ ਕਿਵੇਂ ਨਾ ਕਿਵੇਂ ਰਾਜ਼ੀ ਕਰਕੇ, ਵਿਧਾਨ ਪ੍ਰੀਸ਼ਦ ਵਿਚ ਲਿਆ ਬਿਠਾਉਣ ਅਤੇ ਨਹਿਰੂ ਜੀ ਨੇ ਬੜੇ ਸੁੰਦਰ ਤੇ ਭਿਖਯ ਸ਼ਬਦਾਂ ਵਿਚ ਇਕ ਹੋਰ ਬਿਆਨ ਦਿਤਾ, ਜਿਸ ਉਤੇ ਮਿਸਟਰ ਜਿਨਾਹ ਨੇ ਕੁਛ ਕਹਿਣੋਂ ਨਾਂਹ ਕਰ ਦਿਤੀ ਅਤੇ ਕਿਹਾ ਕਿ ਮੁਸਲਮਾਨ ਹਿੰਦੂਆਂ ਨਾਲ ਸਾਂਝਾ ਵਿਧਾਨ ਕਦਾਚਿਤ ਨਹੀਂ ਬਣਾਉਣਗੇ ।

ਇਸ ਸਮੇਂ, ਬ੍ਰਿਟਿਸ਼ ਪਾਰਲੀਮੈਂਟ ਵਿਚ ਜੋ ਬਹਿਸ ਹੋਈ, ਉਸ ਵਿਚ ਚਰਚਿਲ ਨੇ ਕਿਹਾ :

''ਅਸੀਂ ਜੋ ਰਾਜ, ਭਾਗ, ਰਾਜਸੀ ਹਿੰਦੀਆਂ ਦੇ ਹਵਾਲੇ ਕਰਨ ਲੱਗੇ ਹਾਂ, ਇਹ ਘਾ ਫੂਸ ਦੇ ਬਣੇ ਹੋਏ ਬੰਦੇ ਹਨ, ਜਿਨ੍ਹਾਂ ਦਾ ਕੁਝ ਵਰ੍ਹਿਆਂ ਵਿਚ ਨਾਮ ਨਿਸ਼ਾਨ ਭੀ ਨਹੀਂ ਲਭਣਾ ।''*

ਪਿਛਲੇ ਪੰਦਰਾਂ ਸਾਲਾਂ ਨੇ ਦਸ ਦਿੱਤਾ ਹੈ ਕਿ ਭਵਿਸ਼ ਬਾਣੀ ਕਹਿਣ ਵਾਲੇ ਹਮੇਸ਼ਾਂ ਸੱਚੇ ਸਾਬਤ ਨਹੀਂ ਹੁੰਦੇ ।

ਮਾਰਚ ੧੯੪੭ ਦੇ ਪਹਿਲੇ ਹਫਤੇ, ਕਾਂਗ੍ਰਸ ਨੇ ਮਤਾ ਪਾਸ ਕੀਤਾ ਕਿ ਪੰਜਾਬ ਨੂੰ, ਮੁਸਲਿਮ ਪੰਜਾਬ ਤੇ ਗ਼ੈਰ ਮੁਸਲਿਮ ਪੰਜਾਬ, ਦੋ ਹਿੱਸਿਆਂ ਵਿਚ ਵੰਡ ਦਿਤਾ ਜਾਵੇ ਤੇ ਇਉਂ ਹੀ ਬੰਗਾਲ ਦੀ ਤਕਸੀਮ ਦੀ ਮੰਗ ਕੀਤੀ ਗਈ । ਭਾਵ ਇਹ ਸੀ, ਕਿ ਬੰਗਾਲ ਤੇ ਪੰਜਾਬ ਦੇ ਹਿੰਦੂ ਬਹੁ-ਗਿਣਤੀ ਦੇ ਭਾਗ ਛਡਕੇ, ਮੁਸਲਿਮ ਲੀਗ, ਪਾਕਿਸਤਾਨ ਲੈ ਲਵੇ ।

---

"In handing over the Government of India to these, so called, political classes we are handing over to men of straw, of whom, in a few years, no trace will remain."

ਮਾਰਚ ਦੇ ਅੰਤ ਵਿਚ, ਲਾਰਡ ਮਾਊਂਟਬੇਟਨ ਨੇ ਇਹ ਤਜਵੀਜ਼ ਵਲਾਇਤ ਭੇਜੀ ਕਿ ਅੰਗਰੇਜ਼ ਹਿੰਦੁਸਤਾਨ ਛਡਣ ਤੋਂ ਪਹਿਲਾਂ, ਮੁਲਕ ਦਾ ਵੰਡਾਰਾ ਕਰ ਜਾਣ।

ਇਸ ਸਮੇਂ, ਪੰਜਾਬ ਕੌਂਸਲ ਦੇ ਹਿੰਦੂ ਤੇ ਸਿੱਖ ਮੈਂਬਰ ਦਿੱਲੀ ਇਕਠੇ ਹੋਏ ਤੇ ਉਨ੍ਹਾਂ ਨੇ ਸਰਬਸੰਮਤੀ ਨਾਲ ਇਹ ਮਤਾ ਪਾਸ ਕੀਤਾ ਕਿ ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਦਾ ਕਲਿਆਣ ਇਸੇ ਵਿਚ ਹੈ ਕਿ ਪੰਜਾਬ ਦੀ ਵੰਡ ਕਰਕੇ, "ਸਿੱਖਾਂ ਦੇ ਹੱਕਾਂ ਦੀ ਰੱਖਿਆ ਲਈ ਵਿਧਾਨਕ ਪ੍ਰਬੰਧ, ਭਲੀ ਪ੍ਰਕਾਰ ਕੀਤਾ ਜਾਵੇ।"

੧੫ ਅਗਸਤ, ਸੰਨ ੧੯੪੭ ਤੋਂ ਪਿਛੋਂ, ਕੋਈ ਹਿੰਦੂ ਨੇਤਾ, ਇਸ ਮਤੇ ਉੱਤੇ ਅਮਲ ਕਰਨਾ ਤਾਂ ਇੱਕ ਪਾਸੇ ਰਿਹਾ, ਇਸ ਦੀ ਗੱਲ ਕਰਨ ਨੂੰ ਭੀ ਤਿਆਰ ਨਹੀਂ ਸੀ। ਜਿਹੜਾ ਇਹ ਕਥਾ ਛੇੜੇ ਉਹ ਸਿਖ, ਫਿਰਕੂ-ਪ੍ਰਸਤ ਤੇ ਰਾਸ਼ਟਰ-ਘਾਤੀ, ਮਿਥ ਕੇ ਦੰਡ-ਅਧਿਕਾਰੀ ਬਣਾ ਦਿੱਤਾ ਜਾਂਦਾ ਹੈ।

ਲੋ ਵਹ ਭੀ ਕਹਿਤੇ ਹੈਂ ਕਿ ਯਹ ਬੇ ਨੰਗੋ ਨਾਮ ਹੈ, ਯਿਹ ਜਾਨਤਾ ਅਗਰ ਤੋ ਲੁਟਾਤਾ ਨ ਘਰ ਕੋ ਮੈਂ।*

੯ ਮਈ, ਸੰਨ ੧੯੪੭, ਵਲੈਤੋਂ, ਲਾਰਡ ਮਾਊਂਟਬੇਟਨ ਦੀਆਂ ਤਜਵੀਜ਼ਾਂ ਮਨਜ਼ੂਰ ਹੋ ਕੇ ਆ ਗਈਆਂ ਅਤੇ ੧੭ ਮਈ ਨੂੰ ਵਾਇਸਰਾਏ ਨੇ ਪੰਡਤ ਨਹਿਰੂ, ਪਟੇਲ, ਜਿਨਾਹ, ਲਿਆਕਤ ਅਲੀ ਅਤੇ ਸਰਦਾਰ ਬਲਦੇਵ ਸਿੰਘ ਨੂੰ ਸਲਾਹ ਮਸ਼ਵਰੇ ਲਈ ਬੁਲਾ ਭੇਜਿਆ।

ਇਹਨਾਂ ਦਿਨਾਂ ਵਿਚ ਹੀ, ਮਈ ਸੰਨ ੧੯੪੭ ਵਿਚ, ਮਿਸਟਰ ਜਿਨਾਹ ਨੇ ਦੋ ਭਰਪੂਰ ਜਤਨ, ਮਾਸਟਰ ਤਾਰਾ ਸਿੰਘ ਤੇ ਮਹਾਰਾਜਾ ਪਟਿਆਲਾ, ਸਰ ਯਾਦਵਿੰਦਰ ਸਿੰਘ ਨੂੰ ਮਿਲ ਕੇ, ਮੁਸਲਮਾਨਾਂ ਤੇ ਸਿੱਖਾਂ ਵਿਚਕਾਰ ਪੱਕਾ ਸਹਿਯੋਗ ਕਰਾਉਣ ਦੇ ਕੀਤੇ, ਜਿਨਾਂ ਨਾਲ ਕਿ ਮੇਰਾ ਦੂਰ ਦਾ ਸੰਬੰਧ ਹਨ ਅਤੇ ਜੋ ਵਾਕਿਆਤ ਅੱਜ ਤਕ ਮੇਰੀ ਯਾਦਦਾਸ਼ਤ ਵਿਚ ਤਾਜ਼ੇ ਪਏ ਹਨ।

ਮਈ, ਸੰਨ ੧੯੪੭ ਵਿਚ ਮਿਸਟਰ ਜਨਾਹ ਲਾਹੌਰ ਆਏ ਤੇ ਮੈਂ ਉਦੋਂ ਲਾਹੌਰ ਹੀ ਸੀ। ਉਹ ਮਾਸਟਰ ਤਾਰਾ ਸਿੰਘ ਨੂੰ ਮਿਲ ਕੇ, ਇਹ ਤਜਵੀਜ਼ ਕਬੂਲ ਕਰਵਾਉਣਾ ਚਾਹੁੰਦੇ ਸਨ:

(੧) ਪੰਜਾਬ ਨ ਵੰਡਿਆ ਜਾਵੇ ਤੇ ਪਾਕਿਸਤਾਨ ਦਾ ਭਾਗ ਬਣੇ ਅਤੇ ਮੁਸਲਿਮ ਤਸਲੀਮ ਕਰਦੇ ਹਨ ਕਿ ਰਾਵੀ ਤੋਂ ਲੈ ਕੇ ਜਮੁਨਾ ਤਕ ਦਾ ਮੁਲਕ ਸਿੱਖਾਂ ਦੀ ਪਿਤ੍ਰੀ-ਭੂਮੀ ਹੈ ਅਤੇ ਇਉਂ ਸਿੱਖ, ਪਾਕਿਸਤਾਨ ਵਿਚ ਅੰਤ੍ਰਜਾਤੀ (Sub-nation) ਹਨ ਜਿਨ੍ਹਾਂ ਨੂੰ ਕਿ ਅਪਣੀ ਪਿਤ੍ਰੀਭੂਮੀ ਵਿਚ ਵਿਸ਼ੇਸ਼ ਅਧਿਕਾਰ, ਅੰਦਰੂਨੀ ਆਜ਼ਾਦੀ (Internal autonomy) ਦੇ ਹਨ।

(੨) ਪੰਜਾਬ ਵਿਚ ੩੩ ਫੀਸਦੀ ਸੀਟਾਂ ਸਿੱਖਾਂ ਦੀਆਂ ਰਾਖਵੀਆਂ ਤੇ ਸਾਰੇ ਪਾਕਿਸਤਾਨ ਵਿਚ ੨੦ ਫੀ ਸਦੀ ਰਾਖਵੇਂ ਹੱਕ ਤੇ ਸੀਟਾਂ ਸਿੱਖਾਂ ਲਈ ਮੁਸਲਮਾਨ ਪੱਕੇ ਤੌਰ ਤੇ ਮੰਨਦੇ ਹਨ।

---

*لو وہ بھی کہتے ہیں کہ یہ بے ننگ و نام ہے
یہ جانتا اگر تو لٹاتا نہ گھر کو میں—

(੩) ਪੰਜਾਬ ਦਾ ਗਵਰਨਰ ਯਾ ਮੁੱਖ ਮੰਤਰੀ, ਇਕ ਹਮੇਸ਼ਾ ਸਿੱਖ ਰਹੇਗਾ।

(੪) ਪਾਕਿਸਤਾਨ ਦੀ ਫੌਜ ਵਿਚ, ਸਿੱਖ ਹਮੇਸ਼ਾ ੪੦ ਫੀ ਸਦੀ ਭਰਤੀ ਕੀਤੇ ਜਾਣਗੇ ਅਤੇ ਫੌਜੀ ਹਾਈ ਕਮਾਣ ਵਿਚ ਵੀ ਇਹੋ ਤਨਾਸਬ ਸਿੱਖਾਂ ਦਾ ਰਹੇਗਾ ।

(੫) ਪਾਕਿਸਤਾਨ ਵਿਚ ਕੋਈ ਕਾਨੂੰਨ ਯਾ ਵਿਧਾਨ, ਜਿਸ ਨੂੰ ਕਿ ਸਿੱਖ ਸਰਬ-ਸੰਮਤੀ ਨਾਲ ਕਹਿਣ ਕਿ ਸਿੱਖਾਂ ਦੇ ਬਰਖਿਲਾਫ ਵਿਤਕਰੇ ਭਰਿਆ ਹੈ, ਪਾਸ ਹੋ ਕੇ ਲਾਗੂ ਨਹੀਂ ਹੋ ਸਕੇਗਾ, ਜਿਤਨਾਂ ਚਿਰ ਕਿ ਪਾਕਿਸਤਾਨ ਦਾ ਸਭ ਤੋਂ ਵੱਡਾ ਕੋਰਟ ਇਹ ਨ ਕਹਿ ਦੇਵੇ ਕਿ ਉਸ ਕਾਨੂੰਨ ਦਾ ਸਿੱਖਾਂ ਉਤੇ ਕੋਈ ਅਸਰ ਸਿੱਧਾ ਨਹੀਂ ਪੈਂਦਾ।

ਮੈਂ ਪੁੱਛਿਆ, "ਤੁਸੀਂ ਸਿੱਖਾਂ ਨੂੰ ਨਾਲ ਰਲਾਉਣ ਲਈ ਕਿਉਂ ਕਾਹਲੇ ਹੋ ?" ਉੱਤ੍ਰ ਮਿਲਿਆ, "ਜੇ ਸਿੱਖ ਮੁਸਲਮਾਨਾਂ ਨਾਲ ਰਲ ਕੇ ਰਹਿਣਾ ਮੰਨ ਲੈਣ, ਤਾਂ ਨ ਪੰਜਾਬ ਦੀ ਤਕਸੀਮ ਹੋਵੇ ਤੇ ਨ ਬੰਗਾਲ ਦੀ। ਹਿੰਦੂਆਂ ਨੂੰ ਹਿੰਦੁਸਤਾਨ ਜੁ ਮਿਲਨਾ ਹੋ, ਇਸ ਲਈ ਉਹ ਪੰਜਾਬ ਤੇ ਬੰਗਾਲ ਦੀ ਤਕਸੀਮ ਤਿੰਨ ਕਾਲ ਅੰਗਰੇਜ਼ਾਂ ਕੋਲੋਂ ਨਹੀਂ ਮਨਵਾ ਸਕਦੇ। ਇਹ ਪ੍ਰਾਂਤਕ ਤਕਸੀਮ ਹੋਵੇਗੀ, ਤਾਂ ਸਿੱਖਾਂ ਦੇ ਕਹੇ ਤੇ, ਅਤੇ ਸਿੱਖਾਂ ਦਾ ਹੀ ਲਿਹਾਜ ਕਰਕੇ। ਇਹ ਤਕਸੀਮ ਸਿੱਖਾਂ ਦੀ ਰੀੜ੍ਹ ਦੀ ਹੱਡੀ ਤੋੜ ਦੇਵੇਗੀ ਤੇ ਪਾਕਿਸਤਾਨ ਦਾ ਲੱਕ। ਇਸ ਨੂੰ ਰੋਕਣ ਲਈ ਮੁਸਲਮਾਨ ਉਤਾਵਲੇ ਹਨ।"

ਇਹ ਤਜਵੀਜ਼ਾਂ ਮੈਨੂੰ ਚੰਗੀਆਂ ਲੱਗੀਆਂ ਤੇ ਮੇਰੀ ਇਹ ਰਾਏ ਸੀ ਕਿ ਇਸ ਨਾਲ, ਸਾਰੇ ਹਿੰਦੁਸਤਾਨ ਦਾ, ਹਿੰਦੂਆਂ ਤੇ ਸਿੱਖਾਂ ਦਾ ਤੇ ਮੁਸਲਮਾਨਾਂ ਦਾ ਭੀ ਭਲਾ ਹੋਵੇਗਾ ਅਤੇ ਸੰਯੁਕਤ ਹਿੰਦੁਸਤਾਨ ਦੀ ਆਤਮਕ ਸਾਲਮੀਅਤ ਬਰੀ ਰਹੇਗੀ। ਮੈਂ ਆਪ ਤਾਂ ਅੱਗੇ ਨ ਹੋਇਆ, ਪਰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦੋ ਸੱਜਣਾਂ ਰਾਹੀਂ, ਮਿਸਟਰ ਜਿਨਾਹ ਤੇ ਮਾਸਟਰ ਤਾਰਾ ਸਿੰਘ ਨੂੰ ਮਿਲਾਣ ਦਾ ਸਮਾਂ ਨੀਯਤ ਕੀਤਾ ਗਿਆ। ਇੱਕ ਕੋਠੀ ਵਿਚ, ੧੧ ਵਜੇ ਸਵੇਰੇ, ਮੁਲਾਕਾਤ ਹੋਣੀ ਸੀ ਤੇ ਮਾਸਟਰ ਜੀ ਉੱਥੇ ਦਸ ਵਜੇ ਹੀ ਪਹੁੰਚ ਗਏ। ਉਨ੍ਹਾਂ ਨੂੰ ਸਾਰੀ ਗੱਲ ਬਾਤ ਦੱਸੀ ਗਈ ਤੇ ਉਹ ਗੱਲਬਾਤ ਕਰਨ ਉੱਤੇ ਰਾਜ਼ੀ ਭੀ ਜਾਪਦੇ ਸਨ, ਪਰ ਪੌਣੇ ਗਿਆਰਾਂ ਵਜੇ, ਉਨ੍ਹਾਂ ਦੇ ਮਨ ਵਿਚ ਕੋਈ ਤੌਖਲਾ ਉੱਠਿਆ ਤੇ ਡਰ ਨਾ ਫੁਰਿਆ ਜਿਸ ਕਰਕੇ, ਉਹ ਕੋਠੀ ਦੇ ਪਿਛਲ, ਨੌਕਰਾਂ ਵਾਲ ਰਾਹ, ਵਿਚੋਂ ਨਿਕਲ ਕੇ, ਮਿਸਟਰ ਜਿਨਾਹ ਦੇ ਪਹੁੰਚਣ ਤੋਂ ਦਸ ਮਿੰਟ ਪਹਿਲਾਂ, ਖਿਸਕ ਗਏ।

ਕੁਛ ਦਿਨਾਂ ਪਿਛੋਂ, ਮੈਂ ਮਾਸਟਰ ਜੀ ਤੋਂ ਇਸ ਬਾਬਤ ਪੁਛਿਆ ਤਾਂ ਕਹਿਣ ਲਗੇ "ਮੁਸਲਮਾਨਾਂ ਨਾਲ ਅਸਾਡੀ ਸੁਲਾਹ ਨਹੀਂ ਹੋ ਸਕਦੀ। ਇਨ੍ਹਾਂ ਨੇ ਸਾਹਿਬਜ਼ਾਦੇ ਸ਼ਹੀਦ ਕਰ ਦਿਤੇ ਸੀ।" ਮੈਂ ਕਿਹਾ, "ਜਿਸ ਦੇ ਸਾਹਿਬਜ਼ਾਦੇ ਸਰਹਿੰਦ ਵਿਚ ਕੰਧੀਂ ਚਿਣੇ ਗਏ ਸੀ, ਉਹ ਤਾਂ ਔਰੰਗਜ਼ੇਬ ਨਾਲ ਗਲਬਾਤ ਰਾਹੀਂ ਸੁਲਾਹ ਕਰਨ ਨੂੰ ਹਰ ਵੇਲੇ ਤਿਆਰ ਸੀ।" ਫੇਰ ਕਹਿਣ ਲੱਗੇ, "ਪੋਠੋਹਾਰ ਵਿਚ ਜੋ ਕੁਛ ਹੋਇਆ ਹੈ, ਉਸ ਪਿਛੋਂ ਸਾਡੀ ਮੁਸਲਮਾਨਾਂ ਨਾਲ ਕੀ ਸਾਝ ਰਹਿ ਗਈ ?" ਇਹ ਗੱਲ ਮੇਰੀ ਸਮਝ ਵਿਚ ਆ ਗਈ। ਮਾਰਚ ੧੯੪੭ ਵਿਚ, ਮੁਸਲਮਾਨਾਂ ਨੇ, ਬਿਨਾਂ ਕਾਰਣ, ਸੋਚੀ ਸਮਝੀ ਪਲਾਨ ਅਨੁਸਾਰ, ਹਜ਼ਾਰਾਂ ਸਿੱਖ, ਇਸਤ੍ਰੀਆਂ, ਮਰਦ, ਬੱਚੇ, ਪੋਠੋਹਾਰ ਦੇ ਇਲਾਕੇ ਵਿਚ, ਬੜੀ ਬੇਦਰਦੀ ਨਾਲ ਮਾਰ ਸੁਟੇ ਸਨ। ਇਸ ਕਿਸਮ ਦੇ ਦਰਿੰਦਾਂ ਸੁਭਾ ਲੋਕਾਂ ਨਾਲ ਝਟ ਪਟ

ਕੋਈ ਸਮਝੌਤਾ ਕਰਨਾ, ਕਠਨ ਸੀ ।

ਫੇਰ ਸਲਾਹ ਹੋਈ ਕਿ ਮਹਾਰਾਜਾ ਪਟਿਆਲਾ ਤੇ ਮਿਸਟਰ ਜਿਨਾਹ ਦੀ ਮੁਲਾਕਾਤ ਹੋਵੇ । ਮਿਸਟਰ ਜਿਨਾਹ ਪਟਿਆਲੇ ਪੁੱਜੇ ਅਤੇ ਮਹਾਰਾਜੇ ਨੂੰ ਮਿਲ ਕੇ ਤਜਵੀਜ਼ ਇਹ ਦਿੱਤੀ ਕਿ ਸਿੱਖ, ਹਿਦੂਆਂ ਮੁਸਲਮਾਨਾ ਵਾਂਗਰ ਹੀ, ਹਿੰਦੁਸਤਾਨ ਦੀ ਇੱਕ ਸੁੰਤਵ ਜਾਤੀ (nation) ਹਨ ।, ਪਰ ਕਿਉਂ ਕਿ ਉਹ ਕਿਸੇ ਇਲਾਕੇ ਵਿਚ ਭੀ ਬਹੁ ਗਿਣਤੀ ਵਿਚ ਨਹੀਂ ਹਨ ਇਸ ਕਰਕੇ ਅੰਗਰੇਜ਼ ਉਨ੍ਹਾਂ ਨੂੰ ਖਾਲਿਸਤਾਨ ਯਾ ਸਿੱਖ ਸਟੇਟ ਨਹੀਂ ਦੇ ਸਕਦੇ । ਪਰ ਅੰਗਰੇਜ ਸਿੱਖਾ ਨੂੰ ਪ੍ਰਾਧੀਨ ਤੇ ਨਿਹੱਥਲ ਕਰਕੇ ਨਹੀਂ ਜਾਣਾ ਚਾਹੁੰਦੇ । ਮਿਸਟਰ ਜਿਨਾਹ ਨੇ ਪੱਕੀ ਜਿਮੇਦਾਰੀ ਨਾਲ ਕਿਹਾ, ਕਿ ਜਿਹੜੀ ਤਜਵੀਜ਼ ਉਹ ਮਹਾਰਾਜੇ ਸਾਹਮਣੇ ਰੱਖਣ ਲੱਗੇ ਹਨ, ਉਸ ਵਿਚ ਅੰਗਰੇਜ਼ ਅੜਿਕਾ ਨਹੀਂ ਡਾਹੁਣਗੇ । ਤਜਵੀਜ਼ ਇਹ ਸੀ, ਕਿ ਸਿੱਖ ਸਟੇਟ ਮੰਗਣ ਦੀ ਥਾਂ, ਮਹਾਨ ਪਟਿਆਲਾ ਦੀ ਮੰਗ ਕੀਤੀ ਜਾਵੇ, ਜਿਸ ਵਿਚ ਜਮੁਨਾ ਤੇ ਰਾਵੀ ਵਿਚਕਾਰ ਦਾ ਇਲਾਕਾ, ਸਿੱਖ ਪਿਤ੍ਰੀ-ਭੂਮੀ ਹੋਣ ਦੇ ਨਾਤੇ, ਸ਼ਾਮਲ ਕੀਤਾ ਜਾਵੇ । ਇਸ ਇਲਾਕੇ ਦਾ ਸਿੱਖ ਰਾਜਾ, ਸਿੱਖਾਂ ਦਾ ਜਥੇਦਾਰ ਹੋਣ ਦੇ ਨਾਤੇ, ਰਾਜ ਪ੍ਰਮੁਖ ਹਵੇ। ਫੇਰ ਇਹ ਇਲਾਕਾ ਪਾਕਸਤਾਨ ਨਾਲ ਸੰਧੀ ਕਰਕੇ, ਓਹੋ ਹੱਕ ਲੈ ਲਵੇ ਜੋ ਕਿ ਪਿੱਛੇ ਕਹੇ ਜਾ ਚੁਕੇ ਹਨ । ਮਹਾਰਾਜਾ ਨੇ ਗੱਲਾਂ ਸੁਣ ਲਈਆਂ ਤੇ ਉੱਤਰ ਦੇਣ ਲਈ ਕੁਝ ਸਮਾਂ ਮੰਗਿਆ । ਉਸੇ ਰਾਤ ਮਹਾਰਾਜਾ ਨੇ ਇਹ ਸਾਰੀ ਗੱਲਬਾਤ ਦਿੱਲੀ ਕਾਂਗਰਸੀ ਲੀਡਰਾਂ ਨੂੰ ਪੁਚਾ ਦਿਤੀ, ਜਿਸ ਦਾ ਪਤਾ ਮਿਸਟਰ ਜਿਨਾਹ ਨੂੰ ਝੱਟ ਲਗ ਗਿਆ ।

ਇਹ ਦੋਹ ਘਟਨਾਵਾਂ ਦੀ ਮੌਜੂਦਗੀ ਵਿਚ, ਅਜ ਜੇ ਕੋਈ ਮਾਸਟਰ ਤਾਰਾ ਸਿੰਘ ਤੇ ਇਹ ਊਜ ਲਾਵੇ ਕਿ ਉਹ ਪਾਕਿਸਤਾਨ ਨਾਲ ਰਲੇ ਹੋਏ ਹਨ, ਅਤੇ ਯਾ ਮਹਾਰਾਜਾ ਪਟਿਆਲਾ ਦੀ ਦ੍ਰਿੜ੍ਹ ਦੇਸ਼ ਭਗਤੀ ਤੇ ਕਿੰਤੂ ਕਰੇ, ਤਾਂ ਇਸ ਨਾਲੋਂ ਵੱਡਾ ਅਨਿਆ ਕਿਆਸ ਕਰਨਾਂ ਭੀ ਔਖਾ ਹੈ ।

ਸੰਨ ੧੯੬੦ ਦੇ ਚੜ੍ਹਾ ਵਿਚ, ਮਹਾਰਾਜਾ ਯਾਦਵਿੰਦ੍ਰਾ ਸਿੰਘ ਨੇ ਅਖਬਾਰ, ਟ੍ਰੀਬਿਊਨ, ਵਿਚ ਇੱਕ ਲੇਖ ਛਪਵਾਇਆ ਸੀ ਜਿਸ ਵਿਚ ਦੱਸਿਆ ਸੀ ਕਿ ਕਿਵੇਂ ਮਿਸਟਰ ਜਿਨਾਹ ਨੇ ਉਨ੍ਹਾਂ ਰਾਹੀਂ ਸਿੱਖ ਸਟੇਟ ਬਨਾਣ ਦੀ ਤਜਵੀਜ਼ ਕੀਤੀ, ਪਰ ਨ ਉਨ੍ਹਾਂ ਨੇ ਅਤੇ ਨ ਅਕਾਲੀ ਲੀਡਰਾਂ ਨੇ ਉਹ ਮੰਨੀ । ਇਸ ਉਤੇ ਮਾਸਟਰ ਤਾਰਾ ਸਿੰਘ ਨੇ ਝੱਟ ਤਰਦੀਦ ਕੀਤੀ ਸੀ, ਕਿ ਉਨ੍ਹਾਂ ਸਿੱਖ ਸਟੇਟ ਬਨਣ ਵਿਚ ਕਦੇ ਰੁਕਾਵਟ ਨਹੀਂ ਪਾਈ । ਇਹ ਦੋਨੋ ਮਹਾਨੁਭਾਵ ਸੱਚੇ ਹਨ, ਪਰ ਉਪ੍ਰੋਕਤ ਵਾਕਿਆਤ ਦੇ ਪਿਛੋਕੜ ਵਿਚ ।

੨ ਜੂਨ, ਸਨ ੧੯੪੭ ਨੂੰ, ਵਾਇਸਰਾਏ, ਲਾਰਡ ਮਾਊਂਟਬੇਟਨ ਨੇ ਵਲੈਤੋਂ ਮੁੜ ਕੇ, ਹਿੰਦੁਸਤਾਨ ਦੇ ਵੰਡਾਰੇ ਦੀ ਸਕੀਮ ਦਾ ਐਲਾਨ ਕਰ ਦਿਤਾ । ਉਸੇ ਰਾਤ, ਰੇਡੀਓ ਉਤੇ ਭਾਸ਼ਨ ਦਿੰਦਿਆ ਮਾਊਂਟਬੇਟਨ ਨੇ ਕਿਹਾ :

"ਮੇਰਾ ਇਹ ਪੱਕਾ ਵਿਚਾਰ ਰਿਹਾ ਹੈ ਕਿ ਸਾਰੀਆਂ ਧਿਰਾਂ ਦੀ ਰਜ਼ਾਮੰਦੀ ਨਾਲ ਅੰਖੰਡ ਹਿੰਦੁਸਤਾਨ ਹੀ ਦੇਸ਼ ਦੀ ਰਾਜਸੀ ਸਮੱਸਿਆਂ ਦਾ ਵਧੀਆ ਹੱਲ ਹੈ । ਪਰ ਕੋਈ ਅਜਿਹੀ ਤਜਵੀਜ਼, ਜਿਸ ਨਾਲ ਹਿੰਦਸਤਾਨ ਦੀ ਅਖੰਡਤਾ ਕਾਇਮ ਰਹੇ, ਅਸੀਂ ਹਿੰਦੁਸਤਾਨੀ ਲੀਡਰਾਂ ਕੋਲੋਂ ਮਨਵਾ ਨਹੀਂ ਸਕੇ । ਮੁਸਲਮ ਲੀਗ ਮੁਲਕ ਦਾ ਵੰਡਾਰਾ ਚਾਹੁੰਦੀ ਹੈ ਤੇ ਕਾਂਗ੍ਰਸ ਕਹਿੰਦੀ ਹੈ ਕਿ ਇਸ ਵੰਡਾਰੇ ਦੇ ਅਸੂਲ ਨੂੰ ਸੂਬਿਆਂ ਉਤੇ

ਜੇ ਲਾਜ਼ਮੀ ਹੋਵੇ [illegible] ਕਿ ਮੁਸਲਮਾਨ [illegible] ਹੈ । ਇਉਂ ਪੰਜਾਬ, ਬੰਗਾਲ ਤੇ ਆਸਾਮ ਦਾ ਵੰਡਾਰਾ ਭੀ ਕਰਨਾ ਪਵੇਗਾ ਅਤੇ ਅੰਤਮ ਹੱਦਬੰਦੀ ਵਿਚ ਨਿਰਪੱਖ ਕਮਿਸ਼ਨ ਕਰੇਗਾ । ਸਿੱਖਾਂ ਨੂੰ, ਜਿਨ੍ਹਾਂ ਬਾਬਤ ਅਸੀਂ ਫ਼ਿਕਰਮੰਦ ਹਾਂ, ਪੱਕਾ [illegible] ਹੈ ਕਿ ਪੰਜਾਬ ਦਾ ਵੰਡਾਰਾ ਹਰ ਹਾਲਤ ਵਿਚ ਉਨ੍ਹਾਂ ਦੀ ਕੌਮ ਦਾ ਵੰਡਾਰਾ ਵੀ ਹੋਵੇਗਾ । ਪਰ ਸਿੱਖ ਲੀਡਰ ਵੰਡਾਰਾ ਕਬੂਲ ਕਰਦੇ ਹਨ ।"

੫ ਜੂਨ, ੧੯੪੭ ਦੀ ਪ੍ਰਾਰਥਨਾ ਪਿਛੋਂ ਗਾਂਧੀ ਜੀ ਨੇ ਆਖਿਆ ਕਿ:

"ਬ੍ਰਿਟਿਸ਼ ਸਰਕਾਰ [illegible] ਨਹੀਂ । ਜੇ ਹਿੰਦੂ ਤੇ ਮੁਸਲਮਾਨ ਇਕ ਰਹਿਣ, ਤਾਂ ਅੰਗ੍ਰੇਜ਼ ਵਿਚਾਰੇ ਕੀ ਕਰਨ?"

ਮੁਸਲਿਮ ਲੀਗ ਨੇ ੧੦ ਜੂਨ ਨੂੰ ਅਤੇ ਕਾਂਗਰਸ ਨੇ ੧੪ ਜੂਨ ਨੂੰ, [illegible] ਕਰ ਦਿੱਤੇ ਕਿ ਦੇਸ਼ ਨੂੰ, ਪਾਕਿਸਤਾਨ ਤੇ ਹਿੰਦੁਸਤਾਨ ਵਿਚ, ਵੰਡ ਦਿੱਤਾ ਜਾਵੇ।

੧੫ ਅਗਸਤ, ਸੰਨ ੧੯੪੭ ਨੂੰ ਅੰਗ੍ਰੇਜ਼, ਦੇਸ਼ ਨੂੰ ਵੰਡ ਕੇ, ਅਤੇ [illegible] ਹਿੰਦੂ ਮੁਸਲਮਾਨਾਂ ਨੂੰ ਲੜਾ ਕੇ ਚਲੇ ਗਏ।

ਵੰਡਾਰੇ ਤੋਂ ਪਹਿਲਾਂ ਦਿਨ ਅਤੇ ਇਸ ਤੋਂ ਪਿੱਛੋਂ, ਜਿਵੇਂ ਹਿੰਦੂ ਸਿੱਖ ਪਛਮੀ ਪੰਜਾਬ ਵਿਚੋਂ [illegible] ਅਤੇ ਜਿਵੇਂ ਮੁਸਲਮਾਨ ਪੂਰਬੀ ਪੰਜਾਬ ਵਿਚੋਂ, [illegible] ਪ੍ਰਗਟ ਕੀਤਾ ਗਿਆ, [illegible] ਨਹੀਂ ਹੈ ।

[illegible] ੧੯੫੦ ਵਿਚ, ਹਿੰਦੁਸਤਾਨ ਦਾ [illegible]

[illegible]

ਨੂੰ ਅਦ੍ਰਿਸ਼ਟ ਕਰ ਕੇ ਸਮਝਣਾ ਕਿ ਉਨ੍ਹਾਂ ਸਾਰੀਆਂ ਤਵਾਰੀਖੀ ਅਤੇ ਆਤਮਕ ਸ਼ਕਤੀਆਂ ਦਾ ਅਭਾਵ ਹੋ ਗਿਆ, ਜਿਨ੍ਹਾਂ ਵਿਚੋਂ ਕਿ ਸਿੱਖ ਉਪਜੇ ਹਨ, ਇਕ ਭਾਰੀ ਤੇ ਮਾਰੂ ਭੁਲੇਖਾ ਹੈ। ਉਨ੍ਹਾਂ ਨਾਲ ਬੱਜਰ ਧੋਕਾ ਕਰਨਾ ਤੇ ਉਨ੍ਹਾਂ ਨਾਲ, ਗੰਭੀਰਤਾ ਨਾਲ ਕੀਤੇ ਹੋਏ ਵਚਨਾਂ ਨੂੰ ਤ੍ਰਿਸਕਾਰਨਾ, ਨ ਧਰਮ ਹੈ ਅਤੇ ਨ ਚੰਗੀ ਨੀਤੀ ।

ਮੁਲਕ ਦੇ ਰਕਤਪੂਰਤ ਵੰਡਾਰੇ ਦਾ ਮੂਲ ਕਾਰਣ ਇਹੋ ਸੀ, ਕਿ ਮੁਸਲਮਾਨਾਂ ਦੇ ਵਿਚਾਰ ਵਿਚ ਬਹੁਗਿਣਤੀ ਦੇ ਮਨ, ਵਚਨ, ਕਰਮ ਵਿਚ ਇਕਸਾਰਤਾ ਨਹੀਂ ਹੈ । ਇਹੋ ਕਾਰਣ ਦੇਸ਼ ਦੀ ਅਖੰਡਤਾ ਦੇ ਪੁਨਰਸਥਾਪਨ ਨ ਹੋਣ ਦਾ, ਬਣਿਆ ਰਹੇਗਾ, ਅਤੇ ਇਸ ਕਾਰਣ ਦੇ ਸੱਤ, ਅਸੱਤ, ਹੋਣ ਯਾ ਨ ਹੋਣ ਦਾ ਨਿਰਣਯ, ਸਿੱਖਾਂ ਦੀ ਹਿੰਦੁਸਤਾਨ ਵਿਚ ਪਰਗਤੀ ਤੋਂ ਕੀਤਾ ਜਾਵੇਗਾ । ਇਸ ਵਿਚ ਸੰਦੇਹ ਯਾ ਸੰਸ਼ੇ ਨਹੀਂ ਹੈ ।

ਇਉਂ ਵਿਚਾਰਿਆਂ, ਕਮਿਊਨਿਲ ਅਵਾਰਡ ਦੀ ਰੂਹ ਅੱਜ ਭੀ ਹਿੰਦੁਸਤਾਨ ਦੀ ਹੋਣੀ ਉਤੇ ਹਾਵੀ ਹੈ ॥

# ਅੰਤਿਕਾ ॥੧॥

## ਸੈਕੂਲਰ ਹਿੰਦੂ ਰਾਜ ਦਾ ਪ੍ਰਾਰੰਭ

**੧੯੫੦-੫੧ ਵਿੱਚ ਸ: ਕਪੂਰ ਸਿੰਘ ਵਿਰੁੱਧ ਹੋਈ ਵਿਭਾਗੀ ਪੜਤਾਲ ਵਿਚ ਉਨ੍ਹਾਂ ਦਾ ਲਿਖਤੀ ਬਿਆਨ, ਜਿਵੇਂ ਕਿ ਸੁਪਰੀਮ ਕੋਰਟ ਦੇ ਰਿਕਾਰਡ, 'ਸ: ਕਪੂਰ ਸਿੰਘ, ਵਿਰੁੱਧ, ਯੂਨੀਅਨ ਆਫ ਇੰਡੀਆ,' ਐਸ. ਸੀ. ਨੰ: ੨ ਆਫ ੧੯੫੬, ਜਿਲਦ ੧, ਵਿਚ ਛਪਿਆ ਹੈ ।**

ਜਦੋਂ ਅਗਸਤ, 1947 ਵਿਚ ਪੂਰਬੀ ਪੰਜਾਬ ਦੀ ਨਵੀਂ ਸਰਕਾਰ ਨੇ ਨਿਯੁਕਤੀਆਂ ਕੀਤੀਆਂ ਤਾਂ ਮਿਸਟਰ ਸਚਦੇਵ, ਜਿਨ੍ਹਾਂ ਨਾਲ ਪਹਿਲਾਂ ਹੀ ਮੈਂ ਸੰਯੁਕਤ ਪੰਜਾਬ ਵਿਚ ਕੰਮ ਕਰ ਚੁੱਕਾ ਸੀ, ਜਿਥੇ ਉਹ ਸਿਵਿਲ ਸਪਲਾਈ ਵਿਭਾਗ ਦੇ ਸਕਤ੍ਰ ਸਨ ਅਤੇ ਮੈਂ ਇਸੇ ਵਿਭਾਗ ਵਿਚ ਉਪ ਸਕਤ੍ਰ ਸਾਂ, ਚੀਫ ਸਕੱਤਰ ਨਿਯੁਕਤ ਕੀਤੇ ਗਏ । ਇਹ ਗੱਲ ਉਸ ਵੇਲੇ ਦੀ ਹੈ ਜਦੋਂ ਕਿ, ਜੇ ਕਿਸੇ ਸਰਕਾਰੀ ਅਹੁਦੇਦਾਰ ਜਾਂ ਸਾਧਾਰਣ ਮੁਸਲਮਾਨ ਦਾ ਕੇਸ ਹੁੰਦਾ ਤਾਂ ਕਾਨੂੰਨ ਅਤੇ ਤੱਥ ਉਸ ਦੇ ਹਿਤ ਅਨੁਕੂਲ ਸੁਖਾਵਾਂ ਅਤੇ ਅਨੁਸਾਰੀ ਰੂਪ ਧਾਰ ਲੈਂਦੇ, ਪਰੰਤੂ ਜੇ ਕੇਸ ਕਿਸੇ ਹਿੰਦੂ ਜਾਂ ਸਿੱਖ ਦਾ ਹੁੰਦਾ ਤਾਂ ਇਹੋ ਕਾਨੂੰਨ ਅਤੇ ਤੱਥ ਸਖਤ, ਪ੍ਰਤਿਸਾਰੀ ਅਤੇ ਵਿਗਿੜਿਆ ਹੋਇਆ ਰੂਪ ਧਾਰਣ ਕਰ ਲੈਂਦੇ ਸਨ ਅਤੇ ਜਿਸ ਦੇ ਲਾਭ ਅਤੇ ਹਾਨੀ ਕ੍ਰਮਵਾਰ ਇਸ ਪ੍ਰਬੰਧ ਦੇ ਅਨੁਆਈਆਂ ਅਤੇ ਗ਼ੈਰ-ਅਨੁਆਈਆਂ ਨੂੰ ਪ੍ਰਾਪਤ ਹੁੰਦੇ ਰਹਿੰਦੇ ਸਨ । ਪਰੰਤੂ ਮੈਂ ਤਾਂ ਚਿਰੋਕਣਾ ਉਸ ਆਨੰਦਮਈ ਤਾਜ਼ਗੀ ਨੂੰ ਮਾਣਿਆ ਹੋਇਆ ਸੀ ਜੇਹੜੀ ਅਹੰਭਾਵ ਦੀ ਆਤਮਵਲਗਣ ਤੋੜਨ ਨਾਲ ਮਿਲਦੀ ਹੈ ਅਤੇ ਜੇ ਵੰਡ ਤੋਂ ਪਹਲਾਂ ਦੇ ਪੰਜਾਬ ਵਿਚ ਚੋਖੀ ਪ੍ਰਭਾਵਸ਼ਾਲੀ ਸਰਕਾਰੀ ਤਾਕਤ ਰਖਣ ਵਾਲੇ ਲੋਕਾਂ ਦੀ ਨਾਰਾਜ਼ਗੀ ਮੈਨੂੰ ਆਪਣੇ ਚੁਣੇ ਰਾਹ ਨੂੰ ਅਪਣਾਉਣ ਤੋਂ ਨ ਮੋੜ ਸਕੀ ਤਾਂ ਮਿਸਟਰ ਸਚਦੇਵ ਦੀ ਅਪ੍ਰਸ਼ੰਸਾ ਕਾਰਣ ਵਿਰੋਧੀ ਸਾਲਾਨਾ ਗੁਪਤ ਰਿਪੋਰਟਾਂ ਜਾਂ ਅਢੁਕਵੀਆਂ ਥਾਵਾਂ ਉਤੇ ਬਦਲੀਆਂ, ਪੀੜਾਂ ਤੇ ਗ੍ਰਿਫਤਾਰੀ ਦੇ ਭੈ ਮੈਨੂੰ ਹੁਣ ਖ਼ੁਦਗਰਜ਼ੀ, ਜਿਸ ਨੂੰ ਸਾਧਾਰਣ ਬੋਲਚਾਲ ਵੇਲੇ ਨੀਤੀ, ਬੁਧੀਮਤਾ, ਮਿਲਵਰਤਣ ਅਤੇ ਇਥੋਂ ਤੀਕ ਕਿ ਸਿਆਣਪ ਕਹਿਆ ਜਾਂਦਾ ਹੈ, ਦੇ ਹਨੇਰੇ ਟੋਟੇ ਵਿਚ ਵਾਪਸ ਡਿੱਗਣ ਲਈ ਨਹੀਂ ਸਨ ਪ੍ਰੇਰ ਸਕਦੇ । ਚਰਿਤ੍ਰ-ਵਿਗਿਆਨ ਤੇ ਤਰਕ-ਵਿਗਿਆਨ ਦੇ ਅਧਿਐਨ ਨੇ ਮੈਨੂੰ ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ, ਜਿਨ੍ਹਾਂ ਨੂੰ ਸ਼ਬਦ ਪ੍ਰਗਟ ਕਰਦੇ ਹਨ ਜਾਂ ਜਿਨ੍ਹਾਂ ਅਰਥਾਂ ਲਈ ਉਹ ਜਾਣ ਬੁੱਝ ਕੇ ਵਰਤੇ ਗਏ ਹੁੰਦੇ ਹਨ, ਦੇ ਅਸਲੀ ਸੰਬੰਧ ਨੂੰ ਸਮਝਣ ਦੇ ਯੋਗ ਬਣਾ ਦਿੱਤਾ ਸੀ । ਏਸ ਲਈ, ਅਗਸਤ, 1947 ਵਿੱਚ, ਜਾਪਦਾ ਸੀ, ਕਿ ਮੈਨੂੰ ਪੱਕੇ ਤੌਰ ਤੇ ਕਿਸੇ ਅਜੇਹੀ ਨਿਯੁਕਤੀ ਜਿਹੜੀ ਸੱਤਾਧਾਰੀ ਜਾਂ ਸਰਕਾਰ ਵਿੱਚ ਮਹੱਤਤਾ ਰੱਖਣ ਵਾਲੀ ਹੁੰਦੀ, ਤੋਂ ਸਦਾ ਲਈ ਵੰਚਿਤ ਕਰ ਦਿਤਾ ਗਿਆ ਸੀ । ਮੈਨੂੰ ਕਾਂਗੜੇ ਦਾ ਡਿਪਟੀ ਕਮਿਸ਼ਨਰ ਲਾ ਦਿਤਾ ਗਇਆ । ਮੈਂ ਅਜੇ ਮਸਾਂ ਪੰਜ ਮਹੀਨੇ ਉਥੇ ਰਹਿਆ ਸਾਂ ਕਿ ਮੈਨੂੰ ਹੁਸ਼ਿਆਰਪੁਰ ਬਦਲ ਦਿਤਾ ਗਇਆ । ਇਨ੍ਹਾਂ ਪੰਜਾਂ ਮਹੀਨਿਆਂ 'ਚੋਂ ਅਗਸਤ ਤੇ ਸਤੰਬਰ ਬੜੇ ਅਸਾਧਾਰਣ ਅਤੇ ਫਿਰਕੂ ਗੜਬੜ ਦੇ ਮਹੀਨੇ ਸਨ । ਬਾਕੀ ਦੇ ਤਿਨ ਮਹੀਨਿਆਂ ਵਿੱਚ ਜਿਨ੍ਹਾਂ ਆਧਾਰਾਂ

ਉਤੇ ਪ੍ਰਤੱਖ ਰੂਪ ਵਿਚ ਇਸ ਸੂਬੇ ਵਿੱਚ ਸਰਕਾਰੀ ਢਾਂਚਾ ਖੜਾ ਕੀਤਾ ਜਾਣਾ ਸੀ ਤੇ ਇਸ ਢਾਂਚੇ ਵਿੱਚ ਜੋ ਹੋਣੀ ਮੇਰੇ ਲਈ ਨਿਸ਼ਚਤ ਕੀਤੀ ਗਈ, ਮੈਨੂੰ ਪ੍ਰਤੱਖ ਦਿਸ ਪਈ ਅਤੇ ਹੌਲੀ ਹੌਲੀ ਹੇਠ ਦਿਤੇ ਤੱਥਾਂ ਦੇ ਪ੍ਰਕਾਸ਼ ਵਿੱਚ ਸ਼ੱਕ ਤੇ ਭੁਲੇਖੇ ਦੀ ਕੋਈ ਗੁੰਜਾਇਸ਼ ਨ ਰਹੀ। ਮੋਟੇ ਤੌਰ ਤੇ ਇਸ ਅਸਲੀਅਤ ਦੇ ਝੁਕਾ ਇਹ ਸਨ :

(ੳ) ਕਾਨੂੰਨ ਸਭ ਲਈ ਇਕ ਸਾਰ ਨਹੀਂ ਹੋਵੇਗਾ ਅਤੇ, ਵਿਸ਼ੇਸ਼ ਕਰਕੇ ਕਾਂਗ੍ਰਸੀਆਂ ਦੇ ਸੰਬੰਧ ਵਿੱਚ ਕਾਨੂੰਨ ਦੀ ਤਾਕਤ ਹਰ ਕਾਂਗ੍ਰਸੀ ਲਈ ਉਸ ਦੇ ਪਾਰਟੀ ਵਿਚ ਆਪਣੇ ਪ੍ਰਭਾਵ ਦੇ ਪਦਵੀ, ਰਸੂਖ ਅਨੁਸਾਰ ਘਟਦੀ ਵਧਦੀ ਚਲੀ ਜਾਵੇਗੀ।

(ਅ) ਸਿੱਖ ਫਿਰਕਾ, ਕਿਸੇ ਕੁਚੇਸ਼ਟਾ ਕਾਰਣ, ਰਾਜ ਦੇ ਪੂਰੇ ਸ਼ਹਰੀ ਹੱਕ ਤੇ ਰਿਆਇਤਾਂ ਮਾਨਣ ਦਾ ਪਾਤਰ ਨਹੀਂ ਸਿਵਾਏ ਉਨ੍ਹਾਂ ਵਿਅਕਤਿਗਤ ਸਿੱਖਾਂ ਦੇ ਜੇਹੜੇ ਕਿਸੇ ਅਣਲਿਖਤੀ ਪਰੀਖਿਆ ਵਿੱਚ ਪੱਕੇ ਜਚ ਗਏ ਹੋਣ। ਉਪ-ਸਿਧਾਂਤ ਦੇ ਤੌਰ ਤੇ, ਹਿੰਦੂ ਲੋਕ-ਸੇਵਕ ਅਫਸਰ ਭਾਵੇਂ ਸਿਖ ਅਫਸਰਾਂ ਦੇ ਅਧੀਨ ਹੋਣ ਉਨ੍ਹਾਂ ਨੂੰ ਵਿਸ਼ੇਸ਼ ਹੱਕ ਤੇ ਰਿਆਇਤਾਂ ਪ੍ਰਾਪਤ ਹੋਣਗੀਆਂ।

(ੲ) ਵਿਅਕਤਿਗਤ ਮੰਤ੍ਰੀ ਤੇ ਵਿਅਕਤਿਗਤ ਸਰਕਾਰੀ ਸਕੱਤਰ, ਇਨ੍ਹਾਂ ਦੇ ਹੋਰ ਮੱਖੀ ਅਫਸਰ ਤੇ ਮਾਤਹਤ ਮੁਲਾਜ਼ਮ ਸਰਕਾਰੀ ਸੱਤਾ ਤੇ ਕਾਨੂੰਨ ਦੇ ਸੋਮੇਂ ਤੇ ਸੰਚਾਲਕ ਹਨ ਤੇ ਇਹ ਕਾਨੂੰਨ ਹੇਠਾਂ ਨਹੀਂ ਆ ਸਕਦੇ। ਇਸ ਅਸੂਲ ਪੁਰ ਸੰਦੇਹ ਕਰਨ ਦਾ ਸਿਧਾ ਮਤਲਬ ਹੋਵੇਗਾ ਮਹਾਨ ਅਨੁਸ਼ਾਸਨਹੀਣਤਾ ਤੇ ਪਾਗਲਪਨ ਜਿਸ ਦੀ ਸਜ਼ਾ ਸਖ਼ਤ ਤੋਂ ਸਖ਼ਤ, ਬੇਰੋਕ ਤੇ ਕਾਨੂੰਨ ਨੂੰ ਅਖੋਂ ਓਹਲੇ ਕਰਕੇ ਵੀ ਦਿਤੀ ਜਾ ਸਕਦੀ ਹੈ।

(ਸ) ਸਰਕਾਰੀ ਮੁਲਾਜ਼ਮਾਂ ਦੀ ਤਰੱਕੀ ਤੇ ਸੁਰਖਿਅਤਾ ਅਮਲੀ ਤੌਰ ਤੇ ਸਦਾ ਅੱਧੀ ਦਰਜਨ ਦੇ ਕਰੀਬ ਉਨ੍ਹਾਂ ਵਿਅਕਤਿਗਤ ਅਫਸਰਾਂ ਦੀ ਖੁਸ਼ਾਮਦ ਪੁਰ ਨਿਰਭਰ ਰਹੇਗੀ ਜਿਹੜੇ ਰਾਜਪਾਲ, ਸ੍ਰੀ ਚੰਦੂ ਲਾਲ ਤ੍ਰਿਵੇਦੀ, ਦੁਆਲੇ ਝੁਰਮਟ ਪਾਈ ਰਖਦੇ ਸਨ।

(ਹ) ਆਖਰ ਮੇਰੇ ਵਾਸਤੇ ਜੋ ਹੋਣੀ ਸੰਨ 1947 ਵਿੱਚ ਨਿਸ਼ਚਤ ਕੀਤੀ ਗਈ, ਉਹ ਇਹ ਸੀ ਕਿ ਕਿਵੇਂ ਨ ਕਿਵੇਂ ਮੈਨੂੰ ਨੌਕਰੀ ਵਿਚੋਂ ਕਢਿਆ ਜਾਵੇ।

ਇਨ੍ਹਾਂ ਤੱਥਾਂ ਦੀ ਪੁਸ਼ਟੀ ਵਿੱਚ ਦਸਤਾਵੇਜ਼ੀ ਸਬੂਤ ਇਸ ਮੁਕੱਦਮੇ ਦੀ ਫਾਈਲ ਵਿਚ ਹਨ। ਪਰ ਕਿਉਂਕਿ ਉਹ ਇਸ ਪੜਤਾਲ ਅਧੀਨ ਨਹੀਂ ਆਉਂਦੇ, ਇਨ੍ਹਾਂ ਸਬੂਤਾਂ ਦੀ ਇਨ੍ਹਾਂ ਤੱਥਾਂ ਨਾਲ ਸੰਬੰਧਿਤ ਤੌਰ ਤੇ ਵਿਆਖਿਆ ਨਹੀਂ ਕੀਤੀ ਜਾਂਦੀ। ਮੈਂ ਡੇਢ ਸਾਲ ਤੀਕ ਨਵੇਂ ਪੰਜਾਬ ਵਿਚ ਕੰਮ ਕੀਤਾ। ਇਨ੍ਹਾਂ ਕੁਰੁਚੀਆਂ ਦੀ ਮੈਂ ਨਿਰੰਤਰ ਵਿਰੋਧਤਾ ਕਰਦਾ ਰਿਹਾ। ਇਸ ਦਾ ਕਿਸੇ ਹੋਰ ਨੂੰ ਪਤਾ ਨਹੀਂ, ਸਿਵਾਏ ਉਨ੍ਹਾਂ ਸਿਆਣੇ ਤੇ ਚਰਿਤ੍ਰਵਾਨ ਪੰਜਾਬੀਆਂ ਦੇ ਜਿਨ੍ਹਾਂ ਦਾ ਹੌਸਲਾ ਤੇ ਸਿਆਣਪ ਉਨ੍ਹਾਂ ਸਭਨਾਂ ਲਈ ਅੰਤਿਮ ਆਸ ਹੁੰਦੀ ਹੈ ਜੋ ਰਾਜ ਦੇ ਲੋਕ-ਰਾਜੀ ਸਭਯ ਸਮਾਜ ਦੀਆਂ ਆਧਾਰੀ ਚੰਗਿਆਈਆਂ ਦੀ ਖ਼ਾਤਰ ਸੰਘਰਸ਼ ਕਰਦੇ ਹਨ।

(1) ਸਤੰਬਰ, 1947 ਵਿੱਚ ਜਲੰਧਰ ਵਿਖੇ ਸਕੂਲਾਂ ਦਾ ਡਵੀਯਨਲ ਇਨਸਪੈਕਟਰ ਇਕ ਹਿੰਦੂ ਸੀ। ਉਸ ਨੇ ਮੁਸਲਮਾਨ ਅਧਿਆਪਕਾਂ ਦੇ ਜਾਣ ਨਾਲ ਹੋਈਆਂ ਖਾਲੀ ਆਸਾਮੀਆਂ ਉੱਤੇ ਲੋਕਲ ਬਾਡੀਆਂ, ਜਿਵੇਂ ਕਿ ਜ਼ਿਲ੍ਹਾ ਬੋਰਡਾਂ ਦੇ ਸਕੂਲਾਂ ਵਿੱਚ ਨਿਯੁਕ-

ਤੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਡਿਪਟੀ ਕਮਿਸ਼ਨਰ ਇਨ੍ਹਾਂ ਬੋਰਡਾਂ ਦੇ ਗ਼ੈਰ-ਸਰਕਾਰੀ ਅਧਿਅਕਸ਼ ਹੁੰਦੇ ਸਨ। ਨਿਯਮਾਂ ਅਨੁਸਾਰ ਇਹ ਤਕਰੱਰੀਆਂ ਅਧਿਅਕਸ਼ ਦੇ ਮਸ਼ਵਰੇ ਨਾਲ ਕੀਤੀਆਂ ਜਾਣੀਆਂ ਚਾਹੀਦੀਆਂ ਸਨ ਪਰ ਇਸ ਹੰਕਾਰੀ ਡਵੀਜ਼ਨਲ ਇਨਸਪੈਕਟਰ ਨੇ ਸਿਖ ਡਿਪਟੀ ਕਮਿਸ਼ਨਰਾਂ ਨੂੰ ਉੱਕਾ ਇਕ ਲਾਂਭੇ ਰਖ ਦਿੱਤਾ ਤੇ ਜਦੋ ਮੈਂ ਵਿਰੋਧਤਾ ਕੀਤੀ ਤਾਂ ਕਮਿਸ਼ਨਰ ਨੇ ਤੇ ਸਾਰੀ ਸਰਕਾਰ ਨੇ ਉਸ ਦਾ ਪੱਖ ਪੂਰਿਆ ਅਤੇ ਗ਼ੈਰ ਕਾਨੂੰਨੀ ਤੌਰ ਤੇ ਉਹ ਤਕੱਰ-ਰੀਆਂ ਪ੍ਰਵਾਨ ਕਰ ਲਈਆਂ। ਇਹ ਤਕੱਰਰੀਆਂ ਪ੍ਰਾਂਤ ਦੀ ਬਹੁ-ਗਿਣਤੀ ਦੇ ਫਿਰਕੇ ਲਈ ਲਾਭਵੰਦ ਸਨ। ਸ੍ਰੀਯੁਤ ਰਾਜਪਾਲ ਨੇ ਮਸਲੇ ਨੂੰ ਆਪਣਾ ਜ਼ਾਤੀ ਸਹਿਯੋਗ ਦੇ ਕੇ ਖੁਲ੍ਹੇ ਆਮ ਮੇਰੀ ਭੰਡੀ ਅਰੰਭ ਦਿਤੀ। ਆਖਿਆ ਗਇਆ ਕਿ ਇਸ ਸਿਖ ਡਿਪਟੀ ਕਮਿਸ਼ਨਰ ਦੇ ਦਿਮਾਗ਼ ਵਿੱਚ ਕਾਨੂੰਨੀ ਫਤੂਰ ਹੈ।

(2) ਕੁੱਲੂ ਦੇ ਇਕ ਹਿੰਦੂ ਤਹਸੀਲਦਾਰ ਦੇ ਖਿਲਾਫ ਲੁਟ, ਮਾਰ ਧਾੜ ਦੀਆਂ ਸ਼ਿਕਾਇਤਾਂ ਲਾਈਆਂ ਗਈਆਂ ਅਤੇ ਮੈਂ ਕਮਿਸ਼ਨਰ ਨੂੰ ਇਤਲਾਹ ਭੇਜੀ। ਕਮਿਸ਼ਨਰ ਏਸੇ ਸੰਬੰਧ ਵਿੱਚ ਨਵੰਬਰ, 1947 ਵਿੱਚ ਹਵਾਈ ਜਹਾਜ਼ 'ਤੇ ਧਰਮਸਾਲਾ ਗਇਆ। ਸ਼ਰ੍ਹੇ-ਆਮ ਉਸ ਨੇ ਉਥੇ ਆਖਿਆ ਕਿ ਇਸ ਤਹਸੀਲਦਾਰ ਵਿਰੁੱਧ ਕੋਈ ਸਬੂਤ ਕੱਠੇ ਨ ਕੀਤੇ ਜਾਣ। ਮੈਂ ਉਸ ਦਾ ਇਸ਼ਾਰਾ ਨ ਸਮਝਿਆ ਕਰ ਦਿਤਾ ਤੇ ਇਕ ਈਸਾਈ ਈ. ਏ. ਸੀ. ਨੂੰ ਜਨਵਰੀ, 1948 ਵਿੱਚ ਸਬੂਤ ਕਠੇ ਕਰਨ ਲਈ ਕੁੱਲੂ ਭੇਜ ਦਿੱਤਾ। ਵੱਖਰੇ ਵੱਖਰੇ ਵਿਭਾਗਾਂ ਦੇ ਬਹੁਤ ਸਾਰੇ ਹਿੰਦੂ ਅਫਸਰਾਂ ਨੇ ਇਸ ਈ. ਏ. ਸੀ. ਨੂੰ ਲਿਖਤੀ ਤੌਰ ਤੇ ਵਿਰੋਧ ਭੇਜਿਆ ਕਿ ਇਹ ਪੜਤਾਲ ਨਹੀਂ ਹੋਣੀ ਚਾਹੀਦੀ ਤੇ ਉਨ੍ਹਾਂ ਨੇ ਖੁਲ੍ਹਮ ਖੁੱਲ੍ਹਾ ਸਬੂਤਾਂ ਦੀ ਪ੍ਰਾਪਤੀ ਤੇ ਸੰਗ੍ਰਹ ਦੀ ਵਿਰੋਧਤਾ ਕੀਤੀ। ਉਨ੍ਹਾਂ ਦਾ ਇਤਰਾਜ਼ ਸਿਰਫ ਇਹ ਸੀ ਕਿ ਇਸ ਪੜਤਾਲ ਦਾ ਹੁਕਮ ਇਕ ਸਿਖ ਅਫਸਰ ਵਲੋਂ ਕਿਉਂ ਦਿਤਾ ਗਇਆ ਹੈ। ਜਦੋਂ ਮੈਂ ਇਨ੍ਹਾਂ ਹਿੰਦੂ ਅਫਸਰਾਂ ਵਿਰੁੱਧ ਅਨੁਸ਼ਾਸਣੀ ਕਾਰਰਵਾਈ ਕਰਨ ਦੀ ਸਿਫਾਰਿਸ਼ ਕੀਤੀ ਤਦ ਇਸ ਜ਼ਿਲ੍ਹੇ 'ਚੋਂ ਮੇਰੀ ਇਕ ਦਮ ਬਦਲੀ ਦੇ ਹੁਕਮ ਜਾਰੀ ਹੋ ਗਏ। ਦੋ ਤਿੰਨ ਹੋਰ ਸਿਖ ਅਫਸਰ, ਜੋ ਕੁੱਲੂ ਦੇ ਵੱਖਰੇ ਵੱਖਰੇ ਵਿਭਾਗਾਂ ਵਿਚ ਕੰਮ ਕਰਦੇ ਸਨ ਤੇ ਜੋ ਇਨ੍ਹਾਂ ਹਿੰਦੂ ਅਫਸਰਾਂ ਨਾਲ ਸੰਮਤੀ ਨਹੀਂ ਸਨ ਰੱਖ ਸਕੇ ਕਿ ਹਿੰਦੂ ਤਹਸੀਲਦਾਰ ਦੇ ਵਿਰੁੱਧ ਹੋ ਰਹੀ ਪੜਤਾਲ ਵਿੱਚ ਮੁਦਾਖ਼ਲਤ ਕੀਤੀ ਜਾਵੇ, ਨੂੰ ਵੀ ਕੁੱਲੂ ਤੋਂ ਬਦਲ ਦਿੱਤਾ ਗਇਆ। ਇਸ ਪਿਛੋਂ ਛੇਤੀ ਹੀ ਸਰਕਾਰੀ ਨਾਰਾਜ਼ਗੀ ਇਨ੍ਹਾਂ ਦੇ ਪਿਛੇ ਹੱਥ ਧੋ ਕੇ ਪੈ ਗਈ। ਇਸ ਹਿੰਦੂ ਤਹਸੀਲਦਾਰ ਵਿਰੁੱਧ ਸਬੂਤਾਂ ਦੇ ਤਕੜੇ ਮਸਾਲੇ ਦੀ ਫਾਈਲ, ਆਖਿਆ ਗਇਆ, ਕਿ ਗੁੰਮ ਹੋ ਗਈ ਹੈ ਤੇ ਇਸ ਦੇ ਵਿਰੁਧ ਕੋਈ ਸਬੂਤ ਨਹੀਂ ਲਭ ਰਹਿਆ ਹੈ।

(3) ਨਵੰਬਰ, 1947 ਵਿਚ ਮੈਂ ਆਪਣੇ ਅਧੀਨ ਇਕ ਪੁਰਾਣੇ ਹਿੰਦੂ ਅਫਸਰ, ਦੀਵਾਨ ਕਾਹਨ ਚੰਦ, ਈ. ਏ. ਸੀ. ਵਿਰੁੱਧ ਵਿਸ਼ੇਸ਼ ਦਸਤਾਵੇਜ਼ੀ ਸਬੂਤ ਕੱਠੇ ਕੀਤੇ। ਉਸ ਦੇ ਖਿਲਾਫ ਨਿਕਾਸੀ-ਜਾਇਦਾਦ ਵਿਚ ਹੇਰਾ ਫੇਰੀ ਦੀਆਂ ਕਈ ਸ਼ਿਕਾਇਤਾਂ ਆਈਆਂ ਸਨ। ਮੈਂ ਸਰਕਾਰ ਨੂੰ ਇਤਲਾਹ ਦਿਤੀ ਤੇ ਸ਼ਿਕਾਇਤਾਂ ਸੰਬੰਧੀ ਸਬੂਤ ਲੱਭਣ ਦੀ ਆਗਿਆ ਮੰਗੀ। ਮੇਰੀ ਚਿਠੀ ਦੀ ਪਹੁੰਚ ਦੀ ਕੋਈ ਰਸੀਦ ਮੈਨੂੰ ਨ ਭੇਜੀ ਗਈ ਤੇ ਇਸ ਦੇ ਵਿਪਰੀਤ ਦਸੰਬਰ, 1947 ਵਿਚ ਜਲੰਧਰ ਡਵੀਜ਼ਨ ਦੇ ਕਮਿਸ਼ਨਰ, ਮਿ. ਸ੍ਰੀਨਗੇਸ਼ ਨੇ ਉਸ ਨੂੰ ਇਕ ਜ਼ਾਤੀ ਸੁਨੇਹਾ ਭੇਜ ਕੇ ਜਲੰਧਰ ਬੁਲਵਾਇਆ ਤੇ ਉਸਨੂੰ ਆਪਣੇ ਸਿੱਖ ਡਿਪਟੀ ਕਮਿਸ਼ਨਰ ਵਿਰੁੱਧ ਚੀਫ ਸਕੱਤ੍ਰ ਸਚਦੇਵ ਦੀ ਪੂਰੀ ਸਹਾਇਤਾ ਨਾਲ ਝੂਠੇ ਕੇਸ ਘੜਨ ਲਈ

ਹੌਂਸਲਾ ਤੇ ਉਤਸ਼ਾਹ ਦਿਤਾ । ਫਿਰ ਉਸ ਨੇ ਮੇਰੇ ਅਧੀਨ ਹਿੰਦੂ ਅਫਸਰਾਂ ਨੂੰ ਸੁਨੇਹਾ ਭੇਜਿਆ ਕਿ ਸਰਕਾਰ ਨੇ ਮੈਨੂੰ ਆਈ. ਸੀ. ਐਸ. ਪੱਦ ਤੋਂ ਲਾਹ ਸੁਟਣ ਦਾ ਫੈਸਲਾ ਕੀਤਾ ਹੋਇਆ ਹੈ ਤੇ ਉਹ ਮੇਰੇ ਖਿਲਾਫ ਝੂਠੇ ਕੇਸ ਤਿਆਰ ਕਰਨ । ਉਸ ਨੇ ਹੋਰ ਸ਼ੇਖੀ ਮਾਰੀ ਕਿ ਅੱਗੇ ਤੋਂ ਕਿਸੇ ਸਿਖ ਅਫਸਰ ਵਲੋਂ ਭੇਜੀ ਕਿਸੇ ਹਿੰਦੂ ਅਫਸਰ ਦੇ ਖਿਲਾਫ ਰਿਪੋਰਟ, ਸਣੇ ਮੇਰੀਆਂ ਕੀਤੀਆਂ ਰਿਪੋਰਟਾਂ ਦੇ, ਰਿਪੋਰਟ ਕਰਨ ਵਾਲੇ ਦੇ ਸਿਰ ਉਤੇ ਹੀ ਮੜ੍ਹੀ ਜਾਇਆ ਕਰੇਗੀ। ਚੀਫ ਸਕੱਤਰ ਤੇ ਕਮਿਸ਼ਨਰ ਨੇ ਉਸਨੂੰ ਵਚਨ ਦਿਤਾ ਕਿ ਉਸ ਦੇ ਵਿਰੁਧ ਕਿਸੇ ਭੈੜੀਆਂ ਗੁਪਤ ਰਿਪੋਰਟਾਂ ਦੇ ਬਾਵਜੂਦ ਕੁਝ ਹਫਤਿਆਂ ਵਿਚ ਹੀ ਉਸ ਦੀ ਤ੍ਰੱਕੀ ਕਰ ਦਿਤੀ ਜਾਵੇਗੀ। ਜਿਵੇਂ ਕਿ ਨਿਸ਼ਚਤ ਸੀ, ਦੀਵਾਨ ਕਾਹਨ ਚੰਦ ਦੀ ਭੈੜੀ ਗੁਪਤ ਰਿਪੋਰਟ ਦੇ ਬਾਵਜੂਦ, ਉਸ ਨੂੰ ਤ੍ਰੱਕੀ ਦਿਤੀ ਗਈ ਤੇ 1948 ਵਿਚ ਕਮਿਸ਼ਨਰ ਸ੍ਰੀਨਗੇਸ਼ ਸ਼ਰ੍ਹੇ-ਆਮ ਉਸ ਨੂੰ ਕਾਂਗੜਾ ਜ਼ਿਲ੍ਹੇ ਦੇ ਦੌਰਿਆਂ ਪੁਰ ਨਾਲ ਲਈ ਫਿਰਿਆ ਤੇ ਮੇਰੇ ਖਿਲਾਫ ਝੂਠੇ ਕੇਸ ਘੜੇ ਕਰਨ ਬਾਰੇ ਉਸ ਨਾਲ ਖੁਲ੍ਹਾ ਵਿਚਾਰ ਵਟਾਂਦਰਾ ਕਰਦਾ ਰਹਿਆ। ਉਸ ਨੂੰ ਇਸ ਪੜਤਾਲ ਵਿਚ ਪੀ. ਡਬਲਯੂ. ਸਰਕਾਰੀ ਗਵਾਹ ਦੇ ਤੌਰ ਤੇ ਪੇਸ਼ ਕੀਤਾ ਗਇਆ ਤੇ ਮਿ. ਸ੍ਰੀਨਗੇਸ਼ ਨੇ ਪੀ. ਡਬਲਯੂ. ਹੋਣ ਦੀ ਹੈਸੀਅਤ ਵਿਚ ਆਖਿਆ ਹੈ ਕਿ ਉਸ ਨੇ ਬਾਕਾਇਦਾ, ਦੀਵਾਨ ਕਾਹਨ ਚੰਦ ਵਿਰੁਧ ਉਨ੍ਹਾਂ ਸ਼ਕਾਇਤਾਂ ਦੀ ਪੜਤਾਲ ਕੀਤੀ ਹੈ ਜੋ ਕਿ ਮੈਂ ਸਰਕਾਰ ਨੂੰ ਆਪਣੇ ਉੱਤਰ-ਅਧਿਕਾਰੀ, ਸ੍ਰੀ ਕਨ੍ਹਈਆ ਲਾਲ ਰਾਹੀਂ ਭੇਜੀਆਂ ਸਨ । ਦੀਵਾਨ ਕਾਹਨ ਚੰਦ ਨੇ ਪੀ. ਡਬਲਯੂ. ਦੇ ਤੌਰ ਤੇ ਸਪਸ਼ਟ ਇਨਕਾਰ ਕੀਤਾ ਹੈ ਕਿ ਮਿ. ਸ੍ਰੀਨਗੇਸ਼ ਜਾਂ ਕਨ੍ਹਈਆ ਲਾਲ ਨੇ ਇਨ੍ਹਾਂ ਸ਼ਕਾਇਤਾਂ ਦੇ ਸੰਬੰਧ ਵਿਚ ਕਦੇ ਕੋਈ ਪੁੱਛ ਪੜਤਾਲ ਕੀਤੀ ਹੈ। ਸ੍ਰੀ ਕਨ੍ਹਈਆ ਲਾਲ ਨੇ, ਪੀ. ਡਬਲਯੂ. ਦੇ ਤੌਰ ਤੇ, ਸੁਗੰਦ ਚੁੱਕੀ ਹੈ ਕਿ ਉਸ ਨੂੰ ਸ੍ਰੀਨਗੇਸ਼ ਨੇ ਨ ਕਦੇ ਕੋਈ ਅਜੇਹੀ ਪੜਤਾਲ ਕਰਨ ਲਈ ਨਹੀਂ ਆਖਿਆ ਹੈ ਤੇ ਨ ਉਸ ਨੇ ਅਸਲ ਵਿਚ ਅਜੇਹੀ ਕੋਈ ਵੀ ਪੜਤਾਲ ਕੀਤੀ ਹੈ । ਇਨ੍ਹਾਂ ਵਡੇਰੇ-ਅਫਸਰਾਂ, ਜੋ ਕਿ ਮੇਰੇ ਵਿਰੁੱਧ ਪੀ. ਡਬਲਯੂ. ਦੇ ਤੌਰ ਤੇ ਪੇਸ਼ ਹੋਏ ਹਨ, ਵਿਚੋਂ ਕੇਹੜਾ ਦੀਵਾਨ ਕਾਹਨ ਚੰਦ ਵਿਰੁੱਧ ਮੁਸਲਮ ਨਿਕਾਸੀ ਜਾਇਦਾਦਾਂ ਵਿਚ ਹੇਰਾ ਫੇਰੀਦੀ ਪੜਤਾਲ ਸੰਬੰਧੀ ਝੂਠੀਆਂ ਗਵਾਹੀਆਂ ਦੇਣ ਦਾ ਜ਼ਿੰਮੇਦਾਰ ਹੈ, ਇਸ ਦਾ ਨਿਬੇੜਾ ਹੁਣ ਕਚੈਹਰੀ ਦਾ ਕੰਮ ਹੈ।

(4) 8 ਅਕਤੂਬਰ, 1947 ਨੂੰ ਜਲੰਧਰ ਵਿਚ ਸ੍ਰੀ ਯੁਤ ਰਾਜ ਪਾਲ ਦੀ ਅਧਿਅਕਸ਼ਤਾ ਵਿਚ ਡਿਪਟੀ ਕਮਿਸ਼ਨਰਾਂ ਤੇ ਪੁਲਿਸ ਕਪਤਾਨਾਂ ਦਾ ਇਕ ਸੰਮੇਲਨ ਬੁਲਾਇਆ ਗਿਆ ਜਿਸ ਵਿਚ ਮੰਤ੍ਰਾਲੇ ਦੇ ਸਕੱਤ੍ਰ ਸਣੇ ਚੀਫ ਸਕੱਤਰ ਦੇ ਹਾਜ਼ਰ ਹੋਏ। ਇਸ ਮੀਟਿੰਗ ਦੀ ਕਾਰਵਾਈ ਦਾ ਸਾਰ ਮੈਂ ਆਪਣੇ ਬਿਆਨ ਵਿਚ ਦਿੰਦਾ ਹਾਂ । ਇਹ ਸਾਰ ਕੇਵਲ ਕਾਂਗੜਾ ਜ਼ਿਲ੍ਹੇ ਦੇ ਪ੍ਰਬੰਧ ਦੇ ਵਿਸ਼ੇਸ਼ ਪੱਖਾਂ ਤੇ 1947 ਦੀ ਗੜਬੜ ਨਾਲ ਪੈਦਾ ਹੋਏ ਵਿਸ਼ੇਸ਼ ਮਸਲਿਆਂ ਨਾਲ ਹੀ ਸੰਬੰਧਿਤ ਹੈ। ਮੈਂ ਇਹ ਬਿਆਨ ਪੀ. ਡਬਲਯੂ. ਕੇਸਰੀ ਚੰਦ ਐਗਜ਼ਿਬਿਟ ਪੀ. ਡਬਲਯੂ. 15(8)12 ਦੇ ਸਾਮ੍ਹਣੇ ਦਿਤਾ ਜਿਸ ਵਿਚ ਕਿਹਾ ਗਿਆ ਹੈ ਕਿ ਰਾਜਪਾਲ ਨੇ ਡਿਪਟੀ ਕਮਿਸ਼ਨਰਾਂ ਨੂੰ ਸੂਬੇ ਵਿਚ ਸਰਕਾਰੀ ਸਤਾ ਨੂੰ ਮੁੜ ਸਥਾਪਤ ਕਰਨ ਦੀ ਆਗਿਆ ਕੀਤੀ, ਅਤੇ ਉਨ੍ਹਾਂ ਦੇ ਜ਼ਿਲਿਆਂ ਦੇ ਮਸਲੇ, ਪਹਿਲਾਂ ਸਥਾਪਤ ਨਿਯਮਾਂ ਤੇ ਕਾਨੂੰਨਾਂ ਨੂੰ ਅਖੋਂ ਓਹਲੇ ਕਰਕੇ ਵੀ ਸੁਲਝਾਉਣ ਦੀ ਤੀਬਰ ਆਗਿਆ ਕੀਤੀ । ਦਲੀਲ ਇਹ ਦਿਤੀ ਗਈ ਕਿ ਪ੍ਰਾਂਤਕ ਸਰਕਾਰ ਏਨੀ ਬਲਵਾਨ ਨਹੀਂ ਹੈ ਕਿ ਵਿਗੜੇ ਹੋਏ ਹਾਲਤ ਉਤੇ ਕਾਬੂ ਪਾ ਸਕੇ ਤੇ ਆਪਣੀ ਸਰਕਾਰੀ ਜ਼ਿੰਮੇਵਾਰੀ ਨਿਭਾ ਸਕੇ । ਭੂਤਕਾਲ ਵਿਚ ਅਜੇਹੀ ਅਸਾਧਾਰਨ ਸਥਿਤੀ ਦੇ ਖਤਰੇ ਦੀ ਸੰਭਾਵਨਾ ਮਹਸੂਸ ਹੀ ਨਹੀਂ

ਕੀਤੀ ਗਈ ਸੀ । ਇਸ ਇਕੱਤ੍ਰਤਾ ਵਿਚ ਰਾਜ ਪਾਲ ਨੇ ਇਹ ਤਸਲੀਮ ਕਰਕੇ ਕਿ ਕਾਨੂੰਨ ਜੰਨਤਾ ਦੀ ਰਖਿਆ ਕਰਨ ਦੇ ਅਸਮਰਥ ਹੋ ਗਇਆ ਹੈ ਅਤੇ ਲੋਕਾਂ ਨੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਲਇਆ ਹੈ, ਆਖਿਆ, "ਜਦੋਂ ਤੁਸੀਂ ਅਜੇਹਾ ਕੋਈ ਬੰਦਾ ਵੇਖੋਂ, ਉਸ ਨੂੰ ਥਾਂ ਹੀ ਗੋਲੀ ਮਾਰ ਦਿਓ । ਜਦੋਂ ਤੁਸੀਂ ਕੋਈ ਅਜੇਹੇ ਲੋਗ ਵੇਖੋਂ, ਉਨ੍ਹਾਂ ਨੂੰ ਹਿਰਾਸਤ 'ਚ ਲੈ ਲੈਣ ਦੇ ਹੁਕਮ ਜਾਰੀ ਕਰੋ ਅਤੇ ਜਾਂ ਫੇਰ ਉਨ੍ਹਾਂ ਨੂੰ ਠੀਕ ਕਰਨ ਲਈ ਜੋ ਮਨ ਵਿਚ ਆਵੇ ਕਰੋ ਅਤੇ ਆਪਣੇ ਅਫਸਰਾਂ ਨੂੰ ਹਿਦਾਇਤਾਂ ਕਰ ਦਿਓ ਕਿ ਇਓਂ ਹੀ ਕਰਨ ਤੇ ਸਰਕਾਰ ਤੁਹਾਡੀ ਪੁਸ਼ਤਪਨਾਹੀ ਕਰੇਗੀ ।" ਸਮੁੱਚੀ ਸਰਕਾਰ ਵਲੋਂ ਇਹ ਹਦਾਇਤਾਂ ਉਸ ਸਮੇਂ, ਜ਼ਿਲ੍ਹਾ ਅਫਸਰਾਂ ਨੂੰ, ਕੇਵਲ ਤਕੜੇ ਜਾਂ ਕਰੜੇ ਹੋ ਜਾਣ ਦੀ ਲੋੜ ਵਜੋਂ ਕੀਤੀਆਂ ਜਾਪਦੀਆਂ ਸਨ । ਪਰ ਇਨ੍ਹਾਂ ਹਦਾਇਤਾਂ ਦੀ ਕੁਚੇਸ਼ਟਾ ਤੇ ਕੁਟਿਲ ਉਦੇਸ਼, ਕੁਝ ਦਿਨਾਂ ਮਗਰੋਂ ਉਜਾਗਰ ਹੋ ਗਇਆ ਜਦੋਂ ਕਿ ਡਿਪਟੀ ਕਮਿਸ਼ਨਰਾਂ ਨੂੰ ਇਕ ਗੁਪਤ ਪੱਤਰ ਮਿਲਿਆ। ਇਹ ਗੁਪਤ ਪੱਤਰ, ਨੰ: ਐਗਜ਼ਿਬਿਟ ਡੀ. 11/7, ਮਿਤੀ 10 ਅਕਤੂਬਰ, 1947, ਸਰਕਾਰੀ ਨੀਤੀ ਸੰਬੰਧੀ ਹੈ ਤੇ ਇਸ ਵਿਚ ਡਿਪਟੀ ਕਮਿਸ਼ਨਰਾਂ ਨੂੰ "ਹਿਦਾਇਤ ਕੀਤੀ ਗਈ ਹੈ" ਕਿ ਸਿਖ ਸਮੁਚੇ ਤੌਰ ਤੇ ਜਮਾਂਦਰੂ ਫਸਾਦੀ ਲੋਕ ਹਨ ਤੇ ਇਹ ਸੂਬੇ ਦੇ ਅਮਨ ਪਸੰਦ ਹਿੰਦੂਆਂ ਲਈ ਖਤਰੇ ਭਰੀ ਵੰਗਾਰ ਬਣੇ ਹੋਏ ਹਨ । ਡਿਪਟੀ ਕਮਿਸ਼ਨਰ "ਇਨ੍ਹਾਂ ਦੇ ਵਿਰੁੱਧ ਵਿਸ਼ੇਸ਼ ਸਾਧਨ ਅਪਣਾਉਣ" । ਜ਼ਿਲ੍ਹਿਆਂ ਵਿਚ ਅਮਨ ਤੇ ਕਾਨੂੰਨ ਸਥਾਪਤ ਕਰਨ ਦੀ ਨੀਤੀ ਬਾਰੇ ਵੀ ਬੇਲੋੜਾ ਸੁਝਾ ਦਿਤਾ ਗਿਆ ਕਿ "ਸਿਖਾਂ ਨੂੰ ਬੇ ਕਾਨੂੰਨੀ ਦੇ ਰਾਹ ਪਾਉਣ" ਵਾਲੀਆਂ ਉਨ੍ਹਾਂ ਦੀਆਂ ਉਹ ਪ੍ਰਬਲ ਰੁਚੀਆਂ ਹਨ ਜਿਨ੍ਹਾਂ ਦਾ ਝੁਕਾ "ਔਰਤ ਅਤੇ ਲੁਟ ਮਾਰ" ਵੱਲ ਹੈ । "ਇਸ ਨੀਤੀ ਦਾ ਪਰਿਣਾਮ, ਉਸ ਸੂਬੇ ਵਿਚ ਅਮਲੀ ਤੌਰ ਤੇ ਲਾਗੂ ਕਰਨਾ, ਸਹਜੇ ਹੀ ਕਲਪਿਆ ਜਾ ਸਕਦਾ ਹੈ, ਜਿਥੇ ਅੱਸੀ ਫੀ ਸਦੀ ਜ਼ਿਲ੍ਹਾ ਅਫਸਰ ਗ਼ੈਰ-ਸਿਖ ਹੋਣ ਤੇ ਜੋ ਅਜੇਹੀ ਫਿਰਕੂ ਨਫਰਤ ਦੀਆਂ ਰਵਾਇਤਾਂ ਨਾਲ ਬੱਝੇ ਹੋਏ ਹੋਣ ਜੋ ਕਿ ਇਸ ਸੂਬੇ ਦੀ ਸਾਮਾਜਿਕ ਤੇ ਰਾਜਨੈਤਿਕ ਬਣਤਰ ਦਾ ਅਨਿਖੜਵਾਂ ਅੰਗ ਹੈ । ਇਹਵਾਂ ਲਿਖਤੀ ਨੀਤੀ ਜਾਲੰਧਰ ਵਿਖੇ 8 ਅਕਤੂਬਰ, 1947 ਨੂੰ ਦਿਤੀਆਂ ਗਈਆਂ ਅਸੀਮ ਤੇ ਦੋ ਜ਼ਬਾਨੀ ਹਦਾਇਤਾਂ ਦੇ ਪ੍ਰਕਾਸ਼ ਵਿਚ ਅਰਥਾਈ ਤੇ ਵਿਆਖਿਆਈ ਜਾਣੀ ਸੀ । ਜਦੋਂ ਮੈਂ 10 ਅਕਤੂਬਰ, 1947 ਦੀ ਇਸ ਕੁਟਲ, ਸਿਖ ਮਾਰੂ ਸਰਕਾਰੀ ਨੀਤੀ ਦੀ ਧੀਰਜ ਤੇ ਅਧੀਨਤਾ ਨਾਲ ਵਿਰੋਧਤਾ "ਕਰਦਿਆਂ ਉੱਤਰ ਲਿਖਿਆ "ਕਿ ਗ਼ੈਰ-ਕਾਨੂੰਨੀ, ਅਸਲ ਵਿਚ, ਸੂਬੇ ਦੇ ਕਿਸੇ ਇਕ ਇਕੱਲੇ ਫਿਰਕੇ ਤਕ ਸੀਮਿਤ ਨਹੀਂ ਅਤੇ ਕਾਂਗੜੇ ਜ਼ਿਲ੍ਹੇ ਵਿਚ ਤਾਂ ਅਜੇਹੀ ਉਕਾ ਕੋਈ ਗੱਲ ਨਹੀਂ, ਸਗੋਂ ਇਸ ਜ਼ਿਲ੍ਹੇ ਵਿਚ ਅਮਨ ਕਾਨੂੰਨ ਬਹਾਲ ਕਰਨ ਲਈ ਜ਼ਰੂਰੀ ਹੋ ਗਇਆ ਹੈ ਕਿ ਕੁਝ ਚੋਣਵੇਂ ਹਿੰਦੂਆਂ, ਸਣੇ ਹਿੰਦੂ ਅਫਸਰਾਂ, ਵਿਰੁੱਧ ਕਾਰਵਾਈ ਕੀਤੀ ਜਾਵੇ," ਤਾਂ ਸਰਕਾਰ ਨੇ ਮੇਰੀ ਇਸ ਚਿਠੀ, (ਐਗਜ਼ਿਬਿਟ 11/6), ਦਾ ਕੋਈ ਉਤਰ ਨ ਦਿੱਤਾ । ਮੈਨੂੰ ਕਾਂਗੜੇ ਤੋਂ ਬਦਲ ਦਿਤਾ ਗਇਆ ਅਤੇ ਉਹੀ ਹਿੰਦੂ ਡਿਪਟੀ ਕਮਿਸ਼ਨਰ ਜਿਸ ਨੂੰ ਅਗਸਤ, 1947 ਵਿਚ ਮੈਂ ਫਾਰਿਗ਼ ਕੀਤਾ ਸੀ ਛੇ ਮਹੀਨੇ ਦੇ ਵਿਚ ਵਿਚ ਹੀ ਕਾਂਗੜੇ ਦਾ ਡਿਪਟੀ ਕਮਿਸ਼ਨਰ ਮੁੜ ਲਾ ਦਿੱਤਾ ਗਿਆ । ਸੰਯੁਕਤ ਪੰਜਾਬ ਦੇ ਪਿਛਲੇ ਸੌ ਸਾਲ ਦੇ ਇਤਿਹਾਸ ਵਿਚ ਅਜੇਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਕੋਈ ਬਦਲਿਆ ਹੋਇਆ ਡਿਪਟੀ ਕਮਿਸ਼ਨਰ, ਛਿਆਂ ਮਹੀਨਿਆਂ ਦੇ ਅੰਦਰ ਅੰਦਰ ਮੁੜ ਪੁਰਾਣੇ ਜ਼ਿਲੇ ਵਿਚ ਲਗਾ ਦਿਤਾ ਗਿਆ ਹੋਵੇ । ਫਰਵਰੀ, 1948 ਵਿਚ, ਅਰਥਾਤ ਮੇਰੀ ਕਾਂਗੜੇ ਤੋਂ ਬਦਲੀ ਤੋਂ ਛੇਤੀ ਹੀ, ਮਗਰੋਂ, ਰਾਜਪਾਲ ਨੇ ਇਸ ਜ਼ਿਲ੍ਹੇ ਦਾ ਦੌਰਾ ਰੱਖਿਆ ਤੇ ਉਸ ਦੌਰੇ ਵਿਚ ਖੁਲ੍ਹਮ ਖੁਲ੍ਹਾ ਜ਼ਿਲ੍ਹਾ

ਅਧਿਕਾਰੀਆਂ ਤੇ ਲੋਕਾਂ ਤੋਂ ਮੇਰੇ ਵਿਰੁੱਧ ਸ਼ਿਕਾਇਤਾਂ ਮੰਗੀਆਂ । ਮਗਰੋਂ, ਛੇਤੀ, ਮਿ. ਸ੍ਰੀਨਗੇਸ਼, ਕਮਿਸ਼ਨਰ ਜਲੰਧਰ ਨੂੰ ਹੁਕਮ ਮਿਲਿਆ ਕਿ ਉਹ ਜ਼ਿਲ੍ਹੇ ਦਾ ਦੌਰਾ ਕਰੇ। ਇਸ ਦਾ ਪ੍ਰਤੱਖ ਉਦੇਸ਼ ਤਾਂ ਇਹ ਸੀ ਕਿ ਸਰਕਾਰ ਨੂੰ ਮੇਰੇ ਦੁਆਰਾ ਕੁਲੂ ਵਾਦੀ ਦੇ ਪ੍ਰਬੰਧ ਸੰਬੰਧੀ ਭੇਜੀ ਰਿਪੋਰਟ ਦੀ ਪੜਤਾਲ ਕੀਤੀ ਜਾਵੇ, ਪਰ ਅਸਲ ਵਿਚ ਇਹ ਦੌਰਾ ਮੇਰੇ ਵਿਰੁਧ ਅਜੇਹੇ ਕੇਸ ਤੇ ਸਬੂਤ ਲੱਭਣ ਤੇ ਬਣਾਉਣ ਲਈ ਰਖਿਆ ਗਇਆ ਸੀ ਜਿਨ੍ਹਾਂ ਨਾਲ ਮੈਨੂੰ ਨੌਕਰੀ ਤੋਂ ਲਾਹਿਆ ਜਾ ਸਕੇ । ਮਿ. ਸ੍ਰੀਨਗੇਸ਼ ਨੇ ਪੀ. ਡਬਲਯੂ. ਦੀਵਾਨ ਕਾਹਨ ਚੰਦ, ਜੋ ਕਿ ਉਸ ਸਮੇਂ ਤ੍ਰੱਕੀ ਪਾਕੇ ਡਾਇਰੈਕਟਰ ਲੈਂਡ ਰਿਕਾਰਡਜ਼ ਦੇ ਇਕ ਸੁਤੰਤਰ ਤੇ ਜ਼ਿੰਮੇਵਾਰ ਪਦ ਪੁਰ ਨਿਯੁਕਤ ਹੋ ਚੁੱਕਾ ਸੀ ਇਕ ਰਿਪੋਰਟ ਤਿਆਰ ਕੀਤੀ ਜਿਸ ਦੀ ਗੈਰਤਸਦੀਕਸ਼ੁਦਾ ਨਕਲ P. W. 18 (8)/3 ਹੈ । ਇਸ ਰਿਪੋਰਟ ਦੀ ਨਕਲ ਦੇ ਨਾਲ ਮੇਰੀ ਕੁਲੂ ਸੰਬੰਧੀ ਰਿਪੋਰਟ ਨੂੰ ਜੇ ਪੜ੍ਹਿਆ ਜਾਵੇ ਤਾਂ ਰਾਜ-ਪਾਲ ਦੁਆਰਾ ਮਿ. ਸ੍ਰੀਨਗੇਸ਼ ਨੂੰ ਦਿਤੀਆਂ ਹਦਾਇਤਾਂ ਦਾ ਠੀਕ ਰੂਪ ਸਮਝ ਆ ਸਕਦਾ ਹੈ । ਐਗਜ਼ਿਬਿਟ ਪੀ. ਡਬਲਯੂ. 18(8)/3 ਵਿਚ ਮੇਰੇ ਵਿਰੁੱਧ ਕੇਸ ਖੜੇ ਕਰਨ ਦੀ ਨੀਂਹ ਪਹਿਲਾਂ ਹੀ ਧਰੀ ਜਾ ਚੁੱਕੀ ਹੈ ਤੇ ਉਸ ਨੂੰ ਜਾਣ ਬੁੱਝ ਕੇ ਅਸਪਸ਼ਟ ਰਖਿਆ ਗਇਆ ਹੈ ਤੇ ਦੋ ਸਾਲ ਤੀਕ ਕੋਈ ਸਹੀ ਪੜਤਾਲ ਇਸ ਕਰਕੇ ਨ ਕੀਤੀ ਗਈ ਤਾਂ ਜੁ ਸਰਕਾਰ ਮੇਰੇ ਵਿਰੁਧ ਕੇਸਾਂ ਨੂੰ ਸਹਿਜੇ ਸਹਿਜੇ ਤੋੜ ਮਰੋੜ ਸਕੇ ਅਤੇ ਮੇਰੇ ਵਿਰੁਧ ਸਬੂਤ ਲੱਭੇ ਜਾਂ ਘੜੇ ਜਾਂ ਸਕਣ । 10 ਅਕਤੂਬਰ, 1947 ਦੇ ਨੀਤੀ ਪੱਤਰ (ਐਗਜ਼ਿਬਿਟ ਡੀ. 11/7) ਸਬੰਧੀ ਛੇਤੀ ਅਫਵਾਹ ਉੱਡ ਗਈ ਕਿ ਇਹ ਪੱਤਰ ਗ੍ਰਹਿ-ਸਕੱਤਰ ਨੇ ਰਾਜ ਪਾਲ ਦੀ ਸਿੱਧੀ ਆਗਿਆ ਅਨੁਸਾਰ ਭੇਜਿਆ ਹੈ । ਗ੍ਰਹਿ-ਮੰਤ੍ਰੀ, ਜੋ ਕਿ ਸਿਖ ਸੀ, ਨੂੰ, ਵੀ ਇਸ ਦਾ ਕੋਈ ਇਲਮ ਨਹੀਂ । ਮੰਤ੍ਰੀ-ਮੰਡਲ ਵਿੱਚ ਵੀ ਇਸ ਬਾਰੇ ਉੱਕਾ ਕੋਈ ਫੈਸਲਾ ਨਹੀਂ ਸੀ ਕੀਤਾ ਗਇਆ ਹਾਲਾਂਕਿ ਅਜੇਹਾ ਨੀਤੀਪੱਤ੍ਰ ਕਰਨ ਲਈ ਇਹੀ ਕੇਵਲ ਇੱਕੋ ਇੱਕ ਯਥਾਰਥਕ, ਯੋਗ ਤੇ ਵਿਧਾਨਕ ਰਾਹ ਸੀ। ਥੋੜੇ ਮਹੀਨਿਆਂ ਦੇ ਅੰਦਰ ਅੰਦਰ ਹੀ ਸਿੱਖ ਗ੍ਰਹਿ ਸਕੱਤਰ ਨੂੰ ਬਦਲਕੇ ਇਕ ਹਿੰਦੂ ਗ੍ਰਹਿ ਸਕੱਤਰ ਲਾ ਦਿਤਾ ਗਇਆ ਅਤੇ ਅਮਨ ਕਾਨੂੰਨ ਵਿਭਾਗ, ਹਿੰਦੂ ਮੁਖ ਮੰਤ੍ਰੀ ਨੂੰ ਸੌਂਪ ਦਿਤਾ ਗਇਆ ਤੇ ਇਸ ਤਰ੍ਹਾਂ ਉਹ ਸਭ ਸਿਖ ਅਸਰ ਰਸੂਖ ਦੂਰ ਕਰ ਦਿਤੇ ਗਏ ਜੋ ਕਿ ਸੂਬੇ ਦੇ ਸਾਧਾਰਨ ਪ੍ਰਬੰਧ ਵਿੱਚ ਮਹੱਤਵਪੂਰਨ ਸਥਾਨ ਰਖਦੇ ਸਨ। ਲੋਕ-ਪ੍ਰਬੰਧ ਦੀ ਕਲਾ ਦੇ ਵਿਦਿਆ-ਰਥੀ ਜਾਣਦੇ ਹਨ ਕਿ ਜਿਥੇ ਭਾਈਚਾਰਾ ਅਥਵਾ ਸਮਾਜ ਆਪਣੇ ਝੁਕਾਵਾਂ ਤੇ ਹਿੱਤਾਂ ਵਿੱਚ ਪੂਰਨ ਤੌਰ ਤੇ ਇਕਸਾਰ ਨ ਹੋਵੇ ਉਥੇ ਕਲਪਤ ਰੋਕ-ਸੰਤੁਲਨ-ਚੈਕਐਂਡ ਬੈਲੇਂਸ, ਦੀ ਵਿਧੀ ਦਾ ਲਾਗੂ ਕਰਨਾ ਲਾਜ਼ਮੀ ਹੋ ਜਾਂਦਾ ਹੈ। ਅਤੇ ਅੰਗ੍ਰੇਜ਼ੀ ਰਾਜ ਦੁਆਰਾ ਲਾਗੂ ਕੀਤੀ ਲੋਕ-ਸੇਵਾਵਾਂ ਵਿਚ ਸੰਪ੍ਰਦਾਇਕ ਪ੍ਰਤਿਨਿਧਤਾ ਦੀ ਵਿਧੀ ਦਾ ਬੁਨਿਆਦੀ ਸਿਧਾਂਤ ਇਹੋ ਸੀ। ਇਹ ਸਿਧਾਂਤ ਮੂਲੋਂ ਹੀ ਨਿੰਦਣਯੋਗ ਨਹੀਂ ਹੈ ਅਤੇ ਇਸ ਦੀ ਚੋਖੀ ਮੱਹਤਾ ਹੈ। ਸੂਬੇ ਵਿਚ ਅਜਿਹੀ ਨੀਤੀ ਨੂੰ ਯੋਗ ਢੰਗ ਨਾਲ ਨੇਪਰੇ ਚਾੜ੍ਹਨ ਲਈ ਅਤੇ ਸਰਕਾਰ ਦਾ ਕੰਮ ਭਲੀਭਾਂਤ ਚਲਾਉਣ ਲਈ ਅਜੇਹੀ ਮਸ਼ੀਨਰੀ ਜ਼ਰੂਰ ਚਾਹੀਦੀ ਹੈ ਜੋ ਝਟਪਟ ਤੇ ਭਲੀ ਭਾਂਤਿ ਸਰਕਾਰੀ ਹੁਕਮਾਂ ਤੇ ਨੀਤੀਆਂ ਨੂੰ ਨੇਪਰੇ ਚਾਹੜ ਸਕੇ । ਪਰ ਜਿੱਥੇ ਨੀਤੀ ਬਣਾਉਣ ਵਾਲਿਆਂ ਤੇ ਹਾਕਮਾਂ ਦੀਆਂ ਨੀਤਾਂ ਸਾਫ ਨ ਹੋਣ ਤੇ ਉਨ੍ਹਾਂ ਉਤੇ ਸ਼ੱਕ ਕਰਨ ਦੇ ਠੋਸ ਕਾਰਨ ਮੌਜੂਦ ਹੋਣ, ਜਿਥੇ ਭਾਈਚਾਰਾ ਹਾਲੀ ਅੰਗ੍ਰੇਜ਼ਾਂ ਵਾਂਗ ਇਕਸਾਰ ਨ ਬਣ ਚੁਕਾ ਹੋਵੇ, ਇਹ ਯੋਗ ਹੈ ਕਿ ਉਥੇ ਇਕ ਅਜੇਹੀ ਸਰਕਾਰੀ ਮਸ਼ੀਨਰੀ ਹੋਵੇ ਜੋ ਤਕੜਾ ਚਿਰ ਆਪੇ ਚਲਦੀ ਰਹੇ ਭਾਵੇਂ ਚਲਾਉਣ

ਵਾਲੇ ਦਾ ਮਨ ਬਦਲ ਜਾਵੇ । ਮਾਂਟੇਸਕੋ ਦੇ 'ਚੈਕਸ ਐਂਡ ਬੈਲੈਨਸਜ਼ ਸਿਧਾਂਤ' ਵਿਚ ਵੀ ਇਹੀ ਵਿਚਾਰ ਹੈ, ਤੇ ਇਹੀ ਸਿਧਾਂਤ ਤੇ ਇਹੀ ਵਿਧੀ ਸੀ ਜਿਸ ਦਾ ਪੂਰਬੀ ਪੰਜਾਬ ਵਿੱਚ ਸਭ ਤੋਂ ਪਹਲਾਂ ਕਤਲ ਹੋਇਆ । ਇਹ ਤੱਥ, ਤੇ ਗਿਆਨ, ਸਾਧਾਰਨ ਸਿੱਖ ਜਨਤਾ ਵਿਚ ਆਮ ਨਹੀਂ ਹੈ, (ਭਾਵੇਂ ਇਹ ਲੋਕ, ਮੁੱਖ ਤੋਰ, ਤੇ ਇਤਿਹਾਸਕ ਵ੍ਰਿਤੀ ਵਾਲੇ ਹਨ) । ਅਜੇਹੀ ਇਕ ਨੀਤੀ ਸਿਖ ਕੌਮ ਦੇ ਖਿਲਾਫ, 1710 ਈਸਵੀ ਵਿਚ ਬਹਾਦੁਰ ਸ਼ਾਹ (ਮਹਾਨ ਮੁਗਲ ਸਮ੍ਰਾਟ, ਔਰੰਗਜ਼ੇਬ ਮਗਰੋਂ ਦੂਜੇ ਨੰਬਰ ਪੁਰ ਉੱਤਰ ਅਧਿਕਾਰੀ) ਨੇ ਵੀ ਚਲਾਈ ਸੀ । ਇਹੋ ਪੰਜਾਹ ਵਰ੍ਹੇ ਦਾ ਉਹ ਭੀੜਾ-ਕਾਲ ਸੀ ਜਿਸ ਵਿਚ ਸਿੱਖਾਂ ਨਾਲ ਨਿਰਦਈ ਵਿਵਹਾਰ ਕਾਰਨ ਸਿੱਖਾਂ ਦੇ ਮਨਾਂ ਵਿਚ ਗੈਰਸਿਖ ਰਾਜਸ਼ਾਸਨ ਦੇ ਵਿਰੁਧ ਘੋਰ ਅਸੰਤੁਸ਼ਟਤਾ ਦਾ ਭਾਵ ਪ੍ਰਚੰਡ ਹੋਇਆ । ਏਸੇ ਤਰਾਂ ਉਨ੍ਹਾਂ ਸਿੱਖ ਸਰਕਾਰੀ ਨੌਕਰਾਂ ਦੇ ਮਨਾਂ ਵਿਚ ਵੀ ਸੰਨ ੧੯੪੭ ਵਿਚ ਰਾਜਸੱਤਾ ਉਤੇ ਅਵਿਸ਼ਵਾਸ ਦਾ ਭਾਵ ਜਾਗਿਆ ਜੇਹੜੇ ਸੂਬੇ ਦੇ ਪ੍ਰਬੰਧ ਵਿੱਚ ਉੱਘੜ ਰਹੀਆ ਨਵੀਆਂ ਰੁਚੀਆਂ ਨਾਲ ਇਕ ਸੁਰ ਨ ਹੋ ਸਕੇ ਜਾਂ ਨ ਹੋਏ । ਫੇਰ, ਇਸ ਨੀਤੀ ਦੀ ਸ਼ਬਦਾਵਲੀ ਸੰਨ 1710 ਦੇ ਮੁਗ਼ਲ ਰਾਜ ਦੀ ਉਪ੍ਰੋਕਤ ਨੀਤੀ ਨਾਲ ਇੰਨ ਬਿੰਨ ਮੇਲ ਖਾਂਦੀ ਹੈ । ਜਜ਼ਬਾਤੀ ਸਿੱਖਾਂ ਤੇ ਸਿਖ ਮੁਲਾਜ਼ਮਾਂ ਵਿੱਚ ਅਸੁਰਖਿਅਤਾ ਦੀ ਭਾਵਨਾਂ ਵਿੱਚ ਹੌਲੀ ਹੌਲੀ ਵਾਧਾ ਹੋ ਰਹਿਆ ਸੀ ਅਤੇ ਮੇਰੀ ਇਸ ਵਾਤਾਵਰਨ ਵਿਖੇ ਤੀਬਰ ਚੇਤੰਨਤਾ ਨੇ ਮੈਨੂੰ ਉਨ੍ਹਾਂ ਲੋਕਾਂ ਦਾ ਚੋਣਵਾਂ ਨਿਸ਼ਾਨਾਂ ਬਣਾ ਦਿਤਾ ਜੋ ਇਸ ਨੀਤੀ ਨੂੰ ਤੇ ਇਸ ਦੇ ਸਾਰੇ ਅਰਥਾਂ ਨੂੰ ਲਾਗੂ ਕਰਨ ਪੁਰ ਤੁਲੇ ਹੋਏ ਸਨ। ਕੋਈ ਬੰਦਾ ਜੋ ਸਹਾਨੁਭੂਤੀ ਨਾਲ ਪੰਜਾਬ ਦੀ ਪ੍ਰਚਲਤ ਫਿਰਕੂ ਬੇਵਸਾਹੀ ਨੂੰ ਸਮਝਣ ਦਾ ਇਛਾਵਾਨ ਹੈ ਉਕਤ ਤੱਥਾਂ ਨੂੰ ਅੱਖੋਂ ਉਹਲੇ ਨਹੀਂ ਕਰ ਸਕਦਾ ਤੇ ਨ ਮੈਂ ਕਰ ਸਕਦਾ ਸਾਂ ਕਿਉਂਕਿ ਮੈਂ ਇਕ ਅਜੇਹਾ ਪ੍ਰਬੰਧਕ ਸਾਂ ਜੇਹੜਾ ਭਾਰਤ ਸਰਕਾਰ ਅਤੇ ਇਸ ਦੇ ਆਗੂਆਂ ਦੇ ਲੋਕਰਾਜੀ, ਗ਼ੈਰ ਵਿਰਕੂ, ਘੋਸਤ ਤੇ ਕਥਿਤ ਉਦੇਸ਼ਾਂ ਪ੍ਰਤਿ ਸਿਦਕ ਦਿਲੀ ਨਾਲ ਵਫ਼ਾਦਾਰ ਸਾਂ । ਇਕ ਸਿਖ ਹੋਣ ਦੇ ਨਾਤੇ ਤੇ ਸਿਖ ਘਰਾਣੇ ਦਾ ਜੰਮਪਲ ਹੋਣ ਕਾਰਨ ਤੇ ਉਨ੍ਹਾਂ ਦੇ ਜੀਵਨ-ਢੰਗ ਵਿੱਚ ਭਾਵੁਕ ਵਿਸ਼ਵਾਸ ਰੱਖਣ ਕਰਕੇ ਮੈਂ ਅਪਣੇ ਇੰਦੀਏ ਉਤੇ ਦ੍ਰਿੜ੍ਹ ਰਹਿਆ । ਇਸ ਨਾਲ ਪੰਜਾਬ ਸਰਕਾਰ ਦੇ ਸ਼ਕਤਿਸ਼ਾਲੀ ਅਨਸਰ ਦਾ ਰੋਹ ਤੇ ਦੁਸ਼ਮਣੀ ਮੇਰੇ ਖਿਲਾਫ ਹੋਰ ਵਧ ਗਏ।

(5) ਮਾਨਯੋਗ ਕਪਤਾਨ ਰਣਜੀਤ ਸਿੰਘ ਪੰਜਾਬ ਸਰਕਾਰ ਦੇ ਇਕ ਮੰਤ੍ਰੀ ਸਨ । ਉਨ੍ਹਾਂ ਨੇ ਅਕਤੂਬਰ, 1947 ਵਿਚ ਧਰਮਸਾਲਾ ਦਾ ਸਰਕਾਰੀ ਦੌਰਾ ਕੀਤਾ । ਉਨ੍ਹਾਂ ਨੇ ਸਰਕਾਰੀ ਤੌਰ ਤੇ ਆਖਿਆ ਕਿ ਜ਼ਿਲ੍ਹਾ ਅਧਿਕਾਰੀ ਉਨ੍ਹਾਂ ਨੂੰ ਇਕ ਨਿਸ਼ਚਤ ਦਿਨ, ਨਿਸ਼ਚਤ ਥਾਂ ਪੁਰ, 10 ਵਜੇ ਸਿਵੇਰੇ ਮਲਣ । ਮੈਂ ਤੇ ਹੋਰ ਜ਼ਿਲ੍ਹਾ ਅਧਿਕਾਰੀ ਨਿਸ਼ਚਿਤ ਥਾਂ ਉੱਤੇ ਨਿਸ਼ਚਤ ਸਮੇਂ ਪੁਰ ਇਕੱਠੇ ਹੋਏ ਪਰੰਤੂ ਮਾਨਯੋਗ ਮੰਤ੍ਰੀ ਨੇ ਸਾਡੇ 'ਚੋਂ ਕਿਸੇ ਨੂੰ ਵੀ ਮਿਲਣ ਤੋਂ ਨਾਂਹ ਕਰ ਦਿੱਤੀ ਤੇ ਮੰਤ੍ਰੀ ਜੀ ਅੱਪਣੇ ਜ਼ਾਤੀ ਮਿਤ੍ਰਾਂ ਨੂੰ ਦੁਪਹਰ ਤੀਕ ਮਿਲਦੇ ਗਿਲਦੇ ਰਹੇ । ਫੇਰ ਉਨ੍ਹਾਂ ਨੇ ਸਾਨੂੰ ਬਾਹਰ ਸੁਨੇਹਾ ਘਲਿਆ ਕਿ ਉਹ ਸਾਡੇ 'ਵਿਚੋਂ ਕਿਸੇ ਨੂੰ ਵੀ ਨਹੀਂ ਮਿਲ ਸਕਦੇ । ਇਸ ਮੰਤ੍ਰੀ ਜੀ ਦਾ ਸਾਡੇ ਨਾਲ ਅਸਭਯ ਵਿਵਹਾਰ ਤਾਂ ਸੀ ਹੀ, ਇਸ ਤੋਂ ਖਿਨਾਂ ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਦੁਪਹਰ ਤੀਕ ਵਿਹਲੇ ਵੀ ਰਖਿਆ । ਜ਼ਿਲ੍ਹੇ ਦਾ ਮੁਖ ਅਧਿਕਾਰੀ ਹੋਣ ਦੇ ਨਾਤੇ ਮੇਰਾ ਇਹ ਨਾਖੁਸ਼ਗਵਾਰ ਫਰਜ਼ ਬਣਿਆਂ ਕਿ ਮੈਂ ਇਕ ਸਤਕਾਰ ਯੋਗ ਰੋਸ ਪੱਤਰ ਇਸ ਬਾਰੇ ਲਿਖਾਂ ।

ਏਸ, ਤੇ ਏਸ ਦੇ ਨਾਲ ਲਗਵੀਂ ਘਟਨਾ, ਨੇ ਮਾਨਯੋਗ ਮੰਤ੍ਰੀ ਜੀ ਨੂੰ ਮੇਰੇ ਵਿਰੁਧ ਇਸ

ਹੱਦ ਤੀਕ ਕੂੰ ਧਵਾਨ ਕਰ ਦਿੱਤਾ ਕਿ ਉਹ ਮੇਰੇ ਨਾਲ ਹੋਏ ਦੁਰ ਵਿਵਹਾਰ ਦੇ ਨਿਜੀ ਤੌਰ ਪੁਰ ਜ਼ਿੰਮੇਦਾਰ ਹਨ । ਇਹ ਦੋਸ਼ ਨੰਬਰ 6 ਦਾ ਵਿਸ਼ੇ-ਵਸਤੂ ਹੈ । ਇਸ ਕੇਸ ਵਿਚ ਇਸ ਮਾਨਯੋਗ ਮੰਤ੍ਰੀ ਦਾ ਮੇਰੀ ਕਾਰ ਵਾਪਸ ਲੈ ਲੈਣ ਦਾ (ਐਗਜ਼ਿਬਿਟ ਪੀ. ਡਬਲਯੂ. 2(6)15) ਹੁਕਮ ਹੈ । ਇਹ, ਹੁਕਮ ਰੇਕੁਈਜ਼ੀਸ਼ਨਿੰਗ ਆਫ ਮੂਵੇਬਲ ਪ੍ਰਾਪਰਟੀ ਐਕਟ ਦੀਆਂ ਧਾਰਾਵਾਂ ਦਾ ਸਿੱਧਾ ਖੰਡਨ ਕਰਦਾ ਹੈ । ਇਹ ਕਾਨੂੰਨ ਦੁਆਰਾ ਸਥਾਪਤ ਹੋਏ ਲੋਕ-ਹੱਕਾਂ ਦਾ ਵੀ ਨਿਰੋਧ ਹੈ । ਪਰੰਤੂ ਬਦਨੀਤੀ ਸੀ ਤੇ ਮੈਨੂੰ ਸਜ਼ਾ ਦੇਣੀ ਸੀ—ਸਜ਼ਾ ਜੋ ਸਰਕਾਰ ਕਾਨੂੰਨੀ ਤੌਰ ਤੇ ਮੈਨੂੰ ਨਹੀਂ ਦੇ ਸਕਦੀ ਸੀ, ਸਿਵਾਏ ਆਈ. ਸੀ. ਐਸ. ਸਜ਼ਾ ਤੇ ਅਪੀਲ ਨਿਯਮਾਂ ਅਧੀਨ, ਤੇ ਬਿਲਕੁਲ ਗ਼ਲਤ ਮਨ ਘੜ ਆਧਾਰ ਤੇ ਕਿ ਮੈਂ ਸਰਕਾਰੀ ਅਫਸਰਾਂ ਨੂੰ ਸ਼ਿਵਰਲੈਟ ਕਾਰਾਂ ਰੱਖਣ ਜਾਂ ਖਰੀਦਣ ਦੀ ਮਨਾਹੀ ਦੇ ਕਿਸੇ ਸਰਕਾਰੀ ਹੁਕਮ ਦੀ ਉਲੰਘਣਾ ਕੀਤੀ ਹੈ ਅਤੇ ਮੈਂ ਸ਼ਿਵਰਲਟ ਕਾਰ ਕੇਵਲ ਟ੍ਰਾਂਸਪੋਰਟ ਕੰਟਰੋਲਰ ਦੀ ਆਗਿਆ ਨਾਲ ਹੀ ਖਰੀਦ ਤੇ ਰਖ ਸਕਦਾ ਹਾਂ। ਪਰ ਅਜੇਹਾ ਕੋਈ ਲਿਖਤੀ ਹੁਕਮ ਕਿਧਰੇ ਨਹੀਂ ਮਿਲਦਾ ਸਿਵਾਏ ਸਰਕਾਰ ਦੀ ਆਪਣੀ ਕੁਚੇਸ਼ਟਾ ਪੂਰਤ ਮਨੋਕਲਪਨਾਂ ਵਿਚ। ਇਸ ਕੇਸ ਦੀ ਫਾਈਲ (ਐਗਜ਼ਿਬਿਟ ਪੀ. ਡਬਲਯੂ. 2(6)115) ਵਿਚ ਸਾਡੇ ਕੋਲ ਸਾਫ ਲਿਖਤੀ ਰੂਪ ਵਿਚ ਮੰਨੀ ਹੋਈ ਉਸ ਬੇਕਾਨੂੰਨੀ ਬਾਬਤ ਸ਼ਹਾਦਤ ਮੌਜੂਦ ਹੈ ਜਿਸ ਉਤੇ ਮੌਜੂਦਾ ਪੰਜਾਬ ਸਰਕਾਰ ਦਾ ਰਵੱਈਆ ਆਧਾਰਤ ਹੈ। ਇਹ ਲਿਪਤ ਤੇ ਇਸ ਦਾ ਵਸਤੂ ਕਈਆਂ ਹੱਥਾਂ ਵਿਚੋਂ ਦੀ ਲੰਘਿਆ ਹੋਇਆ ਹੈ ਜਿਵੇਂ ਕਿ ਗ੍ਰਹਿ ਸਕੱਤਰ ਭਿੰਡੇ, ਚੀਫ ਸਕੱਤਰ ਸਚਦੇਵ, ਮਾਨਯੋਗ ਮੰਤ੍ਰੀ ਕਪਤਾਨ ਰਣਜੀਤ ਸਿੰਘ, ਮੁਖ ਮੰਤ੍ਰੀ ਤੇ ਸ੍ਰੀ ਯੁਤ ਰਾਜਪਾਲ । ਹਰ ਪੱਖ ਤੋਂ ਇਨ੍ਹਾਂ ਨੇ ਇਸ ਘੋਰ ਬੇਕਾਨੂੰਨੀ ਉਤੇ ਆਪਣੀ ਸ੍ਵੀਕ੍ਰਿਤੀ ਦੀ ਪੂਰੀ ਤਰ੍ਹਾਂ ਸਹੀ ਪਾਈ। ਮੰਦੇ ਭਾਗਾਂ ਨੂੰ ਰਾਜਪਾਲ ਦਾ ਉਹ ਵਾਧੂ ਨੋਟ ਜਿਸ ਬਾਰੇ ਮੁੱਖ ਮੰਤ੍ਰੀ ਨੇ ਆਪਣੇ ਲਿਖਤੀ ਨੋਟ ਵਿਚ ਸੰਕੇਤ ਕੀਤਾ ਹੈ, ਕਿਧਰੇ ਲੱਥ ਕੇ ਡਿਗ ਪਇਆ ਜਾਪਦਾ ਹੈ। ਇਸ ਵਿਚ ਉਨ੍ਹਾਂ ਦਾ ਮੇਰੇ ਵਿਰੁੱਧ ਰੰਜ ਵੀ ਹੈ ਤੇ ਇਹ ਪ੍ਰਬਲਇੱਛਾ ਵੀ ਕਿ ਮੈਨੂੰ ਆਈ. ਸੀ. ਐਸ. ਪਦ ਤੋਂ ਇਕ ਦਮ ਲਾਹ ਕੇ ਪਾਸੇ ਕਰ ਦਿੱਤਾ ਜਾਵੇ । ਇਹ ਨੋਟ ਧੱਕਾ ਤੇ ਬੇਹਿਆਈ ਦੀ ਅਕਾਂਕਸ਼ਾ ਵਿਚ ਬਾਕੀ ਸਭ ਨੂੰ ਮਾਤ ਪਾ ਜਾਂਦਾ ਹੈ । ਏਥੇ ਸਪਸ਼ਟ ਸਿਧਾਂਤ ਤੋਂ ਕੰਮ ਲੈਂਦਿਆਂ ਆਖਿਆ ਗਇਆ ਹੈ ਕਿ ਕਾਰਜ ਨਿਵਾਹਕ ਸਰਕਾਰ ਕੋਲ ਇਕ ਸੱਤਾ ਇਹ ਵੀ ਹੈ ਜਿਸ ਦੁਆਰਾ ਇਹ ਆਪ ਹੁਦਰੇ ਹੁਕਮ ਜਾਰੀ ਕਰ ਸਕਦੀ ਹੈ, ਕਾਨੂੰਨ ਨੂੰ ਮੋੜ ਤੋੜ ਤੇ ਲਾਂਭੇ ਵੀ ਕਰ ਸਕਦੀ ਹੈ ਤੇ ਇਸ ਦੀ ਕਿਸੇ ਕਾਨੂੰਨੀ ਕਚਹਰੀ ਵਿਚ ਕੋਈ ਸੁਣਵਾਈ ਨਹੀਂ ਹੋ ਸਕਦੀ । ਫੇਰ, ਕਾਰਜ ਨਿਵਾਹਕ ਸਰਕਾਰ ਵਿਚ ਸੰਚਿਤ ਸਮੁੱਚੀ ਨਿਯਮਿਤ ਸੱਤਾ ਲੋਕ ਮੰਤਵ ਜਾਂ ਲੋਕ-ਹਿਤਾਂ ਲਈ ਨਹੀਂ ਵਰਤੀ ਜਾਂਦੀ, ਹਾਲਾਂਕਿ ਇਸ ਨੂੰ ਪਹਿਲਾਂ ਵਿਧਾਨ ਮੰਡਲ ਨੇ ਇਸ ਉਦੇਸ਼ ਲਈ ਉਤਪੰਨ ਕੀਤਾ ਸੀ, ਸਗੋਂ ਇਸ ਦੀ ਵਰਤੋਂ ਜ਼ਾਤੀ ਰੰਜ ਜਾਂ ਵੈਰ ਭਾਵ ਦੇ ਉਦੇਸ਼ ਨਾਲ ਕੀਤੀ ਜਾਂਦੀ ਹੈ । ਇਹ ਵਰਤੋਂ ਉਹ ਲੋਕੀ ਕਰਦੇ ਹਨ ਜੋ ਕਾਰਜ ਨਿਵਾਹਕ ਸਰਕਾਰ ਦੀ ਮਸ਼ੀਨਰੀ ਨੂੰ ਕਾਬੂ ਕੀਤੀ ਰਖਦੇ ਹਨ । ਅਜੇਹਾ ਉਹ ਕਿਸੇ ਪ੍ਰਤੱਖ ਲੋਕ-ਹਿਤ ਲਈ ਨਹੀਂ ਸਗੋਂ ਅਸਲ ਵਿਚ ਨਿਜੀ ਦ੍ਵੈਸ਼ ਦੇ ਆਧਾਰ ਤੇ ਕਰਦੇ ਹਨ । ਇਹ ਕਰਨ ਲਈ ਉਹ ਕਿਸੇ ਸਰਕਾਰੀ ਦਸਤਾਵੇਜ਼ ਪੁਰ ਲਿਖਤੀ ਘੋਸ਼ਣਾ ਕਰਨੋਂ ਵੀ ਨਹੀਂ ਸੰਗਦੇ। ਤੀਜਾ, ਕਾਰਜ ਨਿਵਾਹਕ ਸਰਕਾਰ ਲੁਕਵੀਂ ਤਿਆਰੀ ਵੀ ਕਰ ਸਕਦੀ ਹੈ ਤਾਂ ਜੁ ਇਹ ਕਿਸੇ ਨਾਗਰਿਕ ਦੀ ਹਰ ਤਰ੍ਹਾਂ ਦੀ ਅਸਥਿਰ ਚੁੱਕ ਯਾ ਅਚੱਕ ਜਾਇਦਾਦ ਸੰਪਤੀ ਉਤੇ ਝਪਟ ਸਕੇ। ਸਭਯ ਦੇਸ਼ਾਂ ਵਿਚ ਪਹਲੇ ਢੰਗ ਨੂੰ ਫਾਸਿਜ਼ਮ. ਦੂਜੇ ਨੂੰ ਸੱਤਾ ਦਾ ਨਿਪਟ ਦੁਰਉਪਯੋਗ ਤੇ ਤੀਜੇ ਨੂੰ ਨਾਜ਼ੀ ਦਹਲ ਆਖਦੇ ਹਨ । ਇਸ

ਨੋਟ ਵਿਚੋਂ ਹੋਰ ਪਤਾ ਲਗੇਗਾ ਕਿ ਹੇਠਲੇ ਪੁਲਸ ਅਫਸਰ ਤੋਂ ਲੈ ਕੇ, ਜੋ ਕਿ ਡਿਪਟੀ ਟ੍ਰਾਂਸਪੋਰਟ ਕੰਟਰੋਲਰ (ਭਗਵਾਨ ਸਿੰਘ) ਦੇ ਪਦ ਪੁਰ ਲੱਗਾ ਹੁੰਦਾ ਹੈ—ਧੁਰ ਰਾਜਪਾਲ ਤੀਕ–ਜਦੋਂ ਕੇਸ ਗ੍ਰਹਿ ਸਕੱਤਰ, ਮੁੱਖ ਸਕੱਤਰ, ਇੰਚਾਰਜ ਮੰਤ੍ਰੀ, ਮੁੱਖ ਮੰਤ੍ਰੀ ਆਦਿ ਦੇ ਸੂਖਮ ਨਿਰੂਪਣ ਵਿਚੋਂ ਦੀ ਲੰਘਦਾ ਹੈ ਕੋਈ ਵੀ ਕਦੇ ਯੋਗ, ਸੰਬੰਧਤ ਕਾਨੂੰਨਾਂ ਜਾਂ ਆਧਾਰੀ ਦਸਤਾਵੇਜ਼ਾਂ ਬਾਬਤ ਨਹੀਂ ਪੁਛਦਾ, ਤੇ ਨ ਉਨ੍ਹਾਂ ਦੇ ਅਧਿਐਨ ਦੀ ਪ੍ਰਵਾਹ ਕਰਦਾ ਹੈ । ਮਿਸਾਲ ਦੇ ਤੌਰ ਤੇ, ਰਿਕੁਇਜ਼ੀਸ਼ਨਿੰਗ ਆਫ ਮੂਵੇਬਲ ਪਰਾਪਪਰਟੀ ਐਕਟ ਅਤੇ ਸਰਕਾਰੀ ਹੁਕਮ ਜਿਨ੍ਹਾਂ ਦੀ ਮਨੋਕਲਪਤ ਉਲੰਘਣਾ ਦਾ ਗੰਭੀਰ ਦੋਸ਼ ਮੇਰੇ ਵਿਰੁੱਧ ਲਾਇਆਂ ਗਿਆ ਅਤੇ ਜਿਸ ਦਾ ਆਸਰਾ ਲੈਕੇ ਮੇਰੇ ਵਿਰੁਧ ਬੜੇ ਗੰਭੀਰ ਤੇ ਸਥਾਈ ਤਰ੍ਹਾਂ ਦੇ ਹੁਕਮ ਸੁਝਾਏ ਜਾਂਦੇ ਰਹੇ, ਦਿੱਤੇ ਜਾਂਦੇ ਰਹੇ ਤੇ ਉਨ੍ਹਾਂ ਦੀ ਪੁਸ਼ਟੀ ਹੁੰਦੀ ਰਹੀ ਹੈ । ਅਜੇਹਾ ਉਹ ਲੋਕ ਕਰਦੇ ਹਨ ਜੋ ਸਰਕਾਰੀ ਸੱਤਾ ਦੇ ਵਡੇ ਜ਼ਿੰਮੇਵਾਰ ਅਧਿਕਾਰੀ ਹਨ ।

6. ਇਸ ਮਾਨਯੋਗ ਮੰਤ੍ਰੀ (ਕਪਤਾਨ ਰਣਜੀਤ ਸਿੰਘ) ਦਾ ਇਕ ਨੇੜੇ ਦਾ ਰਿਸ਼ਤੇ-ਦਾਰ, ਜੋ ਕਿ ਇਕ ਗੈਜ਼ਿਟਿਡ ਪੁਲਸ ਅਫਸਰ ਹੈ, 1947 ਵਿਚ ਹੁਸ਼ਿਆਰਪੁਰ ਲਾ ਦਿੱਤਾ ਗਇਆ । ਸਰਕਾਰ ਦੀ 10 ਅਕਤੂਬਰ, 1947 ਦੀ ਕੁਟਲ, ਬੇਕਾਨੂਨੀ ਨੀਤੀ ਦੇ ਲਾਗੂ ਹੋਣ ਤੋਂ ਝੱਟ ਪੱਟ ਮਗਰੋਂ ਉਹ ਹੁਸਿਆਰਪੁਰ ਦੇ ਇਕ ਸਿਖਾਂ ਦੇ ਛੋਟੇ ਜੇਹੇ ਪਿੰਡ ਵਿਚ ਕਿਸੇ ਕੇਸ ਦੀ ਤਫਤੀਸ਼ ਕਰ ਰਹਿਆ ਸੀ । ਜਿਵੇਂ ਕਿ ਅਜੇਹੇ ਮੌਕਿਆ ਤੇ ਆਮ ਹੁੰਦਾ ਹੈ ਉਹ ਇਕ ਮੰਜੀ ਪੁਰ, ਲਗ ਪਗ ਦੋ ਦਰਜਨ ਸਤਕਾਰ ਯੋਗ ਸਿਖਾਂ ਦੇ ਵਿਚਕਾਰ ਬੈਠਾ ਸੀ । ਉਸ ਦੀ ਨਿਗਾਹ ਇਕ ਅਜੇਹੇ ਸਿਖ ਪੁਰ ਅਚਾਨਕ ਜਾ ਟਿਕੀ ਜਿਸ ਦਾ ਲੰਮਾ ਦਰਸ਼ਣੀ ਦਾੜ੍ਹਾ ਸੀ। ਮਗਰੋਂ ਕੀਤੀ ਮੇਰੀ ਪੜਤਾਲ ਤੋਂ ਪਤਾ ਲੱਗਿਆ ਕਿ, ਬਿਨਾਂ ਕਿਸੇ ਕਾਰਣ ਹੀ ਇਹ ਪੁਲਸ ਅਫਸਰ ਮੰਜੀ ਉਤੋਂ ਭੁੜਕਿਆ, ਬਿਨਾ ਕੁਝ ਆਖਿਆਂ ਉਸ ਸਿਖ ਤੇ ਹੱਲਾ ਬੋਲ ਦਿੱਤਾ, ਠੋਡੀ ਤੋਂ ਉਸ ਦੀ ਸੰਘਣੀ ਦਾੜ੍ਹੀ ਪੁਟ ਘਤੀ ਅਤੇ ਬੜੇ ਕ੍ਰੋਧ ਵਿਚ ਆ ਕੇ ਪੁਟੇ ਹੋਏ ਦਾੜ੍ਹੀ ਦੇ ਵਾਲਾਂ ਨੂੰ ਆਪਣੇ ਪੈਰਾਂ ਥੱਲੇ ਰੋਲ ਕੇ ਆਪਣੀ ਜੇਬ ਵਿਚੋਂ ਇਕ ਦੀਆ ਸਲਾਈ ਦੀ ਡੱਬੀ ਕੱਢੀ ਤੇ ਪੁੱਟੇ ਹੋਏ, ਮਿੱਧੇ ਹੋਏ ਕੇਸਾਂ ਨੂੰ ਅੱਗ ਲਾ ਦਿੱਤੀ । ਇਸ ਪਾਗਲਾਂ ਵਾਲੀ ਹੈਂਕੜ ਤੇ ਹਰਕਤ ਨੇ ਉਸ ਹਿੰਦੂ ਪੁਲਸ ਅਫਸਰ ਨੂੰ ਪ੍ਰਤੱਖ ਤੌਰ ਤੇ ਤਕੜੀ ਤੇ ਯਕੀਨੀ ਤਸੱਲੀ ਦਿਤੀ ਤੇ ਉਸ ਨੇ ਉਥੇ ਕੱਠੇ ਹੋਏ ਸਿਖਾਂ ਨੂੰ ਸੰਬੋਧਨ ਕਰਕੇ ਆਖਿਆ : "ਤੁਸੀਂ ਸਾਰੇ ਖਬਰਦਾਰ ਹੋ ਜਾਉ । ਤੁਸਾਂ ਸਿਖਾਂ ਨੇ ਇਹ ਸਮਝ ਰਖਿਆ ਹੈ ਕਿ ਪੰਜਾਬ ਵਿਚ ਤੁਸੀਂ ਹੀ ਨਾਢੂ ਖਾਨ ਹੋ । ਤੁਸੀਂ ਮਹਾਰਾਜਾ ਪਟਿਆਲਾ ਨੂੰ ਆਪਣਾ ਆਗੂ ਚੁਣ ਰਹੇ ਹੋ । ਏਸ ਲਈ ਅਸੀਂ ਹਿੰਦੂ, ਤੁਹਾਡੀਆਂ ਦਾਹੜੀਆਂ ਤੇ ਲੰਮੇ ਕੇਸਾਂ ਨੂੰ ਪੈਰਾਂ ਥੱਲੇ ਏਸੇ ਤਰ੍ਹਾਂ ਰੋਲਦੇ ਰਹਾਂਗੇ ।"*

---

*ਸੰਨ ੧੯੪੭, ਮਹੀਨਾ ਅਗਸਤ ਦੇ ਆਰੰਭ ਵਿਚ, ਪਾਕਸਤਾਨ ਦਾ ਨਿਰਮਾਤਾ, ਮਿ: ਜਿਨਾਹ, ਦਿੱਲੀ ਵਿਚ ਅਪਣੇ ਇਹ ਸਿੱਖ ਮਿਤ੍ਰ ਸਰਦਾਰ ਬਹਾਦੁਰ ਸਰ ਸੋਭਾ ਸਿੰਘ ਨੂੰ ਮਿਲਣ ਗਿਆ ਤੇ ਆਖਿਆ, "ਸਿਖਾਂ ਨੇ ਅਪਣਾ ਰਾਜ ਭਾਗ ਨ ਲੈ ਕੇ ਬੜੀ ਭਾਰੀ ਭੁਲ ਕੀਤੀ ਹੈ ।" ਸਰ ਸੋਭਾ ਸਿੰਘ ਦਾ ਉੱਤਰ ਸੀ, "ਅਸੀਂ ਹਿੰਦੂਆਂ ਉਤੇ ਪੂਰਾ ਭਰੋਸਾ ਕਰਕੇ ਤੇ ਉਨ੍ਹਾਂ ਨਾਲ ਅਪਣੀ ਕਿਸਮਤ ਜੋੜ ਕੇ ਚੰਗਾ ਹੀ ਕੀਤਾ ਹੈ । ਹਿੰਦੂ ਅਸਾਡੇ ਨਾਲ ਕਦੇ ਦੁਰ-ਵਿਵਹਾਰ ਯਾ ਵਿਸ਼੍ਵਾਸਘਾਤ ਨਹੀਂ ਕਰਨਗੇ ।" ਮਿਸਟ੍ਰ ਜਿਨਾਹ ਦਾ ਉੱਤਰ ਸੀ, "Sardar Bahadur, you know the Hindu only as your co-slave; now, you will know the real Hindu when he becomes your master and you become his slave." ਇਹ ਗੱਲ ਮੈਨੂੰ ਮਿ: ਜਿਨਾਹ ਦੇ ਨਿਜੀ ਸਕੱਤ੍ਰ, ਮਿ: ਅਬਦੁਲ ਹਮੀਦ, ਆਈ. ਸੀ. ਐਸ, ਨੇ ਸੰਨ ੧੯੬੪ ਵਿਚ, ਲਾਹੌਰ ਦੱਸੀ । ਕ. ਸ.

ਅਠ੍ਹਾਰਵੀਂ ਸਦੀ ਦੇ ਅੱਧ ਤੋਂ ਉਪ੍ਰੰਤ, ਹੁਣ ਤੀਕ ਕਦੇ ਕਿਸੇ ਨੇ ਸਿੱਖ ਕੌਮ ਨੂੰ ਇਸ ਢੰਗ ਨਾਲ ਬੇ ਇਜ਼ਤ ਤੇ ਸੰਬੋਧਨ ਨਹੀਂ ਸੀ ਕੀਤਾ। ਲਗ ਪਗ ਏਸੇ ਤਰ੍ਹਾਂ ਦੇ ਸੰਬੋਧਨ ਤੇ ਦੁਖਦਾਈ ਚੁਭਵੇਂ ਵਾਕ ਅਠਾਰਵੀਂ ਸਦੀ ਦੇ ਪਹਿਲੇ ਅੱਧ ਦੇ ਸਾਮਿਅਕ ਤੁਰਕ ਹੁਕਮਰਾਨ ਵਰਤਦੇ ਹੁੰਦੇ ਸਨ ਜਿਨ੍ਹਾਂ ਨੇ ਇਨ੍ਹਾਂ ਅਮਨ ਪਸੰਦ ਕਿਰਸਾਣਾਂ ਨੂੰ ਇਕ ਵਿਦ੍ਰੋਹੀ ਕੌਮ ਬਣਾ ਦਿੱਤਾ ਸੀ। ਲੋਕਾਂ ਵਲੋਂ ਇਸ ਘਟਨਾ ਦੀ ਬੜੀ ਵਿਰੋਧਤਾ ਕੀਤੀ ਗਈ ਪਰ ਸਰਕਾਰ ਨੇ ਇਸ ਪੁਲਸ ਅਫਸਰ ਵਿਰੁੱਧ ਕਾਰਵਾਈ ਕਰਨ ਦੀ ਆਗਿਆ ਹੀ ਨਾ ਦਿੱਤੀ ਤੇ ਇਸ ਹਿੰਦੂ ਹੰਕਾਰੀ ਦੇ ਅਪਰ ਨੂੰ ਬਖਸ਼ ਦਿੱਤਾ ਗਇਆ। ਜਦੋਂ ਕਿਸੇ ਹੋਰ ਮੁਆਮਲੇ ਵਿਚ, ਜਿਸਦਾ ਕਿ ਇੱਕ ਮਗਰੋਂ ਹੋਈ ਘਟਨਾ ਨਾਲ ਸੰਬੰਧ ਹੈ, ਮੈਂ ਇਸ ਘਟਨਾ ਵੱਲ ਸੰਕੇਤ ਕੀਤਾ ਤੇ ਸਰਕਾਰ ਦੀ ਇਸ ਅਤਿ ਭੜਕਾਊ ਨੀਤੀ ਦਾ ਵਿਰੋਧ ਕੀਤਾ ਤਾਂ ਮਾਨਯੋਗ ਕਪਤਾਨ ਰਣਜੀਤ ਸਿੰਘ ਹੋਰਾਂ ਮੇਰੇ ਖਿਲਾਫ ਇਹ ਹੁਕਮ ਤੇ ਇਹ ਸਿਫਾਰਿਸ਼ ਕੀਤੀ, ਜੋ ਬਿਨਾ ਵਿਲੰਬ ਰਾਜਪਾਲ ਤੇ ਮੁਖ ਮੰਤ੍ਰੀ ਨੇ ਖੁਸ਼ੀ ਖੁਸ਼ੀ ਪਰਵਾਨ ਕਰ ਲਈ, ਕਿ ਮੈਨੂੰ ਨੌਕਰੀ ਤੋਂ ਇਕ ਦਮ ਮੁਅੱਤਲ ਕਰਕੇ ਆਈ. ਸੀ. ਐਸ. ਦੇ ਪਦ ਤੋਂ ਬਰਤਰਫ ਕਰ ਦਿਤਾ ਜਾਵੇ। ਭਾਵੇਂ ਮੈਨੂੰ ਮੁਅੱਤਲ ਤੇ ਬਰਤਰਫ ਕਰਨ ਦੇ ਅਧਿਕਕਾਰ ਪੰਜਾਬ ਸਰਕਾਰ ਨੂੰ ਉਕਾ ਨਹੀ ਸਨ।

7. ਉਕਤ ਸੰਕੇਤ ਅਨੁਸਾਰ ਸਰਕਾਰ ਪ੍ਰਤਿ, ਮੇਰਾ ਵਿਰੋਧ ਹੇਠ ਲਿਖੇ ਹਾਲਾਤ ਅਨੁਸਾਰ ਹੋਇਆ :

ਅਕਤੂਬਰ, 1948 ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਛੋਟੇ ਜੇਹੇ ਕਸਬੇ, ਮੁਕੇਰੀਆਂ ਵਿਖੇ, ਹਿੰਦੂ ਜਨਤਾ ਵਲੋਂ ਦੁਸਹਰਾ ਮਨਾਇਆ ਗਇਆ। ਇਹ ਸੁਤੰਤਰ ਭਾਰਤ ਦਾ ਪ੍ਰਥਮ ਦੁਸਹਰਾ ਉਤਸਵ ਸੀ। ਇਸ ਹਿੰਦੂ ਉਤਸਵ ਦੀ ਇਕ ਝਾਕੀ ਵਿਚ ਇਕ ਹਿੰਦੂ ਸਜਨ ਨੇ ਆਪਣੇ ਪਿੰਡੇ ਪੁਰ ਗੰਦਗੀ ਮਲੀ ਹੋਈ ਸੀ ਤੇ ਓਸ ਨੇ ਅਪਣੇ ਆਪ ਨੂੰ ਸਿੱਖ ਦਾ ਰੂਪ ਬਣਾਇਆ ਹੋਇਆ ਸੀ ਤੇ ਅਪਣੀ ਸੂਰਤ ਬੜੀ ਕੋਝੀ ਅਤੇ ਹਸਾਉਣ ਵਾਲੀ ਬਣਾਈ ਹੋਈ ਸੀ। ਇਸ ਝਾਕੀ ਨੂੰ ਕਸਬੇ ਦੇ ਗਲੀਆਂ ਬਾਜ਼ਾਰਾਂ ਵਿਚੋਂ ਦੀ ਫੇਰਿਆ ਗਇਆ। ਪਿਛੇ ਪਿਛੇ ਹਿੰਦੂ ਨਰਨਾਰੀ ਜਾ ਰਹੇ ਸੀ। ਇਸ ਹਿੰਦੂ ਨੇ, ਜਿਸ ਨੇ ਇਕ ਸਿਖ ਦਾ ਭੇਸ ਧਾਰਿਆ ਹੋਇਆ ਸੀ ਆਪਣੇ ਖੱਬੇ ਹੱਥ ਵਿਚ ਇਸ ਗੰਦੀ ਥਾਲੀ ਫੜੀ ਹੋਈ ਸੀ। ਥਾਲੀ ਵਿਚ ਗੋਹਾ ਪਾਇਆ ਹੋਇਆ ਸੀ। ਰਸਤੇ ਵਿਚ, ਜਦੋਂ ਉਹ ਕਿਸੇ ਸਿਖ ਨੂੰ ਨੇੜੇ ਵੇਖਦਾ ਤਾਂ ਉਹ ਘਿਰਣਾ ਉਪਜਾਊ ਸ਼ਰਧਾ ਪ੍ਰਗਟ ਕਰਦਿਆਂ ਆਖਦਾ, 'ਭਰਾਵੋ, ਮੈਂ ਗੁਰੂ ਦੀ ਕ੍ਰਿਪਾ ਦੁਆਰਾ ਨਵਾਂ ਨਵਾਂ ਸਜਿਆ ਸਿਖ ਹਾਂ ਤੇ ਇਹ ਮੇਰੇ ਖੱਬੇ ਹੱਥ ਵਿਚ ਜੋ ਤੁਸੀਂ ਪਵਿਤ੍ਰ ਪ੍ਰਸਾਦ ਵੇਖਦੇ ਹੋ, ਮੈਂ ਸ੍ਰੀ ਅੰਮ੍ਰਿਤਸਰੋਂ, ਦਰਬਾਰ ਸਾਹਿਬ ਤੋਂ ਲਿਆਇਆ ਹਾਂ'। ਇਕ ਸਿਖ ਸਰਕਾਰੀ ਅਫਸਰ ਤੇ ਕੁਝ ਹੋਰ ਸਿੱਖਾਂ ਨੇ ਇਸ ਦਾ ਵਿਰੋਧ ਕੀਤਾ ਤੇ ਆਖਿਆ ਕਿ ਇਹ ਸਿਖ ਧਰਮ ਦੀ ਅਯੋਗ ਬੇਪਤੀ ਤੇ ਤੌਹੀਨ ਹੈ। ਇਨ੍ਹਾਂ ਸਿੱਖਾਂ ਨੂੰ ਇਕ ਹਿੰਦੂ ਥਾਨੇਦਾਰ ਨੇ ਫੜ ਕੇ ਜੇਲ੍ਹ ਵਿਚ ਸੁੱਟ ਦਿਤਾ। ਥਾਨੇਦਾਰ ਦਲੀਲ ਦਿੰਦਾ ਸੀ ਕਿ ਇਨ੍ਹਾਂ ਸਿਖਾਂ ਦੁਆਰਾ ਅਮਨ ਭੰਗ ਹੋਣ ਦਾ ਸੰਦੇਹ ਹੈ। ਮੈਂ ਡਿਸਟ੍ਰਿਕਟ ਮੈਜਿਸਟ੍ਰੇਟ ਹੋਣ ਦੇ ਨਾਤੇ ਇਸ ਘਟਨਾ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਆਗਿਆ ਦੇ ਦਿੱਤੀ। ਭਾਵੇਂ ਦੋਸ਼ੀਆਂ ਪੁਰ ਪੰਜਾਬ ਪਬਲਿਕ ਸੇਫਟੀ ਐਕਟ ਅਧੀਨ ਹੀ ਮੁਕਦਮਾ ਚਲਾਇਆ ਜਾਣਾ ਸੀ, ਜਿਸ ਅਨੁਸਾਰ ਕੋਈ ਅਦਾਲਤ ਉਨ੍ਹਾਂ ਨੂੰ ਓਦੋਂ ਤੱਕ ਜ਼ਮਾਨਤ ਉਤੇ ਰਿਹਾ ਨਹੀ ਕਰ ਸਕਦੀ ਸੀ ਜਿੰਨਾ ਚਿਰ ਤੀਕ ਇਹ ਨਿਸ਼ਚਾ ਨਾ ਕਰ ਲਿਆ ਜਾਏ ਕਿ ਇਸ ਮੁੱਕਦਮੇ ਵਿਚ ਕੋਈ ਜਾਨ ਨਹੀਂ। ਪੀ. ਡਬਲਯੂ. ਸੰਸਾਰ ਚੰਦ ਭੰਡਾਰੀ, ਜੋ

ਕਿ ਸੈਸ਼ਨ ਜੱਜ ਸਨ, ਨੇ ਬਿਨਾਂ ਪੜਤਾਲ ਕੀਤਿਆਂ ਕਿ ਕੇਸ ਪ੍ਰਾਈਮਾ ਫੇਸ਼ੀ ਕਿ ਨਹੀਂ, ਗੈਰ ਕਾਨੂੰਨੀ ਤੌਰ ਤੇ ਦੋਸ਼ੀਆਂ ਦੀ ਜ਼ਮਾਨਤ ਸ੍ਵੀਕਾਰ ਕਰ ਲਈ। ਇਸ ਗ਼ੈਰ ਕਾਨੂੰਨੀ ਹੁਕਮ ਦੇ ਵਿਰੁਧ ਅਪੀਲ ਕੀਤੀ ਗਈ ਜੋ ਇਕ ਸਾਲ ਤੀਕ ਹਾਈ ਕੋਰਟ ਵਿਚ ਪਈ ਰਹੀ ਤੇ ਉਤਨਾਂ ਚਿਰ ਇਸ ਪਰ ਕੋਈ ਕਾਰਰਵਾਈ ਨਾ ਹੋਈ ਜਿਨਾਂ ਚਿਰ ਤੀਕ ਕਿ ਅਕਤੂਬਰ, 1949 ਵਿਚ ਸਰਕਾਰ ਨੇ ਕੇਸ ਵਾਪਸ ਨ ਲੈ ਲਿਆ ਤੇ ਦੋਸ਼ੀਆਂ ਨੂੰ ਛੱਡ ਨ ਦਿੱਤਾ ਗਿਆ ।

ਮੁਖ ਮੰਤ੍ਰੀ ਨੇ ਮੈਨੂੰ ਇਕ ਚਿਠੀ ਨੰ: 2779/ਪੀ.ਏ.ਪੀ., ਮਿਤੀ 15 ਦਸੰਬਰ, 1948 ਲਿਖੀ, ਜਿਸ ਵਿਚ ਮੈਨੂੰ ਆਖਿਆ ਕਿ ਮੈਂ ਅਦਾਲਤ 'ਚੋਂ ਇਹ ਕੇਸ ਵਾਪਸ ਲੈ ਲਵਾਂ । ਮੈਂ ਆਪਣੀ ਗੁਪਤ ਡੀ. ਓ. ਚਿਠੀ ਨੰ: 2271/ਐਸ. ਐਚ. ਡਬਲਯੂ. ਮਿਤੀ 16 ਦਸੰਬਰ, 1948 ਰਾਹੀਂ ਹੁਸ਼ਿਆਰ ਪੁਰ ਜ਼ਿਲ੍ਹੇ ਵਿਚ ਸਿਖਾਂ ਵਿਰੁਧ ਹਿੰਦੂਆਂ ਦੇ ਲਗਾਤਾਰ ਸਾਜ਼ਸ਼ੀ ਤੇ ਜਜ਼ਬਾਤ ਭੜਕਾਊ ਵਿਵਹਾਰ ਦੀਆਂ ਘਟਨਾਵਾਂ ਦਾ ਇਕ ਸਾਰ ਰੂਪ ਵਿਵਰਣ ਭੇਜਿਆ , ਜਿਸ ਵਿਚ ਹਿੰਦੂ ਸਰਕਾਰੀ ਅਫਸਰਾਂ ਨੇ ਡਟ ਕੇ ਤੇ ਖੁਲ੍ਹਮ ਖੁਲਾ ਤੇ ਗ਼ੈਰ ਕਾਨੂੰਨੀ ਭਾਗ ਲਇਆ ਸੀ । ਮੈਂ ਇਹ ਸਪਸ਼ਟ ਕੀਤਾ ਕਿ ਇਸ ਤਰ੍ਹਾਂ ਸਰਕਾਰ ਦਾ ਕੂੜੀ ਹੋਈ ਹਿੰਦੂ ਫਿਰਕਾ ਪ੍ਰਸਤੀ ਨਾਲ ਸਿੱਧਾ ਇਤਿਹਾਦ ਦੇਸ਼ ਦੇ ਹਿਤਾਂ ਦੇ ਅਨੁਕੂਲ ਨਹੀਂ ਹੈ । ਇਕ ਈਮਾਨਦਾਰ ਤੇ ਆਤਮ-ਅਭਿਮਾਨੀ ਅਫਸਰ ਦੇ ਤੌਰ ਤੇ ਮੈਂ ਇਸ ਕੇਸ ਨੂੰ ਵਾਪਿਸ ਲੈਣ ਦੀ ਜ਼ਿੰਮੇਵਾਰੀ ਲਣੋਂ ਨਾਂਹ ਕਰ ਦਿਤੀ ਜਦ ਤਕ ਕਿ ਸਰਕਾਰ ਆਪੂੰ ਇਹ ਜ਼ਿੰਮੇਦਾਰੀ ਨ ਲਵੇ । ਇਸ ਚਿੱਠੀ ਦਾ ਕੋਈ ਉਤਰ ਨਾ ਆਇਆ । ਇਹ ਚਿਠੀ ਵੀ ਫਾਈਲ ਵਿਚ ਲੱਗੀ ਹੋਈ ਹੈ ਤੇ ਧਿਆਨ ਨਾਲ ਵੇਖਣ ਯੋਗ ਹੈ । ਮੈਨੂੰ, ਇਸ ਦੇ ਬਾਵਜੂਦ ਮੁਅੱਤਲ ਕਰ ਦਿੱਤਾ ਗਇਆ । ਕੇਸ ਨੂੰ ਜ਼ਿਲ੍ਹਾ ਕਚਹਰੀ ਵਿਚ ਉਤਨਾ ਵਿਚ ਮੁਕੰਮਲ ਨ ਕੀਤਾ ਗਇਆ ਜਦ ਤੀਕ ਕਿ ਅਕਤੂਬਰ, 1949 ਵਿਚ ਸ੍ਰੀ ਯੁਤ ਡਾ. ਗੋਪੀ ਚੰਦ ਭਾਰਗੋ ਫੇਰ ਮੁਖ ਮੰਤ੍ਰੀ ਨਹੀਂ ਬਣ ਗਏ । ਉਨ੍ਹਾਂ ਨੇ ਜ਼ਬਾਨੀ ਹੁਸ਼ਆਰ ਪੁਰ ਦੇ ਜ਼ਿਲ੍ਹਾ ਮੈਜਿਸਟ੍ਰੇਟਆ ਨੂੰ ਆਖਿਆ ਕਿ ਕੇਸ ਵਾਪਸ ਲੈ ਲਓ । ਕੇਸ ਵਾਪਸ ਲੈ ਲਿਆ ਗਿਆ ।

8. ਲਾਲਾ ਜਗਤ ਨਾਰਾਇਣ ਇਕ ਦੈਨਕ ਅਖਬਾਰ ਦੇ ਸੰਪਾਦਕ ਸਨ। ਇਹ ਅਖਬਾਰ ਜਲੰਧਰ ਤੋਂ ਨਿਕਲਦਾ ਹੈ । ਉਸ ਨੇ ਮਰ ਅਤੇ ਜ਼ਿਲ੍ਹ ਦੇ ਹਰ ਸਿਖ ਅਫਸਰਾ ਵਿਰੁੱਧ, ਆਪਣੇ ਅਖਬਾਰ ਵਿਚ ਦਾਬਾ-ਪਾਊ ਲੇਖ ਛਾਪਣੇ ਸ਼ੁਰੂ ਕਰ ਦਿਤੇ। ਉਹ ਚਾਹੁੰਦਾ ਸੀ ਕਿ ਉਸ ਦੇ ਕੁਝ ਖਾਸ ਮਿੱਤਰਾਂ ਨੂੰ ਕੈਦ ਵਿਚੋਂ ਛੱਡ ਦਿਤਾ ਜਾਵੇ। ਪਜਾਬ ਲੋਕ ਸੁਰਖਿਆ ਕਾਨੂੰਨ ਦੀ ਧਾਰਾ 21 ਅਧੀਨ ਇਹ ਕਿਸੇ ਸਰਕਾਰੀ ਨੌਕਰ ਦੀ ਭੰਡੀ ਕਰਨ ਦਾ ਭਗੰਭੀਰ ਦੋਸ਼ ਬਣਦਾ ਸੀ । ਇਸ ਸੰਬੰਧੀ ਸਰਕਾਰ ਨੂੰ ਸੰਕੇਤ ਕੀਤਾ ਗਇਆ ਕਿਉਂਕਿ ਉਹ ਇਕ ਰਸੂਖ ਵਾਲਾ ਕਾਂਗ੍ਰਸੀ ਸੀ, ਪਰ ਸਰਕਾਰ ਨੇ ਕੋਈ ਉੱਤ੍ਰ ਨ ਭੇਜਿਆ ਤੇ ਉਹ ਹੋਰ ਸਿਖ ਅਫਸਰਾਂ ਵਿਰੁੱਧ ਬਦਨਾਮ ਕਰਨ ਵਾਲੇ ਤੇ ਝੂਠੀਆਂ ਊਜਾਂ ਵਾਲੇ ਲੇਖ ਲਿਖਦਾ ਰਹਿਆ । ਉਸ ਨੂੰ ਗ੍ਰਿਫਤਾਰ ਕੀਤਾ ਗਇਆ ਤੇ ਮੁਕੱਦਮਾ ਚਲਾਇਆ ਗਇਆ । ਸਰਕਾਰ ਦੀਆਂ ਜੜ੍ਹਾਂ ਹਿਲ ਗਈਆਂ । ਹਰ ਤਰ੍ਹਾਂ ਦੇ ਗ਼ੈਰ ਕਾਨੂੰਨੀ ਤੇ ਸਵੈ-ਵਿਰੋਧੀ ਹੁਕਮ, ਕਿ ਅਜੇਹੇ ਸਬ-ਜਿਊਡਸ ਕੇਸਾਂ ਪੁਰ ਕੇਹੋ ਜੇਹਾ ਅਮਲ ਕੀਤਾ ਜਾਵੇ, ਮੈਨੂੰ ਸਰਕਾਰ ਵਲੋਂ ਪਹੁੰਚੇ। ਮੈਂ ਸਰਕਾਰ ਨੂੰ ਦਸਿਆ ਕਿ ਸਰਕਾਰੀ ਹਦਾਇਤਾਂ ਕਾਨੂੰਨ ਦੇ ਖਿਲਾਫ ਹਨ। ਮੈਨੂੰ ਤਾਰ ਮਿਲੀ ਕਿ ਮੈਂ ਆਪਣੇ ਜ਼ਿਲ੍ਹੇ ਦਾ ਚਾਰਜ ਇਕ ਸਹਾਇਕ ਕਰਮਚਾਰੀ ਨੂੰ ਦੇ ਕੇ "ਇਕ ਦਮ" ਸ਼ਿਮਲੇ ਪਹੁੰਚਾਂ। ਐਗਜ਼ਿਬਿਟ ਪੀ. ਡਬਲਯੂ 6(10)/17 ਉਹ ਨੋਟ ਹੈ ਜੋ 7 ਜੁਲਾਈ, 1948 ਨੂੰ ਮੈਂ ਸ਼ਿਮਲੇ ਪਹੁੰਚ ਕੇ ਲਿਖਿਆ ਜਿਸ

ਨੂੰ ਹੁਣ ਮੇਰੇ ਇਸ ਬਿਆਨ ਦਾ ਇਕ ਭਾਗ ਹੀ ਸਮਝ ਲਇਆ ਜਾਵੇ। ਉਸ ਨੂੰ ਏਥੇ ਦੁਹਰਾਉਣਾ ਜਰੂਰੀ ਨਹੀਂ ਹੈ। ਮੇਰੇ ਵਿਰੋਧ ਦੇ ਬਾਵਜੂਦ ਮੈਨੂੰ ਫੇਰ ਹੁਸ਼ਿਆਰਪੁਰ ਲਾ ਦਿੱਤਾ ਗਇਆ। ਲਾਲਾ ਜਗਤ ਨਾਰਾਇਣ ਨੇ ਤੇ ਪੰਜਾਬ ਅਤੇ ਦਿੱਲੀ ਦੇ ਹਿੰਦੀ ਅਖਬਾਰਾਂ ਨੇ ਦਰਜਨਾਂ ਲੇਖ ਮੈਨੂੰ ਬਦਨਾਮ ਕਰਨ ਲਈ ਲਿਖੇ। ਪਰ ਸਰਕਾਰ ਨੇ, ਗੈਰ ਕਾਨੂੰਨੀ ਤੌਰ, ਤੇ ਮੈਨੂੰ ਦੋਸ਼ੀਆਂ ਦੇ ਵਿਰੁਧ ਕਿਸੇ ਚਾਰਾ ਜੋਈ ਕਰਨ ਤੋਂ ਰੋਕੀ ਰਖਿਆ। ਇਸ ਵਿਸ਼ੇ ਪੁਰ ਮੇਰੇ ਕੁਝ ਸੰਕੇਤ ਤੇ ਇਸ ਬਦਨਾਮੀ ਤੋਂ ਮੇਰੀ ਰਖਿਆ ਲਈ ਸਰਕਾਰ ਦਾ ਕੋਰਾ ਜਵਾਬ ਭੀ ਇਸ ਫਾਈਲ 'ਚੋਂ ਪੜ੍ਹਿਆ ਜਾ ਸਕਦਾ ਹੈ। ਇਹ ਇਕ ਉਦਾਹਰਣ ਹੈ ਕਿ ਕਿਵੇਂ ਪੰਜਾਬ ਸਰਕਾਰ ਨੇ ਗੈਰ ਕਾਨੂੰਨੀ ਮੁਦਾਖਲਤ ਕਰਕੇ ਮੈਨੂੰ ਕਾਨੂੰਨ ਦੀ ਵੀ ਸ਼ਰਨ ਨ ਲੈਣ ਦਿੱਤੀ। ਇਕ ਨਾਗਰਿਕ ਦੇ ਤੌਰ ਤੇ ਅਤੇ ਇਕ ਸਰਕਾਰੀ ਨੌਕਰ ਦੀ ਹੈਸੀਅਤ ਵਿਚ ਇਹ ਚਾਰਾਜੋਈ ਮੇਰਾ ਹੱਕ ਬਣਦਾ ਸੀ। ਮੇਰਾ ਦੋਸ਼ ਇਹੀ ਸੀ ਕਿ ਮੈਂ ਵਜ਼ੀਰਾਂ ਦੇ ਗੈਰ ਕਾਨੂੰਨੀ ਹੁਕਮ ਨਹੀਂ ਮੰਨਦਾ ਸਾਂ ਜਦ ਕਿ ਉਹ ਚਾਹੁੰਦੇ ਸਨ ਕਿ ਮੈਂ ਇਕ ਖਾਸ ਰਾਜ-ਨੈਤਿਕ ਪਾਰਟੀ ਦੇ ਮੈਂਬਰਾਂ ਦੀ ਖਾਤਰ ਕਾਨੂੰਨ ਨੂੰ ਅੱਖੋਂ ਓਹਲੇ ਕਰੀ ਰਖਾਂ। ਲਾਲਾ ਜਗਤ ਨਾਰਾਇਣ ਦੇ ਕੇਸ ਦੀ ਫਾਈਲ ਜੋ ਇਸ ਅਦਾਲਤ ਰਾਹੀਂ ਮੰਗਵਾਈ ਗਈ ਸੀ, ਹੁਸ਼ਿਆਰਪੁਰ ਦੀ ਕਚਹਰੀ ਦੇ ਰਿਕਾਰਡ 'ਚੋਂ ਲਭਦੀ ਹੀ ਨਹੀਂ।

9. ਮਾਨਯੋਗ ਸ੍ਰੀ ਪ੍ਰਤਾਪ ਸਿੰਘ ਕੈਰੋਂ, ਐਮ. ਏ., ਐਮ. ਐਲ. ਏ., ਪੰਜਾਬ ਸਰਕਾਰ ਦੇ ਇਕ ਮੰਤ੍ਰੀ, ਜੋ ਕਿ ਹੁਣੇ ਹੁਣੇ ਪੰਜਾਬ ਪ੍ਰਦੇਸ਼ ਕਾਂਗ੍ਰਸ ਦੇ ਪ੍ਰਧਾਨ ਤੇ ਸਰਬ ਹਿੰਦ ਕਾਂਗ੍ਰਸ ਕਾਰਜ ਸਾਧਕ ਕਮੇਟੀ ਦੇ ਮੈਂਬਰ ਰਹੇ ਸਨ, ਸਭ ਤੋਂ ਪਹਿਲਾਂ ਮੇਰੇ ਨਾਲ ਉਦੋਂ ਨਾਰਾਜ਼ ਹੋਏ ਜਦੋਂ ਦਸੰਬਰ, 1947 ਵਿਚ ਕੁੱਲੂ ਵਿਖੇ ਮੈਂ ਕੁਝ ਚੋਰ ਬਾਜ਼ਾਰੀਏ ਫੜਨ ਦਾ ਹੁਕਮ ਦਿੱਤਾ। ਇਨ੍ਹਾਂ ਵਿਚ ਕੁਝ ਕਾਂਗ੍ਰਸੀ ਵੀ ਸਨ। ਸਰਕਾਰ ਨੇ ਇਨ੍ਹਾਂ ਦੇ ਵਰੰਟ ਮਨਸੂਖ ਕਰ ਦਿੱਤੇ। ਇੰਜ ਕਰਨ ਤੋਂ ਪਹਿਲਾਂ ਸਰਕਾਰ ਨੇ ਨ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਰਿਪੋਰਟ ਮੰਗੀ ਤੇ ਨ ਕੋਈ ਕਾਨੂੰਨੀ ਆਧਾਰ ਨੂੰ ਦ੍ਰਿਸ਼ਟੀ ਗੋਚਰ ਰਖਿਆ। ਜਦੋਂ ਮੈਂ ਫਰਵਰੀ, 1948 ਵਿਚ ਹੁਸ਼ਿਆਰ-ਪੁਰ ਨੀਅਤ ਹੋਇਆ, ਮਾਨਯੋਗ ਸ੍ਰੀ ਪ੍ਰਤਾਪ ਸਿੰਘ. ਨੇ ਮੈਨੂੰ ਇਕ ਤਾੜਨਾ (ਵਾਰਨਿੰਗ) ਭੇਜੀ ਕਿ ਜੇ ਮੈਂ ਫੇਰ ਕਾਂਗ੍ਰਸੀਆਂ ਉਤੇ ਕਾਨੂੰਨ ਲਾਗੂ ਕਰਨ ਦੀ ਆਪਣੀ ਪਹਿਲੀ ਗਲਤੀ ਨੂੰ ਦੁਹਰਾਇਆ ਤਾਂ ਸਰਕਾਰ ਮੈਨੂੰ ਅਜੇਹਾ ਸੋਧੇਗੀ ਕਿ ਹੋਰਨਾਂ ਨੂੰ ਵੀ ਕੰਨ ਹੋ ਜਾਣ। ਮੇਰੇ, 5 ਮਈ, 1950 ਦੇ, ਭਾਰਤ ਦੇ ਰਾਸ਼ਟਰਪਤੀ ਨੂੰ ਭੇਜੇ ਨਿਵੇਦਨ ਪੱਤਰ ਦੇ ਅੰਤਕਾ "ਏ." ਵਿਚ ਇਸ ਘਟਨਾ ਦਾ ਜ਼ਿਕਰ ਹੈ। ਫੇਰ, ਦਸੰਬਰ, 1948 ਵਿਚ ਹੁਸ਼ਿਆਰਪੁਰ ਦੇ ਇਕ ਜੈ ਸਿੰਘ ਨੇ ਸਥਾਨਕ ਕਾਂਗ੍ਰਸੀ ਆਗੂਆਂ ਦੇ ਵਿਰੁਧ ਇਕ ਸ਼ਿਕਾਇਤ ਕੀਤੀ ਕਿ ਕੁਝ ਸਥਾਨਕ ਕਾਂਗ੍ਰਸੀ ਉਸ ਨੂੰ ਧਮਕਾਉਣ ਦਾ ਉਪੱਦਰ ਕਰ ਰਹੇ ਹਨ। ਜੈ ਸਿੰਘ ਦਾ ਬਿਆਨ ਇਹ ਸੀ ਕਿ ਉਹ ਸ੍ਰੀ ਪ੍ਰਤਾਪ ਸਿੰਘ ਕੈਰੋਂ ਤੇ ਇਕ ਪੰਡਤ ਮੋਹਨ ਲਾਲ ਦੱਤ, ਐਮ. ਐਲ. 'ਏ.' ਦੁਆਰਾ ਰਚੀ ਜਾ ਰਹੀ ਇਕ ਮੁਜਰਿਮਾਨਾ ਸਾਜ਼ਿਸ਼ ਵਿਚ ਸ਼ਾਮਿਲ ਨਹੀਂ ਸੀ ਹੋਇਆ। ਇਹ ਸਾਜ਼ਸ਼, ਉਹ ਮੇਰੇ ਖਿਲਾਫ ਝੂਠੇ ਤੇ ਬਣਾਉਟੀ ਸਬੂਤ ਘੜਨ ਲਈ, ਕਰ ਰਹੇ ਸਨ। ਪੰਡਤ ਮੋਹਨ ਲਾਲ ਦੱਤ ਦੇ ਹੱਥਾਂ ਦੀ ਇਕ ਨਵਿਸ਼ਤ ਵੀ ਇਸ ਰਿਕਾਰਡ ਵਿੱਚ ਰੱਖੀ ਗਈ ਹੈ ਜੋ ਮੇਰੇ ਵਿਰੁਧ ਇਸ ਰਚੀ ਸਾਜ਼ਸ਼ ਦਾ ਪ੍ਰਤੱਖ ਸਬੂਤ ਹੈ। ਮੈਂ ਇਸ ਦੀਆਂ ਤਸਦੀਕ ਸ਼ੁਦਾ

ਨਕਲਾਂ, ਸਣੇ ਦਸਤਾਵੇਜ਼ੀ ਸਬੂਤ ਦੇ, ਚੀਫ ਸਕੱਤਰ ਤੇ ਰਾਜ ਪਾਲ ਨੂੰ ਰਜਿਸਟ੍ਰੀ (ਏ. ਡੀ.) ਕਰਕੇ ਘੱਲ ਦਿਤੀਆਂ । ਇਸ ਦਾ ਨੰਬਰ 2469/ਐਸ. ਐਚ. ਡਬਲਯੂ, ਤੇ ਤ੍ਰੀਕ ਉਹੀ ਹੈ । ਪਰ ਜਦੋਂ ਇਹ ਦਸਤਾਵੇਜ਼ਾਂ ਇਥੇ ਪੇਸ਼ ਕਰਨ ਲਈ ਐਡਵੋਕੇਟ ਜਨਰਲ ਕੋਲੋਂ ਮੰਗੀਆਂ ਗਈਆਂ ਤਾਂ ਉਸ ਨੇ ਆਖਿਆ ਹੈ ਕਿ ਇਹ ਸਰਕਾਰ ਨੂੰ ਲਭ ਨਹੀਂ ਰਹੀਆਂ । ਚੀਫ ਸਕੱਤਰ ਤੇ ਰਾਜ ਪਾਲ ਨੂੰ ਇਹ ਵੀ ਯਾਦ ਨਹੀਂ ਹੈ ਕਿ ਅਜੇਹੀਆਂ ਚਿਠੀਆਂ ਕਦੀ ਆਈਆਂ ਸਨ ਜਿਨ੍ਹਾਂ ਵਿਚ ਸਰਕਾਰ ਦੇ ਕਿਸੇ ਵਜ਼ੀਰ ਜਾਂ ਐਮ. ਐਲ. ਏ., ਜੋ ਕਿ ਮੁਖ ਮੰਤ੍ਰੀ ਡਾ: ਗੋਪੀ ਚੰਦ ਭਾਰਗੋ ਦੇ ਜ਼ਾਤੀ ਮਿਤ੍ਰ ਸਨ, ਵਿਰੁਧ ਮੁਜਰਿਮਾਨਾਂ ਸਾਜ਼ਸ਼ ਦਾ ਦੋਸ਼ ਦੱਸਿਆ ਗਿਆ ਹੋਵੇ । ਚੰਗੇ ਭਾਗਾਂ ਨੂੰ, ਮੈਨੂੰ ਅਸਲੀ ਡਾਕਖਾਨੇ ਦੀਆਂ ਰਸੀਦਾਂ ਤੇ ਇਨ੍ਹਾਂ ਦਸਤਾਵੇਜ਼ਾਂ ਦੀਆਂ ਦਫਤਰੀ ਨਕਲਾਂ ਲਭ ਗਈਆਂ ਹਨ । ਜਿਟੇ ਵਜੋਂ, ਨਿਸ਼ਚਤ ਕਰ ਸਕਦੇ ਹਾਂ ਕਿ ਇਹ ਬਾਕਾਇਦਾ ਮੁਖ ਸਕੱਤਰ ਤੇ ਰਾਜਪਾਲ ਨੂੰ ਭੇਜੀਆਂ ਗਈਆਂ ਤੇ ਉਨ੍ਹਾਂ ਨੂੰ ਠੀਕ ਮਿਲੀਆਂ । ਮਾਨਯੋਗ ਪ੍ਰਤਾਪ ਸਿੰਘ ਦੇ ਮੇਰੇ ਵਿਰੁਧ ਸਾਜ਼ਸ਼ ਰਚਣ ਦੀ ਸਿਧੀ ਤੇ ਜ਼ਾਤੀ ਭਾਈਵਾਲੀ ਦਾ ਸਬੂਤ ਮੇਰੀ ਗੁਪਤ ਰਜਿਸਟ੍ਰੀ ਚਿਠੀ ਨੰ: 376/ਐਸ. ਐਚ. ਡਬਲਯੂ. ਮਿਤੀ 5 ਅਪ੍ਰੈਲ, 1949 ਵਿਚ ਅੰਕਿਤ ਹੈ । ਇਹ ਚਿਠੀ ਮਿ. ਸਚਦੇਵ ਚੀਫ ਸਕੱਤਰ (ਐਗਜ਼ਿਬਿਟ ਪੀ. ਡਬਲਯੂ. 6, 10/11) ਨੂੰ ਭੇਜੀ ਗਈ ਤੇ ਇਹ ਇਸ ਬਿਆਨ ਦੇ ਭਾਗ ਵਜੋਂ ਪੜ੍ਹੀ ਜਾਵੇ । ਇਸ ਕੇਸ ਵਿਚ ਧਰਮਸਾਲਾ ਸਬ ਜੇਲ੍ਹ ਦੇ ਇਕ ਕੱਚੇ ਕੈਦੀ ਦਾ ਕਤਲ ਬੜੇ ਘਟੀਆ ਤ੍ਰੀਕੇ ਨਾਲ ਹੋਇਆ ਤੇ ਉਸ ਨੂੰ ਇਕ ਲਿਖਤੀ ਬਿਆਨ ਪਰ ਦਸਖਤ ਕਰਨ ਲਈ ਮਜਬੂਰ ਕੀਤਾ ਗਿਆ ਜਿਸ ਵਿਚ ਲਿਖਿਆ ਇਹ ਸੀ ਕਿ ਉਹ ਸਭ ਜੁਰਮ ਤੇ ਧੋਖੇ ਜਿਨ੍ਹਾਂ ਨੂੰ ਉਹ ਆਪ ਕੀਤੇ ਹੋਏ ਕਬੂਲ ਕਰਦਾ ਹੈ, ਉਹ ਉਸ ਨੇ ਮੇਰੇ ਆਖਣ ਤੇ ਹੀ ਕੀਤੇ ਸੀ । ਇਸ ਦਾ ਭੇਤ ਉਸ ਦੇ ਲਿਖਤੀ ਇਕਬਾਲ ਨਾਲ ਖੁਲ੍ਹਿਆ ਜੇਹੜਾ ਬਾਅਦ ਵਿਚ ਮੇਰੇ ਹੱਥ ਲੱਗ ਗਇਆ ਕਿਉਂਕਿ ਮਾਨਯੋਗ ਸ੍ਰੀ ਪ੍ਰਤਾਪ ਸਿੰਘ ਨੇ ਉਸ ਨੂੰ ਪੰਜਾਬ ਸਰਕਾਰ ਵਲੋਂ ਯਕੀਨ ਦੁਆਇਆ ਸੀ ਕਿ ਜੋ ਕਤਲ ਉਸ ਤੋਂ ਹੋਇਆ ਜਾਂ ਜੋ ਜੁਰਮ ਤੇ ਧੋਖਾ ਉਸ ਨੇ ਕੀਤਾ ਉਹ ਸਭ ਇਸ ਸ਼ਰਤ ਉਤੇ ਬਖਸ਼ਿਆ ਜਾਵੇਗਾ ਜੇ ਉਹ ਮੇਰੇ ਖਿਲਾਫ ਬਿਆਨ ਦੇਵੇ । ਮਗਰੋਂ ਮਾਨਯੋਗ ਪ੍ਰਤਾਪ ਸਿੰਘ ਉਸਨੂੰ ਧਰਮਸਾਲਾ ਜੇਲ੍ਹ ਤੋਂ ਦਿੱਲੀ ਨੂੰ ਹਵਾਈ ਜਹਾਜ ਰਾਹੀਂ ਲੈ ਗਏ ਤਾਂ ਜੁ, ਉਹ ਸਾਰੇ ਵਾਇਦੇ ਵਿਸ਼ਵਾਸ ਭਾਰਤ ਸਰਕਾਰ ਵਲੋਂ ਭੀ ਉਸ ਨੂੰ ਦਵਾਏ ਜਾਣ । ਮਾਨਯੋਗ ਡਾ. ਗੋਪੀ ਚੰਦ ਭਾਰਗਵ ਤੇ ਰਾਜਪਾਲ ਨੇ ਮੈਨੂੰ ਨੌਕਰੀਓਂ ਮੁਅੱਤਲ ਕਰ ਦਿਤੇ ਜਾਣ ਲਈ ਇਸ ਪਰਪੰਚ ਨੂੰ ਹੀ ਕਾਫੀ ਸਮਝਿਆ । ਇਹ ਪੜਤਾਲ ਸ਼ੁਰੂ ਹੋਣ ਤੋਂ ਪਹਲਾਂ ਕੋਈ ਸਾਲ ਭਰ ਮੇਰੇ ਖਿਲਾਫ ਸਬੂਤ ਇਕੱਠੇ ਕੀਤੇ ਜਾਂਦੇ ਰਹੇ । ਇਹ ਕਾਤਲ ਜਿਸ ਤੇ ਮੁਕਦਮਾ ਚਲ ਰਹਿਆ ਸੀ ਤੇ ਜੋ ਧਾਰਾ 302 ਹਿੰਦ ਡੰਡਾਵਲੀ ਅਨੁਸਾਰ ਹੁਣ ਦੋਸ਼ੀ ਹੈ, ਇਸ ਤਰ੍ਹਾਂ ਦੋ ਮੇਰੇ ਵਿਰੁੱਧ ਤਿੰਨ ਬਿਆਨ ਦੇਣ ਲਈ ਭੜਕਾਇਆ ਗਿਆ । ਇਕ ਐਗਜ਼ਿਬਿਟ ਪੀ. ਡਬਲਯੂ. 18(8)12 ਹੈ । ਇਹ ਧਰਮਸਾਲਾ ਦੇ ਜ਼ਿਲ੍ਹਾ ਅਧਿਕਾਰੀਆਂ ਦੁਆਰਾ, ਕਮਿਸ਼ਨਰ ਸ੍ਰੀਨਗੇਸ਼ ਨੂੰ, ਇਸ ਆਦਮੀ ਵਲੋਂ ਅੰਗ੍ਰੇਜ਼ੀ ਵਿਚ ਲਿਖੀ ਅਰਜ਼ੀ ਹੈ । ਇਹ ਆਦਮੀ ਥਰਡ ਕਲਾਸ ਮੈਟ੍ਰਿਕ ਪਾਸ ਹੈ ਤੇ ਅੰਗ੍ਰੇਜ਼ੀ ਵਿਚ ਚਿੱਠੀ ਨਹੀਂ ਲਿਖ ਸਕਦਾ । ਦੂਜਾ ਬਿਆਨ ਪੀ. ਡਬਲਯੂ. ਐਲ. ਕਨ੍ਹਈਆ ਲਾਲ, ਜ਼ਿਲ੍ਹਾ ਮੈਜਿਸਟ੍ਰੇਟ ਨੇ ਮਗਰੋਂ ਛੇਤੀ ਹੀ ਧਰਮਸਾਲਾ ਜੇਲ੍ਹ ਵਿਚ ਮਾਨਯੋਗ ਸ੍ਰੀ ਪ੍ਰਤਾਪ ਸਿੰਘ ਦੀ

ਹਾਜ਼ਰੀ ਵਿਚ, ਉਸ ਦੇ ਹੁਕਮ ਅਨੁਸਾਰ ਲਿਖਿਆ, । ਤੀਜਾ ਬਿਆਨ ਪੀ. ਡਬਲਯੂ. ਲਕਸ਼ਮੀ ਨਾਰਾਇਣ, ਸਪੈਸ਼ਲ ਇੰਕੁਆਇਰੀ ਏਜੰਸੀ ਨੇ ਆਪਣੇ ਅਫਸਰ, ਮਿ. ਸਚਦੇਵ, ਮੁਖ ਸਕੱਤਰ ਦੀ ਆਗਿਆ ਅਨੁਸਾਰ ਲਿਖਿਆ ਲਿਖਾਇਆ। ਪਹਿਲੇ ਬਿਆਨ ਵਿਚ ਉਹ ਏਨਾ ਹੀ ਆਖਦਾ ਹੈ ਕਿ ਉਸ ਨੇ ਕਪਟ ਤੇ ਧੋਖੇ ਦੇ ਜੁਰਮ ਮੇਰੇ ਆਖਣ ਤੇ ਕੀਤੇ ਤੇ ਇਸ ਦੀ ਪੜਤਾਲ ਪਹਿਲਾਂ ਹੀ ਹੁਸਿਆਰਪੁਰ ਵਿਖੇ ਚੱਲ ਰਹੀ ਹੈ ਜਿਥੇ ਕਿ ਮੈਂ ਜ਼ਿਲ੍ਹਾ ਮੈਜਿਸਟ੍ਰੇਟ ਲੱਗਾ ਹੋਇਆ ਸਾਂ । ਇਹ ਅਰਜ਼ੀ ਕਮਿਸ਼ਨਰ ਸ੍ਰੀਨਗੇਸ਼ ਨੂੰ ਦੂਜੇ ਦਿਨ ਹੀ, 13 ਮਾਰਚ, 1949 ਨੂੰ ਸ਼ਿਮਲੇ ਲੈ ਆਈ ਜ਼ਿਥੇ ਕਿ ਮੁਖ ਮੰਤ੍ਰੀ ਤੇ ਸ੍ਰੀ ਪ੍ਰਤਾਪ ਸਿੰਘ ਕੈਰੋਂ, ਦੋਵੇਂ ਸਹਿਮਤ ਹੋ ਗਏ ਕਿ ਇਹ ਕੇਸ ਸ੍ਰੀ ਪ੍ਰਤਾਪ ਸਿੰਘ ਕੈਰੋਂ ਲਈ ਨਿਪਟਾਣਾ ਹੀ ਹੈ ਯੋਗ ਬਣਦਾ ਹੈ ਹਾਲਾਂਕਿ ਉਸ ਦਾ ਸਾਧਾਰਨ ਪ੍ਰਬੰਧ ਜਾਂ ਐਂਟੀਕੁਰਪਸ਼ਨ ਕਮੇਟੀ ਨਾਲ ਕੋਈ ਸੰਬੰਧ ਨਹੀਂ। ਉਹ ਸਰਕਾਰੀ ਤੌਰ ਤੇ, ਸਰਕਾਰੀ ਹਵਾਈ ਜਹਾਜ਼ ਉਤੇ, ਇਸ ਕਾਤਲ ਨਾਲ ਮੁਲਾਕਾਤ ਕਰਨ ਲਈ ਧਰਮਸਾਲਾ ਜੇਲ ਵਿਚ ਆਇਆ ਅਤੇ ਫੇਰ ਉਸ ਨੇ ਜ਼ਿਲ੍ਹਾ ਮੈਜਿਸਟ੍ਰੇਟ, ਧਰਮਸਾਲਾ ਨੂੰ ਆਖਿਆ ਕਿ ਉਹ ਉਸ ਦਾ ਬਿਆਨ ਖੁਲ੍ਹੀ ਕਚਹਰੀ ਵਿਚ ਨਹੀਂ ਸਗੋਂ ਜੇਲ ਦੇ ਕਮਰੇ ਵਿਚ ਲਵੇ । ਇਸ ਦੂਜੇ ਬਿਆਨ ਵਿਚ ਮੇਰ ਉਤੇ ਕੁਰਪਸ਼ਨ (ਭ੍ਰਸ਼ਟਾਚਾਰ) ਦੇ ਹੋਰ ਦੋਸ਼ ਥੱਪੇ ਗਏ ਜਿਨ੍ਹਾਂ ਉਤੇ ਮਸ਼ਗੂਰੋਂ ਹੁਣ ਵਾਲੇ ਹੋਰ ਕਿੰਨੇ ਦੋਸ਼ਾਂ ਦਾ ਮਹੱਲ ਉਸਾਰਿਆ ਗਇਆ ਹੈ। ਮਿ. ਸਚਦੇਵ ਦੇ ਸਿੱਧੇ ਪ੍ਰਬੰਧ ਅਧੀਨ, ਸਪੈਸ਼ਲ ਇੰਕੁਆਇਰੀ ਏਜੰਸੀ ਨੇ ਇਹ ਸਭ ਕੁਝ ਕੀਤਾ । ਤੀਜਾ ਬਿਆਨ ਪੀ. ਡਬਲਯੂ. ਲਖਸ਼ਮੀ ਨਾਰਾਇਣ ਗਿਆਨੀ ਨੇ ਲਿਖਿਆ । ਇਹ ਇਉਂ ਨਹੀਂ ਜਿਵੇਂ ਕਿ ਇਹ ਪੀ. ਡਬਲਯੂ. ਹੁਣ ਕਚਹਿਰੀ ਸਾਹਮਣੇ ਆਖਦਾ ਹੈ ਕਿ ਉਸ ਨੇ ਪੀ. ਡਬਲਯੂ ਕਨ੍ਹੀਇਆ ਲਾਲ, ਜ਼ਿਲ੍ਹਾ ਮੈਜਿਸਟ੍ਰੇਟ, ਧਰਮਸਾਲਾ ਦੁਆਰਾ ਲਏ ਗਏ ਪਹਲੇ ਬਿਆਨਾਂ ਵਿਚ ਰਹੇ ਕਈ ਅਸਪਸ਼ਟ ਤੱਥਾਂ ਨੂੰ ਸਪਸ਼ਟ ਕਰਨ ਵਜੋਂ ਇਹ ਬਿਆਨ ਲਇਆ ਹੈ । ਇਹ ਤੀਜਾ ਬਿਆਨ ਕਾਤਿਲ ਨੇ ਉਸ ਸਮੇਂ ਦਿਤਾ ਜਦੋਂ ਉਸ ਨੂੰ ਸ੍ਰੀ ਪ੍ਰਤਾਪ ਸਿੰਘ ਕੈਰੋਂ ਦਿਲੀ ਲੈ ਗਏ ਤੇ ਉਥੇ ਉਸ ਨੂੰ ਇਕ ਤਰ੍ਹਾਂ ਦਾ ਮਾਯਾਜਾਲ ਦਿਖਾਇਆ ਗਿਆ ਕਿ ਉਸ ਦਾ ਕਿਸੇ ਭਾਰਤ ਸਰਕਾਰ ਦੇ ਉੱਚੇ ਆਗੂ ਨਾਲ ਮਿਲਾਪ ਹੋ ਗਿਆ ਹੈ, ਤੇ ਜਿਸ ਦੁਆਰਾ ਉਸ ਨੂੰ ਨਿਸ਼ਚਾ ਕਰਵਾਇਆ ਗਇਆ ਕਿ ਪਹਲਾਂ ਕੀਤੇ ਵਾਅਦੇ ਉਸ ਨਾਲ ਤਾਂ ਹੀ ਨਿਭਾਏ ਜਾਣਗੇ ਜੇ ਉਹ ਮੇਰੇ ਖਿਲਾਫ ਕੁਝ ਜੁਰਮ ਸਾਬਤ ਕਰਨ ਲਈ ਉਹੋ ਬਿਆਨ ਦੇਵੇ ਜੋ ਉਸ ਤੋਂ ਉਹ ਦੁਆਉਣਾ ਚਾਹੁੰਦੇ ਸਨ । ਇਸ ਤਰ੍ਹਾਂ ਉਸ ਦੇ ਪਹਿਲਾਂ ਕੀਤੇ ਸੰਗੀਨ ਜੁਰਮ ਵੀ ਬਖਸ਼ੇ ਜਾ ਸਕਦੇ ਹਨ ਤੇ ਅਗਾਂਹ ਨੂੰ ਉਸ ਨੂੰ ਚੋਖਾ ਮਾਲੀ ਇਵਜ਼ਾਨਾ ਵੀ ਮਿਲ ਸਕਦਾ ਹੈ । ਇਸ ਤੀਜੇ ਤੇ ਆਖਰੀ ਬਿਆਨ ਵਿਚ ਮੇਰੇ ਪੁਰ ਮੁਖ ਤੌਰ ਤੇ ਦੋ ਹੋਰ ਗੱਲਾਂ ਦੇ ਪਹਲੀ ਵੇਰ ਦੋਸ਼ ਲਾਏ ਗਏ ਹਨ । ਇਹ ਪਹਲਾਂ ਵਾਲੇ ਦੋਸ਼ਾਂ ਦੇ ਸਪਸ਼ਟੀ-ਕਰਨ ਵਜੋਂ ਉਕਾ ਨਹੀਂ ਹਨ :

(ੳ) ਦੋਸ਼ ਜੋ ਮੇਰੇ ਕਥਿਤ ਕਾਮ ਮਰਯਾਦਾ ਭੰਗ ਕਰਨ ਸੰਬੰਧੀ ਹਨ ।

(ਅ) ਦੋਸ਼ ਕਿ ਮੈਂ ਮਾਸਟਰ ਤਾਰਾ ਸਿੰਘ ਨਾਲ ਰਲ ਕੇ ਨਾਜਾਇਜ਼ ਅਸਲਾ ਜਮ੍ਹਾਂ ਕਰ ਰਿਹਾ ਹਾਂ ਕਿਉਂ ਕਿ ਜੋਤਸ਼ੀਆਂ ਨੇ ਨਿਕਟ ਭਵਿਖ ਵਿਚ ਸਿਖ ਰਾਜ ਸਥਾਪਤ ਹੋਣ ਦੀ ਭਵਿਖ ਬਾਣੀ ਦੇ ਸੰਕੇਤ ਦਿਤੇ ਹੋਏ ਹਨ।

ਪਹਿਲੀ ਤਰ੍ਹਾਂ ਦੇ ਦੋਸ਼ ਪੀ. ਡਬਲਯੂ. ਲਖਸ਼ਮੀ ਨਾਰਾਇਣ ਗਿਆਨੀ ਦੇ ਬਿਆਨਾਂ ਵਿੱਚ ਨਹੀਂ ਹਨ । ਇਹ ਬਿਆਨ ਉਨ੍ਹਾਂ ਨੇ ਆਪਣੇ ਅਫਸਰ, ਮੁਖ ਸਕੱਤਰ, ਸਚਦੇਵ ਦੀ ਸਲਾਹ ਨਾਲ, ਪਿਛੋਂ ਤਿਆਰ ਕੀਤੇ ਸਨ ।

ਇਸ ਸਾਰੇ ਅਡੰਬਰ ਦਾ ਇਕ ਨਿਸ਼ਚਿਤ ਰਾਜਨੈਤਿਕ ਮੰਤਵ ਸੀ। ਮਾਨਯੋਗ ਸ੍ਰ. ਪ੍ਰਤਾਪ ਸਿੰਘ ਕੈਰੋਂ ਅਤੇ ਉਸ ਦੇ ਹੋਰ ਕਾਂਗ੍ਰਸੀ ਮਿਤ੍ਰ ਖੁਲੱਮ ਖੁੱਲਾ ਇਹ ਆਖਦੇ ਸਨ ਕਿ ਐਨ ਸੰਭਵ ਹੈ ਕਿ ਮੈਂ ਨੌਕਰੀ ਤੋਂ ਸਦਾ ਲਈ ਰੀਟਾਇਰ ਹੋ ਜਾਵਾਂ ਤੇ ਕਾਂਗਰਸ ਦੀ ਥਾਂ ਪੰਜਾਬ ਦੇ ਕਿਸੇ ਹੋਰ ਰਾਜਨੈਤਿਕ ਦਲ ਵਿੱਚ ਸ਼ਾਮਲ ਹੋ ਜਾਵਾਂ ਤੇ ਇਸ ਕਾਰਣ ਉਹ ਮੇਰੀ ਸ਼ੁਹਰਤ ਨੂੰ ਨੁਕਸਾਨ ਪੁਚਾਣਾ ਜ਼ਰੂਰੀ ਸਮਝਦੇ ਸਨ । ਉਨ੍ਹਾਂ ਦੇ ਮਨ ਵਿਚ ਇਹ ਭਾਰੀ ਸੰਦੇਹ ਭੀ ਸੀ ਕਿ ਮੇਰਾ ਇੰਜ ਗ੍ਰਹਣਿਆਂ ਚਰਿੱਤ੍ਰ ਜਨਤਾ ਵਿੱਚ ਮੇਰੀ ਪ੍ਰਸਿੱਧਤਾ ਨਾਲ ਮੇਲ ਨਹੀਂ ਖਾਂਦਾ। ਇਸ ਕਾਰਣ ਇਨ੍ਹਾਂ ਰਚੇ ਜਾ ਰਹੇ ਖੜਯੰਤ੍ਰਾਂ ਦਾ ਨਿਰਪੱਖ ਲੋਕਾਂ ਦੀਆਂ ਨਜ਼ਰਾਂ ਵਿਚ ਜਚਣਾ ਔਖਾ ਹੋ ਜਾਵੇਗਾ ਜਿਨ੍ਹਾਂ ਤੋਂ ਉਹ ਡਰਦੇ ਸਨ ਕਿ ਆਗਾਮੀ ਚੋਣਾਂ ਵਿੱਚ ਉਹ ਉਨ੍ਹਾਂ ਦੇ ਤਕੜੇ ਵਿਰੋਧੀ ਹੋਣਗੇ । ਦੂਜੀ ਤਰ੍ਹਾਂ ਦੇ ਦੋਸ਼ ਥੋਪਣ ਦਾ ਕਾਰਨ ਇਹ ਹੈ ਕਿ ਪੰਜਾਬ ਸਰਕਾਰ ਵਿੱਚ ਸੱਤਾਧਾਰੀ ਪਾਰਟੀ ਹਰ ਹੀਲੇ ਨਾਲ ਪਕੇ ਤੌਰ ਤੇ ਆਪਣੀਆਂ ਹੁਣ ਵਾਲੀਆਂ ਗਦੀਆਂ ਮੱਲੀ ਰੱਖਣੀਆਂ ਲੋਚਦੇ ਸਨ । ਮੇਰੀ ਬੇਨਤੀ ਹੈ ਕਿ ਇਸ ਦੋਸ਼ੀ ਦੇ ਦੋਵੇਂ ਬਿਆਨ, ਸਣੇ ਐਗਜ਼ਿਬਿਟ ਪੀ. ਡਬਲਯੂ (18)/812, ਐਡਵੋਕੇਟ ਜੈਨਰਲ ਦੀ ਆਗਿਆ ਨਾਲ, ਕਚਹਰੀ ਵਿਚ ਪੇਸ਼ ਕੀਤੇ ਜਾਣ ਤਾਂ ਜੁ ਮੇਰੇ ਬਿਆਨਾਂ ਦੀ ਪੁਸ਼ਟੀ ਹੋ ਸਕੇ । ਇਥੇ ਇਹ ਦਸ ਦੇਣਾ ਵੀ ਆਵਸ਼ਕ ਹੈ ਕਿ ਕਪਟ ਤੇ ਧੋਖੇ ਦੇ ਦੋਸ਼, ਜੋ ਮੇਰੇ ਤੇ ਪਹਿਲਾਂ ਥਪੇ ਗਏ ਹਨ, ਇਕ ਸਾਲ ਹੋਇਆ, ਹੁਸ਼ਿਆਰਪੁਰ ਵਿਚ ਪੜਤਾਲ ਕੀਤੇ ਜਾ ਚੁਕੇ ਹਨ ਅਤੇ ਸਹੀ ਦੋਸ਼ੀ ਨੂੰ ਗ੍ਰਿਫਤਾਰ ਕਰ ਲਇਆ ਗਇਆ ਹੈ। ਇਹ ਅਦਾਲਤ ਦੇ ਸਾਮ੍ਹਣੇ ਪੇਸ਼ ਕੀਤੇ ਗਏ ਹਨ ਤਾਂ ਜੁ ਮੌਜੂਦਾ ਪੜਤਾਲ ਤੋਂ ਪਹਿਲਾਂ ਇਹ ਦੋਸੀ ਕਚਹਰੀ ਵਿੱਚ ਅਜੇਹੇ ਬਿਆਨ ਨ ਦੇ ਦੇਵੇ, ਜਿਨ੍ਹਾਂ ਨਾਲ ਪੰਜਾਬ ਦੇ ਉੱਚ ਸਰਕਾਰੀ ਅਫਸਰਾਂ ਤੇ ਕਈ ਵਜ਼ੀਰਾਂ ਦੁਆਰਾ, ਮੇਰੇ ਖਿਲਾਫ ਝੂਠੇ ਸਬੂਤ ਘੜਨ ਦੀ ਸਾਜ਼ਸ਼ ਦਾ, ਭਾਂਡਾ ਭੱਜ ਜਾਵੇ । ਸਚੀ ਗੱਲ ਤਾਂ ਇਹ ਹੈ ਕਿ ਏਸ ਆਦਮੀ ਨੇ ਇਹ ਭਾਂਡਾ ਭੰਨਣ ਦੀ ਧਮਕੀ ਉਸ ਵੇਲੇ ਦੇ ਦਿਤੀ ਸੀ ਜਦੋਂ, ਕੁਝ ਮਹੀਨੇ ਹੋਏ, ਹੁਸ਼ਿਆਰ-ਪੁਰ ਦੇ ਸੈਸ਼ਨ ਜੱਜ ਨੇ ਉਸ ਨੂੰ ਕਤਲ ਦੇ ਦੋਸ਼ੀ ਵਜੋਂ ਮੌਤ ਦੀ ਸਜ਼ਾ ਸੁਣਾ ਦਿਤੀ ਸੀ। ਪੰਜਾਬ ਸਰਕਾਰ ਉਸ ਨਾਲ ਕੀਤੇ ਆਪਣੇ ਪੱਕੇ ਵਾਅਦੇ ਨਿਭਾਉਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਸੀ ਕਿ ਇਹ ਉਸ ਨੂੰ ਖੂਨ ਦੇ ਦੋਸ਼ ਤੇ ਹੋਰ ਕਈ ਸੰਗੀਨ ਜੁਰਮਾਂ ਦੀ ਸਜ਼ਾ ਤੋਂ ਬਚਾ ਲਵੇਗੀ ।

10. ਜੂਨ, 1948 ਵਿੱਚ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਇਕ ਗੁਰਦੁਆਰੇ ਨੂੰ ਅੱਗ ਲਾਕੇ ਸਾੜ ਦਿੱਤਾ ਗਇਆ । ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਪਵਿੱਤ੍ਰ ਬੀੜਾਂ ਸਨ ਜੋ ਸੜ ਕੇ ਸੁਆਹ ਹੋ ਗਈਆਂ । ਮਿਲੀ ਇਤਲਾਹ ਤੋਂ ਪਤਾ ਲੱਗਾ ਕਿ ਇਹ ਅਪ੍ਰਾਧ ਦੋ ਹਿੰਦੂ ਕਾਂਗ੍ਰਸੀਆਂ, ਡਾ: ਸ਼ਾਦੀ ਰਾਮ ਤੇ ਚੌਧਰੀ ਬਲਬੀਰ ਨੇ ਕੀਤਾ ਹੈ। ਇਨ੍ਹਾਂ 'ਚੋਂ ਇਕ ਮਾਨਯੋਗ ਡਾ: ਗੋਪੀ ਚੰਦ ਭਾਰਗਵ, ਮੁਖ ਮੰਤ੍ਰੀ ਦਾ, ਗੂੜ੍ਹਾ ਮਿੱਤਰ ਹੈ । ਜ਼ਿਲ੍ਹਾ ਪੁਲਿਸ ਨੇ ਉਨ੍ਹਾਂ ਨੂੰ ਜਦੋਂ ਪੁਛ ਪੜਤਾਲ ਲਈ ਤਲਬਿਆ ਤਾਂ ਉਨ੍ਹਾਂ ਦੇ ਮਿੱਤਰਾਂ ਨੇ ਉਨ੍ਹਾਂ ਨੂੰ

ਪੰਜਾਬ ਸਰਕਾਰ ਨਾਲ ਸੰਪਰਕ ਸਥਾਪਤ ਕਰਨ ਉਪ੍ਰਾਂਤ ਇਕ ਦਮ ਭੁਖ ਹੜਤਾਲ ਕਰ ਦੇਣ ਦੀ ਸਲਾਹ ਦਿਤੀ। ਉਹ ਕੁਝ ਘੰਟੇ ਹੀ ਮੁਸ਼ਕਲ ਨਾਲ ਭੁਖੇ ਰਹੇ ਹੋਣੇ ਹਨ ਕਿ ਪੰਜਾਬ ਸਰਕਾਰ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਹੁਕਮ ਭੇਜਿਆ ਕਿ ਸਭ ਪੁਛ ਪੜਤਾਲ ਇਕ ਦਮ ਬੰਦ ਕਰ ਦਿਤੀ ਜਾਵੇ । ਇਵੇਂ ਹੀ ਕੀਤਾ ਗਇਆ ਤੇ ਇਨ੍ਹਾਂ ਹਾਲਾਤ ਵਿੱਚ ਹੋਰ ਪੁਛ ਪੜਤਾਲ ਬਿਲਕੁਲ ਨਾਮੁਮਕਿਨ ਸੀ । ਉਸ ਦੌਰਾਨ ਵਿੱਚ ਜੱਜ ਅੱਛਰੂ ਰਾਮ ਨੇ ਚੌਧਰੀ ਬਲਬੀਰ ਦੀ ਇਕ ਹੇਬੀਅਸ ਕੌਰਪਸ ਅਰਜ਼ੀ ਆਪ ਹੀ ਸਿੱਧੀ ਅਪਣੀ ਅਦਾਲਤ ਵਿਚ ਲੈ ਲਈ । (ਜਦੋਂ ਕਿ ਕਾਨੂੰਨ ਅਨੁਸਾਰ ਕੇਵਲ ਚੀਫ ਜਸਟਿਸ ਹੀ ਉਸ ਨੂੰ ਅਜੇਹਾ ਕੇਸ ਸੌਂਪ ਸਕਦਾ ਸੀ)। ਚੌਧਰੀ ਬਲਬੀਰ ਅਪਣੀਆਂ ਫਿਰਕੂ ਕਾਰਵਾਈਆਂ ਕਾਰਨ ਉਸ ਵੇਲੇ ਨਜ਼ਰਬੰਦ ਕੀਤਾ ਹੋਇਆ ਸੀ । ਮਿ. ਜਸਟਿਸ ਅਛਰੂ ਰਾਮ ਨੇ ਇਕ ਛੋਟੀ ਜੇਹੀ ਕਾਰਵਾਈ ਦਾ ਘੇਰਾ ਏਨਾਂ ਚੌੜਾ ਕਰ ਦਿਤਾ ਕਿ ਇਸ ਵਿੱਚ ਮੇਰੇ ਸਾਰੇ ਚਰਿਤ੍ਰ ਤੇ ਹੁਸ਼ਿਆਰਪੁਰ ਦੇ ਸਿਖ ਸੁਪਰਿਨਟੈਂਡੈਂਟ ਪੁਲਿਸ ਦੇ ਚਰਿਤ੍ਰ ਦੀ ਪੜਤਾਲ ਵੀ ਬਦੋ ਬਦੀ ਲੈ ਆਂਦੀ। ਆਪਣੇ ਅੰਤਮ ਫੈਸਲੇ ਵਿੱਚ ਉਸ ਨੇ ਇਸ, ਸਿੱਖ ਕਗੁਰਦੁਆਰੇ ਨੂੰ ਸਾੜਨ ਦੇ ਅਪ੍ਰਾਧ ਸੰਬੰਧੀ, ਜਦ ਕਿ ਪੁਲਿਸ ਦੀ ਪੜਤਾਲ ਹਾਲੀ ਚਲ ਹੀ ਰਹੀ ਸੀ, ਆਖਿਆ ਕਿ 'ਕੋਈ ਹਿੰਦੂ ਗੁਰਦੁਆਰੇ ਨੂੰ ਅੱਗ ਨਹੀਂ ਲਾ ਸਕਦਾ ਕਿਉਂ ਕਿ ਸਿਖਾਂ ਦੇ ਗੁਰਦੁਆਰਿਆਂ ਤੇ ਪਵਿੱਤਰ ਗ੍ਰੰਥਾਂ ਬਾਬਤ ਉਨ੍ਹਾਂ ਦੇ ਜਜ਼ਬੇ ਆਦਰ ਭਰੇ ਹਨ' । ਮੁਸਲਮਾਨ ਤਾਂ ਚਲੇ ਗਏ ਸਨ, ਇਸ ਲਈ ਸਾਫ ਸੰਕੇਤ ਕੀਤਾ ਗਇਆ ਕਿ ਗੁਰਦਵਾਰਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਸਾੜੇ ਜਾਣ ਦੇ ਅਤੇ ਹੋਰ ਅਜੇਹੇ ਦੋਸ਼, ਅਗੇ ਤੋਂ, ਸਿੱਖਾਂ ਸਿਰ ਹੀ ਮੜ੍ਹੇ ਜਾਣੇ ਚਾਹੀਦੇ ਹਨ, ਪਰ ਮੈਂ ਇਸ ਨਾਲ ਸਹਮਤ ਨ ਹੋਇਆ। ਮੈਂ ਹੋਰ ਵਿਸਥਾਰ ਵਿਚ ਨਹੀਂ ਪੈਂਦਾ ਕਿਉਂਕਿ ਪੰਜਾਬ ਸਰਕਾਰ ਹਾਲੀ ਵੀ, ਮੈਨੂੰ, ਮਿ. ਜਸਟਿਸ ਅੱਛਰੂ ਰਾਮ ਦੀ ਰਿਪੋਰਟ ਪੁਰ, ਜੋ ਕਿ ਉਸ ਨੇ ਮੇਰੀ ਭਾਵੁਕ ਤੇ ਮਾਨਸਿਕ ਬਿਰਤੀ ਬਾਰੇ ਦਿਤੀ ਹੈ, ਮੇਰੇ ਵਿਰਧ ਕਾਰਵਾਈ ਕਰਨ ਦੀ ਧਮਕੀ ਦੇ ਰਹੀ ਹੈ। ਇਨਾਂ ਹੀ ਆਖਦਾ ਹਾਂ ਕਿ ਮੇਰੇ ਵਿਰੁਧ ਸਾਰੀ ਕਾਰਵਾਈ ਨੂੰ ਏਸੇ ਪਿਛੋਕੜ ਵਿਚ ਵਾਚਿਆ ਜਾਵੇ ਜੇ ਪੰਜਾਬ ਦੇ ਸੰਤਾਪ ਤੇ ਫਿਰਕੂ ਕੁੜੱਤਣ ਦਾ ਪਤਾ ਲਾਉਣਾ ਹੈ ।

11. ਸਨ, 1958, ਫਰਵਰੀ ਮਹੀਨੇ ਦੇ ਅਖੀਰ ਵਿਚ ਮੈਂ ਪੀ. ਡਬਲਯੂ. ਕੁਸ਼ਾਲ ਸਿਘ ਨੂੰ ਜਾਲੰਧਰ ਦੇ ਸਿਵਲ ਸਕੱਤ੍ਰੇਤ ਵਿਚ ਮਿਲਿਆ । ਉਸ ਨੇ ਮੈਨੂੰ ਦਸਿਆ ਕਿ ਕਮਿਸ਼ਨਰ ਸ੍ਰੀਨਗੇਸ਼, ਨੇ ਪੀ. ਡਬਲਯੂ. ਕਾਹਨ ਚੰਦ ਦੇ ਕਹਣ ਤੇ ਮੇਰੇ ਵਿਰੁਧ ਕੇਸ ਨੰ: 8 (ਪਾਲਮ ਪੁਰ ਕੇਸ) ਦੇ ਵਿਸ਼ੇ ਸੰਬੰਧੀ ਉਸ ਨੂੰ ਝੂਠੀ ਗਵਾਹੀ ਦੇਣ ਅਤੇ ਮਸਾਲਾ ਲੱਭਣ ਲਈ ਜ਼ੋਰ ਪਾਇਆ ਹੈ । ਇਕ ਅਨੁਭਵੀ ਪ੍ਰਬੰਧ-ਕਰਤਾ ਵਜੋਂ ਉਹ ਹੈਰਾਨ ਸੀ ਕਿ ਇਕ ਆਈ. ਸੀ. ਐਸ. ਕਮਿਸ਼ਨਰ ਵੀ ਆਪਣੇ ਇਕ ਸਾਥੀ ਵਿਰੁੱਧ ਅਜੇਹੀ ਸਾਜ਼ਸ਼ ਵਿਚ ਹਿਸਾ ਲੈ ਸਕਦਾ ਹੈ । ਉਹ ਇਹ ਨਹੀਂ ਸੀ ਸਮਝ ਸਕਿਆ ਕਿ ਕੁਸ਼ਾਲ ਸਿੰਘ ਪੀ. ਡਬਲਯੂ. ਇਕ ਝੂਠਾ ਬਿਆਨ ਦੇਣ ਪਿਛੋਂ ਨੌਕਰੀ ਵਿੱਚ ਕਿਵੇਂ ਰਹੇਗਾ ਜਿਵੇਂ ਕਿ ਝੂਠਾ ਬਿਆਨ ਦੇਣ ਲਈ ਉਸ ਨੂੰ ਮਜਬੂਰ ਕੀਤਾ ਜਾ ਰਹਿਆ ਹੈ। ਮੈਂ ਮੰਨ ਲਇਆ ਕਿ ਮਿ. ਸ੍ਰੀ ਨਿਗੇਸ਼ ਮੇਰੇ ਵਿਰੁੱਧ ਪੱਕੀ ਸਾਜਜ਼ ਰਚ ਰਹਿਆ ਹੈ, ਪਰ ਮੇਰੇ ਕੋਲ ਇਸ ਦਾ ਕੋਈ ਇਲਾਜ ਨਹੀਂ ਸੀ। ਇਕ ਦੋ ਮਹੀਨੇ ਗੁਜ਼ਰੇ ਹਨ ਕਿ ਮੈਨੂੰ ਕੁਸ਼ਾਲ ਸਿੰਘ ਤੋਂ ਪਤਾ ਲੱਗਾ ਹੈ ਕਿ ਮੁਖ ਸਕੱਤਰ

ਸਚਦੇਵ ਨੇ ਉਸ ਨੂੰ ਸੱਦ ਕੇ ਭਰੋਸਾ ਦੁਆਇਆ ਹੈ ਕਿ ਜੇ ਕਮਿਸ਼ਨਰ ਸਾਹਿਬ ਦੁਆਰਾ ਦਸਿਆ ਬਿਆਨ ਉਹ ਦੇ ਦੇਵੇ ਤਾਂ ਉਸ ਦਾ ਕੋਈ ਨੁਕਸਾਨ ਨਹੀਂ ਹੋਣ ਦਿਤਾ ਜਾਵੇਗਾ। ਪਿਛੋਂ ਮੈਨੂੰ ਪਤਾ ਲਗਾ ਕਿ ਏਹੋ ਜੇਹਾ ਇਕ ਭਰੋਸਾ ਸਰਕਾਰ ਨੇ ਮਾਨਯੋਗ ਸ੍ਰ: ਪ੍ਰਤਾਪ ਸਿੰਘ ਕੈਰੋਂ ਰਾਹੀਂ ਭੀ ਉਸ ਨੂੰ ਦਿਤਾ ਹੈ। ਮੀਆਂ ਕੁਸ਼ਾਲ ਸਿੰਘ ਉਸ ਵੇਲੇ ਮੁੜ ਵਸਾਊ ਵਿਭਾਗ ਵਿਚ ਕੰਮ ਕਰ ਰਹੇ ਸਨ ਤੇ ਇਹ ਵਿਭਾਗ ਕੈਰੋਂ ਕੋਲ ਸੀ। ਮੈਂ ਇਸ ਸਾਜਸ਼ ਵਿਰੁਧ ਪ੍ਰੋਟੈਸਟ ਕੀਤਾ। ਉਨ੍ਹੀ ਦਿਨੀਂ ਹੀ ਮਿ. ਭਿੱਡੇ ਗ੍ਰਹਿ ਸਕੱਤਰ ਸਨ ਤੇ ਉਨ੍ਹਾਂ ਨੇ ਧਸਮਸਾਲਾ ਤੇ ਪਾਲਮਪੁਰ ਦਾ ਦੌਰਾ ਰਖਿਆ। ਮੈਨੂੰ ਇਤਲਾਹ ਮਿਲੀ ਕਿ ਕੁਝ ਦਸਤਾਵੇਜ਼ਾਂ, ਖਾਸ ਤੌਰ ਤੇ ਪੀ. ਡਬਲਯੂ. ਅਮਰ ਨਾਥ ਤੇ ਬਿੱਧੂ ਰਾਮ ਦੀਆਂ ਬਹੀਆਂ ਵਿੱਚ ਮਿ. ਭਿਡੇ ਦੇ ਆਖਣ ਪੁਰ ਝੂਠੇ ਅੰਦਰਾਜ ਕੀਤੇ ਗਏ। ਮਿ. ਭਿਡੇ ਨੇ ਆਪਣੇ ਇਹ ਦੋਵੇਂ ਦੌਰੇ, ਜਿਰਹਾ ਕੀਤੇ ਜਾਣ ਤੇ,ਮੰਨੇ ਹਨ ਤੇ ਉਸ ਦਾ ਬਿਆਨ ਹੈ ਕਿ ਉਹ ਕਿਸੇ ਟਰਾਂਸਪੋਰਟ ਸੰਬੰਧੀ ਮਸਲੇ ਦੀ ਪੜਤਾਲ ਅਤੇ ਉਸ ਦੀ ਰਿਪੋਰਟ ਕਰਨ ਲਈ ਉਥੇ ਗਏ ਸਨ ਪਰ ਨਿਸਚਤ ਉਨ੍ਹਾਂ ਨੂੰ ਕੁਝ ਯਾਦ ਨਹੀਂ ਹੈ। ਇਸ ਵਿਚ ਸ਼ੱਕ ਨਹੀਂ ਕਿ ਕੰਮ ਕੋਈ ਜ਼ਰੂਰੀ ਹੋਵਗਾ ਕਿ ਪਾਲਮਪੁਰ ਵਰਗੀ ਇਕ ਦੂਰ ਦੁਰੇਡੀ ਥਾਂ ਉਤੇ ਮਿ. ਭਿਡੇ ਦੀ ਜ਼ਾਤੀ ਹਾਜ਼ਰੀ ਜ਼ਰੂਰੀ ਹੋ ਗਈ ਹੋਵੇ। ਪਰੰਤੂ ਮਿ. ਭਿੱਡੇ ਨੂੰ ਇਸ ਸਮੱਸਿਆ ਸੰਬੰਧੀ ਕੁਝ ਯਾਦ ਨਹੀਂ। ਉਹ ਇਸ ਦੌਰੇ ਸੰਬੰਧੀ ਲਿਖੀਆਂ ਰਿਪੋਰਟਾਂ ਨੂੰ ਭੀ ਪੇਸ਼ ਨਹੀਂ ਕਰ ਸਕੇ ਹਨ ਜਿਨ੍ਹਾਂ ਨਾਲ ਸਰਕਾਰ ਦੇ ਸਕੱਤ੍ਰ ਦੇ ਪਾਲਮਪੁਰ ਅਤੇ ਧਰਮਸਾਲਾਂ ਦੇ ਦੌਰਿਆਂ ਸੰਬੰਧੀ ਕੁਝ ਚਾਨਣ ਪੈ ਸਕਦਾ। ਪੀ. ਡਬਲਯੂ. ਕੁਸ਼ਾਲ ਸਿੰਘ ਨੇ ਪੀ. ਡਬਲਯੂ. ਰਾਜਿੰਦਰ ਨਾਥ, ਸੰਤ ਰਾਮ, ਬਾਸ਼ੀ ਰਾਮ, ਤੇ ਜੋਤੀ ਪ੍ਰਸ਼ਾਦ ਤੋਂ ਮੇਰੇ ਖਿਲਾਫ ਹਲਫਨਾਮੇ ਲਏ। ਪਰ ਉਸ ਨੂੰ ਅਜੇ ਵੀ ਸ਼ੱਕ ਸੀ ਕਿ ਰਾਜਪਾਲ, ਜੋ ਕਿ ਸੂਬੇ ਜਾਂ ਦੇਸ਼ ਦੇ ਉੱਚਤਮ ਸਿਵਲ ਸਰਵਿਸ ਦੇ ਹਿਤਾਂ ਦਾ ਰਖਿਅਕ ਹੈ, ਝੂਠੇ ਕੇਸਾਂ ਦੀ ਬਿਨਾ ਪੁਰ ਇਕ ਆਈ. ਸੀ. ਐਸ. ਅਫਸਰ ਨੂੰ ਇੰਜ ਸ਼ਿਕਾਰ ਹੋ ਜਾਣ ਦੇਵੇਗਾ। ਉਸ ਦੀ ਝਿਜਕ, ਮੈਨੂੰ ਮਗਰੋਂ ਪਤਾ ਲਗਾ, ਰਾਜਪਾਲ ਵਲੋਂ ਇਹ ਆਖ ਕੇ ਦੂਰ ਕਰ ਦਿਤੀ ਗਈ ਕਿ ਮੈਨੂੰ ਨੌਕਰੀ ਤੋਂ ਬਰਤਰਫ ਕਰ ਦੇਣ ਦੀ ਇਛਾ ਸਭ ਦੀ ਹੈ ਤੇ ਮੀਆਂ ਕੁਸ਼ਾਲ ਸਿੰਘ ਦਾ ਕੋਈ ਨੁਕਸਾਨ ਨਹੀਂ ਹੋਣ ਦਿਤਾ ਜਾਵੇਗਾ ਜੇ ਉਹ ਮੇਰੇ ਖਿਲਾਫ ਬਿਆਨ ਦੇਵੇ, ਭਾਵੇਂ ਉਸ ਦੀ ਆਤਮਾਂ ਉਸ ਨੂੰ ਲਾਅਨਤਾਂ ਹੀ ਕਿਉਂ ਨਾ ਪਾਉਂਦੀ ਰਹੇ। ਮੈਂ ਇਕ ਡੀ. ਓ. ਚਿਠੀ ਨੰ: 1657/ ਐਸ. ਐਚ. ਡਬਲਯੂ., ਮਿਤੀ 21 ਅਗਸਤ, 1948 ਕਮਿਸ਼ਨਰ ਨੂੰ ਲਿਖੀ, ਜੋ ਹੁਣ ਇਸ ਕੇਸ ਦੀ ਫਾਈਲ ਵਿਚ ਹੈ, ਤੇ ਬੇਨਤੀ ਕੀਤੀ ਕਿ ਮੁਖ ਮੰਤ੍ਰੀ ਤੇ ਰਾਜਪਾਲ ਮੈਨੂੰ ਆਗਿਆ ਦੇਣ ਕਿ ਮੈਂ ਉਨ੍ਹਾਂ ਨੂੰ ਆਪ ਇਕ ਦਮ ਮਿਲ ਸਕਾਂ ਤੇ ਦਸਾਂ ਕਿ ਉਹ ਇਕ ਆਈ. ਸੀ. ਐਸ. ਅਫਸਰ ਦੇ ਖਿਲਾਫ ਸਾਜ਼ਸ਼ ਰਚ ਰਹੇ ਹਨ, ਪਰ ਮੇਰੀ ਬੇਨਤੀ ਨੂੰ ਠੁਕਰਾ ਦਿੱਤਾ ਗਇਆ ਅਤੇ ਮੈਨੂੰ ਸੁਝਾਇਆ ਗਇਆ ਕਿ ਇਹ ਇਸ ਗੱਲ ਦਾ ਹੋਰ ਸਬੂਤ ਤੇ ਪੁਸ਼ਟੀ ਹੈ ਕਿ ਮੈਨੂੰ ਕਿਵੇਂ ਨ ਕਿਵੇਂ ਸਰਕਾਰ ਤੇ ਉਸਦੇ ਸਰਬ ਉਚ ਅਧਿਕਾਰੀਆ ਦੀ ਸਹਿਮਤੀ ਨਾਲ ਦੂਸ਼ਿਤ ਕਰ ਦਿਤਾ ਜਾਣਾ ਪਹਿਲਾਂ ਹੀ ਨਿਸ਼ਚਿਤ ਹੈ। ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਸੀ, ਕਿਉਂਜੁ ਸਰਕਾਰ ਨੇ ਪੀ. ਡਬਲਯੂ. ਕੁਸ਼ਾਲ ਸਿੰਘ ਤੇ ਹੋਰਨਾਂ ਦੇ ਜ਼ਬਾਨੀ ਬਿਆਨਾਂ ਨਾਲ ਮੈਨੂੰ ਗ਼ੈਰ ਕਾਨੂੰਨੀ, ਗ਼ੈਰ ਵਿਧਾਨਿਕ ਅਤੇ ਮਨ ਮਰਜ਼ੀ ਨਾਲ ਮੁਅੱਤਲ ਕਰ ਦਿਤਾ ਸੀ ਤੇ ਇਕ ਵੇਰ ਤਾਂ ਮੇਰੀ ਗ੍ਰਿਫਤਾਰੀ ਦੇ ਹੁਕਮ ਵੀ ਜਾਰੀ ਹੋ

ਗਏ ਸਨ । ਪੀ. ਡਬਲਯੂ. ਕੁਸ਼ਾਲ ਸਿੰਘ, ਜਿਸ ਦੇ ਵਿਰੁਧ ਇਸ ਕੇਸ ਵਿਚ ਕਤਈ ਦਸਤਾਵੇਜ਼ੀ ਸਬੂਤ ਮੌਜੂਦ ਸਨ ਤੇ ਉਸ ਦੇ ਆਪਣੇ ਇਕਬਾਲ ਕਰਨ ਅਨੁਸਾਰ ਉਸਦੇ ਵਿਰੁਧ ਇਕ ਪ੍ਰਾਈਮਾ ਫੇਸੀ ਕੇਸ ਸੀ, ਨੂੰ ਤੁੱਕੀ ਤੇ ਤੁੱਕੀ ਦਿਤੀ ਗਈ ਤੇ ਇਕ ਸੀਨੀਅਰ ਆਈ. ਸੀ. ਐਸ. ਅਫਸਰ ਤੇ ਉਸ ਦੇ ਇਕ ਸਹਾਇਕ ਅਫਸਰ ਵਿਚਕਾਰ ਭਾਰੀ ਵਿਤਕਰਾ ਕਰਨ ਵੇਲੇ ਉੱਕਾ ਕੋਈ ਡਰ ਯਾ ਸੰਕੋਚ ਨ ਰਖਿਆ ਗਇਆ ।

12. ਜੁਲਾਈ ਸੰਨ ੧੯੪੮ ਨੂੰ ਇਕ ਉਰਦੂ, ਦੈਨਿਕ ਅਖਬਾਰ, 'ਅਜੀਤ,' ਵਿੱਚ ਇਕ ਲੇਖ ਮੇਰੇ ਨਾਉਂ ਹੇਠਾਂ ਕਿਸੇ ਨੇ ਛਪਵਾਇਆ । ਸਰਕਾਰ ਨੇ ਬਿਨਾਂ ਕਿਸੇ ਪੁਛ ਪੜਤਾਲ ਕਰਨ ਤੋਂ ਮੇਰੀ ਜਵਾਬ ਤਲਬੀ ਕਰ ਲਈ । ਇਹ ਜਵਾਬ ਤਲਬੀ ਚੀਫ ਸਕੱਤਰ ਦੇ ਗੁਪਤ ਡੀ. ਓ. ਪਤਰ ਨੰ: 90-ਸੀ. ਐਸ, 48, ਮਿਤੀ 25 ਅਗਸਤ ਦੁਆਰਾ ਕੀਤੀ ਗਈ । ਇਸ ਜਵਾਬ ਤਲਬੀ ਦਾ ਆਧਾਰ ਸੀ ਇਸ ਲੇਖ ਦਾ ਇਹ ਬਿਆਨ ਕਿ ਸਿੱਖ ਕਦੇ ਨ ਕਦੇ "ਸੁਤੰਤਰ" ਹੋ ਜਾਣਗੇ । ਇਹ ਇਕ ਬੜੀ ਭਾਰੀ ਇਤਰਾਜ਼ ਯੋਗ ਗੱਲ ਸਮਝੀ ਗਈ । ਮੈਂ ਅਪਣੇ ਪੱਤਰ ਨੰ: 1687, ਮਿਤੀ 30 ਅਗਸਤ, 1968 ਦੁਆਰਾ ਆਖਿਆ ਕਿ ਮੈਂ ਨ ਅਜੇਹਾ ਕੋਈ ਲੇਖ ਲਿਖਿਆ ਤੇ ਨ ਛਾਪਿਆ ਹੈ । ਮੈਂ ਇਸ ਗੱਲ ਦਾ ਵੀ ਭਰਪੂਰ ਰੋਸ ਕੀਤਾ ਕਿ ਸਰਕਾਰ ਬਿਨਾਂ ਪੜਤਾਲ ਕਰਨ ਤੋਂ ਮੇਰੇ ਵਿਰੁਧ ਐਵੇਂ ਦੋਸ ਕਲਪਤ ਕਰ ਲੈਂਦੀ ਹੈ । ਦੋਵਾਂ ਚਿਠੀਆਂ ਦੀਆਂ ਨਕਲਾਂ ਇਸ ਕੇਸ ਵਿਚ ਹਾਜ਼ਰ ਹਨ, ਭਾਵੇਂ ਆਪਣੇ ਅਸਲੀ ਰੂਪ ਵਿਚ ਨਹੀਂ, ਕਿਉਂਕਿ ਸਰਕਾਰ ਉਨ੍ਹਾਂ ਨੂੰ ਪੇਸ਼ ਨਹੀਂ ਕਰ ਰਹੀ । ਜਦੋਂ ਮੇਰਾ ਉਤਰ ਮੁਖ ਸਕੱਤਰ ਮਿ: ਸਚਦੇਵ ਨੂੰ ਪੁਜਾ ਤਾਂ ਉਸ ਨੇ ਮੁਖ ਮੰਤਰੀ ਦੇ ਰਾਜਪਾਲ ਨੂੰ ਹੇਠ ਲਿਖੀ ਨੋਟਿੰਗ ਲਿਖ ਭੇਜੀ ।

"ਜੇ ਮੁਲਕ ਦੀ ਵੰਡ ਅਥਵਾਂ ਸੱਤਾ ਦਾ ਤਬਾਦਲਾ ਨ ਹੁੰਦਾ ਤਾਂ ਇਸ ਅਫਸਰ ਨੂੰ ਆਈ. ਸੀ. ਐਸ. ਪਦ ਤੋਂ ਕਦੋ ਦਾ ਚੁੱਕ ਦਿੱਤਾ ਗਿਆ ਹੁੰਦਾ । ਇਸ ਨੂੰ ਇਕ ਦਮ ਮੁਅੱਤਲ ਕਰ ਦਿਤਾ ਜਾਵੇ । ਅਤੇ ਫੈਡ੍ਰਿਲ ਪਬਲਿਕ ਸਰਵਿਸ ਕਮਿਸ਼ਨ ਨੂੰ ਆਖਿਆ ਜਾਵੇ ਕਿ ਇਸ ਨੂੰ ਆਈ. ਸੀ. ਐਸ. ਪਦ ਤੋਂ ਵਖ ਕਰ ਦਿਓ, ਬਰਤਰਫ ਕਰ ਦਿਓ ।"

ਰਾਜਪਾਲ ਇਹ ਸਿਫਾਰਸ਼ ਇਕ ਦਮ ਮੰਨ ਗਏ । ਆਖਿਰ ਮੁਖ ਸਕੱਤਰ ਮੈਥੋਂ ਕੇਵਲ ਕੁਝ ਸਾਲ ਹੀ ਸੀਨੀਅਰ ਸਨ ਅਤੇ ਸੱਤਾ ਵਿਚ ਪਰਿਵਰਤਨ ਨ ਆਉਣ ਤੇ ਮੈਨੂੰ ਜਾਂ ਉਸ ਨਾਲ ਕੀ ਕੁਝ ਵਾਪਰਦਾ ਇਹ ਕੇਵਲ ਇਕ ਅਨੁਮਾਨ ਹੀ ਹੈ । ਇਹ ਵੀ ਪ੍ਰਤੱਖ ਸੀ ਕਿ ਸਰਕਾਰ ਨੇ ਮੈਨੂੰ ਚੋਦਾਂ ਵਰ੍ਹੇ ਨੌਕਰੀ ਦਿੱਤੀ ਰੱਖੀ ਅਤੇ ਇਸ ਸਮੇਂ ਵਿਚ ਮੈਂ ਆਪਣੀ ਐਫੀਸ਼ੈਂਸੀ ਬਾਰ ਵੀ ਟੱਪ ਲਈ ਸੀ ਤੇ ਅਧੀ ਦਰਜਨ ਜ਼ਿਲ੍ਹਿਆਂ ਦਾ ਡਿਪਟੀ ਕਮਿਸ਼ਨਰ ਰਹਿਆ । ਇਕ ਹੋਰ ਵਾਧੂ ਤੱਥ ਇਹ ਸੀ ਕਿ 1947 ਵਿਚ ਪੂਰਬੀ ਪੰਜਾਬ ਦੀ ਹੁਣ ਵਾਲੀ ਸਰਕਾਰ ਦੇ ਨੁਮਾਇੰਦਿਆਂ ਅਤੇ ਭਾਰਤ ਸਰਕਾਰ ਵਲੋਂ ਵਾਇਸਰਾਏ ਨੇ ਮੈਨੂੰ ਆਪਣੀ ਨੌਕਰੀ ਚਾਲੂ ਰੱਖਣ ਲਈ ਆਪ ਬੇਨਤੀ ਕੀਤੀ ਅਤੇ ਆਗਿਆ ਪ੍ਰਦਾਨ ਕੀਤੀ । ਮੈਨੂੰ ਨੌਕਰੀ ਤੋਂ ਏਨੀ ਛੇਤੀ ਕੱਢ ਦੇਣ ਦਾ ਕੋਈ ਤਰਕ ਤਾਂ ਹੁੰਦਾ, ਕੋਈ ਕਾਰਣ ਤਾਂ ਹੁੰਦਾ, ਪਰੰਤੂ ਅਜੇਹੇ ਵੀਚਾਰ ਮੁਖ ਸਕੱਤਰ, ਮਿ. ਸਚਦੇਵ ਤੇ ਰਾਜਪਾਲ ਮਿ. ਤ੍ਰਿਵੇਦੀ ਸਾਮਣੇ ਕੋਈ ਵਜ਼ਨ ਨਹੀਂ ਰਖਦੇ ਸਨ । 'ਐਲਿਸ ਇਨ ਵੰਡਰਲੈਂਡ' ਵਿਚ ਇੱਟ ਦੇ ਬਾਦਸ਼ਾਹ ਦਾ ਪੱਤਾ ਮੁਜਰਮ ਦੇ ਮੁਕੱਦਮੇ ਦੀ ਕਾਰ-ਵਾਈ ਸਮੇਂ "ਉਸ ਦਿਨ ਵੀਹਵੀਂ ਵੇਰ", ਉਚੀ ਉਚੀ ਚੀਕਦਾ ਹੈ ਕਿ, 'ਬਿਨਾ ਸਬੂਤ ਪੇਸ਼ ਹੋਣ

ਤੇ ਜਾਂਚਣ ਤੋਂ ਹੀ ਜਜ ਨੂੰ ਆਪਣਾ ਨਿਰਣਾ ਸੁਣਾ ਲੈਣ ਦੇਵੇ"। "ਨਹੀਂ, ਨਹੀਂ", ਇੱਟ ਦੇ ਪੱਤੇ ਦੀ ਬੇਗਮ ਆਖਦੀ ਹੈ "ਪਹਲਾਂ ਸਜ਼ਾ, ਮਗਰੋਂ ਨਿਰਣਾ"। ਮੁਖ ਮੰਤ੍ਰੀ ਮਿ. ਭਾਰਗਵ ਨੇ ਦਸੰਬਰ, 1948 ਵਿਚ ਜਾਲੰਧਰ ਵਿਖੇ ਮੈਨੂੰ ਇਹ ਨੋਟ ਦਿਖਾਇਆ। ਚੀਫ ਸਕੱਤਰ ਨੂੰ ਆਪਣੀ ਹਿੰਦੂ ਪਦਪਾਦਸ਼ਾਹੀ ਦਾ ਜੋਸ਼ ਤੇ ਨਸ਼ਾ ਸੀ ਤੇ ਰਾਜਪਾਲ ਦੀ ਉਸ ਨਾਲ ਸੰਮਤੀ ਸੀ ਤੇ ਮੇਰੇ ਲਈ ਸੂਬੇ ਵਿਚ ਨਿਆਂ ਦੀ ਕੀ ਆਸ ਹੋ ਸਕਦੀ ਸੀ ? ਨੌਕਰੀ ਤੋਂ ਮੈਨੂੰ ਛੇਤੀ ਤੋਂ ਛੇਤੀ ਲਾਹ ਦੇਣ ਦਾ ਸਰਕਾਰ ਦੇ ਸਾਮ੍ਹਣੇ ਮਨੋਰਥ ਸੀ। ਸਰਕਾਰ ਇਹ ਮੂਲੋਂ ਭੁੱਲ ਗਈ ਹੋਈ ਸੀ ਕਿ ਕਿਸੇ ਆਈ. ਸੀ. ਐਸ ਅਫਸਰ ਨੂੰ ਮੁਅੱਤਲ ਯਾ ਬਰਤਰਫ ਕਰਨ ਦਾ ਅਧਿਕਾਰ ਕਿਸੇ ਸੂਬੇ ਦੀ ਸਰਕਾਰ ਨੂੰ ਨਹੀਂ ਹੈ, ਭਾਵੇਂ ਉਹ ਅਫਸਰ ਸਿੱਖ ਹੀ ਕਿਉਂ ਨ ਹੋਵੇ।

13. ਮੇਰੇ ਇਕ ਨੇੜੇ ਦੇ ਸੰਬੰਧੀ ਨੇ ਮੇਰੇ ਹੁਸ਼ਿਆਰਪੁਰ ਪੁੱਜਣ ਤੋਂ ਪਹਲਾਂ ਇਕ ਮੁਸਲਮਾਨੀ ਨਿਕਾਸੀ ਜਾਇਦਾਦ ਨੂੰ ਕਬਜ਼ੇ ਹੇਠਾਂ ਲਇਆ ਹੋਇਆ ਸੀ। ਉਹ ਇਸ ਦੀ ਉਪਜ ਇਹ ਝੂਠ ਬੋਲ ਕੇ ਖਾਂਦਾ ਰਹਿਆ ਕਿ ਇਹ ਤਾਂ ਉਸ ਨੂੰ ਅਲਾਟ ਹੋਈ ਹੋਈ ਹੈ। ਜਿਸ ਪੁਲਿਸ ਅਫਸਰ ਦੇ ਹਲਕੇ ਵਿਚ ਇਹ ਜਾਇਦਾਦ ਸੀ, ਉਸ ਨੇ ਮੇਰੇ ਕੋਲ ਰੀਪੋਰਟ ਕੀਤੀ। ਮੈਂ ਕਪਤਾਨ ਪੁਲਿਸ ਨੂੰ ਆਖਿਆ ਕਿ ਪੜਤਾਲ ਕਰੋ। ਰਿਪੋਰਟ ਮਿਲੀ ਕਿ ਇਹ ਧੋਖ-ਦਹੀ ਦਾ ਕੇਸ ਹੈ। ਅਜੇ ਤੀਕ ਕੋਈ ਕੇਸ ਦਰਜ ਨਹੀਂ ਸੀ ਹੋਇਆ। ਕਮਿਸ਼ਨਰ ਸ੍ਰੀਨਗੇਸ਼ ਨੇ ਉਸੇ ਵੇਲੇ ਮੇਰੇ ਰਿਸ਼ਤੇਦਾਰ ਨੂੰ ਸੱਦਕੇ ਆਖਿਆ ਕਿ ਰਾਜਪਾਲ ਮੇਰੇ ਖਿਲਾਫ ਕੋਈ ਸ਼ਿਕਾਇਤ ਸੁਣ ਕੇ ਖੁਸ਼ ਹੋਣਗੇ। ਰਾਜਪਾਲ ਮਿ. ਤ੍ਰਿਵੇਦੀ ਮੇਰੇ ਇਸ ਰਿਸ਼ਤੇਦਾਰ ਨੂੰ ਮਿਲਣਾ ਮੰਨ ਗਏ ਤੇ ਮਿਲੇ ਤੇ ਉਸ ਨੂੰ ਆਖਿਆ ਕਿ ਨਕਾਸੀ ਜਾਇਦਾਦ ਵਿਚੋਂ ਪੈਦਾਇਸ਼ ਦੀ ਗ਼ੈਰ-ਕਾਨੂੰਨੀ ਅਤੇ ਧੋਖੇ ਨਾਲ ਵਸੂਲ ਕੀਤੀ ਰਕਮ ਉਹ ਜਮ੍ਹਾਂ ਕਰਵਾ ਦੇਵੇ ਅਤੇ ਜਦੋਂ ਉਸ ਨੇ ਇਹ ਜਮ੍ਹਾਂ ਕਰਵਾ ਦਿਤੀ, ਜਿਸ ਦਾ ਮੈਨੂੰ ਕੋਈ ਇਲਮ ਨਹੀਂ ਸੀ, ਸਰਕਾਰ ਨੇ ਮੈਨੂੰ ਆਖਿਆ ਕਿ ਹੋਰ ਕਾਰਵਾਈ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਪੈਦਾਇਸ਼ ਦੀ ਰਕਮ ਸਰਕਾਰੀ ਖਜ਼ਾਨੇ ਜਮ੍ਹਾਂ ਕਰਵਾਈ ਜਾ ਚੁਕੀ ਹੈ। ਮੈਂ ਇਹੋ ਆਦੇਸ ਜਾਰੀ ਕਰ ਦਿੱਤਾ। ਰਾਜਪਾਲ ਨੇ ਏਸੇ ਕੇਸ ਨੂੰ ਮੇਰੀ ਬਦਨੀਤੀ ਅਤੇ ਮੇਰੀ ਪਰਜਾ ਉਤੇ ਧੱਕਾ ਕਰਨ ਦੇ ਸੁਭਾਅ ਦੀ ਉਦਾਹਰਣ ਬਣਾ ਲਇਆ ਤੇ ਆਪਣੇ ਮਿਲਣ ਗਿਲਣ ਵਾਲਿਆਂ, ਸਭਨਾਂ ਨੂੰ ਇਹ ਦਸਿਆ, ਅਤੇ ਖਾਸ ਤੌਰ ਤੇ ਮੇਰੇ ਕਪਤਾਨ ਪੁਲਿਸ ਨੂੰ ਦਸਿਆ ਜਿਸ ਦੇ ਸਹਯੋਗ ਤੇ ਆਦਰ ਬਿਨਾਂ ਮੈਂ ਜ਼ਿਲ੍ਹਾ ਮੈਜਿਸਟ੍ਰੇਟ ਦੇ ਤੌਰ ਤੇ ਇਕ ਦਿਨ ਵੀ ਨਹੀਂ ਤੁਰ ਸਕਦਾ ਸੀ। ਮੈਂ ਇਕ ਰੋਸ ਭਰੀ ਚਿਠੀ ਮਿਤੀ, 7 ਨਵੰਬਰ, 1948 ਸ੍ਰੀ ਯੁਤ ਰਾਜਪਾਲ ਨੂੰ ਲਿਖੀ (ਵੇਖੋ ਇਸ ਕੇਸ ਵਿਚ ਐਗਜ਼ਿਬਿਟ ਪੀ. ਡਬਲਯੂ. 6(10)/16) ਜਿਸ ਦਾ ਰਾਜਪਾਲ ਨੇ ਕੋਈ ਉਤਰ ਨ ਦਿੱਤਾ, ਪਰੰਤੂ ਇਹ ਹਦਾਇਤ ਭੇਜੀ ਕਿ ਇਹੀ ਕੇਸ ਮੇਰੀ ਮੁਅੱਤਲੀ ਤੇ ਨੌਕਰੀ ਤੋਂ ਬਰਤਰਫੀ ਲਈ ਕਾਫੀ ਹੈ ਜਦੋਂ ਕਿ ਕਾਨੂੰਨ ਅਨੁਸਾਰ ਉਹ ਅਜੇਹਾ ਕੋਈ ਨਿਰਣਾ ਕਰਨ ਦਾ ਅਧਿਕਾਰ ਨਹੀਂ ਰਖਦੇ ਸਨ। ਇਸ ਸੰਬੰਧੀ ਸਭ ਕੁਝ ਐਗਜ਼ਿਬਿਟ ਪੀ. ਡਬਲਯੂ. 6(10)/5 ਵਿਚ ਦਰਜ ਹੈ। ਮੈਨੂੰ ਹਾਨੀ ਪਹੁੰਚਾਣ ਦੀਯੋਜਨਾ ਬਾਰੇ ਕਸੇ ਤਰ੍ਹਾਂ ਦੀ ਪੜਤਾਲ ਨੂੰ "ਗ਼ੈਰ ਜ਼ਰੂਰੀ" ਸਮਝਿਆ ਗਇਆ ਮੇਰਾ ਇਸ ਸਰਕਾਰ ਅਧੀਨ ਕੀ ਹਸ਼ਰ ਹੁੰਦਾ ਜੇ ਮੈਂ ਆਪਣੇ ਰਿਸ਼ਤੇਦਾਰ ਦੀ ਕਰਤੂਤ

ਵਿਰੁੱਧ ਕੋਈ ਵੀ ਕਾਰਵਾਈ ਨ ਕਰਦਾ ਜਦੋਂ ਕਿ ਪੁਲਸ ਅਫਸਰ ਨੇ ਉਸ ਦੀ ਮੇਰੇ ਕੋਲ ਰਿਪੋਰਟ ਕੀਤੀ, ਇਹ ਕਲਪਨਾ ਕਰਨਾ ਮੁਸ਼ਕਿਲ ਨਹੀਂ ਹੈ।''ਐਲਿਸ ਇਨ ਵੰਡਰਲੈਂਡ''ਵੱਲ ਫੇਰ ਮੁੜੀਏ। ਇਕ ਦੋਸ਼ੀ ਦਾ ਮੁਕੱਦਮਾ ਸੀ, ਕਚਹਰੀ ਲਗੀ ਹੋਈ ਸੀ। ਖਰਗੋਸ਼ ਨੇ ਸਬੂਤ ਦਾ ਕਾਗਜ਼ ਚੁਕਿਆ। ਖੋਲ੍ਹਣ ਪੁਰ ਪਤਾ ਲੱਗਾ ਕਿ ਇਹ ਸ਼ਹਾਦਤ ਵਿਚ ਪੇਸ਼ ਹੋਣ ਵਾਲੀ ਦਸਤਾਵੇਜ਼ ਨਹੀਂ ਸਗੋਂ ਕਵਿਤਾ ਦਾ ਇਕ ਸੰਗ੍ਰਹ ਹੈ। ਤਦ ਜੱਜ ਪੁਛਦਾ ਹੈ, ''ਕੀ ਇਹ ਦੋਸ਼ੀ ਦੀ ਹਥ ਲਿਖਤ ਹੈ ?'' ਚਿੱਟਾ ਖਰਗੋਸ਼ ਆਖਦਾ ਹੈ, ''ਨਹੀਂ, ਇਹੀ ਤਾਂ ਇਸ ਬਾਰੇ ਅਜੀਬ ਗੱਲ ਹੈ। '' ਇੱਟ ਦਾ ਬਾਦਸ਼ਾਹ ਆਖਦਾ ਹੈ, ''ਇਸ ਨੇ ਕਿਸੇ ਹੋਰ ਦੀ ਹੱਥ ਲਿਖਤ ਨਕਲ ਕੀਤੀ ਹੋਵੇਗੀ।'' ਦੋਸ਼ੀ ਆਖਦਾ ਹੈ, ''ਮਹਾਰਾਜ, ਮੈਂ ਨਹੀਂ ਲਿਖਿਆ, ਕੀ ਸਬੂਤ ਹੈ ਕਿ ਮੈਂ ਲਿਖਿਆ ਹੈ। ਇਸ ਪੁਰ ਮੇਰੇ ਦਸਖਤ ਨਹੀਂ ਹਨ।'' ਇੱਟ ਦੇ ਬਾਦਸ਼ਾਹ ਨੇ ਆਖਿਆ, ''ਤਾਂ ਤੇ ਹੋਰ ਭੀ ਮਾੜੀ ਗੱਲ ਹੈ, ਸ਼ਰਾਰਤ ਜ਼ਰੂਰ ਤੂੰ ਹੀ ਕੀਤੀ ਹੈ, ਜੇ ਨ ਕੀਤੀ ਹੁੰਦੀ ਤਾਂ ਅਖੀਰ ਤੇ ਦਸਖਤ ਕਰਦਾ।'' ਇਹੋ ਜੇਹੀਆਂ ਕਿੰਨੀਆਂ ਉਦਾਹਰਣਾ ਹੋਰ ਹਨ ਜਿਨ੍ਹਾਂ ਵੱਲ ਸੰਪੂਰਨ ਸੰਕੇਤ ਕਰਨਾ ਵੀ ਸੰਭਵ ਨਹੀਂ। ਕਾਨੂੰਨ ਦੀ ਪ੍ਰਵਾਹ ਨਾਂਹ ਕਰਕੇ, ਮਨੁੱਖਤਾ ਦੀ ਹਰ ਚੰਗਿਆਈ ਨੂੰ ਅਖੋਂ ਉਹਲੇ ਕਰਕੇ ਅਤੇ ਮੇਰੇ ਨਿਮ੍ਰਤਾ ਪੂਰਵਕ ਰੋਸ ਪੱਤ੍ਰਾਂ ਦੇ ਬਾਵਜੂਦ ਵੀ ਹਰ ਯਤਨ ਕੀਤਾ ਗਇਆ ਕਿ ਮੈਨੂੰ ਨੌਕਰੀ 'ਚੋਂ ਕੱਢ ਦਿਤਾ ਜਾਵੇ ਜਾਂ ਪਾਗਲ ਕਰ ਦਿਤਾ ਜਾਵੇ।

14. 1948 ਦੀਆਂ ਗਰਮੀਆਂ ਵਿੱਚ ਭੜੋਲੀਆਂ ਪਿੰਡ ਦਾ ਰਾਮ ਕਿਸ਼ਨ, ਜ਼ਿਲ੍ਹਾ ਹੁਸ਼ਿਆਰਪੁਰ ਦਾ ਇਕ ਕਮਿਊਨਿਸਟ, ਗ੍ਰਿਫਤਾਰੀ ਤੋਂ ਡਰਦਾ ਲੁਕ ਗਇਆ। ਪੰਜਾਬ ਸਰਕਾਰ ਜ਼ਿਲ੍ਹਾ ਅਧਿਕਾਰੀਆਂ ਪੁਰ ਮੁੜ ਮੁੜ ਦਬਾ ਪਾ ਰਹੀ ਸੀ ਕਿ ਇਸ ਨੂੰ ਫੜਨ ਦਾ ਪ੍ਰਬੰਧ ਕੀਤਾ ਜਾਵੇ ਕਿਉਂ ਕਿ ਇਹ ਸਰਕਾਰ ਦੇ ਹਿਤਾਂ ਦੇ ਵਿਪਰੀਤ ਕੰਮ ਕਰ ਰਹਿਆ ਸੀ। ਮੈਨੂੰ ਇਹ ਤਿਲਾਹ ਮਿਲੀ ਕਿ ਮੋਹਨ ਲਾਲ ਦੱਤ, ਐਮ. ਐਲ. ਏ. ਜਿਸ ਦਾ ਸੰਬੰਧ ਉਪ੍ਰੋਕਤ ਆਈਟਮ ਨੰਬਰ 9 ਨਾਲ ਹੈ, ਇਸ ਕਮਿਊਨਿਸਟ ਨੂੰ ਪਨਾਹ ਦੇ ਰਹਿਆ ਹੈ. ਏਸ ਲਈ ਉਸ ਨੂੰ ਫੜਨਾ ਮੁਸਕਿਲ ਹੈ। ਮੈਂ ਸਾਧਾਰਣ ਮਤੇ ਸਰਕਾਰ ਨੂੰ ਇਹ ਇਤਲਾਹ ਭੇਜ ਦਿਤੀ, ਪਰ ਮਾਨਯੋਗ ਮੁਖ ਮੰਤ੍ਰੀ ਡਾ: ਗੋਪੀ ਚੰਦ ਭਾਰਗਵ ਨੇ ਮੇਰੀ ਇਹ ਗੁਪਤ ਚਿਠੀ, ਸਰਕਾਰੀ ਮਰਯਾਦਾ ਨੂੰ ਭੰਗ ਕਰਕੇ, ਪੰਡਤ ਮੋਹਨ ਲਾਲ ਦੱਤ ਨੂੰ ਦਿਖਾ ਦਿਤੀ ਤੇ ਉਸ ਨੂੰ ਇਹ ਆਖਿਆ ਕਿ ''ਭਾਵੇਂ ਕਪੂਰ ਸਿੰਘ ਨੇ ਤੇਰੇ ਵਿਰੁੱਧ ਸ਼ਿਕਾਇਤ ਭੇਜੀ ਹੈ ਪਰ ਮੈਨੂੰ ਉਸ ਉਤੇ ਯਕੀਨ ਨਹੀਂ''। ਮੈਨੂੰ ਲਿਖਤੀ ਹਿਦਾਇਤ ਭੀ ਭੇਜੀ ਕਿ ਪੰਡਤ ਮੋਹਨ ਲਾਲ ਦੱਤ, ਐਮ. ਐਲ. ਏ. ਵਿਰੁਧ ਕੋਈ ਕਾਰਵਾਈ ਨਹੀਂ ਕਰਨੀ ਹੋਵੇਗੀ। ਮੈਂ ਇਸ ਗੱਲ ਦਾ ਰੋਸ ਕੀਤਾ ਕਿ ਸਰਕਾਰ ਨੇ ਮੇਰੀ ਗੁਪਤ ਚਿਠੀ ਉਸੇ ਆਦਮੀ ਨੂੰ ਕਿਉਂ ਦਿਖਾ ਦਿਤੀ ਹੈ ਜਿਸ ਦੇ ਖਿਲਾਫ ਇਹ ਲਿਖੀ ਗਈ ਸੀ ਤੇ ਮੈਂ ਮਾਨਯੋਗ ਮੁਖ ਮੰਤ੍ਰੀ ਤੋਂ ਪੁਛਿਆ ਕਿ ਮੈਂ ਕਿਸ ਗਲੋਂ ਭਰੋਸੇਯੋਗ ਨਹੀਂ ਹਾਂ। ਪਰ ਇਸ ਦਾ ਕੋਈ ਉੱਤਰ ਨ ਆਇਆ। ਇਸ ਤਰ੍ਹਾਂ ਇਹ ਮੋਹਨ ਲਾਲ ਦੱਤ ਮੇਰਾ ਜਾਨੀ ਦੁਸ਼ਮਣ ਬਣ ਗਇਆ ਅਤੇ ਮੇਰੇ ਖਿਲਾਫ ਉਰਦੂ, ਹਿੰਦੀ ਦੇ ਅਖਬਾਰਾਂ 'ਚ ਅਸ਼ਲੀਲ ਲੇਖ ਲਿਖਦਾ ਰਹਿਆ। ਉਹ ਮੁਖ ਮੰਤ੍ਰੀ ਦੇ ਸ਼ਬਦਾਂ ਦਾ ਸੰਕੇਤ ਦਿੰਦਾ ਰਹਿਆ ਕਿ ਕਪੂਰ ਸਿੰਘ ਇਕ ਅਣਚਾਹਿਆ ਜ਼ਿਲ੍ਹਾ ਮੈਜਿਸਟ੍ਰੇਟ ਹੈ ਜੋ ਸਤਕਾਰ ਯੋਗ ਕਾਂਗ੍ਰਸੀਆਂ ਦੇ ਖਿਲਾਫ ਝੂਠੀਆਂ ਰਿਪੋਰਟਾਂ ਦਿੰਦਾ ਰਹਿੰਦਾ ਹੈ। ਮੈਂ ਇਨ੍ਹਾਂ ਬਦਨਾਮ ਕਰਨ ਵਾਲੇ ਲੇਖਾਂ ਦੇ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕਰਨ ਦਾ ਸੁਝਾ ਦਿੱਤਾ ਪਰ

ਪੰਜਾਬ ਸਰਕਾਰ ਉਤਰ ਦੇਣ ਵਲੋਂ ਅਵੇਸਲੀ ਰਹੀ । ਛੇਤੀ ਹੀ ਇਹ ਕਮਿਊਨਿਸਟ ਰਾਮ ਕਿਸ਼ਨ ਭੜੋਲੀਆਂ ਨੂੰ ਜਾਲੰਧਰ ਵਿਖੇ ਸਪੈਸਲ ਪੁਲੀਸ ਨੇ ਗ੍ਰਿਫਤਾਰ ਕਰ ਲਇਆ ਅਤੇ ਪੜਤਾਲ ਦੇ ਦੌਰਾਨ ਉਸ ਨੇ ਦਸਿਆ ਕਿ ਉਸ ਨੂੰ ਅਗਿਆਤ ਵਾਸ ਦੇ ਦੌਰਾਨ ਮਾਨਯੋਗ ਕਾਂਗ੍ਰਸੀ ਪੰਡਤ ਮੋਹਨ ਲਾਲ ਦੱਤ ਨੇ ਪਨਾਹ ਦਿਤੀ ਰੱਖੀ ਹੈ । ਮੈਂ ਇਸ ਗੱਲ ਵੱਲ ਸਰਕਾਰ ਦਾ ਧਿਆਨ ਦੁਆਇਆ । ਪਰ ਸਰਕਾਰ ਨੇ ਮੇਰੇ ਨਾਲ ਹੋਏ ਅਨਿਆਂ ਤੇ ਭੈੜੇ ਵਿਵਹਾਰ ਦਾ ਭੋਰਾ ਭਰ ਵੀ ਅਫਸੋਸ ਨ ਕੀਤਾ ।

15. ਮਹੀਨਾ ਜੁਲਾਈ, 1948 ਵਿਚ ਮਿ. ਭਿੰਡੇ ਗ੍ਰਹ ਸਕੱਤਰ ਲੱਗ ਗਇਆ ਤੇ ਇਸ ਪਦ ਪੁਰ ਸਾਲ ਭਰ ਲਈ ਲੱਗਾ ਰਹਿਆ । ਸ਼ੁਰੂ ਸ਼ੁਰੂ ਵਿਚ ਉਸ ਨੇ ਇਕ ਗੁਪਤ ਨੀਤੀ-ਪੱਤ੍ਰ ਮਿਤੀ 28 ਜੁਲਾਈ, 1948, ਨੰ: 11201-13-ਐਸ.ਬੀ.(ਉਪਸਥਿਤ) ਭੇਜਿਆ । ਇਸ ਵਿਚ ਉਸ ਨੇ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਹਦਾਇਤਾਂ ਭੇਜੀਆਂ ਕਿ ਕਿਸੇ ਵਿਅਕਤੀਗਤ ਕੇਸ ਲਈ ਸਰਕਾਰ ਦੀ ਅਗਾਊ ਮਰਜ਼ੀ ਤੋਂ ਬਿਨਾਂ ਪੰਜਾਬ ਪਬਲਿਕ ਸੇਫਟੀ ਐਕਟ ਨੂੰ ਵਰਤੋਂ ਵਿਚ ਨ ਲਿਆਂਦਾ ਜਾਵੇ । ਮੈਂ ਜਵਾਬ ਵਿਚ ਲਿਖਿਆ (ਨਕਲ 11/1) ਕਿ ਅਜੇਹਾ ਹੁਕਮ ਉੱਕਾ ਗੈਰਕਾਨੂੰਨੀ ਹੈ ਕਿਉਂਕਿ ਲੈਜਿਸਲੇਚਰ ਨੇ ਕਈ ਸੰਗੀਨ ਜੁਰਮ ਅਜੇਹੇ ਨਿਸਚਿਤ ਅਤੇ ਐਕਤ ਕੀਤੇ ਹੋਏ ਹਨ ਜਿਨ੍ਹਾਂ ਦੀ ਜ਼ਮਾਨਤ ਵੀ ਨਹੀਂ ਹੋ ਸਕਦੀ ਅਤੇ ਜੇਹੜੇ ਹਿੰਦ ਡੰਡਾਵਲੀ ਅਥਵਾ ਤਾਜ਼ੀਰਾਤੇ ਹਿੰਦ ਅਨੁਸਾਰ ਕਾਬਲੇ ਦਸਤ ਅੰਦਾਜ਼ੀ ਜੁਰਮ ਦੀ ਮਾਰ ਵਿਚ ਆ ਜਾਂਦੇ ਹਨ। ਜਿਵੇਂ ਹਿੰਦ ਡੰਡਾਵਲੀ ਨੂੰ ਕੇਵਲ ਕਾਰਜਕਾਰੀ ਸਰਕਾਰਦੇ ਕੋਈ ਗੁਪਤ ਪਤ੍ਰ ਦੇ ਆਧਾਰ ਤੇ ਇਕ ਪਾਸੇ ਨਹੀਂ ਰਖਿਆ ਜਾ ਸਕਦਾ ਤਿਵੇਂ ਇਨ੍ਹਾਂ ਪੰਜਾਬ ਪਬਲਿਕ ਸੇਫਟੀ ਕਾਨੂੰਨਾਂ ਦਾ ਵੀ ਲੈਜਿ-ਸਲੇਚਰ ਹੀ ਸ਼ੰਸ਼ੋਧਨ ਕਰ ਸਕਦੀ ਹੈ, ਅਤੇ ਜੇ ਸਰਕਾਰ ਚਾਹੁੰਦੀ ਹੈ ਕਿ ਇਨ੍ਹਾਂ ਪੁਰ ਕੋਈ ਅਮਲ ਹੀ ਨ ਕੀਤਾ ਜਾਵੇ ਯਾ ਸਰਕਾਰ ਨੂੰ ਪਹਿਲਾਂ ਪੁਛ ਲਿਆ ਜਾਵੇ ਤਦ ਐਕਟ ਵਿਚ ਸੰਸ਼ੋਧਨ ਕਰਨਾ ਜ਼ਰੂਰੀ ਹੈ । ਗੱਲ ਮਾਮੂਲੀ ਸੀ ਕਿ ਲੈਜਿਸਲੇਟਿਵ, ਐਗਜ਼ੈਕਟਿਵ ਤੇ ਜ਼ਿਊਡਿਸ਼ਰੀ ਜੋ ਕਿ ਸਰਕਾਰ ਦੇ ਤਿੰਨ ਪਰੰਪਰਾਈ ਅੰਗ ਹਨ ਉਨ੍ਹਾਂ ਦੀਆਂ ਸਤੱਾਵਾਂ ਦਾ ਨਿਖੇੜ ਹੋਵੇ, ਪਰ ਜਿਵੇਂ ਕਿ ਚੋਖੇ ਸਬੂਤ ਇਸ ਕੇਸ ਵਿਚ ਲਭਦੇ ਹਨ ਕਿ ਵਿਸ਼ੇਸ਼ ਤੌਰ ਤੇ, ਮਿ. ਭਿੱਡੇ, ਤੇ ਸਾਧਾਰਨ ਤੌਰ ਤੇ ਪੰਜਾਬ ਸਰਕਾਰ ਨੇ ਅਗਿਆਨ ਵੱਸ ਜਾਂ ਜਾਣ ਬੁਝ ਕੇ ਨਾਜ਼ਈਆਂ ਵਾਂਗ ਤਿੰਨੇ ਤਰ੍ਹਾਂ ਦੀ ਸੱਤਾ ਐਗ-ਜ਼ੈਕਟਿਵ ਸਰਕਾਰ ਨੂੰ ਹੀ, ਬਿਨਾਂ ਕਿਸੇ ਕਾਨੂੰਨੀ ਪ੍ਰਕ੍ਰਿਆ ਦੇ ਸੌਂਪ ਦਿਤੀਆਂ । ਪਰ ਕਿਸੇ ਰਹੱਸ ਨਾਲ ਅਤੇ ਅਗਜ਼ੈਕਟਿਵ ਅਫਸਰਾਂ ਦੇ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਗੁਪਤ ਲਿਖਤੀ ਤੇ ਜ਼ਬਾਨੀ ਆਦੇਸ਼ਾਂ ਨਾਲ ਕਹਿਆ ਗਇਆ ਕਿ ਜੋ ਕੋਈ ਇਤਰਾਜ਼ ਕਰੇਗਾ ਉਸ ਦੀ ਇਸ ਕਾਰਵਾਈ ਨੂੰ ਭੀ ਕਾਨੂਨ ਦਾ ਵਿਰੋਧ ਸਮਝਿਆ ਜਾਵੇਗਾ, "ਉਹ ਮੁਖ ਮੰਤ੍ਰੀ ਤੋਂ ਲੈਕੇ ਸਕੱਤਰਾਂ ਤੀਕ ਸਰਕਾਰ ਦੇ ਹੁਕਮ ਨੂੰ ਤੋੜੇਗਾ", (ਜਿਹਾ ਕਿ ਮੇਰੀ ਫਾਈਲ ਉਤੇ ਨੋਟਾਂ ਤੋਂ ਸਪਸ਼ਟ ਹੈ) । ਅਜੇਹੇ ਹੈਂਕੜਬਾਜ਼ ਨੂੰ ਸ਼ਰਕਾਰੀ ਨੌਕਰੀ ਤੋਂ ਲਾਹ ਦਿਤਾ ਜਾਵੇਗਾ ਕਿਉਂਕਿ ਇਸ ਸੂਬੇ ਨੂੰ 'ਰਹਣ ਦੇ ਯੋਗ' ਬਣਾਉਣਾ ਹੈ । ਮਿ. ਭਿਡੇ ਅਜੇਹਾ ਬੜੀ ਤੀਬਰਤਾ ਨਾਲ ਅਨੁਭਵ ਕਰਦਾ ਹੈ । (ਵੇਖੋ ਨਕਲ 2(6)15) । ਮੈਂ ਏਥੇ ਇਕ ਹਵਾਲਾ, 1942 ਦੀ 'ਗੋਇਬਲਸ ਡਾਇਰੀ, ਦੀ ਜੋ ਕਿ ਅਮਰੀਕਨਾਂ ਨੇ ਹੁਣੇ ਛੱਪੀ ਹੈ, ਤੇ ਹੁਣੇ (1948 ਵਿਚ), ਡਬਲਡੇ

ਐਂਡ ਕੰਪਨੀ, ਨਿਊਯਾਰਕ, ਨੇ ਛਾਪੀ ਹੈ, ਵਿਚੋਂ ਇਕ ਪੈਰਾ ਦੇਣਾ ਚਾਹੁੰਦਾ ਹਾਂ । ਵੀਹ ਮਾਰਚ, 1942 ਦੇ ਅੰਦਰਾਜ ਵਿਚ ਇਕ ਲੰਬਾ ਚੋੜਾ ਪੈਰਾ ਹੈ ਜਿਸ ਵਿਚ ਡਾਕਟਰ ਗੋਇਬਲਸ ਲਿਖਦਾ ਹੈ :—

"ਸਰਬਸ਼ਕਤੀਮਾਨ ਨੇਤਾ, ਫਿਊਹਰਰ, (ਹਿਟਲਰ) ਨੇ ਅੱਗੇ ਤੋਂ ਸਖਤੀ ਨਾਲ ਰਾਜ ਕਰਨ ਦਾ ਫੈਸਲਾ ਕਰ ਲਿਆ ਹੈ ..................ਮੈਂ ਇਕ ਕਾਨੂੰਨ ਦਾ ਸੁਝਾ ਦਿਤਾ ਹੈ ਕਿ ਜੋ ਨੈਸ਼ਨਲ ਸੋਸ਼ਿਲਿਸਟ ਸਿਧਾਂਤਾਂ ਨੂੰ ਤੋੜੇ ਉਸ ਨੂੰ ਉੱਗਰ ਦੰਡ ਦਿਤਾ ਜਾਵੇ ..................ਅਸੀਂ ਉਨ੍ਹਾਂ ਨੂੰ ਅਪਣੇ ਕਾਬੂ ਕਰਨ ਲਈ ਨਵਾਂ ਆਧਾਰ ਲਭੀਏ । ਸਲੇਗਲਬਰਗਰ ਜੋ ਕਿ ਨਿਆਂ ਮੰਤ੍ਰਾਲੇ ਦਾ ਉਪ ਸਕੱਤਰ ਹੈ, ਮੇਰੀਆਂ ਕਈਆਂ ਬੇਨਤੀਆਂ ਨੂੰ ਇਹ ਆਖ ਕੇ ਠੁਕਰਾ ਦਿੰਦਾ ਰਹਿਆ ਹੈ ਕਿ ਇਹ ਕਾਨੂਨ-ਵਿਰੁੱਧ ਹਨ । ..................ਇਹ ਆਧਾਰ ਯੋਗ ਕਾਨੂੰਨ ਨਾਲ ਉਤਪੰਨ ਕੀਤਾ ਜਾਵੇ । .............. ਕਾਨੂੰਨ ਰਾਜ ਸਤਾ ਦਾ ਸੁਾਮੀ ਨਹੀਂ ਸਗੋਂ ਰਾਜ ਦੀ ਨੀਤੀ ਦਾ ਸੇਵਾਦਾਰ ਬਣਾਇਆ ਜਾਵੇ ।"

ਇਹ ਡਾਕਟਰ ਗੋਇਬਲਜ਼ ਦਾ ਵਿਚਾਰ, ਮੇਰੇ ਵਿਰੁੱਧ ਪੰਜਾਬ ਸਰਕਾਰ ਦੇ ਸਕਤ੍ਰੇਤ-ਨੋਟ, ਜੋਹੜਾ ਰਿਕਾਰਡ ਵਿਚ ਨਕਲ 2(6)/15 ਉੱਤੇ ਹੈ, ਨਾਲ ਠੀਕ ਤੇ ਵਧੀਆ ਮੁਕਾਬਲਾ ਕਰਦਾ ਹੈ । ਇਸ ਕਚਹਰੀ ਦੇ ਚੀਫ ਜਸਟਸ ਨੇ, ਆਪਣੀ ਬੜੀ ਸਿਆਣਪ ਨਾਲ ਆਦੇਸ਼ ਦਿਤਾ ਹੈ ਕਿ ਅਗੇ ਤੋਂ ਅਸਲ ਦਸਤਾਵੇਜ਼ਾਂ ਕਚਹਰੀ ਵਿਚ ਨ ਲਿਆਈਆਂ ਜਾਇਆਂ ਕਰਨ ਕਿਉਂਕਿ ਹੋ ਸਕਦਾ ਹੈ ਕਿ ਉਨ੍ਹਾਂ ਪੁਰ ਸਕਤਰਾਂ ਜਾਂ ਰਾਜ ਪਾਲ ਦਾ ਕੁਝ ਲਿਖਿਆ ਹੋਇਆ ਹੋਵੇ ਤੇ ਇਹ ਲਿਖਤ ਕਿਸੇ ਨਿਰਪੱਖ ਨਿਰੀਖਣ ਦੇ ਯੋਗ ਨ ਹੋਵੇ । ਮੈਨੂੰ ਕੁਝ ਇਕ ਲਿਖਤਾਂ, ਜੋ ਕਿ 1947 ਤੋਂ, ਖਾਸ ਤੌਰ ਤੇ ਰਾਜਪਾਲ ਤ੍ਰਿਵੇਦੀ ਤੇ ਚੀਫ ਸਕੱਤਰ ਸਚਦੇਵ, ਗ੍ਰਹ ਸਕੱਤਰ ਭਿੜੇ ਤੇ ਹੋਰ ਵਿਸ਼ੇਸ਼ ਮੰਤ੍ਰੀਆਂ ਦੁਆਰਾ ਲਿਖੀਆਂ ਜਾਂ ਲਿਖੀਆਂ ਜਾ ਰਹੀਆਂ ਹਨ ਦਾ ਪਤਾ ਹੈ । ਪੰਜਾਬ ਸਰਕਾਰ ਦੇ ਸਕਤ੍ਰੇਤ ਤੇ ਬਹੁਤ ਸਾਰੇ ਲਿਖਤੀ ਨੋਟਾਂ ਤੇ ਵਿਚਾਰਾਂ ਦੇ ਟਾਕਰੇ ਤੇ 'ਗੋਇਬਲਸ ਡਾਇਰੀਜ਼' ਸਰਕਾਰ ਦੇ ਇਕ ਮਹਤਵਪੂਰਣ ਅਧਿਕਾਰੀ ਦੀਆਂ ਆਦਰਯੋਗ ਅਤੇ ਜ਼ਿੰਮੇਦਾਰ ਲਿਖਤਾਂ ਦਾ ਸੰਗ੍ਰਹ ਜਾਪਦਾ ਹੈ । ਖਬਰੇ ਅਧਿਆਤਮਕ ਸਮਾਨਤਾਂ ਕਾਰਨ, ਮੈਂ ਉਪ ਸਕੱਤਰ ਸੈਗਲਬਰਗਰ ਵਿਚ ਡੂੰਘੀ ਦਿਲਚਸਪੀ ਲੈਣ ਲਗ ਪਇਆ ਸਾਂ ਕਿ ਵੇਖੀਏ ਇਸ ਨਾਲ ਕੀ ਵਾਪਰਦੀ ਹੈ, ਜਿਸ ਨੇ ਇਸ ਲਈ ਆਪਹੁਦਰੇ, ਉਤੋਂ ਆਏ, ਹੁਕਮ ਪ੍ਰਵਾਨ ਨਹੀਂ ਸਨ ਕੀਤੇ ਕਿਉਂਕਿ ਇਨ੍ਹਾਂ ਦਾ ਕੋਈ ਕਾਨੂੰਨੀ ਆਧਾਰ ਨਹੀਂ ਸੀ । 'ਗੋਇਬਲ ਡਾਈਰੀਜ਼' ਇਸ ਬਾਰੇ ਖਾਮੋਸ਼ ਹੈ ਪਰ ਮੈਨੂੰ ਪਤਾ ਹੈ ਕਿ ਮੇਰੀ ਪਹਲਾਂ ਤੋਂ ਹੀ ਨਿਸ਼ਚਿਤ ਹੋਣੀ ਸੰਬੰਧੀ ਪੰਜਾਬ ਸਕੱਤਰੇਤ ਦੀਆਂ ਟਿਪਣੀਆਂ ਬੜੀ ਈਮਾਨਦਾਰੀ ਤੇ ਖੁਲ੍ਹ ਨਾਲ 1948 ਤੋਂ ਲਿਖੀਆਂ ਗਈਆਂ ਹਨ । ਡਾ: ਗੋਪੀ ਚੰਦ ਭਾਰਗਵ, ਦਸੰਬਰ, 1948 ਵਿਚ ਹੋਸ਼ਿਆਰਪੁਰ ਆਏ ਅਤੇ ਉਨ੍ਹਾਂ ਨੇ ਮੈਨੂੰ ਕੁਝ ਅਜੇਹੇ ਨੋਟ ਦਿਖਾਏ ਤੇ ਮੈਨੂੰ ਮਿਹਰਬਾਨੀ ਭਰੀ ਨਸੀਹਤ ਭੀ ਕੀਤੀ । ਉਹ ਆਖਣ ਲਗੇ, "ਤੂੰ ਇਹ ਆਖਦਾ ਰਹਿੰਦਾ ਹੈਂ ਕਿ ਸਰਕਾਰ ਦਾ ਫਲਾਣਾ ਹੁਕਮ ਗੈਰ ਕਾਨੂੰਨੀ ਹੈ, ਅਮਕਾ ਸਕੱਤਰ ਗਲਤ ਹੁਕਮ ਭੇਜ ਰਹਿਆ ਹੈ । ਤੂੰ ਸਰਕਾਰ ਨੂੰ ਆਰਾਮ ਨਾਲ ਕਿਉਂ ਨਹੀਂ ਚੱਲਣ ਦਿੰਦਾ । ਇਸੇ ਕਾਰਣ ਹਰ

ਸਕੱਤਰ ਤੇਰਾ ਦੁਸ਼ਮਣ ਬਣਿਆ ਹੋਇਆ ਹੈ, ਕਿਉਂ ਕਿ, ਤੇਰੀਆਂ ਚਿਠੀਆਂ ਰਿਕਾਰਡ ਵਿਚ ਜਾਂਦੀਆਂ ਹਨ ਤੇ ਦਫਤਰੀ ਬਾਬੂ ਉਨ੍ਹਾਂ ਨੂੰ ਪੜ੍ਹਦੇ ਹਨ ਅਤੇ ਅਪਣੇ ਅਫਸਰਾਂ ਦੀ ਖਿੱਲੀ ਉਡਾਉਂਦੇ ਹਨ। ਇਸ ਤਰ੍ਹਾਂ ਸਕੱਤਰਾਂ ਦੀ ਹੀਣਤਾ ਹੁੰਦੀ ਹੈ।" ਮੈਂ ਆਖਿਆ, "ਕੀ ਰਾਜਪਾਲ ਮੇਰਾ ਪੱਖ ਨਹੀਂ ਪੂਰਦੇ ?" ਉਨ੍ਹਾਂ ਆਖਿਆ, "ਮੈਂ ਤੈਨੂੰ ਬਚਾ ਲੈਂਦਾ ਜੇ ਰਾਜਪਾਲ ਤੇਰੇ ਏਨੀ ਬੁਰੀ ਤਰ੍ਹਾਂ ਮਗਰ ਨ ਪਿਆ ਹੁੰਦਾ।" ਮੈਂ ਉਦੋਂ ਨੌਕਰੀ ਪੂਰੀ ਹੋਣ ਤੋਂ ਪਹਿਲਾਂ ਹੀ ਰੀਟਾਇਰ ਹੋਣਾ ਮੰਗਿਆ ਪਰ ਮੁਖ ਮੰਤ੍ਰੀ ਨੇ ਮੈਨੂੰ ਆਖਿਆ ਕਿ ਅਜੇਹਾ ਕਰਨਾ "ਦੇਸ਼ ਦੇ ਹਿਤਾਂ ਵਿਚ ਨਹੀਂ" ਹੈ। ਅਤੇ ਇਹੋ ਸੰਨ 1947 ਵਿਚ, ਕਾਂਗਸੀ ਲੀਡਰਾਂ ਦੀ, ਮੇਰੇ ਵਰਗੇ ਲੱਲ੍ਹੇ ਉੱਚ ਆਈ ਸੀ. ਐਸ, ਆਦਿ ਅਫਸਰਾਂ ਨੂੰ, ਇਨ੍ਹਾਂ ਕੂਟਨੀਤਿਗਾਂ ਦੇ ਜਾਲ ਵਿਚ ਫਸਾਉਣ ਲਈ, ਇਕ ਸਪਸ਼ਟ ਕੁਟਿਲ ਨੀਤੀ ਸੀ। ਇਸ ਤੋਂ ਫੌਰਨ ਪਿੱਛੋਂ, ਜੋ ਡਾਕਟਰ ਭਾਰਗਵ ਨੇ ਮੈਨੂੰ ਹੁਕਮ ਭੇਜਿਆ, ਇਹ ਹੁਕਮ ਮੇਰੀ ਮੁਅੱਤਲੀ ਦਾ ਸੀ ਜੋ ਕਿ ਬਿਲਕੁਲ ਗ਼ੈਰ ਕਾਨੂੰਨੀ, ਗ਼ੈਰ ਵਿਧਾਨਕ ਹੋਣ ਦੇ ਬਾਵਜੂਦ ਵੀ ਚਾਰ ਸਾਲ ਲਈ ਲਾਗੂ ਰਹਿਆ। ਜੇ ਸਕੱਤਰ ਅਪਣੀਆਂ ਗ਼ਲਤੀਆਂ ਦਬੀਆਂ ਜਾਣੀਆਂ ਨਹੀਂ ਚਾਹੁੰਦੇ, ਤਾਂ ਮੰਤ੍ਰੀ ਉਨ੍ਹਾਂ ਦੀ ਸਹਾਇਤਾ ਕਿਉਂ ਕਰ ਰਹੇ ਹਨ ? ਮੈਂ ਆਪਣੇ ਜ਼ਿਲ੍ਹਾ ਮੈਜਿਸਟ੍ਰੇਟੀ ਦੇ ਅਨੁਭਵ ਤੋਂ ਇਸ ਦਾ ਕਾਰਨ ਸਮਝਦਾ ਹਾਂ। ਹਰ ਉਹ ਬੰਦਾ, ਜਿਸ ਦੇ ਵਿਰੁੱਧ ਸਰਕਾਰੀ ਕਰਮਚਾਰੀ ਕੋਈ ਕਾਨੂਨੀ ਕਾਰਰਵਾਈ ਕਰਨ ਲਈ ਮਜਬੂਰ ਹੋਣ, ਜੇ ਉਹ ਕੋਈ ਰਾਜਨੈਤਿਕ ਮਹੱਤਵ ਰਖਦਾ ਹੋਵੇ ਤੇ ਲੋਕਰਾਜੀ ਸੰਸਥਾਵਾਂ ਵਿਚ ਕੋਈ ਅਧਿਕਾਰ ਭੀ ਰਖਦਾ ਹੋਵੇ, ਤਦ ਉਹ ਮੰਤ੍ਰੀਆਂ ਲਈ ਲਾਹੇਵੰਦਾ ਹੁੰਦਾ ਹੈ। ਇਸੇ ਲਈ ਉਹ ਇਸ ਤਰ੍ਹਾਂ ਦੇ ਸਭਨਾਂ ਕੇਸਾਂ ਵਿਚ ਆਪਣੀ ਲੱਤ ਅੜਾ ਦਿੰਦੇ ਹਨ। ਇਹ ਤਾਂ ਹੀ ਹੋ ਸਕਦਾ ਹੈ ਜੇ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਕੇਵਲ ਚਾਪਲੂਸ ਬਣਾ ਦਿਤਾ ਜਾਵੇ ਜਾਂ ਨਿੱਤ ਦੇ ਪ੍ਰਬੰਧ ਦੀਆਂ ਤੰਦਾਂ ਸ਼ਿਮਲੇ ਬੈਠੇ ਕੁਝ ਲੋਕਾਂ ਦੇ ਹਥ ਦੇ ਦਿਤੀਆਂ ਜਾਣ। ਮੈਂ ਕਰਤੱਵ ਪਾਲਣ ਵਜੋਂ ਤੇ ਮਹਾਨ ਭਾਰਤੀ ਆਗੂਆਂ ਦੀਆਂ ਰੋਜ਼ਾਨਾਂ ਅਪੀਲਾਂ ਨੂੰ ਅੱਲ੍ਹੜਾਂ ਵਾਂਗ ਸੱਚ ਮੰਨਦੇ ਹੋਏ ਕਿ ਸਰਕਾਰੀ ਅਫਸਰ ਆਪਣਾ ਕੰਮ ਕਾਨੂੰਨ ਤੇ ਨਿਯਮ ਅਨੁਸਾਰ ਚਲਾਉਂਦੇ ਰਹਣ, ਅਤੇ ਭਾਰਤ ਸਰਕਾਰ ਉਨ੍ਹਾਂ ਦੀ ਰਖਿਆ ਕਰੇਗੀ, ਪੂਰੇ ਤਾਣ ਨਾਲ ਇਹ ਦੋਵੇਂ ਗਲਾਂ ਨਿਭਾਉਂਦਾ ਰਹਿਆ। ਇਹੀ ਮੇਰੇ ਵਿਰੁਧ ਸਰਕਾਰ ਦੀ ਬੇਪਨਾਹ ਤੇ ਬੇਦਲੀਲ ਨਫਰਤ ਦਾ ਕਾਰਣ ਬਣਿਆ। ਦਸਤਾ-ਵੇਜ਼ਾਂ (ਪੀ. ਡਬਲਯੂ. 2(6)/22, ਅਤੇ 2.(6)/20, ਅਤੇ 2(6)/21) ਪ੍ਰਗਟ ਕਰਦੀਆਂ ਹਨ ਕਿ ਐਗਜ਼ੈਕਟਿਵ ਸਰਕਾਰ ਕਿਵੇਂ ਹਰ ਰੋਜ਼ 'ਰੈਕੁਈਜ਼ੀਸ਼ਨਿੰਗ ਆਵ ਇਮੂਵੇਬਲ ਪ੍ਰਾਪਰਟੀ' ਐਕਟ ਦੇ ਲਾਗੂ ਕਰਨ ਵਿਚ ਸਰਾਸਰ ਗੈਰਕਾਨੂਨੀ ਧੱਕੇਸ਼ਾਹੀ ਕਰਦੀ ਰਹੀ ਹੈ।

16. ਜ਼ਿਲ੍ਹਾ ਹੁਸ਼ਿਆਰਪੁਰ ਵਿਚ 'ਓਇਲ' ਨਾਮੀ ਪਿੰਡ ਵਿਚ ਗਾਂਧੀ ਆਸ਼ਰਮ ਨਾਂ ਦੀ ਸੰਸਥਾ ਹੈ ਤੇ ਗੋਪੀ ਚੰਦ ਭਾਰਗਵ ਦਾ ਇਸ ਨਾਲ ਕਈ ਵਰ੍ਹੇ ਪੁਰਾਣਾ ਸੰਬੰਧ ਹੈ ਤੇ ਇਹ ਸੰਬੰਧ ਉਨ੍ਹਾਂ ਦੇ 1947 ਵਿਚ ਮੁਖ ਮੰਤ੍ਰੀ ਬਣਨ ਤੀਕ ਬਣਿਆ ਰਹਿਆ। ਇਹ ਦੋਸ਼ ਲਾਇਆ ਗਿਆ ਸੀ ਕਿ ਅਗਸਤ 1947 ਦੀਆਂ ਗੜਬੜਾਂ ਵੇਲੇ ਅਤੇ ਮਗਰੋਂ ਵ ਇਸ ਆਸ਼ਰਮ ਦਾ ਮੈਨੇਜਰ, ਮੁਸਲਮਾਨ ਸੰਪਤੀ ਦੀ ਲੁਟ ਮਾਰ ਦਾ ਧੰਦਾ ਕਰਦਾ ਰਹਿਆ ਹੈ,

ਅਤੇ ਉਹ, ਬਿਨਾ ਕਿਸੇ ਅਧਿਕਾਰ ਦੇ, ਸਰਕਾਰੀ ਸੱਤਾ ਅਖਤਿਆਰ ਕਰਕੇ ਪਿੰਡ ਦੇ ਅਧਿਕਾਰੀਆਂ ਦੀ ਨਿਯੁਕਤੀ ਕਰਨ ਲਗ ਪਇਆ। ਮੈਂ ਉਸ ਦੇ ਚਾਲ ਚਲਣ ਦੀ ਪੜਤਾਲ ਆਰੰਭ ਦਿਤੀ। ਲੁਟ, ਹੇਰਾ ਫੇਰੀ, ਧੱਕਾ ਧਾੜਾ ਦੇ ਕਈ ਸਬੂਤਾਂ ਨੇ ਇਸ ਦਾ ਭੇਤ ਖੋਲ੍ਹਿਆ ਅਤੇ ਬਹੁਤ ਸਾਰੇ ਲਿਖਤੀ ਸਬੂਤਾਂ ਨੇ ਸਿੱਧ ਕਰ ਦਿਤਾ ਕਿ ਗਾਂਧੀ ਦੇ ਇਸ ਪੈਰੋਕਾਰ ਨੇ ਕਈ ਵੇਰ ਪਿੰਡ ਦੇ ਅਧਿਕਾਰੀਆਂ ਦੀ ਨਿਯੁਕਤੀ ਕੀਤੀ। ਇਸ ਮੌਕੇ ਤੇ ਮੁਖ ਮੰਤ੍ਰੀ ਸ੍ਰੀ ਭਾਰਗਵ ਨੇ ਮੈਨੂੰ ਇਕ ਸਰਕਾਰੀ ਪੱਤਰ ਲਿਖਿਆ, ਜੋ ਕਿ ਫਾਈਲ ਵਿਚ ਸ਼ਾਮਲ ਹੈ, (ਵੇਖੋ ਡੀ. ਓ. ਪਤਰ ਨੰ: 1215-ਪੀ.ਏ.ਪੀ., ਮਿਤੀ 3 ਜੁਲਾਈ, 1948) ਕਿ ਇਸ ਕੇਸ ਦੀ ਮੈਂ ਸਭ ਕਾਰਵਾਈ ਠੱਪ ਦੇਵਾਂ। ਇਸ ਚਿਠੀ ਨੇ ਪੰਡਤ ਮੋਹਨ ਲਾਲ ਦੱਤ, ਐਮ. ਐਲ. ਏ. ਵਿਰੁਧ ਕਾਰਵਾਈ ਵੀ ਬੰਦ ਕਰਵਾ ਦਿਤੀ। ਉਹੀ ਦੱਤ, ਜਿਸਨੇ ਰੂਪੋਸ਼. ਕਮਿਊਨਿਸਟ ਐਜੀ- ਟੇਟਰ ਰਾਮ: ਕਿਸ਼ਨ ਭਰੜੀਆਂ ਨੂੰ ਆਸਰਾ ਦਿਤਾ ਸੀ ਤੇ ਉਸ, ਰਾਮਕਿਸ਼ਨ ਦੀ ਰੂਪੋਸ਼ੀ ਦੇ ਕੇਸ ਵਿਚ ਓਇਲ ਦੇ ਗਾਂਧੀ ਭਗਤ ਨੂੰ ਭੀ ਤਫਤੀਸ਼ ਵਿਚ ਸ਼ਾਮਿਲ ਕੀਤਾ ਗਇਆ ਸੀ। ਇਹ ਪਤ੍ਰ ਮੈਂ, ਇਸ ਮੇਰੇ ਵਿਰੁਧ ਕੇਸ ਵਿਚ, ਤਲਬਿਆ ਸੀ ਜਿਸ ਬਾਰੇ ਐਡਵੋਕੇਟ ਜੈਨਰਲ ਨੇ ਹੁਣ ਆਖਿਆ ਹੈ ਕਿ ਇਹ ਲੱਭਦਾ ਨਹੀਂ ਹੈ।

17. ਸ਼ੁਭ ਮਰਯਾਦਾ ਵਿਚਾਰ ਕੇ ਮੈਂ ਸ੍ਰੀ ਮਤੀ ਤ੍ਰਿਵੇਦੀ ਬਾਬਤ ਗਲਾਂ ਦੱਸਣ ਤੋਂ ਝਕਦਾ ਹਾਂ। ਇਹ ਲਗਪਗ ਜਨਵਰੀ, 1948 ਵਿਚ ਹੁਸ਼ਿਆਰਪੁਰ ਆਏ ਤੇ ਜਦੋਂ ਮੈਂ ਉਨ੍ਹਾਂ ਨੂੰ ਆਪਣੇ ਡਿਪਟੀ ਕਮਿਸ਼ਨਰ ਹੋਣ ਦੇ ਨਾਤੇ ਜੀ ਆਇਆਂ ਆਖਣ ਗਇਆ ਤਦ ਮੈਨੂੰ ਉਨ੍ਹਾਂ ਨੇ ਸ਼ਰੇਆਮ ਬੁਰਾ ਭਲਾ ਆਖਿਆ ਤੇ ਮੇਰੀ ਬੇਇਜ਼ਤੀ ਕੀਤੀ। ਪਰ ਮੈਂ ਇਹ ਚੁਪ ਕਰਕੇ ਸਹਿ ਲਈ, ਕਿਉਂਜੁ ਉਹ ਲਾਟ ਸਾਹਿਬ ਦੀ ਵਹੁਟੀ ਹੁੰਦਿਆ ਹੋਇਆਂ ਭੀ ਅਬਲਾ ਇਸਤ੍ਰੀ ਸਨ ਅਤੇ ਮੇਰੇ ਵਰਗੇ ਖੁਦਦਾਰ ਮਰਦ ਦੀ ਧਕੇਲ ਸਹਿਣ ਜੋਗੇ ਨਹੀਂ ਸਨ। ਇਕ ਹੋਰ ਕਾਰਨ ਮੇਰਾ ਇਸ ਵੇਲੇ ਚੁੱਪ ਰਹਿਣ ਦਾ ਸੀ। ਇਹ ਤਾਂ ਸਰਕਾਰ ਦੀ ਮੇਰੇ ਖਿਲਾਫ ਮੈਨੂੰ ਫਸਾਉਣ ਦੀ ਗਿਣੀ ਮਿਥੀ, ਵਿਓਂਤੀ ਮੁਹਿੰਮ ਸੀ ਕਿਉਂਕਿ ਮੈਂ ਕਿਸੇ ਉਚ ਅਧਿ- ਕਾਰੀਆਂ ਸਾਹਮਣੇ ਅਯੋਗ ਝੁਕਦਾ ਨਹੀਂ ਸਾਂ ਤੇ ਉਨ੍ਹਾਂ ਦੀਆਂ ਨੀਤੀਆਂ ਦਾ ਹੱਥ ਠੋਕਾ ਨਹੀਂ ਬਣਦਾ ਸਾਂ, ਕਿਉਂਕਿ ਅਜੇਹਾ ਕਰਨਾ ਮੇਰੀ ਜ਼ਮੀਰ, ਕਾਨੂੰਨ ਦੇ ਜਨਤਕ ਨੀਤੀ ਦੇ ਵਿਪ- ਰੀਤ ਸੀ। ਇਸ ਲਈ ਲਾਟ ਸਾਹਿਬ ਤੇ ਉਨ੍ਹਾਂ ਦੇ ਸਕੱਤ੍ਰ ਮੈਨੂੰ ਜਨਾਨੀ ਨਾਲ ਉਲਝਾ ਕੇ ਖੁਆਰ ਕਰਨਾ ਲੋਚਦੇ ਸਨ।

18. ਮੈਂ ਇਕੱਲਾ ਹੀ ਸੀਨੀਅਰ ਆਈ. ਸੀ. ਐਸ. ਅਫਸਰ ਨਹੀਂ ਹਾਂ ਜੋ ਇਨ੍ਹਾਂ ਹਾਲਾਤ ਨੂੰ ਦੁਖੀ ਹੋਇਆ ਵੇਖ ਰਹਿਆ ਸਾਂ। ਗੱਲ ਇਹ ਵੀ ਸੀ ਕਿ ਆਈ. ਸੀ. ਐਸ. ਅਫਸਰਾਂ ਨੂੰ ਸੱਤਾ ਤਬਾਦਲੇ ਵੇਲੇ ਕਾਨੂੰਨਾਂ ਦੀ ਵਿਪਰੀਤੀ ਤੇ ਨਿਯਮਾਂ ਦੇ ਵਿਰੋਧ ਦੇ ਹੱਲ ਦਸੇ ਗਏ ਤੇ ਅਫਸਰ ਇਸ ਨਾਲ ਸੰਤੁਸ਼ਟ ਹੋ ਗਏ। ਮੈਂ ਕਿਉਂਕਿ ਇਕੱਲਾ ਸੀਨੀਅਰ ਆਈ. ਸੀ. ਐਸ. ਅਫਸਰ ਸਾਂ ਜੋ ਕਿ ਇਨ੍ਹਾਂ ਭੀਹਾਵਲੇ ਦਿਨਾਂ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਲੱਗਾ ਹੋਇਆ ਸਾਂ ਮੇਰੀ ਅਸੰਮਤੀ ਪਰਗਟ ਹੋ ਗਈ ਅਤੇ ਮੇਰੀ ਪਦਵੀ ਲੋਕਾਂ ਨਾਲ ਸਿਧੇ ਸੰਪਰਕ ਵਾਲੀ ਹੋਣ ਕਾਰਣ, ਫੈਸਲੇ ਕਰਨ ਦੇ ਅਤੇ ਉਨ੍ਹਾਂ ਨੂੰ ਅਮਲ 'ਚ ਲਿਆਉਣ ਵੇਲੇ, ਹਰ ਤਰ੍ਹਾਂ ਦੇ ਫੁਟਕਲ ਬੰਦਿਆਂ ਨਾਲ ਵਾਹ ਪੈਣ ਕਾਰਣ

ਮੈਂ ਹਰ ਤਰ੍ਹਾਂ ਦੇ ਸਰਕਾਰੀ ਕਰੋਧ ਅਤੇ ਦੂਜ਼ਾਂ ਦਾ ਸ਼ਿਕਾਰ ਹੋ ਗਇਆ । ਨਵੰਬਰ, ੭ 1949 ਨੂੰ ਪੂਰਬੀ ਪੰਜਾਬ ਦੀ ਆਈ. ਸੀ. ਐਸ. ਸਭਾ ਦਾ ਆਨਰੇਰੀ ਸਕੱਤਰ ਸਭਾ ਤੋਂ ਅਧਿਕਾਰ ਲੈ ਕੇ, ਪੂਰਬੀ ਪੰਜਾਬ ਦੀ ਸਰਕਾਰ ਨੂੰ ਇਕ ਕਰੜੇ ਵਿਰੋਧ ਦੀ ਚਿਠੀ ਲਿਖਦਾ ਹੈ । ਚਿਠੀ ਦਾ ਸਿਰਲੇਖ ਹੈ, "ਸੂਬੇ ਦੀਆਂ ਰਾਜਨੈਤਿਕ ਘਟਨਾਵਾਂ ਕਾਰਣ ਉਤਪੰਨ ਆਵਸ਼ਕ ਅਤੇ ਗੰਭੀਰ ਮਸਲਿਆਂ ਸੰਬੰਧੀ ।" ਇਸ ਚਿਠੀ ਵਿਚ ਸਭਾ ਦੇ ਸਮੁੱਚੇ ਵਿਚਾਰਾਂ ਦਾ ਪ੍ਰਗਟਾ ਹੈ । ਇਸ ਵਿਚ ਦਸਿਆ ਗਇਆ ਹੈ ਕਿ ਕਿਵੇਂ ਆਈ. ਸੀ. ਐਸ. ਅਫਸਰਾਂ ਵਿਚ ਅਸੁਰਖਿਆ ਦੀ ਭਾਵਨਾਂ ਪੈਦਾ ਹੋ ਜਾਣ ਦਾ ਗੰਭੀਰ ਖਤਰਾ ਉਤਪੱਨ ਹੋ ਚੁਕਾ ਹੈ । ਇਸ ਚਿਠੀ ਵਿਚ ਸਭਾ ਦੇ ਜਜ਼ਬਿਆਂ ਦੀ ਤਰਜਮਾਨੀ ਕਰਦਿਆਂ ਆਖਿਆ ਗਇਆ ਹੈ ਕਿ ਸਰਕਾਰ ਅਫਸਰਾਂ ਨੂੰ ਪੱਖਪਾਤੀ ਬਣਨ ਲਈ ਮਜਬੂਰ ਕਰ ਰਹੀ ਹੈ । ਸਰਕਾਰ ਪੁਰ ਖੁਲ੍ਹਾ ਦੋਸ਼ ਲਾਇਆ ਗਇਆ ਹੈ ਕਿ ਪ੍ਰਬੰਧਕਾਰੀ ਪਦਵੀਆਂ ਵਿਚ ਕਈ ਤਬਾਦਲੇ ਸਿਧੇ ਰਾਜਨੈਤਿਕ ਦ੍ਰਿਸ਼ਟੀਕੋਣ ਤੋਂ ਕੀਤੇ ਗਏ ਹਨ । ਮੈਂ ਸਾਰੀ ਚਿਠੀ ਨਹੀਂ ਦਿੰਦਾ, ਕਿਉਂਕਿ ਬਹੁਤ ਲੰਮੀ ਹੈ ਪਰ ਮੈਂ ਐਡਵੋਕੇਟ ਜੇਨਰਲ ਨੂੰ ਬੇਨਤੀ ਕਰਾਂਗਾ ਕਿ ਉਹ ਇਹ ਚਿਠੀ ਕਚਹਰੀ ਵਿਚ ਪੇਸ਼ ਕਰਨ ।

(ਦਸੰਬਰ, 1950)

## ਅੰਤਮ ਸ਼ਬਦ

ਇਹ ਅੰਤਿਮ ਸ਼ਬਦ ਮੇਰੇ ਵੱਲੋਂ ਮੁਖ ਤੌਰ ਤੇ, ਸਾਡੇ ਮਹਾਨ ਪ੍ਰਧਾਨ ਮੰਤ੍ਰੀ, ਸ੍ਰੀ ਜਵਾਹਰ ਲਾਲ ਨਹਿਰੂ ਜੀ ਨੂੰ ਸੰਬੋਧਤ ਹਨ । ਮੈਂ ਆਪਣੇ 5 ਮਈ, 1950 ਦੇ ਨਿਵੇਦਨ-ਪੱਤਰ ਦੀ ਇਕ ਪਰਤ ਉਨ੍ਹਾਂ ਨੂੰ ਘਲ ਦਿਤੀ ਸੀ ਤਾਂ ਜੁ ਉਹ ਜਾਣ ਸਕਣ ਕਿ ਉਨ੍ਹਾਂ ਦੁਆਰਾ, ਫਰਵਰੀ, 1949, ਵਿਚ ਪੰਜਾਬ ਸਰਕਾਰ ਨੂੰ ਮੇਰੇ ਵਿਰੁਧ ਭੇਜੇ ਗੁਪਤ ਪੱਤਰ ਦੇ ਕੀ ਕੀ ਸਿੱਟੇ ਨਿਕਲੇ ਹਨ । ਇਸ ਵਿਚ ਸੰਦੇਹ ਨਹੀਂ ਕਿ ਉਨ੍ਹਾਂ ਅਤੇ ਉਨ੍ਹਾਂ ਦੀ ਸਰਕਾਰ ਦਾ ਵਿਸ਼-ਵਾਸ ਸੀ ਕਿ "ਸਫਲਤਾ", 'ਸਾਧਨਾਂ' ਨੂੰ ਨਿਆਇਯੁਕਤ ਅਤੇ ਤਰਕਸੰਗਤ ਬਣਾ ਦੇਂਦੀ ਹੈ, ਅਤੇ ਧਰਮ ਨਾਲੋਂ ਧੜਾ ਮੁੱਖ਼ਟ ਹੈ, ਅਤੇ ਜਦੋਂ ਕਿ ਉਹ ਮੈਨੂੰ ਸਜ਼ਾ ਦੇ ਸਕਦੇ ਹਨ ਤਾਂ ਕੋਈ ਵੀ ਹੋਰ ਗੱਲ ਮਹਤਵ-ਪੂਰਣ ਨਹੀਂ ਰਹ ਜਾਂਦੀ । ਉਨ੍ਹਾਂ ਨੂੰ ਇਸ ਬਿਨੈ ਦੁਆਰਾ ਦਸਿਆ ਜਾਂਦਾ ਹੈ ਕਿ ਸਫਲਤਾ ਪ੍ਰਾਪਤੀ ਲਈ ਕਿੰਨੇ ਹੋਰ ਸਾਧਨ ਤੇ ਅਧਰਮ ਭੀ ਜ਼ਰੂਰੀ ਬਣ ਜਾਂਦੇ ਹਨ । ਉਹ ਖੜਯੰਤ੍ਰ ਹੁਣ ਸੰਪੂਰਨ ਹੋਣ ਲਗਾ ਹੈ ਜਿਸ ਨੂੰ ਭਾਰਤ ਦੇ ਭੂਤਪੂਰਵ ਉਪ-ਪ੍ਰਧਾਨ ਮੰਤ੍ਰੀ ਦੀ ਇੱਛਾ ਨਾਲ ਆਰੰਭਿਆ ਗਿਆ ਸੀ ਤਾਂ ਜੁ ਸੰਨ 1948 ਵਿਚ ਮਾਸਟਰ ਤਾਰਾ ਸਿੰਘ ਨੂੰ ਮੈਂ ਆਪਣੀ ਕੋਠੀ ਵਿਚ ਬੁਲਾ ਕੇ ਜੋ ਚਾਹ ਪਿਆਈ ਸੀ, ਉਸ ਦਾ ਅਜੇਹਾ ਉੱਗ੍ਰ ਦੰਡ ਮੈਨੂੰ ਦਿਤਾ ਜਾਵੇ ਜਿਹੜਾ ਲੋਕ ਯਾਦ ਰੱਖਣ । ਪੰਜਾਬ ਦੇ ਰਾਜਪਾਲ ਸ੍ਰੀ ਚੰਦੂ ਲਾਲ ਤ੍ਰਿਵੇਦੀ ਦੀ ਚੁੱਕ ਸੀ ਤੇ ਪੰਜਾਬ ਦੇ ਰਾਜਨੀਤਿਗਾਂ ਦੀ

ਪੁਸ਼ਟੀ । ਇਕ ਜ਼ਿਲ੍ਹਾ ਅਧਿਕਾਰੀ ਹੋਣ ਦੇ ਨਾਤੇ ਮੈਂ ਪੰਜਾਬ ਸਰਕਾਰ ਦੀ ਕੂਟਨੀਤੀ ਦਾ ਵਿਰੋਧ ਕੀਤਾ, ਇਹ ਨੀਤੀ ਹਿੰਦੂ-ਸਿੱਖ ਫਸਾਦਾਂ ਦੀ ਅੱਗ ਨੂੰ ਹਵਾ ਦੇ ਰਹੀ ਸੀ ਤੇ ਸੰਪਰਦਾਇਕ ਕੁੜੱਤਣ ਵਧਾ ਰਹੀ ਸੀ, ਜੋ ਕਿ ਪਹਲਾਂ ਏਥੇ ਨਹੀਂ ਸੀ । ਹਰ ਛੋਟਾ ਵੱਡਾ ਕਾਂਗਰਸੀ ਆਪਣੇ ਆਪ ਨੂੰ ਪਾਟੇ ਖਾਨ ਸਮਝਦਾ ਸੀ ਤੇ ਮੈਂ ਇਸ ਪਾਟੇ ਖਾਨੀ ਦੀ ਪ੍ਰਵਾਹ ਨਹੀਂ ਕਰਦਾ ਸੀ । ਹਰ ਪੰਦਰ੍ਹਵਾੜੇ ਪੰਜਾਬ ਸਰਕਾਰ ਨੂੰ ਮੇਰੀ ਵਲੋਂ ਭੇਜੀਆਂ ਗੁਪਤ ਡਾਇਰੀਆਂ, ਜੋ ਕਿ ਇਸ ਕੇਸ ਦੇ ਰਿਕਾਰਡ ਦਾ ਭਾਗ ਹਨ, ਇਸ ਸਥਿਤੀ ਬਾਰੇ ਮੇਰੀ ਘੋਰ ਵੇਦਨਾ ਦਸਦੀਆਂ ਹਨ । ਪੰਜਾਬ ਦੀ ਜਨਤਾ ਵਿਚ ਇਹ ਖਿਆਲ ਪੁਖਤਾ ਸੀ ਕਿ ਇਨ੍ਹਾਂ ਝੁਕਾਵਾਂ ਨੂੰ ਸਵਰਗਵਾਸੀ ਉਪ ਪ੍ਰਧਾਨ ਮੰਤ੍ਰੀ ਦਾ ਅਸ਼ੀਰਵਾਦ ਪ੍ਰਾਪਤ ਹੈ । ਮੈਨੂੰ ਹੁਣ ਆਪਣੇ ਅਪ੍ਰਾਧ ਦੇ ਦੰਡ ਦਾ ਪਤਾ ਲੱਗ ਗਿਆ ਹੈ ।

ਪਰ ਇਸ ਤੋਂ ਪਹਲਾਂ, ਕਿ ਮੈਨੂੰ ਅੰਤਿਮ ਤੌਰ ਤੇ ਇੱਕ ਸਰਕਾਰੀ ਅਫਸਰ ਦੇ ਰੂਪ ਵਿਚ ਚੁੱਪ ਕਰਾ ਦਿਤਾ ਜਾਵੇ, ਮੈਂ ਭਾਰਤ ਦੇ ਪ੍ਰਧਾਨ ਮੰਤ੍ਰੀ ਨੂੰ ਕੁਝ ਦਸਣਾ ਲੋੜਦਾ ਹਾਂ । ਕਿਉਂਕਿ ਜੇ ਸਾਰੇ ਸਰਕਾਰੀ ਕਰਮਚਾਰੀ ਦਰਬਾਰੀ ਬਣ ਜਾਣ ਤਾਂ ਉਸ ਇਕ ਨੂੰ, ਜਿਸ ਦਾ ਹੁਣ ਅੰਤਮ ਕਿਰਿਆ ਕਰਮ ਕੀਤਾ ਜਾ ਰਿਹਾ ਹੈ, ਉਸ ਨੂੰ ਘਟੋ ਘਟ ਇਤਨੀ ਜ਼ਰੂਰ ਆਗਿਆ ਬਖਸ਼ੀ ਜਾਵੇ ਕਿ ਉਹ ਖੁਲ੍ਹੀਆਂ ਗੱਲਾਂ ਕਰ ਸਕੇ ।ਸੰਨ 1947 ਤੋਂ ਲੈਕੇ ਅੱਜਤੱਕ, ਇਸ ਦੇਸ਼ ਵਿਚ ਕਿਤਨੀਆ ਗੰਭੀਰ ਤੇ ਭਿਆਨ੍ਕ ਘਟਨਾਵਾਂ ਵਾਪਰੀਆਂ ਹਨ । ਪ੍ਰਧਾਨ ਮੰਤ੍ਰੀ ਵਿਚ ਅਮਿਤ ਤੇ ਅਥਾਹ ਸੱਤਾ ਦਾ ਨਿਵਾਸ ਹੋ ਗਇਆ ਹੈ ਤੇ ਇਹ ਸੱਤਾ, ਪਰਿਵਰਤਨ ਦੀ ਕਿਸੇ ਅਚੰਭੀ ਪ੍ਰਕ੍ਰਿਆ ਦੁਆਰਾ ਉਨ੍ਹਾਂ ਲੋਕਾਂ ਵਿਚ ਵੀ ਆ ਗਈ ਹੈ ਜੋ ਪ੍ਰਧਾਨ ਮੰਤ੍ਰੀ ਦੇ ਨਾਉਂ ਨੂੰ ਵਰਤ ਸਕਦੇ ਹਨ । ਇਹ ਵਚਿਤ੍ਰ ਕਲਾ ਨਾਸ਼ਵਾਨ ਮਨੁਖਾਂ ਵਿਚੋਂ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ । ਜਦੋਂ ਇਹ ਸੱਤਾ ਕਿਸੇ ਮੇਰੇ ਵਰਗੇ ਤੁੱਛ ਨਾਗਰਿਕ ਦੇ ਵਿਰੁਧ ਉਠ ਖਲੋਂਦੀ ਹੈ ਤਾਂ ਉਸ ਦੇ ਬਚਾਓ ਦੀ ਕੋਈ ਆਸ ਨਹੀਂ ਰਹੰਦੀ। 'ਅਬ ਆਸ ਨਿਰਾਸ ਭਈ', ਇਹੀ ਸ਼ਬਦ ਉਸ ਨੂੰ ਚੁਫੇਰਿਓਂ ਸੁਣਦੇ ਹਨ। ਕਿਸੇ ਗਰੀਬ ਸਰਕਾਰੀ ਮੁਲਾਜ਼ਮ ਦੀ ਇਸ ਸੱਤਾ ਸਾਂਹਵੇਂ ਕੀ ਹਸਤੀ ਹੈ ਕਿ ਠਹਰ ਸਕੇ। ਸਾਲ ਭਰ ਜਾਂ ਇਸ ਤੋਂ ਵੱਧ ਲਈ ਸਰਕਾਰ ਨੰਗੀ ਚਿੱਟੀ ਸਾਜ਼ਸ਼ ਰਚ ਕੇ ਉਸ ਨੂੰ ਤਬਾਹ ਕਰਨ ਹਿਤ ਝੂਠੀਆਂ ਸ਼ਹ ਦਤਾਂ ਤਿਆਰ ਕਰ ਸਕਦੀ ਹੈ ਤੇ ਜੇ ਨ ਕਰ ਸਕੇ ਤਾਂ ਕਾਨੂੰਨ, ਵਿਧਾਨ, ਰਸਮਾਂ ਅਤੇ ਆਤਮਾ ਦੀ ਆਵਾਜ਼ ਤੋਂ ਵਿਰੁਧ ਭੀ ਸਰਕਾਰੀ ਨੌਕਰੀ ਵਿਚੋਂ ਮੁਅੱਤਲ ਤਾਂ ਕਰ ਹੀ ਸਕਦੀ ਹੈ, ਉਸਦੀਆਂ ਹਰਕਤਾਂ ਨੂੰ ਗ਼ੈਰ-ਕਾਨੂੰਨੀ ਅਤੇ ਕੁਚੇਸ਼ਟਾ ਦੁਆਰਾ ਰੋਕ ਅਤੇ ਉਸ ਦੀਆਂ ਮੁਲਾਕਾਤਾਂ ਨੂੰ ਬੰਦ ਕਰ ਸਕਦੀ ਹੈ । ਇਸ ਤਰ੍ਹਾਂ ਸਰਕਾਰ ਨੂੰ ਆਪਣੇ ਦੇਸ਼ ਭਗਤੀ ਦੇ ਕਾਰਜ ਦੀ ਪੂਰਨਤਾ ਲਈ ਇਕ ਸਾਲ ਹੋਰ ਮਿਲ ਜਾਂਦਾ ਹੈ ਤੇ ਭਾਰਤ ਸਰਕਾਰ ਦੀ ਅਨੁ-ਮਤੀ ਵੀ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ ਜਦ ਕਿ ਭਾਰਤ ਸਰਕਾਰ ਦਾ ਕਾਨੂੰਨੀ ਤੇ ਅਖ-ਲਾਕੀ ਕਰਤੱਵ ਤੇ ਧਰਮ ਇਹ ਹੈ ਕਿ ਉਹ ਸਰਕਾਰੀ ਨੌਕਰ ਦੀ ਯੋਗ ਰਖਿਆ ਕਰੇ। ਖਾਸ ਰੂਪ ਵਿਚ ਪੱਖ ਪੂਰਣ ਵਾਲੇ ਅਤੇ ਪਹਲਾਂ ਤੋਂ ਨਿਸ਼ਚਿਤ ਫੈਸਲਾ ਕਰਨ ਵਾਲੇ ਜੱਜਾਂ ਨੂੰ ਚੁਣ ਕੇ ਸਰਕਾਰੀ ਮੁਲਾਜ਼ਮਾਂ ਉਤੇ ਮੁਕੱਦਮੇਂ ਚਲਾਏ ਜਾਂਦੇ ਹਨ ਅਤੇ ਅਜੇਹਾ ਫੈਸਲਾ ਪਰਾਪਤ ਕਰ ਲਿਆਜਾਂਦਾ ਹੈ ਜੋ ਇਨ੍ਹਾਂ ਮੁਲਾਜ਼ਮਾਂ ਦੇ ਦੋਖੀਆਂ ਨੂੰ ਭਾਵੇ । ਜਿਨ੍ਹਾਂ ਨੂੰ ਸਰਕਾਰ ਪਸੰਦ ਨਹੀਂ ਕਰਦੀ ਉਨ੍ਹਾਂ

ਨੂੰ ਖ਼ਤਮ ਕਰਨ ਲਈ ਇਹ ਕਿਤਨਾ ਸਹਿਲ ਤੇ ਸੁੱਚਜਾ ਢੰਗ ਹੈ ! ਇਹ ਉਹੀ ਢੰਗ ਹੈ ਜੋ ਪੁਰਾਤਨ ਯੁਗ ਦੇ ਸਟਾਰ ਚੈਂਬਰਾਂ ਦੇ ਜੱਜਾਂ ਤੇ ਵਿਚਾਰਕਾਂ ਦਾ ਸੁਪਨਾ ਰਹਿਆ ਹੈ । ਸਰਕਾਰੀ ਗਵਾਹ ਜੋ ਬੋਲੇ ਸੋ ਸੱਚ, ਪਰ ਉਸ ਹੱਦ ਤੀਕ ਜਿਸ ਤੀਕ ਕਿ ਇਹ ਲਾਏ ਗਏ ਦੂਸ਼ਣਾਂ ਦੀ ਪ੍ਰਸ਼ਟੀ ਤੇ ਹੱਕ ਵਿਚ ਹੈ । ਉਹ ਹਰ ਗੱਲ ਜੋ ਗਵਾਹ ਸਰਕਾਰੀ ਨੌਕਰ ਦੀ ਬੇਗੁਨਾਹੀ ਦੇ ਹੱਕ ਵਿਚ ਆਖੇ, ਝੂਠੀ ਮੰਨੀ ਜਾਂਦੀ ਹੈ । ਸਰਕਾਰੀ ਮੁਲਾਜ਼ਮ ਦੇ ਸਾਰੇ ਬਿਆਨ ਅਤੇ ਉਸ ਦੇ ਸਫ਼ਾਈ ਦੇ ਗਵਾਹ ਸਭ ਝੂਠੇ ਹਨ—ਇਸ ਲਈ ਨਹੀਂ ਕਿ ਉਹਨਾਂ ਦੀ ਸ਼ਹਾਦਤ ਮੰਨਣਯੋਗ ਨਹੀਂ, ਸਗੋਂ ਇਸ ਲਈ ਕਿ ਇਹ ਜੱਜ ਦੀ ਮਨ ਮਰਜ਼ੀ ਦੇ ਵਿਰੁੱਧ ਹਨ । ਉਨ੍ਹਾਂ ਦੇ ਬਿਆਨ ਦੇ ਕਿਸੇ ਭਾਗ ਨੂੰ, ਦੋਸ਼ ਦੀ ਪੁਸ਼ਟੀ ਦੇ ਹੱਕ ਵਿਚ ਮਰੋੜਿਆ ਤੋੜਿਆ ਜਾਕੇ ਭੀ ਬਿਲਕੁਲ ਠੀਕ ਸਮਝਿਆ ਜਾਂਦਾ ਹੈ । ਸਰਕਾਰੀ ਦਸਤਾਵੇਜ਼ਾਂ ਤੇ ਦਸਤਾਵੇਜ਼ੀ ਸ਼ਹਾਦਤਾਂ ਦੀ ਪੜੀਖਿਆ ਵੀ ਏਸੇ ਢੰਗ ਨਾਲ ਹੁੰਦੀ ਹੈ। ਸ਼ਹਾਦਤ ਦੇ ਕਾਨੂੰਨ, ਵਿਧਾਨ ਦੋਸ਼ੀ ਦੇ ਪ੍ਰਤਿਸ਼ਠਾ ਤੇ ਬਚਾਉ ਲਈ ਦਿਤੀ ਗਈ ਸ਼ਹਾਦਤ ਨੂੰ ਅੱਖੋਂ ਉਹਲੇ ਕੀਤਾ ਜਾ ਸਕਦਾ ਹੈ ਅਤੇ ਅਜੇਹੀ ਸ਼ਹਾਦਤ ਸੁਨਣ ਤੋਂ ਮੂਲੋਂ ਇਨਕਾਰ ਕੀਤਾ ਜਿ ਸਕਦਾ ਹੈ । ਕਉਂ ਕਿ ਇਹ ਸਰਕਾਰ ਲਈ ਔਖਿਆਈ ਪੈਦਾ ਕਰਦੀ ਹੈ । ਇਸ ਤਰ੍ਹਾਂ ਕਿਸੇ ਵੀ ਨਿਰ ਅਪ੍ਰਾਧ ਦੀ ਪ੍ਰਸਿਧੀ ਜਾਂ ਉਸ ਦੇ ਬੇਗੁਨਾਹ ਭਵਿਖ ਨੂੰ ਬਿਨਾਂ ਰੱਬ ਦਾਂ ਭੈ ਕੀਤੇ ਦੇ ਤਬਾਹ ਕਰ ਦਿਤਾ ਜਾ ਸਕਦਾ ਹੈ । ਜੇ ਇਸ ਪ੍ਰਕ੍ਰਿਆ ਦੇ ਨਿਰਮਾਤਾ ਰਾਜਪਾਲ ਹਨ ਤਾਂ ਕੀ ਇਹ ਪ੍ਰਕ੍ਰਿਆ ਸਰਬੋਤਮ ਬਣ ਗਈ ? ਜੇ ਇਸ ਸੂਤ੍ਰ ਦੇ ਉਸ-ਰਈਏ ਚੀਫ ਜਸਟਿਸ ਬਣ ਜਾਣ ਤਾਂ ਕੀ ਇਹ ਸੂਤ੍ਰ ਸ਼ੋਭਨੀਕ ਬਣ ਗਇਆ ? ਲਾਹੌਰ ਵਿਖੇ ਲਾਰੈਂਸ ਦਾ ਬੁੱਤ ਆਖਦਾ ਸੀ, "ਤੁਸੀਂ ਕਲਮ ਦਾ ਰਾਜ ਚਾਹੁੰਦੇ ਹੋ ਕਿ ਤਲਵਾਰ ਦਾ ?" ਕੀ ਤੁਸੀਂ ਆਪਣੀ ਆਤਮਾਂ ਤੇ ਅਖ਼ਲਾਕ ਨੂੰ ਆਪੇ ਹੀ ਤਬਾਹ ਕਰਨਾ ਮੰਨ ਲਓਗੇ ਜਾਂ ਅਖਾਉਤੀ ਕਾਨੂੰਨੀ ਪੜਤਾਲ ਦੁਆਰਾ ਖੁਆਰ ਹੋਣਾ ਕਬੂਲ ਤੇ ਹੋ ? ਉਹ ਸੱਤਾ ਤੇ ਅਧਿਕਾਰ, ਜਿਸ ਦਾ ਮੌਰਯ ਸਮਰਾਟਾਂ ਨੇ ਸੁਪਨਾ ਲਇਆ, ਜਿਸ ਲਈ ਔਰੰਗਜ਼ੇਬ ਨੇ ਘੋਰ ਪਰਯਤਨ ਕੀਤੇ ਤੇ ਦੁਆਂਵਾਂ ਕੀਤੀਆਂ, ਜੋ ਵਿਦੇਸ਼ੀ ਵਾਇਸਰਾਇ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੂੰ ਪ੍ਰਾਪਿਤ ਹੈ ਪਰ ਜਿਸ ਨੂੰ ਵਰਤਣ ਦਾ ਉਨ੍ਹਾਂ ਕਦੇ ਹੌਂਸਲਾ ਨ ਕੀਤਾ, ਕੀ ਭਾਰਤ ਦੇ ਪ੍ਰਧਾਨ ਮੰਤ੍ਰੀ ਲਈ ਇਤਨਾ ਹੀ ਜ਼ਰੂਰੀ ਹੋ ਗਿਆ ਹੈ ਕਿ ਉਹ ਅਜੇਹੀ ਸੱਤਾ ਦਾ ਨਿਝਕ ਅਤੇ ਪ੍ਰਤਿਬੰਧਨ ਰਹਿਤ ਪਰਯੋਗ, ਕੇਵਲ ਇਕ ਬੇ ਵਸੀਲਾਂ ਆਈ. ਸੀ. ਐਸ. ਅਫਸਰ ਨੂੰ ਖੁਆਰ ਕਰਕੇ ਮਾਰ ਮੁਕਾਉਣ ਲਈ ਕਰੇ ?

ਅੱਜ ਭਾਰਤ ਦੇ ਪ੍ਰਧਾਨ ਮੰਤ੍ਰੀ ਦੀ ਸੱਤਾ ਤੇ ਸ਼ਾਨ ਦਾ ਸੂਰਜ ਬੁਲੰਦ ਹੈ । ਜੇਹੜੇ ਲੋਕੀਂ ਇਸ ਦੇ ਕਰੂਰ ਤੇਜ ਦਾ ਸ਼ਿਕਾਰ ਹਨ ਉਹ ਇਸ ਨੂੰ ਸੁਖਾਵਾਂ ਕਿਵੇਂ ਸਮਝਣ ? ਪੁਰਾਤਨ ਕਾਲ ਦੇ ਇਕ ਮਹਾਨ ਵਿਜਈ ਰਾਜਾ ਕੋਲ ਕਿਸੇ ਧਾੜਵੀਆਂ ਹੱਥੀਂ ਲੁਟੇ ਪੁਟੇ ਹੋਏ ਨੇ ਜਦੋਂ ਅਪਣੇ ਦੁਖਾਂ ਦਾ ਰੋਣਾ ਰੋਇਆ ਤਦ ਉਸ ਮਹਾਰ ਜਾਧੀਰਾਜ (ਮਹਿਮੂਦ ਗ਼ਜ਼ਨਵੀ) ਨੇ ਉਤ੍ਰ ਦਿਤਾ ਸੀ ਕਿ ਉਸ ਦੇ ਰਾਜ ਦੀ ਸੀਮਾ ਇਤਨੀ ਵਿਸ਼ਾਲ ਹੈ ਕਿ ਉਸ ਵਿਚ ਸਭ ਧਾੜੇ ਡਾਕੇ ਰੋਕ ਦੇਣੇ ਸੰਭਵ ਨਹੀਂ । ਤਦ ਕਿਹਾ ਗਿਆ, "ਮਹਾਰਾਜ, ਜਿਸ ਦਾ ਪ੍ਰਬੰਧ ਤੁਹਾਥੋਂ ਹੋ ਨਹੀਂ ਆਉਂਦਾ, ਉਹ ਮਲਾਂ ਹੀ ਕਿਉਂ ਮਾਰੀਆਂ ਹਨ ?" ਦੋ ਹਜ਼ਾਰ ਵਰ੍ਹੇ ਹੋਏ ਮਹਾਨ ਤੇ ਸ਼ਕਤਿਸ਼ਾਲੀ ਜੂਲੀਅਸ ਸੀਜ਼ਰ

ਨੂੰ ਇਕ ਸਾਧਾਰਨ ਸ਼ਹਰੀ ਨੇ ਵੰਗਾਰਿਆ : "ਰੱਬੀ ਕਹਿਰ ਤੋਂ ਸਾਵਧਾਨ ।" ਸਾਡੇ ਮਹਾਨ ਪ੍ਰਧਾਨ ਮੰਤ੍ਰੀ ਨੂੰ ਮੇਰੀ ਨਿਮਾਣੀ ਜਿਹੀ ਵੰਗਾਰ ਹੈ : "ਉਨ੍ਹਾਂ ਚਾਪਲੂਸਾਂ ਤੇ ਟੁੱਕਰਬੋਚਾਂ ਤੋਂ ਸਾਵਧਾਨ, ਜੋ ਤੁਹਾਨੂੰ ਕਦੇ ਭੀ ਸੱਚੀ ਤੇ ਕੌੜੀ ਗੱਲ ਨਹੀਂ ਕਹਿੰਦੇ ।"*

(ਅਪਰੈਲ, 1954)

# ਅੰਤਿਕਾ ॥੨॥

## ਅਗਮ ਨਿਗਮ ਦੀ ਗੱਲ

ਸੁਣ ਸਜਨੀ ਚੰਦ੍ਰਬਦਨ, ਅਗਮ ਨਿਗਮ ਦੀ ਗੱਲ,
ਪਰਾਪੁਰਾਤਨ ਪ੍ਰੀਤ ਦਾ ਨਵਾਂ ਨਵੇਲਾ ਹੱਲ ।
ਅਰਬਦ ਨਰਬਦ ਧੁੰਦ ਸੀ, ਸੂਰਜ ਚਦ ਅਨੂਪ,
ਧਰਤੀ ਤਾਰੇ ਖਿੱਤੀਆਂ ਕੋਈ ਨ ਬੱਝਾ ਰੂਪ ।
ਓਸ ਅਨਾਦੀਕੋਸ਼ ਵਿਚ ਬੀਜਰੂਪ ਅਦ੍ਵੰਦ,
ਤੇਰੇ ਮੇਰੇ ਪਿਆਰ ਦੀ ਲੁਕੀ ਪਈ ਸੀ ਗੰਧ ।
ਤੇਰੀਆਂ ਜ਼ੁਲਫ਼ਾਂ ਕਾਲੀਆਂ ਦਾ ਹੋਇਆ ਪਰਕਾਸ਼,
ਪ੍ਰਗਟੇ ਸੂਰਜ ਚੰਦ੍ਰਮਾ, ਪ੍ਰਗਟੇ ਧਰਤ ਅਕਾਸ਼ ।
ਮੇਰਾ ਦਿਲ ਭੀ ਮੌਲਿਆ ਤੱਕ ਤੇਰੀ ਮੁਸਕਾਣ,
ਤੇਰੀ ਅਖ ਦੀ ਝਮਕ ਜੋ ਕੀਤਾ ਲਹੂ ਲੁਹਾਣ ।
ਨਾਗਰ ਨਗਰ ਪਰੇਮ ਦੇ ਕੁੱਠੇ ਵਿਚ ਪਰੀਤ,
ਮਰ ਮਰ ਜੀਂਦੇ ਸੋਹਣੀਏ, ਇਹੋ ਪੁਰਾਤਨ ਰੀਤ ।
ਮੇਰੇ ਦਿਲ ਦੀ ਰਾਣੀਏ, ਹਾਰ ਸਿੰਗਾਰ ਬਿਸਾਰ,
ਤਕ ਰਤਾ ਪਿਠ ਮੋੜ ਕੇ, ਉਠਿਆ ਨਵਾਂ ਗੁਬਾਰ ।
ਧਰਤੀ ਪਟ, ਅਸਮਾਨ ਨੂੰ, ਕਹਿੰਦੇ, ਦੇਣੀ ਲਾ ,
ਅਰਸ਼ੋਂ ਤਾਰੇ ਤੋੜਕੇ, ਦੇਣੇ ਫਰਸ਼ ਟਿਕਾ ।

ਇਕ ਰੁਪਈਏ ਦੇ ਸੌ ਪੈਸੇ :
ਏਕ ਅਨੇਕ ਹੋਤ ਹੈ ਜੈਸੇ ।
ਚੌਸਠ ਕੋ ਸੌ ਕੇ ਸਮ ਜਾਨੋ,
ਬ੍ਰਹਮ ਜੀਵ ਮੈਂ ਭੇਦ ਨ ਮਾਨੋ ।
ਦਿਓ ਦਵੱਨੀ ਬਾਰਾਂ ਲਓ,
ਲਓ ਦਵੱਨੀ ਤੇਰਾਂ ਦਓ ।

ਘਰ ਘਰ ਔਰ ਔਰ ਮਤ ਹੋਈ, ਏਕਧਰਮ ਪਰ ਚਲੇ ਨ ਕੋਈ ॥

ਮ੍ਰਿਗਨੈਣਾਂ ਚੋਂ ਹੇ ਪ੍ਰਿਯ, ਸ੍ਵਾਂਤਬੂੰਦ ਨ ਕੇਰ,
ਮੇਰੇ ਮਨ੍ਹ ਦੀ ਸਿਪ ਵਿਚ ਪੈਂਦੇ ਘੁਮਣਘੇਰ ।
ਬੂੰਦਾਂ ਮੋਤੀ ਬਨਣ ਨੂੰ ਸਿੱਪ ਵਿਚ ਜਦ ਜਾਣ ।
ਇਕਰਸ ਨਿੱਘੀ ਸ਼ਾਂਤੀ ਬਹੁਤ ਸਮਾ ਉਹ ਚਾਹਣ ।

ਓਦੋਂ ਕਮਲ ਉਦੰਬ੍ਰੀ* ਉਗਦਾ ਵਿਚ ਸਮੁੰਦ,
ਮਿਟਦੀ ਜਦੋਂ ਅਕਾਸ਼ ਚੋਂ ਜੁਗਾਂ ਜੁਗਾਂ ਦੀ ਧੁੰਦ ।
ਪਰ ਗਗਨਾਂ ਵਲ ਤੱਕ ਤੂੰ ਉਠਦੇ ਗਰਦ ਗੁਬਾਰ,
ਦਸਾਂ ਦਿਸ਼ਾਂ ਵਿਚ ਮੌਲਦੇ ਦਿਸਦੇ ਧੂਮਪਹਾਰ ।
ਮੈਂ ਨਹੀਂ ਮੱਨਦਾ ਸੋਹਣੀਏ, ਬੂੰਦ ਹਲਾਹਲ ਚੱਖ,
ਵਾਸੀ ਮਿਰਤੂਲੋਕ ਦੇ ਅਮਰ ਹੋਣ ਪਰਤੱਖ ।
ਮੈਂ ਤਾਂ ਇਹ ਹਰਣਾਖੀਏ. ਕਦੇ ਨ ਮੱਨਾਂ ਗੱਲ,
ਸ਼ਰਮ, ਧਰਮ ਨੂੰ ਤਿਆਗ ਕੇ ਜੜ੍ਹਾਂ ਹੋਣ ਪਰਬੱਲ ।

ਪੈਸਾ ਨਯਾ, ਨਯਾ ਪੰਚਾਂਗ,
ਜੋ ਚਾਹੇ ਸੋ ਹਮ ਸੇ ਮਾਂਗ ।

ਉਣ, ਉਣ, ਮੁਣ, ਮੁਣ, ਰੁਣ, ਰੁਣ, ਗੁਣ, ਗੁਣ, ਛੂ ਮੰਤ੍ਰ ਕੀ ਡਾਲੀ ।
ਹਮ ਹੈਂ ਮਹਾਸਥਾਨਪ੍ਰਾਪਤ ਹਮ ਕਲਕੱਤੇਵਾਲੀ ।
ਦਸ਼ਮਿਕ ਪੱਧਤ ਕੇ ਨਿਰਮਾਤਾ ਸੰਭਲਗ੍ਰਾਮ ਨਿਵਾਸੀ,
ਧਾਤੂਗਰਭ ਹਮੀ ਕੋ ਜਾਣੋਂ, ਹਮ ਹੈਂ ਸਿੱਧ ਚੌਰਾਸੀ ।

ਲਿਖੇ ਜੰਤ੍ਰ ਕੇਤੇ, ਰਟੇ ਮੰਤ੍ਰ ਕੋਟੇ, ਬਚੇਗਾ ਨ ਕੋਊ ਕਰੇ ਕਾਲ ਚੋਟੇਂ ॥

(ਸੰਨ ਈਸਵੀ, ੧੯੫੫)

---

*ਬੋਧ ਸਿਧਾਂਤਾਂ ਤੇ ਮਨੌਤਾਂ ਅਨੁਸਾਰ, ਬੁੱਧ ਅਵਤਾਰ ਕਈ ਜੁਗਾਂ ਅਤੇ ਕਲਪਾਂ ਦੇ ਬੀਤ ਜਾਣ ਉਪ੍ਰੰਤ ਹੁੰਦਾ ਹੈ । ਸੰਸਾਰ ਵਿਚ ਜਦੋਂ ਕੋਈ ਬੁਧ ਅਵਤਰਦਾ ਹੈ ਤਾਂ ਪਹਿਲਾਂ, ਅਦ੍ਰਿਸ਼ਟ ਸੰਸਾਰ ਵਿਚ ਮਾਹਾਨ ਖੀਰਸਾਗਰ ਵਿਚ ਉਦੰਬ੍ਰੀ ਕੰਵਲ ਖਿਲਦਾ ਹੈ, ਚਿੱਟੇ ਸਫ਼ੈਦ ਰੰਗ ਦਾ ਤੇ ਇਕ ਯੋਜਨ ਘੇਰ ਵਿਚ ।



ਸਰਦਾਰ ਕਪੂਰ ਸਿੰਘ ( ਆਈ. ਸੀ. ਐਸ. )

# ਅੰਤਿਕਾ ॥੩॥

**ਭਾਸ਼ਨ, ਜਿਹੜਾ ਕਿ ਸਰਦਾਰ ਕਪੂਰ ਸਿੰਘ ਐਮ. ਪੀ. ਨੇ, ੬ ਸਤੰਬਰ, ੧੯੬੬ ਨੂੰ ਪਾਰਲੀਮੈਂਟ ਦੀ ਲੋਕ ਸਭਾ ਵਿਚ ਦਿਤਾ, ਜਿਸ ਨਾਲ ਕਿ ਪੰਜਾਬ ਪੁਨਰਗਠਨ ਬਿਲ ਉਤੇ ਬਹਿਸ ਅਰੰਭ ਹੋਈ :**

ਸ੍ਰੀਮਤੀ ਪ੍ਰਧਾਨ ਸਾਹਿਬ ਜੀਓ, ਮੈਂ ਇਸ ਬਿਲ ਨੂੰ ਬੜੇ ਗਹੁ ਨਾਲ ਵਾਚਿਆ ਹੈ ਅਤੇ ਗ੍ਰਿਹ ਮੰਤ੍ਰੀ ਨੰਦਾ ਜੀ ਨੇ ਜੋ ਭਾਸ਼ਨ ਹੁਣੇ ਹੁਣੇ ਦਿਤਾ ਹੈ ਮੈਂ ਉਸ ਨੂੰ ਬੜੇ ਧਿਆਨ ਨਾਲ, ਇਕ ਮਨ ਹੋ ਕੇ, ਸੁਣਿਆ ਅਤੇ ਸਮਝਿਆ ਹੈ । ਗ੍ਰਿਹ ਮੰਤ੍ਰੀ ਜਿਸ ਮਸਲੇ ਨੂੰ ਲੋਕ ਸਭਾ ਵਿਚ ਪੇਸ਼ ਕਰਨ ਉਸ ਨੂੰ ਗਹੁ ਨਾਲ ਸੁਣਨਾ ਹੀ ਯੋਗ ਹੈ । ਸ੍ਰੀਮਤੀ ਪ੍ਰਧਾਨ ਜੀਓ, ਮੇਰੇ ਲਈ ਹੋਰ ਕੋਈ ਰਾਹ ਨਹੀਂ ਰਹਿ ਗਿਆ ਹੈ ਕਿ ਮੈਂ ਇਸ ਸਾਰੇ ਦੇ ਸਾਰੇ ਬਿਲ ਦਾ ਵਿਰੋਧ ਕਰਾਂ । ਇਹ ਬਿਲ ਗੰਦਾ ਆਂਡਾ ਹੈ ਜਿਸ ਦੇ ਕੁਝ ਭਾਗ, ਭਾਵੇਂ ਵੇਖਣ ਨੂੰ ਠੀਕ ਹੀ ਲੱਗਣ, ਓਹ ਭੋਜਨ ਕਰਨ ਦੇ ਯੋਗ ਨਹੀਂ ਹੁੰਦੇ । ਕੋਈ ਐਵੇਂ ਇਸ ਦੇ ਟੁਕੜਿਆਂ ਨੂੰ ਦੰਦ ਪਿਆ ਮਾਰੇ, ਪਰ ਇਹ ਨਾ ਖਾਣ ਵਾਲੀ ਚੀਜ਼ ਹੈ ਤੇ ਨਾ ਪਚਣ ਵਾਲੀ । ਕੋਈ ਸੰਝੀਵਾਨ ਬੰਦਾ ਤਾਂ ਇਸ ਨੂੰ ਕਬੂਲ ਕਰ ਨਹੀਂ ਸਕਦਾ ।

ਸ੍ਰੀ ਮਹਾਂ ਵੀਰ ਤਿਆਗੀ : ਇਹ ਤਾਂ ਆਪੋ ਆਪਣੇ ਹਾਜ਼ਮੇ ਉਤੇ ਨਿਰਭਰ ਹੈ ।

ਸ: ਕਪੂਰ ਸਿੰਘ : ਮੇਰੇ ਮਨ ਵਿਚ ਕੋਈ ਸ਼ੰਕਾ ਨਹੀਂ ਕਿ ਭਾਵੇਂ ਸਿੱਖਾਂ ਦਾ ਹਾਜ਼ਮਾ ਤੇ ਉਨ੍ਹਾਂ ਦੀ ਪਾਚਨ ਸ਼ਕਤੀ ਕਿਤਨੀ ਵੀ ਪ੍ਰਬਲ ਕਿਉਂ ਨਾ ਹੋਵੇ, ਜਿਵੇਂ ਕਿ ਮੇਰੇ ਮਿੱਤ੍ਰ, ਤਿਆਗੀ ਜੀ ਨੇ ਸੰਕੇਤ ਕੀਤਾ ਹੈ, ਇਸ ਗੰਦੇ ਅੰਡੇ ਨੂੰ ਖਾਣ ਨਾਲ ਉਨ੍ਹਾਂ ਨੂੰ ਢਿੱਡ ਪੀੜ ਹੀ ਪਏਗੀ । ਮੈਂ ਆਪਣੇ ਵੋਟਰਾਂ ਦੇ ਨਾਂ ਉੱਤੇ, ਆਪਣੇ ਚੋਣ ਹਲਕੇ ਦੇ ਨਾਂ ਉੱਤੇ, ਸਮੂਹ ਸਿੱਖਾਂ ਦੇ ਨਾਂ ਉੱਤੇ, ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਂ ਉੱਤੇ, ਇਸ ਬਿਲ ਨੂੰ ਰੱਦ ਕਰਦਾ ਹਾਂ । ਤਿੰਨ ਕਾਰਨ ਇਸ ਨੂੰ ਨਾ-ਕਬੂਲਣ ਦੇ ਹਨ । ਇਕ ਤਾਂ ਇਹ ਪਾਪ ਭਰੀ ਮਨਸ਼ਾ ਦੀ ਉਪਜ ਹੈ । ਦੂਜੇ, ਇਸ ਨੂੰ ਜਮਾਉਣ ਵਾਲੀ ਦਾਈ ਕੁਚੱਜੀ ਹੈ । ਤੀਜੇ, ਇਹ ਦੇਸ਼ ਦੇ ਸਮੁੱਚੇ ਲਾਭਾਂ ਲਈ ਹਾਨੀਕਾਰਕ ਹੈ ਅਤੇ ਇਸ ਨਾਲ ਦੇਸ਼ ਉਤੇ ਰਾਜ ਕਰਨ ਵਾਲੀ ਜਾਤੀ ਉੱਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਏਗਾ ਤੇ ਇੰਜ ਮੁਲਕ ਕਮਜ਼ੋਰ ਹੋਵੇਗਾ ।

ਸ੍ਰੀ ਮਹਾਂਵੀਰ ਤਿਆਗੀ : ਇਹ ਬੱਚਾ ਹਰਾਮੀ ਤਾਂ ਨਹੀਂ ਹੈ ।

ਸ: ਕਪੂਰ ਸਿੰਘ : ਹਰਾਮੀ ਨਾ ਵੀ ਹੋਵੇ, ਪਰ ਇਸ ਦੀ ਪੈਦਾਇਸ਼ ਪਾਪ ਭਰੇ ਵਿਚਾਰਾਂ ਦੁਆਰਾ ਹੋਈ ਹੈ ਅਤੇ ਇਹ ਮੁੱਢੋਂ ਹੀ ਜਾਤ ਕੁਜਾਤ ਹੈ । ਮੈਂ ਇਸ ਨੂੰ ਪਾਪ ਦੀ ਉਪਜ ਇਸ ਲਈ ਕਹਿੰਦਾ ਹਾਂ ਕਿ ਸਿੱਖਾਂ ਨਾਲ ਜੋ ਵਿਸ਼ਾਹਘਾਤ ਸੁਤੰਤਰ ਭਾਰਤ ਵਿਚ ਕੀਤਾ ਗਿਆ ਹੈ ਇਹ ਉਸ ਦੀ ਆਖਰੀ ਕੜੀ ਹੈ । ਹਿੰਦੁਸਤਾਨ ਦੀ ਬਹੁਗਿਣਤੀ ਦੇ ਲੀਡਰਾਂ ਵਲੋਂ ਸਿੱਖਾਂ ਨੂੰ ਜੋ ਵਿਸ਼ਵਾਸ ਦਿਵਾਏ ਗਏ ਸੀ, ਅਤੇ ਕਾਂਗਰਸ ਜਿਹੜੇ

ਲਾਰੇ ਸਿੱਖਾਂ ਨਾਲ ਪਿਛਲੇ ੩੦—੩੫ ਸਾਲ ਤੋਂ ਲਾਉਂਦੀ ਰਹੀ, ਉਨ੍ਹਾਂ ਦਾ ਹੁਣ ਪਾਜ ਖੁਲ੍ਹ ਗਿਆ ਹੈ ।

ਇਹ ਗੱਲ ਇਸ ਲੋਕ ਸਭਾ ਲਈ, ਜਨਤਾ ਲਈ, ਸਾਰੇ ਹਿੰਦੁਸਤਾਨ ਦੇ ਵਾਸੀਆਂ ਲਈ ਅਤੇ ਸਾਰੀ ਦੁਨੀਆਂ ਦੇ ਸੱਜਣ ਪੁਰਸ਼ਾਂ ਲਈ ਸੁਣਨੀ ਤੇ ਸਮਝਣੀ ਗੁਣਕਾਰੀ ਹੋਵੇਗੀ ਜਿਹੜੀ ਕਥਾ ਕਿ ਸਿੱਖਾਂ ਨਾਲ ਕੀਤੇ ਗਏ ਵਿਸਾਹ-ਘਾਤ ਦੀ ਮੈਂ ਅੱਜ ਸੁਣਾਨ ਲੱਗਾ ਹਾਂ । ਵਿਸਾਹ-ਘਾਤ ਕਾਂਗਰਸੀ ਹਿੰਦੂ ਲੀਡਰਾਂ ਨੇ, ਜਾਣ ਬੁਝ ਕੇ ਅਤੇ ਕ੍ਰਿਤਘਣਤਾ ਦੁਆਰਾ ਉਸ ਸਿੱਖ ਕੌਮ ਨਾਲ ਕੀਤਾ ਹੈ ਜਿਸ ਸਿੱਖ ਕੌਮ ਨੇ ਹਿੰਦੂ ਧਰਮ ਤੇ ਹਿੰਦੂ ਜਾਤੀ ਦੀ ਰਖਸ਼ਾ ਲਈ ਬੇਪਨਾਹ ਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ । ਇਹ ਵਿਸਾਹ-ਘਾਤ ਉਨ੍ਹਾਂ ਸਿੱਖਾਂ ਨਾਲ ਕੀਤਾ ਗਿਆ ਹੈ ਜਿਹੜੇ ਕਿ ਧਰਮ ਦੇ ਰਖਸ਼ਕ ਤੇ ਦੇਸ਼ ਦੇ ਵੈਰੀਆਂ ਦੇ ਸ਼ੱਤਰੂ ਹਨ । ਇਹ ਧੋਖਾ ਉਨ੍ਹਾਂ ਸਿੱਖਾਂ ਨਾਲ ਹੋਇਆ ਹੈ ਜਿਨ੍ਹਾਂ ਦਾ ਹੌਸਲਾ, ਕੁਰਬਾਨੀ ਅਤੇ ਦੇਸ਼ ਭਗਤੀ ਸੰਸਾਰ-ਪ੍ਰਸਿੱਧ ਹੈ ।

ਉਸ ਸਿੱਖ ਜਾਤੀ ਨਾਲ ਹੋਏ ਵਿਸ਼ਵਾਸ਼-ਘਾਤ ਦੀ ਕਹਾਣੀ, ਮੈਂ ਅੱਜ ਬਿਆਨ ਕਰਨ ਦੀ ਆਗਿਆ ਚਾਹੁੰਦਾ ਹਾਂ, ਜਿਨ੍ਹਾਂ ਨਾਲ ਕਿ ਵਿਸ਼ਵਾਸ-ਘਾਤ ਬਿਗਾਨਿਆਂ ਨੇ ਨਹੀਂ, ਸਗੋਂ ਆਪਣਿਆਂ ਨੇ ਕੀਤਾ ਹੈ । ਇਹ ਓਹ ਸਿੱਖ ਹਨ ਜਿਹੜੇ ਸਵੇਰੇ ਸ਼ਾਮ ਅਰਦਾਸ ਵਿਚ ਕਹਿੰਦੇ ਹਨ; "ਸਿੱਖਾਂ ਨੂੰ ਵਿਸਾਹ ਦਾਨ, ਭਰੋਸਾ ਦਾਨ ।" ਜੋ ਵਿਸ਼ਵਾਸ ਕਰਦੇ ਹਨ ਅਤੇ ਵਿਸ਼ਵਾਸ-ਘਾਤ ਦੀ ਉਮੀਦ ਦੂਜਿਆਂ ਕੋਲੋਂ ਨਹੀਂ ਰੱਖਦੇ । ਅਸਾਡੇ ਬਜ਼ੁਰਗ ਅਤੇ ਰਿਸ਼ੀ, ਜੋ ਕਿ ਹਿੰਦੂਆਂ ਤੇ ਸਿੱਖਾਂ ਦੋਹਾਂ ਦੇ ਪੂਜਯ ਹਨ, ਵਿਸ਼ਵਾਸ-ਘਾਤ ਨਾਲੋਂ ਵੱਡਾ ਮਹਾਨ ਪਾਪ ਹੋਰ ਕੋਈ ਨਹੀਂ ਗਿਣਦੇ ਸਨ । ਮਹਾਂਭਾਰਤ (ਆਦਿਪਰਵਮ, ੭੪.੨੫) ਵਿਚ ਲਿਖਿਆ ਹੈ :

**ਯੋ ਅਨਯਥਾ ਸੰਤਾਤਮਾਨਾਮ ਅਨਯਥਾ ਪਰਤਿਪਦਯਤੇ,**

**ਕਿੰਤੇਣ ਨ ਕ੍ਰਤਮ ਪਾਪਮ ਚੋਰੇਣਾਤਮਾ ਪਹਾਰਿਣਾ ॥**

ਅਰਥਾਤ, ਜਿਸਦੇ ਮਨ ਵਿਚ ਹੋਰ ਹੈ, ਪਰ ਬਚਨਾਂ ਦਵਾਰਾ ਹੋਰ ਪ੍ਰਗਟ ਕਰਦਾ ਹੈ ਉਸ ਕੋਲੋਂ ਕੋਈ ਪਾਪ ਵੀ ਅਸੰਭਵ ਨਹੀਂ ਹੈ । ਕਿਉਂ ਜੁ ਆਪਣੀ ਆਤਮਾ ਦਾ ਚੋਰ ਅਤੇ ਡਾਕੂ ਉਹ ਸਪੱਸ਼ਟ ਹੈ ਹੀ ।

ਮੈਂ ਇਸ ਸਦਨ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਓਹ ਆਪਣਾ ਧਿਆਨ ੧੯੨੯ ਦੀ ਸ਼ਰਦ ਰਿਤੂ ਵੱਲ ਲੈ ਜਾਣ ਜਦੋਂ ਕਿ ਲਾਹੌਰ ਵਿਚ ਰਾਵੀ ਦੇ ਕੰਢੇ ਉੱਤੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਸਮਾਗਮ ਹੋਇਆ ਸੀ ਅਤੇ ਜਦੋਂ ਹਿੰਦੁਸਤਾਨ ਲਈ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ । ਮਾਘ ਦੀ ਉਸ ਠੰਡੀ ਰਾਤ ਮੈਂ ਇਕ ਵਿਦਿਆਰਥੀ ਵਾਲੰਟੀਅਰ ਦੇ ਰੂਪ ਵਿਚ ਉਥੇ ਮੌਜੂਦ ਸਾਂ । ਉਸ ਤੋਂ ਪਹਿਲੇ ਦਿਨ ਸਿੱਖਾਂ ਨੇ ਆਪਣੇ ਲੀਡਰ, ਬਾਬਾ ਖੜਕ ਸਿੰਘ ਦੀ ਸਰਕਰਦਗੀ ਵਿਚ ਪੰਜ ਲੱਖ ਨਰ ਨਾਰੀ ਦਾ ਸ਼ਾਨਦਾਰ ਜਲੂਸ ਕੱਢਿਆ ਸੀ, ਜਿਸ ਬਾਬਤ ਕਿ ਲੰਡਨ ਦੇ 'ਟਾਈਮਜ਼' ਅਖ਼ਬਾਰ ਨੇ ਲਿਖਿਆ ਕਿ,

> "ਇਸ ਜਲੂਸ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲਸੀ ਤੇ ਜਲੂਸੀ ਫਿੱਕੀ ਪੈ ਗਈ ਅਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ ।"

ਉਸ ਤੋਂ ਦੂਜੇ ਦਿਨ, ਮਹਾਤਮਾਂ ਗਾਂਧੀ, ਪੰਡਤ ਮੋਤੀ ਲਾਲ ਨਹਿਰੂ ਤੇ ਪੰਡਤ ਜਵਾਹਰ ਲਾਲ, ਬਾਬਾ ਖੜਕ ਸਿੰਘ ਜੀ ਦੇ ਨਿਵਾਸ ਅਸਥਾਨ ਚਬੁਰਜੀ ਵਿਖੇ ਪਹੁੰਚੇ ਤੇ ਇਹ ਵਿਸ਼ਵਾਸ ਦਿਵਾਇਆ ਕਿ ਜਿਸ ਵੇਲੇ ਹਿੰਦੁਸਤਾਨ ਆਜ਼ਾਦ ਹੋ ਜਾਇਗਾ, ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਇਗਾ ਜਿਹੜਾ ਕਿ ਸਿੱਖਾਂ ਨੂੰ ਮਨਜ਼ੂਰ, ਤੇ ਕਬੂਲ ਨਾ ਹੋਵੇ, ਇਸੇ ਮਤਲਬ ਦਾ ਮਤਾ ਵੀ ਕਾਂਗਰਸ ਨੇ ਪਾਸ ਕਰ ਦਿਤਾ ।

ਉਸ ਤੋਂ ਪਿਛੋਂ ਸੰਨ ੧੯੪੭ ਤਕ ਇਸ ਮਤੇ ਦੀ ਪਰੌੜ੍ਹਤਾ ਕਈ ਵਾਰ ਕਾਂਗਰਸ ਨੇ ਕੀਤੀ ਅਤੇ ਸੰਨ ੧੯੫੦ ਤਕ ਇਸ ਮਤੇ ਨੂੰ ਕਾਂਗਰਸ ਨੇ ਅੰਮਨਾ ਨਹੀਂ ਕੀਤਾ । ੧੯੫੦ ਵਿਚ ਜਦੋਂ ਸੁਤੰਤਰ ਭਾਰਤ ਦਾ ਵਿਧਾਨ ਬਣਾਇਆ ਗਿਆ ਤਾਂ ਇਸ ਮਤੇ ਉਤੇ ਅਮਲ ਕਰਨ ਤੋਂ ਸਿੱਧਾ ਤੇ ਸਾਫ਼ ਇਨਕਾਰ ਕਰ ਦਿਤਾ ਗਿਆ ।

ਸਿੱਖ ਜਿਹੜੇ ਕਿ ਵਿਸਾਹ ਪਾਲਣ ਵਾਲੇ ਅਤੇ ਵਿਸ਼ਵਾਸ ਕਰਨ ਵਾਲੇ ਹਨ, ਉਨ੍ਹਾਂ ਨੇ ਪੂਰੇ ੨੦ ਸਾਲ ਕਾਂਗਰਸ ਦੇ ਵਿਸ਼ਵਾਸ ਉਤੇ ਪੂਰਾ ਭਰੋਸਾ ਰੱਖਿਆ ਅਤੇ ਜਦੋਂ ਕਦੇ ਵੀ ਉਨ੍ਹਾਂ ਨੂੰ ਅੰਗਰੇਜ਼ਾਂ ਵਲੋਂ, ਜਾਂ ਮੁਸਲਮਾਨਾਂ ਵਲੋਂ ਰਾਜਸੀ ਅਧਿਕਾਰਾਂ ਬਾਰੇ ਕੋਈ ਪੇਸ਼ਕਸ਼ ਵੀ ਹੋਈ, ਉਹ ਉਨ੍ਹਾਂ ਨੇ ਤੁਰਤ ਨਾ-ਮਨਜ਼ੂਰ ਕਰ ਦਿਤੀ । ਇਸ ਸਮੇਂ ਵਿਚ ਮੁਸਲਮਾਨਾਂ ਵਲੋਂ ਤੇ ਅਗਰੇਜ਼ਾਂ ਵਲੋਂ, ਇਕ ਤੋਂ ਵਧ ਵਾਰ ਸਿੱਖਾਂ ਨੂੰ ਸੁੰਤਤਰ ਰਾਜ, ਆਪਣਾ ਆਜ਼ਾਦ ਦੇਸ਼, ਦੇਣ ਤਕ ਦੇ ਯਤਨ ਹੋਏ, ਜਿਹੜਾ ਦੇਸ਼ ਕਿ ਦਰਿਆ ਘੱਘਰ ਤੋਂ ਲੈ ਕੇ ਚਨਾਬ ਦੇ ਕੰਢਿਆਂ ਤਕ ਮਿਥਿਆ ਗਿਆ ਸੀ, ਪਰ ਸਿੱਖਾਂ ਨੇ ਇਸ ਨੂੰ ਕਬੂਲਣੋਂ ਨਾਂਹ ਕਰ ਦਿਤੀ ।

ਹੁਣ ਮੈਂ ਸੰਨ ੧੯੩੨ ਵਲ ਆਉਂਦਾ ਹਾਂ ਜਦੋਂ ਕਿ ਲੰਦਨ ਵਿਚ ਦੂਜੀ ਗੋਲਮੇਜ਼ ਕਾਨਫ਼ਰੰਸ ਹੋ ਰਹੀ ਸੀ ਅਤੇ ਸਿਆਲਕੋਟ ਵਾਲੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਜਿਸ ਵੇਲੇ ਕਿ ਕੌਂਸਲ ਆਫ਼ ਇੰਡੀਆ ਦੇ ਮੈਂਬਰ ਸਨ । ਉਸ ਸਮੇਂ ਬਰਤਾਨਵੀ ਸਰਕਾਰ ਦੇ ਲੀਡਰਾਂ ਨੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਦੁਆਰਾ, ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਜੇ ਓਹ ਕਾਂਗਰਸ ਨਾਲੋਂ ਆਪਣਾ ਸੰਬੰਧ ਪੱਕੇ ਤੌਰ ਤੇ ਤੋੜ ਲੈਣ ਤਾਂ ਅੰਗਰੇਜ਼, ਸਿੱਖਾਂ ਨੂੰ ਪੰਜਾਬ ਅਤੇ ਹਿੰਦੁਸਤਾਨ ਵਿਚ ਇਤਨੀ ਠੋਸ ਸ਼ਕਤੀ ਦੇ ਦੇਣਗੇ ਜਿਸ ਦੁਆਰਾ ਕਿ, ਜਦੋਂ ਉਹ ਹਿੰਦੁਸਤਨ ਨੂੰ ਅਜ਼ਾਦ ਕਰਨ, ਸਿੱਖ ਹਿੰਦੁਸਤਾਨ ਦੇ ਤੀਜੇ ਭਾਈਵਾਲ ਬਣ ਸਕਣ ।

ਇਹ ਮਾਸਟਰ ਤਾਰਾ ਸਿੰਘ, ਜਿਸ ਦੇ ਔਗੁਣਾਂ ਨੂੰ ਦਿਨ ਰਾਤ ਗਿਣਿਆ ਜਾਂਦਾ ਹੈ, ਇਹ ਮਾਸਟਰ ਤਾਰਾ ਸਿੰਘ ਜਿਹੜਾ ਹੱਦ ਤੋਂ ਵਧ ਸਰਲ ਸੁਭਾ ਹੈ, ਉਸ ਨੇ ਇਹ ਭਾਰੀ ਪੇਸ਼ਕਸ਼ ਫ਼ੌਰਨ ਨਾ-ਮਨਜ਼ੂਰ ਕਰ ਦਿਤੀ ।

ਸ੍ਰੀਮਤੀ ਪ੍ਰਧਾਨ ਸਾਹਿਬ, ਮੈਂ ਉਸ ਵੇਲੇ ਕੈਂਬਰਿਜ ਦੀ ਯੂਨੀਵਰਸਿਟੀ ਵਿਚ ਵਿਦਿਆਰਥੀ ਸਾਂ ਅਤੇ ਇਹ ਸਾਰੀਆਂ ਗੱਲਾਂ ਮੇਰੇ ਸਾਹਮਣੇ ਤੇ ਹੱਥੀਂ ਹੋਇਆਂ ।

ਹੁਣ ਤੀਜੀ ਸਾਖੀ ਸੁਣੋ । ਸੰਨ ੧੯੪੬ ਦੇ ਜੁਲਾਈ ਦੇ ਮਹੀਨੇ ਆਲ ਇੰਡੀਆ ਕਾਂਗਰਸ ਕਮੇਟੀ ਦਾ ਜਲਸਾ ਕਲਕੱਤੇ ਹੋਇਆ । ਜਿਸ ਵਿਚ ਕਿ ਸਿੱਖਾਂ ਨਾਲ ਕੀਤੇ

ਗਏ ਰਾਜਸੀ ਪ੍ਰਣ ਦੁਹਰਾਏ ਗਏ। ੬ ਜੁਲਾਈ, ੧੯੪੬ ਨੂੰ ਕਾਂਗਰਸ ਦੇ ਪ੍ਰਧਾਨ ਪੰਡਤ ਜਵਾਹਰ ਲਾਲ ਨਹਿਰੂ ਨੇ ਇਕ ਪ੍ਰੈਸ ਕਾਨਫਰੰਸ ਕਲਕੱਤੇ ਵਿਚ ਕੀਤੀ ਜਿਸ ਵਿਚ ਫੱਫੇ ਕੁੱਟਣੀਆਂ ਵਾਲੇ ਇਹ ਸ਼ਬਦ ਕਹੇ ਗਏ :

> "ਪੰਜਾਬ ਦੇ ਬਾਹਦਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿਚ ਕੋਈ ਆਪੱਤੀ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉੱਤਰ ਵਿਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿਤਾ ਜਾਵੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ।"

ਇਨ੍ਹਾਂ ਕਾਵਯਮਈ ਸ਼ਬਦਾਂ ਨਾਲ ਸਿੱਖਾਂ ਨੂੰ ਆਜ਼ਾਦ ਭਾਰਤ ਵਿਚ ਇਕ ਸੁਤੰਤਰ ਦੇਸ਼ ਦੇਣ ਦਾ ਬਚਨ ਕੀਤਾ ਗਿਆ।

ਚੌਥੀ ਸਾਖੀ ਇਉਂ ਹੈ ਕਿ ਸੰਨ ੧੯੪੬ ਦੀਆਂ ਸਰਦੀਆਂ ਵਿਚ, ਜਦੋਂ ਕੈਬਨਿਟ ਮਿਸ਼ਨ ਦਿੱਲੀ ਆਇਆ ਤਾਂ ਉਨ੍ਹਾਂ ਨੇ ਸ੍ਰਦਾਰ ਬਲਦੇਵ ਸਿੰਘ ਨੂੰ ਬਰਤਾਨਵੀ ਸਰਕਾਰ ਵਲੋਂ ਇਹ ਸੁਨੇਹਾ ਦਿਤਾ ਕਿ ਜੇ ਸਿੱਖ ਕਾਂਗਰਸ ਨਾਲੋਂ ਕਿਵੇਂ ਵੀ ਵੱਖ ਹੋਣਾ ਨਹੀਂ ਲੋਚਦੇ ਅਤੇ ਹਿੰਦੂਆਂ ਦੇ ਨਾਲ ਰਲ ਕੇ ਹੀ ਰਹਿਣਾ ਚਾਹੁੰਦੇ ਹਨ ਤਾਂ, ਉਨ੍ਹਾਂ ਸ਼ੁਭ ਇੱਛਾਂ ਦੇ ਪ੍ਰਗਟਾਵੇ ਲਈ ਜੋ ਕਿ ਅੰਗਰੇਜ਼ ਜਾਤੀ ਦੇ ਹਿਰਦੇ ਵਿਚ ਸਿੱਖਾਂ ਲਈ ਹਨ, ਬਰਤਾਨਵੀ ਸਰਕਾਰ ਅਜਿਹਾ ਵਿਧਾਨ ਨਿਸਚਤ ਕਰਨ ਲਈ ਤਿਆਰ ਹੈ ਜਿਸ ਵਿਚ ਕਿ ਉਹ, ਜਿਥੋ ਤਕ ਸਿੱਖ ਹੋਮਲੈਂਡ, ਅਥਵਾ ਸਿਖਸਤਾਨ ਦਾ ਸੰਬੰਧ ਹੈ, ਅਰਥਾਤ ਘੱਗਰ ਤੇ ਚਨਾਬ ਵਿਚਲਾ ਇਲਾਕਾ, ਉੱਥੇ ਹਿੰਦੁਸਤਾਨ ਦੀ ਤਕਸੀਮ ਹੋਣ ਪਿਛੋਂ, ਨਾ ਭਾਰਤ ਤੇ ਨਾ ਪਾਕਿਸਤਾਨ ਕੋਈ ਅਜਿਹਾ ਕਾਨੂੰਨ ਲਾਗੂ ਕਰ ਸਕੇ ਜਿਹੜਾ ਕਿ ਸਿੱਖਾਂ ਨੂੰ ਕਬੂਲ ਨਾ ਹੋਵੇ। ਸ੍ਰ: ਬਲਦੇਵ ਸਿੰਘ ਨੇ ਝਟ ਪਟ ਇਹ ਸਾਰੀ ਗੱਲ ਬਾਤ ਨਹਿਰੂ ਜੀ ਨੂੰ ਆ ਦਸੀ ਤੇ ਉਨ੍ਹਾਂ ਦੀ ਸਲਾਹ ਨਾਲ, ਬਰਤਾਨਵੀ ਸਰਕਾਰ ਦੀ ਇਹ ਪੇਸ਼ਕਸ਼ ਰੱਦ ਕਰ ਦਿਤੀ। ਜੇ ਸਿੱਖ ਉਸ ਵੇਲੇ ਇਹ ਪੇਸ਼ਕਸ਼ ਮੰਨ ਲੈਂਦੇ ਤਾਂ ਇਹ ਕਾਂਗਰਸ ਦੇ, ਪੰਡਤ ਜਵਾਹਰ ਲਾਲ ਨਹਿਰੂ ਦੁਆਰਾ ਸੰਨ ੧੯੪੬ ਦੀ ਕਲਕੱਤੇ ਵਿਚ ਕੀਤੀ ਪੇਸ਼ਕਸ਼ ਨਾਲੋਂ ਵੀ ਕਿਤੇ ਵਧੇਰੇ ਵੱਡੀ ਪੇਸ਼ਕਸ਼ ਸੀ ਅਤੇ ਇਸ ਦੁਆਰਾ ਸਿੱਖ ਪਾਕਿਸਤਾਨ ਅਤੇ ਭਾਰਤ ਦੋਹਾਂ ਦੇਸ਼ਾਂ ਵਿਚ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਅਸਥਾਨ ਪ੍ਰਾਪਤ ਕਰ ਸਕਦੇ ਸਨ।

ਪੰਜਵੀਂ ਗੱਲ ਇਉਂ ਹੈ ਕਿ ਸੰਨ ੧੯੪੭ ਅਪ੍ਰੈਲ ਦੇ ਮਹੀਨੇ, ਵਿਚ ਮਿਸਟਰ ਜਿਨਾਹ ਨੇ ਬਰਤਾਨਵੀ ਸਰਕਾਰ ਦੇ ਕੁਝ ਉੱਘੇ ਲੀਡਰਾਂ ਨਾਲ ਸਲਾਹ ਕਰ ਕੇ ਸਿੱਖਾਂ ਨੂੰ ਇਕ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਇਹ ਗੱਲ ਮਾਸਟਰ ਤਾਰਾ ਸਿੰਘ ਜੀ ਨਾਲ ਕੀਤੀ ਗਈ ਤੇ ਪਿਛੋਂ ਮਹਾਰਾਜਾ ਪਟਿਆਲਾ ਨਾਲ। ਪੇਸ਼ਕਸ਼ ਇਹ ਸੀ ਕਿ ਪਟਿਆਲੇ ਦੀ ਰਿਆਸਤ ਨੂੰ ਇਕ ਸੁਤੰਤਰ ਦੇਸ਼ ਸਥਾਪਤ ਕਰ ਕੇ, ਪਾਣੀਪਤ ਤੋਂ ਲੈ ਕੇ ਰਾਵੀ ਦਰਿਆ ਦੇ ਕੰਢਿਆਂ ਤਕ ਦੇ ਇਲਾਕੇ ਵਿਚ ਮਿਲਾ ਦਿਤੇ ਜਾਣ। ਇਹੋ ਦੇਸ਼ ਸਿਖਸਤਾਨ ਬਣ ਜਾਵੇ ਅਤੇ ਫੇਰ ਇਹ ਸਿਖਸਤਾਨ ਪਾਕਿਸਤਾਨ ਨਾਲ ਸੰਧੀ ਕਰ ਕੇ ਆਪਣੀ ਰੱਖਿਆ ਆਦਿ ਦੇ ਸਾਂਝੇ ਪ੍ਰਬੰਧ ਕਰ ਲਵੇ। ਮਾਸਟਰ ਤਾਰਾ ਸਿੰਘ ਨੇ ਤਾਂ ਇਹ ਪੇਸ਼ਕਸ਼ ਬਿਨ੍ਹਾਂ

ਕਿਸੇ ਨਾਲ ਸਲਾਹ ਕੀਤੇ ਦੇ ਹੀ ਠੁਕਰਾ ਦਿਤੀ, ਪਰ ਮਹਾਰਾਜਾ ਪਟਿਆਲਾ ਨੇ ਸਰਦਾਰ ਪਟੇਲ ਤੇ ਸ੍ਰੀ ਜਵਾਹਰ ਲਾਲ ਨਹਿਰੂ ਨਾਲ ਸਲਾਹ ਕਰ ਕੇ ਇਸ ਨੂੰ ਰੱਦ ਕਰ ਦਿਤਾ ।

ਛੇਵੀਂ ਕੜੀ ਇਸ ਕਥਾ ਦੀ ਇਉਂ ਹੈ : ੯ ਦਸੰਬਰ, ਸੰਨ ੧੯੪੬ ਨੂੰ ਜਦੋਂ ਕਿ ਹਿੰਦੁਸਤਾਨ ਦੀ ਕੰਸਟੀਚਿਉਐਂਟ ਅਸੈਂਬਲੀ ਦੀ ਪਹਿਲੀ ਬੈਠਕ ਦਿੱਲੀ ਵਿਚ ਹੋਈ ਤਾਂ ਉਸ ਸਮੇਂ, ਬਾਬੂ ਰਾਜਿੰਦਰ ਪ੍ਰਸ਼ਾਦਿ ਦੀ ਪ੍ਰਧਾਨਗੀ ਹੇਠਾਂ, ਪੰਡਤ ਜਵਾਹਰ ਲਾਲ ਨਹਿਰੂ ਨੇ ਪਹਿਲਾ ਤੇ ਬੁਨਿਆਦੀ ਮਤਾ ਪੇਸ਼ ਕੀਤਾ ਜਿਸ ਵਿਚ ਇਹ ਸ਼ਬਦ ਅੰਕਤ ਹਨ :

> "ਘਟ-ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ । ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂ-ਬ-ਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰੀਆ ਨੂੰ ਦਿੰਦੇ ਹਾਂ । ਇਸ ਲਈ ਇਹ ਇਕ ਪਵਿੱਤ੍ਰ ਸੌਗੰਦ* ਹੈ ਜਿਸ ਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ।"

ਜੋ ਲੋਕ ਰੱਬ ਦੇ ਭਉ ਤੇ ਗੁਰੂ ਦੇ ਡਰ ਤੋਂ ਆਜ਼ਾਦ ਹੋ ਕੇ ਝੂਠੀਆਂ ਸਹੁੰਆਂ ਸੌਗੰਦਾਂ, ਰਾਜਸੀ ਪੱਧਰ ਉੱਤੇ, ਚੁੱਕਦੇ ਹਨ ਉਨ੍ਹਾਂ ਦੀ ਅੰਤਮ ਗਤੀ ਦੀ ਬਾਬਤ ਮੈਂ ਕੀ

---

* ਆਪਣੀ ਸ੍ਵਾਰਥ ਸਿੱਧੀ ਲਈ ਅਤੇ ਵੇਲਾ ਟਪਾਉਣ ਲਈ ਝੂਠੀਆ ਸਹੁੰਆਂ ਸੌਗੰਦਾਂ ਖਾ ਲੈਣੀਆਂ ਕਾਂਗਰਸ ਲਈ ਕੋਈ ਨਵੀਂ ਗੱਲ ਨਹੀਂ ਜਾਪਦੀ। ੧੬ ਮਾਰਚ, ਸੰਨ ੧੯੩੧ ਨੂੰ ਮਹਾਤਮਾ ਗਾਂਧੀ ਗੁਰਦਵਾਰਾ ਸੀਸ ਗੰਜ ਦੇ ਇਕ ਵਿਸ਼ੇਸ਼ ਦੀਵਾਨ ਵਿਚ ਗਏ ਜਿਥੇ ਕਿ ਉਨ੍ਹਾਂ ਨੂੰ ਮਾਣ-ਪੱਤਰ ਦਿਤਾ ਗਿਆ । ਉਨ੍ਹਾਂ ਕੋਲੋਂ ਪੁੱਛ ਕੀਤੀ ਗਈ ਕਿ ਜੇ ਕਾਂਗਰਸ ਸਿੱਖਾ ਨਾਲ ਕੀਤੇ ਕੌਲ ਇਕਰਾਰਾਂ ਤੋਂ ਖਿਸਕ ਗਈ ਤਾ ਫੇਰ ਸਿੱਖ ਕੀ ਕਰਨਗੇ । ਮਹਾਤਮਾ ਗਾਂਧੀ ਨੇ ਜੋ ਉਤਰ ਦਿਤਾ ਉਹ ਉਨ੍ਹਾਂ ਦੇ ਅਖਬਾਰ, "ਯੰਗ ਇੰਡੀਆ' ਮਿਤੀ ੧੯ ਮਾਰਚ, ੧੯੩੧ ਵਿਚ ਛਪਿਆ ਹੋਇਆ ਹੈ ਅਤੇ ਉਸ ਵਿਚ ਇਹ ਸ਼ਬਦ ਹਨ : "ਸਰਦਾਰ ਮਧੁਸੂਦਨ ਸਿੰਘ ਜੀ ਨੇ ਮੈਨੂੰ ਇਹ ਭਰੋਸਾ ਦਿਵਾਉਣ ਲਈ ਕਿਹਾ ਹੈ ਕਿ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਦਾ ਪਾਲਣ ਕਰੇਗੀ ਅਤੇ ਕਦੇ ਕੋਈ ਅਜਿਹਾ ਕਦਮ ਨਹੀਂ ਚੁਕੇਗੀ ਜਿਸ ਨਾਲ ਕਿ ਸਿੱਖਾਂ ਦੀ ਹਮਦਰਦੀ ਕਾਂਗਰਸ ਨਾਲੋਂ ਟੁੱਟ ਜਾਵੇ । ਭਰਾਵੋ, ਕਾਂਗਰਸ ਨੇ ਲਾਹੌਰ ਵਿਚ ਮਤਾ ਪਾਸ ਕਰ ਦਿਤਾ ਹੋਇਆ ਹੈ ਕਿ ਉਹ ਕੋਈ ਵਿਧਾਨ ਨਹੀਂ ਬਣਾਏਗੀ ਜਿਸ ਨੂੰ ਕਿ ਸਿੱਖ ਆਪੂੰ ਪ੍ਰਵਾਨ ਨਾ ਕਰਨ । ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵੱਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾਂ।... ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ ਉਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉਤੇ ਭਰੋਸਾ ਰੱਖਣ ਕਿ ਕਾਂਗਰਸ ਸਿਖ ਜਾਤੀ ਨਾਲ ਤਾਂ ਕੀ ਕਿਸੇ ਇਕ ਵਿਅਕਤੀ ਨਾਲ ਵੀ ਵਿਸ਼ਵਾਸ-ਘਾਤ ਨਹੀਂ ਕਰੇਗੀ। ਜੇ ਉਸ ਨੇ ਅਜਿਹਾ ਕੀਤਾ ਤਾਂ ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ ...ਸਿਖੋ, ਭਾਈਓ ਤੇ ਭੈਣੋ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੱਕ ਤੇ ਸੰਸੇ ਛੱਡ ਦਿਓ....ਇਸ ਤੋਂ ਵਧ ਮੈਂ ਹੋਰ ਕੀ ਆਖਾਂ ? ਅਕਾਲ ਪੁਰਖ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ, ਉਨ੍ਹਾਂ ਤੋਂ ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ ।"

ਜਦੋਂ ਪੁਛਿਆ ਗਿਆ ਕਿ ਜੇ ਸਿੱਖਾਂ ਨਾਲ ਧੋਖਾ ਹੋਇਆ ਤਾਂ ਮੁਲਕ ਆਜ਼ਾਦ ਹੋਣ ਉਤੇ ਸਿਖ ਤਾਂ ਨਿਹੱਥਲ ਹੋ ਜਾਣਗੇ ਤੇ ਸਾਰੀ ਤਾਕਤ ਹਿੰਦੂਆਂ ਦੇ ਹੱਥ ਚਲੀ ਜਾਵੇਗੀ, ਤਾਂ ਮਹਾਤਮਾ ਗਾਂਧੀ ਨੇ ਉਤਰ ਦਿੱਤਾ "ਕਿ ਉਸ ਸਮੇਂ ਸਿੱਖਾਂ ਦਾ ਇਹ ਹੱਕ ਹੋਵੇਗਾ ਕਿ ਉਹ ਹਥ ਵਿਚ ਤਲਵਾਰ ਫੜ ਕੇ ਬਗ਼ਾਵਤ ਕਰਨ ਅਤੇ ਵਾਹਿਗੁਰੂ ਅਤੇ ਮਨੁਖਜਾਤੀ ਦੀ ਆਤਮਾ ਉਨ੍ਹਾਂ ਦੀ ਸਹਾਇਤਾ ਕਰਨਗੇ।"

ਆਖਾਂ ? ਜਿਨ੍ਹਾਂ ਦੇ ਮਨ ਵਿਚੋਂ ਸ਼ਰਮ ਉੱਡ ਚੁੱਕੀ ਹੈ, ਜਿਨ੍ਹਾਂ ਦੀ ਆਤਮਾ ਵਿਚ ਧਰਮ ਦਾ ਅਭਾਵ ਹੋ ਗਿਆ ਹੈ, ਜਿਨ੍ਹਾਂ ਨੂੰ ਕੋਈ ਉਨ੍ਹਾਂ ਦੇ ਪਾਪ ਕਰਮਾਂ ਦਾ ਦੰਡ ਦੇਣ ਵਾਲਾ ਦਿਖਾਈ ਨਹੀਂ ਦਿੰਦਾ, ਉੱਥੇ, ਜਿਨ੍ਹਾਂ ਨਾਲ ਵਿਸ਼ਵਾਸ-ਘਾਤ ਹੋਇਆ ਹੈ, ਉਹ ਸਿਵਾਏ ਅਕਾਲ ਪੁਰਖ ਦੇ ਦਰਬਾਰ ਵਿਚ ਅਰਦਾਸ ਦੇ ਹੋਰ ਕਰ ਵੀ ਕੀ ਸਕਦੇ ਹਨ ? ਸਿੱਖ, ਇਸ ਸਮੇਂ, ਗੁਰੂ ਅਕਾਲ ਪੁਰਖ ਕੋਲ ਆਪਣੇ ਕਸ਼ਟਾਂ ਦੀ ਨਵਿਰਤੀ ਲਈ ਅਰਦਾਸ ਕਰ ਰਹੇ ਹਨ । ਪਰ ਜਿਨ੍ਹਾਂ ਲੋਕਾਂ ਦੇ ਹੱਥ ਰਾਜ ਦੀ ਸ਼ਕਤੀ ਆ ਜਾਂਦੀ ਹੈ ਉਹ ਆਪਣੀ ਤਵਾਰੀਖ਼ ਵੀ ਆਪ ਹੀ ਘੜ ਲੈਂਦੇ ਹਨ । ਇਸ ਲਈ ਮੈਂ ਸਿੱਖਾਂ ਨਾਲ ਵਿਸ਼ਵਾਸ-ਘਾਤ ਦੀ ਇਸ ਦੁਖਦਾਈ ਕਥਾ ਦਾ ਵਰਣਨ ਕਰ ਰਿਹਾ ਹਾਂ ਤਾਂ ਜੁ ਆਉਣ ਵਾਲੀਆਂ ਨਸਲਾਂ ਸਚਾਈ ਤੋਂ ਜਾਣੂ ਹੋ ਜਾਣ ।

ਹੁਣ ਮੈਂ ਸੱਤਵੀਂ ਸਾਖੀ ਵੱਲ ਆਉਂਦਾ ਹਾਂ । ੧੨ ਮਈ, ੧੯੪੭ ਨੂੰ ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਮਾਊਂਟਬੈਟਨ, ਪੰਡਤ ਜਵਾਹਰ ਲਾਲ ਨਹਿਰੂ, ਨਵਾਬ ਲਿਆਕਤ ਅਲੀ ਖ਼ਾਂ ਅਤੇ ਸ੍ਰਦਾਰ ਬਲਦੇਵ ਸਿੰਘ, ਬਰਤਾਨਵੀ ਸਰਕਾਰ ਦੇ ਸੱਦੇ ਉੱਤੇ, ਲੰਡਨ ਨੂੰ ਹਵਾਈ ਜਹਾਜ਼ ਰਾਹੀਂ ਗਏ ਤਾਂ ਜੁ ਉੱਥੇ ਹਿੰਦੁਸਤਾਨ ਦੀ ਫ਼ਿਰਕੂ ਅੜਚਣ ਦੇ ਹੱਲ ਲੱਭਣ ਦਾ ਆਖ਼ਰੀ ਯਤਨ ਕੀਤਾ ਜਾਏ । ਜਦੋਂ ਮੁਸਲਿਮ ਲੀਗ ਤੇ ਕਾਂਗਰਸ ਵ੍ਰਿਚਕਾਰ ਕੋਈ ਗੱਲ ਬਾਤ ਨੇਪਰੇ ਨਾ ਚੜ੍ਹ ਸਕੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਹਿੰਦੁਸਤਾਨ ਨੂੰ ਵਾਪਸੀ ਰਵਾਨਗੀ ਮਿਥ ਲਈ ਤਾਂ ਬਰਤਾਨਵੀ ਸਰਕਾਰ ਦੇ ਇਕ ਪ੍ਰਮੁਖ ਨੇਤਾ ਨੇ ਸ੍ਰਦਾਰ ਬਲਦੇਵ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਇਕ ਦੋ ਦਿਨ ਪਿਛੇ ਠਹਿਰ ਜਾਣ ਤਦ,

> "ਅਜਿਹੇ ਪ੍ਰਬੰਧ ਸੰਭਵ ਹਨ ਜਿਨ੍ਹਾਂ ਦਵਾਰਾ ਕਿ ਸਿੱਖ ਆਪਣੇ ਪੈਰਾਂ ਉੱਤੇ ਖੜੇ ਹੋ ਕੇ ਸੰਸਾਰ ਦੀ ਤਵਾਰੀਖ਼ ਵਿਚ ਭਾਈਵਾਲੀ ਪਾ ਸਕਣ ।"

ਸ੍ਰਦਾਰ ਬਲਦੇਵ ਸਿੰਘ ਨੇ, ਬਿਨਾਂ ਵਿਲੰਬ ਦੇ, ਇਹ ਭੇਤ ਵਾਲੀ ਗੱਲ ਝਟ ਪੰਡਤ ਨਹਿਰੂ ਨੂੰ ਜਾ ਦੱਸੀ ਅਤੇ ਪੰਡਤ ਨਹਿਰੂ ਦੀ ਪ੍ਰੇਰਨਾ ਅਨੁਸਾਰ, ਹਿੰਦੁਸਤਾਨ ਵਾਪਸ ਆਉਣ ਲਈ, ਉਨ੍ਹਾਂ ਨਾਲ ਹੀ ਹਵਾਈ ਜਹਾਜ਼ ਵਿਚ ਆ ਸਵਾਰ ਹੋਏ । ਵਿਦਾਇਗੀ ਵੇਲੇ ਸ੍ਰਦਾਰ ਬਲਦੇਵ ਸਿੰਘ ਨੇ ਸੰਸਾਰ ਦੇ ਅਖ਼ਬਾਰੀ ਪੱਤ੍ਰਕਾਰਾਂ ਦੁਆਰਾ, ਬਿਨਾਂ ਨੀਤੀ ਵਿਚਾਰੇ ਦੇ, ਇਉਂ ਦਮ-ਗਜਾ ਮਾਰਿਆ :

> "ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁਝ ਮੰਗਦੇ ਹਨ, ਨਾ ਕੁਝ ਲੋਚਦੇ ਹਨ, ਸਿਵਾਏ ਇਸ ਗੱਲ ਦੇ ਕਿ ਅੰਗਰੇਜ਼ ਕਿਰਤਰਾ ਬੋਰੀਆ ਗੋਲ ਕਰ ਕੇ ਹਿੰਦੁਸਤਾਨ ਨੂੰ ਛਡ ਜਾਣ । ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਜਾਂ ਮੰਗਣੇ ਹਨ ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ ਕਰਨਗੇ ।"

ਹੁਣ ਅੱਠਵੀਂ ਤੇ ਅੰਤਲੀ ਸਾਖੀ ਇਉਂ ਹੈ ਕਿ ਜੁਲਾਈ, ੧੯੪੭ ਵਿਚ ਅਣ-ਵੰਡੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੇ ਹਿੰਦੂ ਤੇ ਸਿੱਖ ਮੈਂਬਰਾਂ ਦੀ ਇਕ ਬੈਠਕ

ਦਿੱਲੀ ਵਿਚ ਹੋਈ ਜਿਥੇ ਕਿ ਉਨ੍ਹਾਂ ਨੇ ਸਰਬ ਸੰਮਤੀ ਨਾਲ ਹਿੰਦੁਸਤਾਨ ਦੀ ਵੰਡ ਦੀ ਯੋਜਨਾ ਦੀ ਪ੍ਰੋੜ੍ਹਤਾ ਕੀਤੀ। ਉਸ ਮਤੇ ਵਿਚ ਇਹ ਸ਼ਬਦ ਵੀ ਮੌਜੂਦ ਹਨ :

> "ਹਿੰਦੁਸਤਾਨ ਦੀ ਵੰਡ ਤੋਂ ਪਿਛੋਂ ਪੰਜਾਬ ਦਾ ਜੋ ਭਾਗ ਭਾਰਤ ਵਿਚ ਰਹਿ ਜਾਵੇਗਾ ਉਸ ਵਿਚ ਇਹ ਅਤੀ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਕਾਨੂੰਨ ਬੰਨ੍ਹਿਆ ਜਾਏ।"

ਇਹ ਪੰਜਾਬ ਦੇ ਓਹੋ ਹਿੰਦੂ ਹਨ ਜਿਨ੍ਹਾਂ ਦੀ ਕਿ ਬੁੱਧੀ ਨਾਲੋਂ ਉਨ੍ਹਾਂ ਦੀ ਕੁਚੇਸ਼ਟਾ ਵਧੇਰੇ ਪ੍ਰਬਲ ਹੈ, ਜਿਨ੍ਹਾਂ ਨੇ ਕਿ ਭਾਰਤ ਸੁਤੰਤਰ ਹੋਣ ਪਿਛੋਂ ਕੋਈ ਢੰਗ ਤਰੀਕਾ ਵਰਤਣੋਂ ਸੰਕੋਚ ਨਹੀਂ ਕੀਤਾ ਜਿਸ ਦਵਾਰਾ ਕਿ ਉਹ ਸਿੱਖਾਂ ਨੂੰ ਹੀਣੇ ਬਣਾ ਕੇ ਆਪਣੇ ਅਧੀਨ ਰੱਖ ਸਕਣ। ਇਨ੍ਹਾਂ ਨੇ ਪਹਿਲਾਂ ਤਾਂ ਪੰਜਾਬੀ ਸੂਬੇ ਦੀ ਡੱਟ ਕੇ ਵਿਰੋਧਤਾ ਕੀਤੀ ਅਤੇ ਪਿਛੋਂ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਮੰਨਣ ਤੋਂ ਹੀ ਇਨਕਾਰ ਕਰ ਦਿਤਾ।

ਅੱਜ ਜਿਹੜਾ ਬਿਲ ਅਸੀਂ ਵਿਚਾਰ ਰਹੇ ਹਾਂ ਇਹ ਉਸ ਘਿਰਣਾ ਭਰੀ ਕਥਾ ਦਾ ਹੀ ਅੰਤਮ ਅਧਿਆਇ ਹੈ ਜਿਹੜੀ ਕਥਾ ਕਿ ਮੈਂ ਹੁਣੇ ਸੁਣਾ ਚੁੱਕਾ ਹਾਂ। ਜਦੋਂ, ਸੰਨ ੧੯੫੦ ਵਿਚ, ਸੁਤੰਤਰ ਹਿੰਦੁਸਤਾਨ ਦਾ ਨਵਾਂ ਵਿਧਾਨ ਨਿਰਮਤ ਕੀਤਾ ਗਿਆ ਤਾਂ ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ, ਅਥਵਾ ਅਕਾਲੀ ਮੈਂਬਰਾਂ ਨੇ, ਗੱਜ ਵੱਜ ਕੇ ਕਿਹਾ ਕਿ :

> "ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ। ਸਿੱਖ ਇਸ ਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ।"

ਸਿੱਖਾਂ ਦੇ ਨੁਮਾਇੰਦਿਆਂ ਨੇ ਇਸ ਵਿਧਾਨ ਦੇ ਇਸ ਖਰੜੇ ਉਤੇ ਦਸਤਖਤ ਕਰਨ ਤੋਂ ਉੱਕਾ ਹੀ ਨਾਂਹ ਕਰ ਦਿਤਾ ਤਾਂ ਜੁ ਸਭ ਸੰਸਾਰ ਤੇ ਆਉਣ ਵਾਲੀਆਂ ਨਸਲਾਂ ਸਪੱਸ਼ਟ ਸਮਝ ਲੈਣ ਕਿ ਇਹ ਵਿਧਾਨ ਸਿੱਖਾਂ ਨਾਲ ਵਿਸਾਹ-ਘਾਤ ਕਰ ਕੇ ਬਣਾਇਆ ਗਿਆ ਹੈ। ਅਤੇ ਇਸ ਕਾਰਨ ਸਿੱਖਾਂ ਦੀ ਆਤਮਾ ਇਸ ਨੂੰ ਸਵੀਕਾਰ ਕਰਨ ਉਤੇ ਮਜਬੂਰ ਨਹੀਂ ਕੀਤੀ ਜਾ ਸਕਦੀ।

ਸ੍ਰੀਮਤੀ ਪ੍ਰਧਾਨ ਜੀਓ, ਭਾਰਤ ਦੇ ਸੁਤੰਤਰ ਹੋਣ ਤੋਂ ਪਿਛੋਂ, ਬੀਤ ਚੁੱਕੇ ਅਠਾਰ੍ਹਾਂ ਸਾਲਾਂ ਵਿਚ, ਸਿੱਖਾਂ ਦੀ ਜੋ ਦੁਰਗਤੀ ਹੋਈ ਹੈ ਅਤੇ ਸਿੱਖਾਂ ਨਾਲ ਜੋ ਧੱਕੇ ਇਨ੍ਹਾਂ ਰਾਜਸੀ ਤੇ ਫ਼ਰੰਗੀ ਹਿੰਦੂਆਂ ਨੇ ਕੀਤੇ ਹਨ ਉਸ ਦੁਖ ਭਰੇ ਕਾਂਡ ਨੂੰ ਮੈਂ ਅੱਜ ਸਮੇਂ ਦੀ ਥੁੜ ਦੇ ਕਾਰਨ, ਨਹੀਂ ਛੋਹਦਾ। ਕੇਵਲ ਇਤਨਾ ਦੱਸਾਂਗਾ ਕਿ ਜਦੋਂ ਸੰਨ ੧੯੫੪ ਵਿਚ ਮਾਸਟਰ ਤਾਰਾ ਸਿੰਘ ਨੇ ਜਵਾਹਰ ਲਾਲ ਨਹਿਰੂ ਨੂੰ ਯਾਦ ਕਰਵਾਇਆ ਕਿ ਕਾਂਗਰਸ ਤੇ ਹਿੰਦੂਆਂ ਵੱਲੋਂ ਸਿੱਖਾਂ ਨਾਲ ਕੀਤੇ ਬਚਨ ਪੂਰੇ ਨਹੀਂ ਹੋਏ ਤਦ ਪੰਡਤ ਜਵਾਹਰ ਲਾਲ ਨਹਿਰੂ ਨੇ, ਬਿਲਾ ਝਿਜਕ, ਉੱਤਰ ਦਿਤਾ, ਕਿ, "ਹੁਣ ਸਮਾਂ ਬਦਲ ਗਿਆ ਹੈ।" ਸਿਖ ਭਲੀ ਪ੍ਰਕਾਰ ਜਾਣਦੇ ਹਨ, ਕਿ, ਹੁਣ ਸਮਾਂ ਬਦਲ ਗਿਆ ਹੈ।

ਹੁਣ ਮੈਨੂੰ ਇਸ ਬਿਲ ਉੱਤੇ ਥੋੜੀ ਜਿਹੀ ਟੀਕਾ ਟਿੱਪਣੀ ਕਰਨ ਦੀ ਆਗਿਆ ਦਿਤੀ ਜਾਵੇ । ੨੧ ਮਾਰਚ, ੧੯੬੬ ਨੂੰ ਗ੍ਰਹਿ ਮੰਤ੍ਰੀ ਨੇ ਸੁਪਰੀਮ ਕੋਰਟ ਦੇ ਇਕ ਜੱਜ ਦੀ ਪ੍ਰਧਾਨਗੀ ਹੇਠ ਕਮਿਸ਼ਨ ਨੀਯਤ ਕੀਤਾ ਕਿ ਪੰਜਾਬ ਦੇ ਪੰਜਾਬੀ ਤੇ ਹਿੰਦੀ ਭਾਗਾਂ ਨੂੰ ਵੱਖੋ ਵੱਖਰੇ ਕਰ ਕੇ ਪੰਜਾਬ ਤੇ ਹਰਿਆਣਾ ਰਾਜ ਸਥਾਪਤ ਕੀਤੇ ਜਾਣ ਅਤੇ ਇਹ ਵੰਡ ਸੰਨ ੧੯੬੧ ਦੀ ਜਨ-ਸੰਖਿਆ ਦੇ ਆਧਾਰ ਉਤੇ ਹੋਵੇ ਅਤੇ ਇਹ ਵੰਡ ਕਰਨ ਵੇਲੇ ਤਹਿਸੀਲਾਂ ਦੀਆਂ ਹੱਦਾਂ ਨਾ ਤੋੜੀਆਂ ਜਾਣ । ਇਨ੍ਹਾਂ ਤਿੰਨਾਂ ਆਦੇਸਾਂ ਦੇ ਗੁਹਜ ਰਹੱਸ ਨੂੰ ਜੇ ਸਮਝਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਇਨ੍ਹਾਂ ਦਾ ਭਾਵ ਪੰਜਾਬ ਨੂੰ ਨਿਰਬਲ ਕਰਨਾ ਅਤੇ ਸਿੱਖਾਂ ਦਾ ਲੱਕ ਤੋੜਨਾ ਹੈ । ਸ਼ਾਹ ਕਮਿਸ਼ਨ ਨੇ ਇਸ ਗੁਹਜ-ਰਹੱਸ ਨੂੰ ਸਮਝਣ ਵਿਚ ਅਣਗਹਿਲੀ ਨਹੀਂ ਵਿਖਾਈ । ਜਿੰਨਾ ਛੋਟੇ ਤੋਂ ਛੋਟਾ ਪੰਜਾਬ ਹੋ ਸਕਿਆ, ਉਸ ਤੋਂ ਵਧ ਉਨ੍ਹਾਂ ਨਹੀਂ ਬਣਨ ਦਿਤਾ ਅਤੇ ਉਨ੍ਹਾਂ ਨੇ ਪੰਜਾਬ ਨੂੰ ਹੀਣਾ ਕਰਨ ਲਈ ਜੋ ਕੁਝ ਸਰ ਬਣ ਸਕਿਆ ਕੀਤਾ ਹੈ ਤਾਂ ਜੁ ਪੰਜਾਬ ਦਾ ਇਲਾਕਾ ਤੇ ਹੱਕ ਖੋਹ ਖਿੱਚ ਕੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਅਮੀਰ ਬਣਾਇਆ ਜਾ ਸਕੇ । ਡਲਹੌਜ਼ੀ ਪੰਜਾਬ ਕੋਲੋਂ ਖੋਹ ਲਈ ਹੈ ਕਿ ਇਹ ਪਹਾੜੀ ਇਲਾਕਾ ਹੈ ਅਤੇ ਮੋਰਨੀ, ਜਿਹੜਾ ਕਿ ਡਲਹੌਜ਼ੀ ਨਾਲੋਂ ਵੀ ਉਚੇਰਾ ਹੈ ਉਹ ਹਰਿਆਣੇ ਨੂੰ ਦੇ ਦਿਤਾ ਹੈ ਕਿ ਇਥੇ ਹਿੰਦੂ ਵਸਦੇ ਹਨ ।

ਇਹ ਦੁਖਦਾਈ ਕਥਾ ਇਉਂ ਜਾਰੀ ਹੈ ਅਤੇ ਨਵੀਆਂ ਕੜੀਆਂ ਘੜ ਕੇ ਪੰਜਾਬ ਨੂੰ ਪ੍ਰਾਧੀਨ ਤੇ ਨਿਰਬਲ ਕਰਨ ਦੇ ਭਰਪੂਰ ਜਤਨ ਕੀਤੇ ਗਏ ਹਨ । ਸਿੱਟੇ ਵਜੋਂ ਪੰਜਾਬ ਹੁਣ ਐਵੇਂ ਇਕ ਚੋਪੜਿਆ ਲੇਪਿਆ ਜ਼ਿਲਾ ਪ੍ਰੀਸ਼ਦ ਹੀ ਰਹਿ ਗਿਆ ਹੈ । ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਪਾਪ ਕਰਮਾਂ ਦੀ ਪੂਰਤੀ ਲਈ ਦੇਸ਼ ਦੀ ਜੁਡੀਸ਼ਰੀ ਨੂੰ ਵਰਤਿਆ ਗਿਆ ਹੈ ।

ਸ੍ਰੀਮਤੀ ਪ੍ਰਧਾਨ ਜੀਓ, ਮੈਨੂੰ ਇਹ ਕਹਿਣ ਦੀ ਆਗਿਆ ਦਿਉ ਕਿ ਭਾਰਤ ਦੇ ਸੁਤੰਤਰ ਹੋਣ ਤੋਂ ਪਿਛੋਂ ਜੋ ਪਾਪ ਸਭ ਤੋਂ ਵੱਡਾ ਕਾਂਗਰਸੀ ਹਾਕਮਾਂ ਨੇ ਕੀਤਾ ਹੈ ਉਹ ਇਹ ਹੈ ਕਿ ਉਨ੍ਹਾਂ ਨੇ ਨਿਆਲਯਾਂ ਦੇ ਉੱਚ-ਅਧਿਕਾਰੀਆਂ ਨੂੰ ਮਹਾਨ ਅਨਿਆਇ ਦੇ ਰਾਜਸੀ ਕੰਮਾਂ ਲਈ ਵਰਤਿਆ ਹੈ । ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਲੋਕਾਂ ਦਾ ਭਰੋਸਾ ਅਦਾਲਤਾਂ ਤੋਂ ਉਠ ਗਿਆ ਹੈ । ਤਦ ਹੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ੨੦ ਜੁਲਾਈ, ੧੯੬੬ ਨੂੰ ਇਹ ਮਤਾ ਪਾਸ ਕੀਤਾ ਹੈ :

> "ਸਿੱਖਾਂ ਨਾਲ ਸੰਬੰਧਤ ਮਾਮਲਿਆਂ ਬਾਰੇ ਜੋ ਅਦਾਲਤੀ ਜਾਂਚ ਪੜਤਾਲਾਂ ਤੇ ਰੀਪੋਰਟਾਂ ਸੁਤੰਤਰ ਭਾਰਤ ਵਿਚ ਹੋਈਆਂ ਹਨ । ਉਨ੍ਹਾਂ ਉਤੇ ਦੀਰਘ ਵੀਚਾਰ ਕਰਨ ਪਿਛੋਂ, ਇਹ ਸਿੱਟਾ ਨਿਕਲਦਾ ਹੈ ਕਿ ਆਜ਼ਾਦ ਹਿੰਦੁਸਤਾਨ ਵਿਚ ਅਦਾਲਤਾਂ ਅਤੇ ਅਦਾਲਤੀ ਕਾਰਵਾਈਆਂ ਉਤੇ ਰਾਜਸੀ ਹਿੰਦੂਆਂ ਨੇ ਅਯੋਗ ਪ੍ਰਭਾਵ ਇਸ ਪ੍ਰਕਾਰ ਪਾਏ ਹੋਏ ਹਨ ਕਿ ਸਿੱਖਾਂ ਨੂੰ ਕਿਸੇ

ਅਦਾਲਤੀ ਢੰਗ ਅਤੇ ਰਾਹ ਦਵਾਰਾ ਇਨਸਾਫ ਦੀ ਉਮੀਦ ਨਹੀਂ ਰਹਿ ਗਈ ।"

ਮਾਨਯਵਰ ਮਹਿਲਾ ਪ੍ਰਧਾਨ ਸਾਹਿਬ, ਹੋ ਸਕਦਾ ਹੈ ਕਿ ਮੇਰੇ ਕੋਲੋਂ ਪੁੱਛਿਆ ਜਾਵੇ, ਅਤੇ ਮੈਂ ਵੇਖ ਰਿਹਾ ਹਾਂ ਕਿ ਕਈ ਭਲੇ ਅਤੇ ਸੱਜਣ ਮੈਂਬਰ ਇਸ ਸਭਾ ਵਿਚ ਬੈਠੇ ਹਨ ਜਿਨ੍ਹਾਂ ਦੇ ਮਨ ਵਿਚ ਕਈ ਇਸ ਪ੍ਰਕਾਰ ਦੇ ਪ੍ਰਸ਼ਨ ਉੱਠ ਰਹੇ ਹੋਣਗੇ : 'ਇਹ ਸਰਦਾਰ ਕਪੂਰ ਸਿੰਘ, ਸਿਆਣਾ ਬਿਆਣਾ ਹੋ ਕੇ ਸਿੱਖਾਂ ਦੀ ਗੱਲ ਲੋਕ ਸਭਾ ਵਿਚ ਕਿਉਂ ਛੇੜ ਬੈਠਾ ਹੈ ? ਸਾਡੇ ਦੇਸ਼ ਵਿਚ ਅਫਿਰਕੂ ਰਾਜ ਸਥਾਪਤ ਹੋ ਚੁੱਕਾ ਹੈ ਅਤੇ ਸਾਂਝੀਆਂ ਵੋਟਾਂ ਨਾਲ ਰਾਜ ਕਰਨ ਦਾ ਵਿਧਾਨ ਬਣ ਗਿਆ ਹੈ । ਸਿੱਖਾਂ ਨਾਲ ਵਿਤਕਰਾ ਅਤੇ ਧੱਕਾ ਕਿਵੇਂ ਹੋ ਸਕਦਾ ਹੈ ? ਸਾਡੇ ਵਿਧਾਨ ਵਿਚ ਤਾਂ ਸਿੱਖ ਹਿੰਦੂ ਦਾ ਵਿਤਕਰਾ ਮੰਨਿਆ ਹੀ ਨਹੀਂ ਗਿਆ ।' ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਮੈਂ ਸਹਿਜੇ ਹੀ ਦੇ ਸਕਦਾ ਹਾਂ । ਵਿਧਾਨ ਅਤੇ ਕਾਨੂੰਨ ਤਾਂ ਕਿਤਾਬਾਂ ਵਿਚ ਲਿਖੇ ਹੁੰਦੇ ਹਨ, ਪਰ ਉਨ੍ਹਾਂ ਉਤੇ ਜਿਸ ਢੰਗ ਨਾਲ ਅਮਲ ਕੀਤਾ ਜਾਂਦਾ ਹੈ, ਉਹ ਗੱਲ ਹੋਰ ਹੈ । ਗੱਲ ਕਹਿਣ ਦੀ ਹੋਰ ਹੁੰਦੀ ਹੈ ਤੇ ਕਰਨ ਦੀ ਹੋਰ, ਇਹੋ ਰਾਜਨੀਤੀ ਦਾ ਰਹੱਸਯ ਹੈ । ਜਿਹੜੇ ਲੋਕ ਇਸ ਪ੍ਰਕਾਰ ਦੀਆਂ ਭੁੱਲ ਭੁਲਾਣੀਆਂ ਵਿਚ ਸਿੱਖਾਂ ਨੂੰ ਪਾਉਣ ਦਾ ਯਤਨ ਕਰਦੇ ਹਨ, ਉਹ ਜਾਂ ਤਾਂ ਸਿੱਖਾਂ ਵਾਂਗ ਹੀ ਸਿੱਧੜ ਹਨ ਅਤੇ ਜਾਂ ਲੋੜ ਤੋਂ ਵਧ ਚਲਾਕ । ਮੁੰਡੂਕੋਪਨਸ਼ਿਦ ਵਿਚ ਲਿਖਿਆ ਹੈ ਕਿ ਸੰਸਾਰ, ਆਤਮਾ ਦੀਆਂ ਚਾਰ ਗਤੀਆਂ ਤੋਂ ਉਤਪੰਨ ਹੁੰਦਾ ਹੈ । ਇਸ ਨੂੰ 'ਚਤੁਰ-ਪਾਦ' ਕਿਹਾ ਹੈ । ਇਸੇ ਤਰ੍ਹਾਂ ਅਜ ਕਲ੍ਹ ਦੇ ਰਾਜ ਪਰਪੰਚ ਦੇ ਵੀ ਚਾਰ ਪੈਰ ਹਨ, ਪਾਰਲੀਮੈਂਟ, ਨੌਕਰਸ਼ਾਹੀ, ਅਦਾਲਤਾਂ ਅਤੇ ਪ੍ਰੈਸ । ਜਿਤਨਾ ਚਿਰ ਰਾਜ ਦੇ ਇਨ੍ਹਾਂ ਚਹੁੰ ਅੰਗਾਂ ਦੀ ਰੂਪ ਰੇਖਾ ਨਾ ਪਛਾਣੀ ਜਾਵੇ, ਉਤਨਾ ਚਿਰ ਹਿੰਦੁਸਤਾਨ ਵਿਚ ਸਿੱਖਾਂ ਦੀ ਦੁਖ ਭਰੀ ਯੋਜਨਾ ਦੀ ਸੋਝੀ ਨਹੀਂ ਆ ਸਕਦੀ ।

ਅਦਾਲਤਾਂ ਤੇ ਨੌਕਰਸ਼ਾਹੀ ਬਾਬਤ ਮੈਂ ਖੁਲ੍ਹੇ ਸੰਕੇਤ ਕਰ ਚੁੱਕਾ ਹਾਂ । ਹੁਣ ਮੈਂ ਪਾਰਲੀਮੈਂਟ ਵਲ, ਇਸ ਲੋਕ ਸਭਾ ਵਲ ਕੁਝ ਇਸ਼ਾਰੇ ਕਰਦਾ ਹਾਂ । ਇਹ ਲੋਕ ਸਭਾ ਮਹਾਨ ਗੌਰਵਸ਼ਾਲੀ ਸੰਸਥਾ ਹੈ । ਅਤੇ ਇਸ ਦੇ ਸਤਿਕਾਰ ਨੂੰ ਕੋਈ ਭੰਗ ਕਰਨ ਦਾ ਅਧਿਕਾਰੀ ਨਹੀਂ ਹੈ । ਪਰੰਤੂ ਸਿਖ ਭਲੀ ਪ੍ਰਕਾਰ ਜਾਣਦੇ ਹਨ ਕਿ ਸਾਂਝੇ ਵੋਟਾਂ ਦੀ ਚੋਣ ਰਾਹੀਂ ਉਹ ਦੋ ਚਾਰ ਤੋਂ ਵਧ ਮੈਂਬਰ ਇਥੇ ਭੇਜ ਨਹੀਂ ਸਕਦੇ । ਇਹ ਦੋਂਹ ਚਹੁੰ ਮੈਂਬਰਾਂ ਨੂੰ ਵੀ ਖੁਲ੍ਹੀ, ਤੇ ਨਿਰਭੈ ਹੋ ਕੇ ਗੱਲ ਕਰਨ ਦੀ ਆਗਿਆ ਨਹੀਂ ਦਿਤੀ ਜਾਂਦੀ । ਪਿਛਲੇਰੇ ਮਹੀਨਿਆਂ ਵਿਚ ਹੀ ਇਹ ਵੇਖਣ ਵਿਚ ਆਇਆ ਹੈ ਕਿ ਘਟ ਗਿਣਤੀ ਦੇ ਮੈਂਬਰਾਂ ਨੂੰ, ਬਿਨਾਂ ਸੁਣੇ ਤੇ ਬਿਨਾਂ ਵਿਚਾਰੇ, ਲੋਕ ਸਭਾ ਵਿਚੋਂ ਖ਼ਾਰਜ ਕਰ ਦਿਤਾ ਜਾਂਦਾ ਹੈ ਅਤੇ ਪਿਛੋਂ ਵੀ ਆਪਣਾ ਦੁਖ ਰੋਣ ਦੀ ਆਗਿਆ ਨਹੀਂ ਦਿਤੀ ਜਾਂਦੀ । ਅਜਿਹੀ ਲੋਕ ਸਭਾ ਦੁਆਰਾ ਸਿੱਖ ਆਪਣੇ ਦੁਖਾਂ ਦੀ ਨਵਿਰਤੀ ਕਿਵੇਂ ਕਰਨ ?

ਹੁਣ ਮੈਂ ਪ੍ਰੈਸ ਦੀ ਗੱਲ ਕਰਦਾ ਹਾਂ । ਸਾਡੇ ਦੇਸ ਦਾ ਪ੍ਰੈਸ ਆਜ਼ਾਦ ਹੈ ਅਤੇ ਬਹੁਤ ਹੱਦ ਤਕ ਨਿਰਪੱਖ ਵੀ । ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਦੋਂ ਸਿਖਾਂ ਦਾ

ਸਵਾਲ ਹੋਵੇ, ਉਸ ਵੇਲੇ ਉਨ੍ਹਾਂ ਦਾ ਰਵੱਈਆ ਕੀ ਹੁੰਦਾ ਹੈ ? ਕੁਝ ਸਾਲ ਹੋਏ ਇੰਗਲੈਂਡ ਵਿਚ ਕਈ ਅਖ਼ਬਾਰਾਂ ਦੇ ਮਾਲਕ ਲਾਰਡ ਬੀਵਰਬਰੁਕ ਦੀ, ਪ੍ਰਧਾਨ ਮੰਤਰੀ ਬਾਲਡਵਿਨ ਨਾਲ, ਖੜਕ ਪਈ ਸੀ, ਤਦ ਬਾਲਡਵਿਨ ਨੇ ਪ੍ਰੈਸ ਬਾਰੇ ਇੰਗਲੈਂਡ ਦੀ ਪਾਰਲੀਮੈਂਟ ਵਿਚ ਕਿਹਾ ਸੀ :

> "ਪ੍ਰੈਸ ਕੋਲ ਸ਼ਕਤੀ ਹੈ, ਪਰ ਜ਼ਿਮੇਵਾਰੀ ਦਾ ਇਹਸਾਸ ਨਹੀਂ। ਇਨ੍ਹਾਂ ਕੋਲ ਕੰਜਰਾਂ ਤੇ ਕੰਜਰੀਆਂ ਵਾਲੇ ਸਭ ਅਧਿਕਾਰ ਹਨ।"

ਮੈਂ ਇਸ ਤੋਂ ਵਧ ਕੁਝ ਨਹੀਂ ਕਹਿੰਦਾ ਹਾਂ । ਮੈਂ ਬਹੁਤ ਕੁਝ ਕਹਿ ਚੁੱਕਾ ਹਾਂ ਜਿਸ ਨਾਲ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮਤੇ ਨੰਬਰ ੨, ਜਿਹੜਾ ਕਿ ੨੦ ਜੁਲਾਈ, ੧੯੬੬ ਨੂੰ ਪਾਸ ਕੀਤਾ ਗਿਆ, ਦੇ ਪਿਛੋਕੜ ਦੀ, ਜਿਥੋਂ ਤਕ ਕਿ ਇਸ ਦਾ ਸੰਬੰਧ ਇਸ ਬਿਲ ਨਾਲ ਹੈ, ਸਮਝ ਪੈ ਸਕਦੀ ਹੈ । ਉਹ ਮਤਾ ਇਉਂ ਹੈ :

> "ਸਿੱਖ ਨਿਸਚੇ ਕਰਦੇ ਹਨ ਅਤੇ ਐਲਾਨ ਕਰਦੇ ਹਨ ਕਿ ਉਹ ਆਪਣੀ ਪੂਰੀ ਸ਼ਕਤੀ ਨਾਲ ਹਰ ਐਸੇ ਹਮਲੇ ਦਾ ਮੁਕਾਬਲਾ ਕਰਨਗੇ, ਜਿਸ ਦਾ ਭਾਵ ਕਿ ਸਿੱਖਾਂ ਨੂੰ ਆਜ਼ਾਦ ਹਿੰਦੁਸਤਾਨ ਵਿਚ, ਘਟੀਆ ਦਰਜੇ ਦੇ ਅਤੇ ਗੌਰਵ-ਰਹਿਤ ਲੋਕ ਬਣਾ ਦੇਣਾ ਹੋਵੇ ।
>
> ਉਹ ਮੰਗ ਕਰਦੇ ਹਨ ਕਿ ਹੇਠ ਲਿਖੇ ਕਦਮ ਫੌਰਨ ਚੁੱਕੇ ਜਾਣ ਤਾਂ ਜੁ ਸਿੱਖ ਹਿੰਦੁਸਤਾਨ ਵਿਚ ਬਰਾਬਰ ਦੇ ਭਰਾ ਬਣ ਕੇ ਰਹਿ ਸਕਣ :
>
> (੧) ਜਿਹੜੇ ਸਿੱਖ ਇਲਾਕੇ ਜਾਣ ਬੁਝ ਕੇ ਅਤੇ ਬਿਨਾਂ ਕਾਰਨ ਨਵੇਂ ਪੰਜਾਬ ਵਿਚੋਂ ਕੱਢ ਦਿਤੇ ਗਏ ਹਨ ਅਤੇ ਜੋੜੇ ਨਹੀਂ ਗਏ ਜਿਹਾ ਕਿ, ਗੁਰਦਾਸਪੁਰ ਜ਼ਿਲ੍ਹੇ ਦਾ ਇਲਾਕਾ ਜਿਸ ਵਿਚ ਕਿ ਡਲਹੌਜ਼ੀ ਸ਼ਾਮਲ ਹੈ, ਅੰਬਾਲੇ ਦਾ ਜ਼ਿਲ੍ਹਾ, ਸਣੇ ਚੰਡੀਗੜ੍ਹ, ਪੰਜੌਰ, ਕਾਲਕਾ ਤੇ ਅੰਬਾਲਾ ਸਦਰ ਦੇ, ਅਤੇ ਊਨੇ ਦੀ ਸਾਰੀ ਤਹਿਸੀਲ, ਅਤੇ ਨਾਲਾਗੜ੍ਹ ਦਾ 'ਦੇਸ਼' ਨਾਮ ਦਾ ਇਲਾਕਾ, ਸਰਸੇ ਦੀ ਤਹਿਸੀਲ, ਗੁਹਲਾ ਸਬ-ਤਹਿਸੀਲ, ਸਣੇ ਟੋਹਾਣਾ ਅਤੇ ਰਤੀਆ ਬਲਾਕ ਜਿਹੜੇ ਕਿ ਹਿਸਾਰ ਦੇ ਜ਼ਿਲ੍ਹੇ ਵਿਚ ਹਨ, ਅਤੇ ਕਰਨਾਲ ਦੇ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ, ਅਤੇ ਰਾਜਸਥਾਨ ਵਿਚ ਗੰਗਾ ਨਗਰ ਦਾ ਜ਼ਿਲਾ, ਇਨ੍ਹਾਂ ਇਲਾਕਿਆਂ ਨੂੰ ਝਟ ਪਟ ਪੰਜਾਬ ਵਿਚ ਸ਼ਾਮਲ ਕੀਤਾ ਜਾਵੇ, ਤਾਕਿ ਸਾਰੇ ਨਾਲ ਲਗਦੇ ਸਿੱਖ ਵਸੋਂ ਦੇ ਇਲਾਕੇ ਇਕੱਠੇ ਹੋ ਕੇ, ਸੁਤੰਤਰ ਭਾਰਤ ਅੰਦਰ, ਸਿੱਖ ਹੋਮਲੈਂਡ, ਅਥਵਾ ਸਿੱਖਸਤਾਨ ਦਾ ਰੂਪ ਧਾਰਨ ਕਰ ਲੈਣ ।

(੨) ਇਸ ਨਵੇਂ ਨਿਰਮਤ ਹੋਏ ਪੰਜਾਬ ਨੂੰ ਉਹੋ ਜਿਹੇ ਅਧਿਕਾਰ ਤੇ ਪਦਵੀ ਦਿਤੀ ਜਾਵੇ ਜਿਹੜੀ ਕਿ ਸੰਨ ੧੯੫੦ ਵਿਚ, ਹਿੰਦੁਸਤਾਨ ਦੇ ਵਿਧਾਨ ਦੁਆਰਾ ਜੰਮੂ ਤੇ ਕਸ਼ਮੀਰ ਦੀ ਰਿਆਸਤ ਨੂੰ ਪ੍ਰਾਪਤ ਸਨ।''

ਸ੍ਰੀਮਤੀ ਜੀਉ, ਮੈਂ ਹੁਣ ਅਪਣਾ ਭਾਸ਼ਨ ਸਮਾਪਤ ਕਰ ਚੁਕਾ ਹਾਂ। ਸਾਰੇ ਸਿਖਾਂ ਅਤੇ ਸਿਖ ਪੰਥ ਦੇ ਨਾਮ ਉਤੇ, ਜਿਨ੍ਹਾਂ ਦੀ ਜਥੇਬੰਦੀ ਕਿ ਸ਼੍ਰੋਮਣੀ ਅਕਾਲੀ ਦਲ ਹੈ, ਮੈਂ ਇਸ ਬਿਲ ਨੂੰ ਰੱਦ ਕਰਦਾ ਹਾਂ, ਇਸ ਦਾ ਵਿਰੋਧ ਕਰਦਾ ਹਾਂ, ਇਸ ਨੂੰ ਨਾਮਨਜ਼ੂਰ ਕਰਦਾ ਹਾਂ, ਅਤੇ ਇਸ ਬਿਲ ਦੇ ਪਿਛੇ ਜਿਹੜੀਆਂ ਭਾਵਨਾਵਾਂ ਹਨ ਉਹਨਾਂ ਨੂੰ ਧਿਰਕਾਰਦਾ ਹਾਂ। ਮੈਂ ਹਿੰਦ ਸਰਕਾਰ ਨੂੰ ਕਹਿੰਦਾ ਹਾਂ ਕਿ ਉਹ ਛੋਟੀ ਤੋਂ ਛੋਟੀ ਵਿਧਾਨਕ ਕਦਮ ਚੁਕੇ ਜਿਸ ਦੁਆਰਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਉਨ੍ਹਾਂ ਮੰਗਾਂ ਦੀ, ਜਿਨ੍ਹਾਂ ਦੀ ਵਿਆਖਿਆ ਕਿ ਮੈਂ ਹੁਣ ਕਰ ਚੁਕਾ ਹਾਂ, ਪੂਰਤੀ ਹੋਵੇ। ਮਾਨਯਵਰ ਪ੍ਰਧਾਨ ਦੇਵੀ ਜੀਓ, ਮੈਂ ਆਪਦਾ ਧੰਨਵਾਦ ਕਰਦਾ ਹਾਂ।

—o—

# م۔ش کی ڈائری

صدر ایوب ایک عرصے سے ہر ایک مہینے کی پہلی تاریخ کو ریڈیو پاکستان سے قوم سے خطاب کرنے کے عادی ہیں لیکن دنیا کی کسی خبر رساں ایجنسی نے کبھی ان کی ماہانہ نشری تقریر کو کان لگا کر سنا اور نہ کبھی دنیا کے کسی دوسرے ریڈیو سٹیشن نے ان کی تقریر کے کسی حصہ کو ملخص خبر براڈ کاسٹ کرنے کی ضرورت محسوس کی۔ اس کا مطلب یہ نہیں کہ صدر ایوب ایشیا کے ایک سٹیٹسمین نہیں یا ان کے ارشادات کی دنیا کی عام نظروں میں کوئی اہمیت نہیں بلکہ اس کا مطلب صرف اس قدر ہے کہ اخباری نقطہ نگاہ سے ان کی تقریروں میں کوئی "topical copy" نہیں ہوتی جس کا خبر رساں ایجنسیاں نوٹس لینے پر مکلف ہوتیں۔ لیکن انہوں نے یکم دسمبر کو جو اپنی روٹین کے مطابق تقریر نشر فرمائی اس میں "topical copy" تھی چنانچہ بی بی سی نے اسے لفٹ کرکے دو دسمبر کو پانچ بجے صبح کے براڈ کاسٹ میں لیا۔ تاہم اور پھر سات بجے صبح کے براڈ کاسٹ میں صدر ایوب کے مستقبل کے موضوع پر ٹائمز اور فنانشل ٹائمز کے اداریے بھی براڈ کاسٹ کئے۔

"خبر" کیا ہے؟ ضروری نہیں کہ اسے (ادب سے عرض کرتا ہوں) محکمۂ اطلاعات کے بڑے بڑے افسر بھی سمجھتے ہوں لیکن اخبارات کے رپورٹر سب ایڈیٹر اور خصوصاً ایڈیٹر اپنی خصوصی ٹریننگ کی بنا پر جانتے ہیں کہ خبر کیا ہے اور ایک خبر جو ایک گاؤں کے لئے بڑی خبر ہو۔ وہ ایک روزنامہ اخبار کے لئے "خبر" کیوں نہیں بن سکتی یا صفحہ ایک خبر ملکی اخبارات کے لئے کیوں "لیڈ" ہوتی ہے لیکن بین الاقوامی سطح پر سے "فلر" (ــــــ) سے زیادہ کیوں حیثیت نہیں پا سکی۔

پاکستان کے اخبارات کے شاف پر خدا کے فضل سے نہایت محنتی۔ اعلیٰ پایہ کے رپورٹر اور ہیں لیکن گزشتہ دس سالوں میں ایک مخصوص سیاسی رواج نے ان کی فنی قابلیت پر بڑا فرق ڈال کے رکھ دیا ہے۔ وہ ملامتے رہے اور خاموش رہے۔ انہوں نے کئی بار رنگ بھی کیا کہ رپورٹری سے بہتر تو یہ تھا کہ پان بیڑی کی دکان ہی کھول لیتے۔ لیکن ان مالکوں اور ایڈیٹروں کی مصلحتوں نے ان کے احتجاج کو ان کے سینوں ہی میں بھینچ دیا۔ وہ دم بخود ہو کر رہ گئے۔ میں کہ اب خلیفہ بن چکا ہوں۔ ایک عرصے سے اکھاڑے کے باہر بیٹھا کر اس صورت حال کا نوحہ پڑھتا رہا ہوں۔ الحمدللہ کہ مجھ بڈھے کی آواز اخیر کار سنی گئی اور پنجاب یونین آف جرنلسٹس نے (جس کے باقی بیشمار ہوتے ہیں) میدان عمل میں آنے کا فیصلہ کیا ہے اور پنجاب یونین آف جرنلسٹس کے سنگ بنیاد رکھنے والوں میں شامل ہوں) سے اپیل کی ہے کہ وہ اخبار نویسوں کو اور رپورٹروں کو خصوصاً ان کے فنی فرائض کی ادائیگی کے لئے راستہ ہموار کرنے کے لئے سرگرم عمل ہو۔ میں یونین آف جرنلسٹس کے اراکین کو قلبی مبارکباد پیش کرتا ہوں کہ انہوں نے اپنے صحافتی فرائض کی ادائیگی کا احساس فرمایا ہے۔ میں انہیں یقین دلاتا ہوں کہ اگر انہوں نے اپنی جدوجہد کو ہمت اور فراست سے جاری رکھا تو وہ دن دور نہیں جبکہ پریس اینڈ پبلیکیشنز کے مخصوص قوانین کتاب قانون سے حرف غلط کی طرح محو ہو جائیں گے اور اخبار نویس ایک بار پھر قوم کے چوتھے اسٹیٹ کے نہایت قابل احترام اراکین شمار ہونے لگیں گے انشاء اللہ۔ میں ایک بار پھر دہراتا ہوں کہ دیانتدارانہ صحافت کسی سیاسی پارٹی کی ہرزہ درحمایت یا مخالفت کی راہ میں حائل نہیں لیکن دیانتدارانہ صحافت بھی دیانتدارانہ سیاست کی طرح کھیل کے قواعد کے ماتحت ہونی چاہئے۔ افسوس ہے کہ گزشتہ دس سالوں میں کھیل کے قواعد کے فقدان کے باعث پاکستان میں اخبارات کی ایک عظیم اکثریت گورنمنٹ گزٹ بن کر رہ گئی ہے اس سے خود حکمران پارٹی کے نقطۂ نگاہ سے بھی ان اخبارات کی افادیت میں کمی آ چکی ہے جب اخبارات کے ناظرین اپنے اخبار کی ایک قابل اعتماد صحیفہ کی حیثیت میں نہیں بلکہ ایک ضروری برائی سمجھ کر کالم گردانی کریں۔ تو ایسے اخبار میں آنحضرت نمائی سرخیوں کے ماتحت چھپی ہوئی وزرائی تقریروں کی رپورٹ کی کیا حیثیت ہو جاتی ہے؟

میں اس موقع پر اپنے اخبار نویس ساتھیوں سے خصوصیت سے یہ عرض کرنا چاہتا ہوں کہ وہ اپنے مجوزہ جلوس میں جو کتبے لیکر چلیں وہ نہ صرف اردو اور انگریزی میں ہونے چاہئیں بلکہ بنگلہ زبان میں بھی ہونے چاہئیں۔ اب مشرق و مغرب ہم آہنگ ہو رہے ہیں۔ اردو

سنگھ صاحب زندہ باد۔ یہ ایک خط کی کاپی ہے جو مکتوب الیہ قائداعظم کو ملنے کی بجائے پنڈت نہرو کی فائل میں پہنچ گیا۔ تفصیل اس اجمال کی یوں ہے۔ قائداعظم کو جب پنجاب کی سکھ اقلیت سے بڑی ہمدردی تھی یہ خیال تھا کہ اگر پنجاب کے چھپن فیصد مسلمان ۳۴ فیصد سکھوں سے مل کر کانگریس کے خلاف ساتھ کام کر سکیں تو اس سے نہ صرف پنجاب کو تقسیم ہونے سے محفوظ رکھا جا سکے گا بلکہ پنجاب کی مثال سے ہندوستان کے دوسرے صوبے بھی غیر ضروری قتل و غارت سے محفوظ رکھے جا سکیں گے اور پنجاب میں سکھ مسلم مفاہمت سے سکھوں اور مسلمانوں کے درمیان دو سو برس سے متنازعہ فیہ امور کے سلجھانے کی راہ نکل آئیگی۔ اس خیال سے قائداعظم اور سکھ بعض لیڈروں خصوصاً گیانی کرتار سنگھ کے درمیان کئی میٹنگیں بھی ہوئیں لیکن اس اثنا میں کمار راجہ پٹیالہ اور سردار بلدیو سنگھ جن کا اکالیوں کی سیاسیات میں بڑا عمل دخل ہو چکا تھا سکھوں کو کانگریس کے نزدیک تر لانے میں کامیاب ہو چکے تھے چنانچہ سکھ لیڈر خود مسلم لیگ کے خلاف ایجی ٹیشن میں دن رات مصروف رہتے تھے۔

اس صورت حال کو دیکھ کر ایک موقع پر قائداعظم نے ایک اخباری بیان میں اعلان فرمایا کہ سکھوں اور مسلمانوں کو ایک دوسرے کے خلاف باتیں کرنے کی بجائے ایک دوسرے کے ساتھ مل کر باتیں کرنی چاہئیں۔ ان کے اس اعلان کے بعد آل انڈیا سکھ لیڈروں کے بعد اکالیوں نے جن میں سردار اوجل سنگھ اور ماسٹر تارا سنگھ بھی شامل تھے جمعیت المسلمین دہلی اور مولوی کی وساطت سے قائداعظم سے ملاقات کی۔ سکھ لیڈروں کے اس سوال کے جواب میں کہ اس مرحلہ پر مل کر باتیں کرنے کی کیا صورت ہو سکتی ہے قائداعظم نے واضح طور پر فرمایا کہ زمین و آسمان کی باتیں کرنے کی بجائے سکھوں کو اپنے مطالبات کو قلمبند کرنا چاہئے جہاں تک مسلم لیگ کا تعلق ہے وہ ان پر دانشمندی اور ہمدردی سے غور کرے گی۔

سکھ لیڈروں نے قائداعظم کا یہ پیغام اپنے لیڈروں تک پہنچایا اور اس بات پر اصرار کیا کہ کم از کم اتمام حجت کے طور پر قائداعظم تک سکھوں کے مطالبات پہنچنے چاہئیں چنانچہ گیانی کرتار سنگھ نے جنہیں سکھوں کا دماغ سمجھا جاتا تھا قائداعظم کے نام ایک خط ڈرافٹ کیا جس میں سکھوں کے مطالبات کی سیاسی مذہبی اور ثقافتی شقوں کے علاوہ گنوائی گئی تھیں اس میں صوبہ کے علاوہ مرکز میں فوج اور سول ملازمتوں میں سکھوں کے مناسب تناسب پر اصرار تھا سکھ ریاستوں پٹیالہ نابھہ جیند فرید کوٹ اور کپور تھلہ کے مستقبل کے متعلق ضمانت طلب کی گئی تھی اور اس بات کی آئینی ضمانت مانگی گئی تھی کہ متحدہ پنجاب میں وزیراعظم اور گورنر کے عہدوں میں سے ایک پر ہمیشہ سکھ کو فائز رکھا جائیگا۔ جہاں تک سکھوں کے گوردواروں کا تعلق تھا ان کے مالیات انتظامات اور انتخابات پر سکھوں کے لئے خود مختاری کا مطالبہ کیا گیا تھا ان مطالبات کی اہم ترین شق یہ تھی کہ پاکستان کی کسی صوبائی یا مرکزی اسمبلی کو سکھوں کی مرضی کے بغیر ایسے مسائل پر جن کا تعلق سکھوں کے مذہبی مسائل سے ہو قانون سازی کا حق حاصل نہیں ہوگا اس خط کا آخری فقرہ یہ تھا کہ جس طرح برطانیہ کی پارلیمنٹ کو یہ حق حاصل نہیں کہ وہ دونوں کی اکثریت سے بار بار کا قانون بنا سکے اسی طرح پاکستان کی مجوزہ کسی صوبائی یا مرکزی اسمبلی کو بھی اکثریت کے بل بوتے پر سکھوں کے مذہبی معاملات پر قانون سازی کا اختیار حاصل نہیں ہوگا۔ اس خط میں گیانی کرتار سنگھ نے قائداعظم کو یہ یقین دلایا تھا کہ اگر مسلم لیگ سکھوں کے ان کم از کم مطالبات کو قبول کرے تو اکالی دل اور مسلم لیگ دونوں مل کر پنجاب کو متحد رکھنے کیلئے جدوجہد کریں گے۔ گیانی کرتار سنگھ نے یہ میمورنڈم ماسٹر تارا سنگھ کو بھی پڑھا دیا اور جب انہوں نے اس پر صاد کر دیا تو POST SCRIPT کے طور پر یہ فقرہ ایزاد کیا گیا کہ ماسٹر تارا سنگھ بھی اس دستاویز کے مندرجات سے متفق ہیں۔ جب یہ میمورنڈم ٹائپ ہو کر تیار ہو گیا تو یہ فیصلہ ہوا کہ اسے ڈاک میں بھیجنے کی بجائے کسی قابل اعتماد قاصد کے ذریعے قائداعظم تک پہنچایا جائے چنانچہ گیانی کرتار سنگھ کے ایک خاص محرم راز گوپال سنگھ دردی کے نام پر گیانی جی نے دردی کو بلا کر میمورنڈم ان کے حوالہ کرتے ہوئے تاکید کی کہ وہ دہلی جا کر قائداعظم کو یہ پہنچا دیں ۔۔۔ اورنگ زیب روڈ پر مقیم تھے یہ اہم دستاویز پہنچا دیں۔ ہمارے دردی نے دہلی پہنچ کر ۱۰ اورنگ زیب روڈ کی بجائے برلا ہاؤس کا رخ کیا جہاں ان دنوں کانگرس کا کوئی اجلاس جاری تھا اور یہ کاغذات قائداعظم کی بجائے پنڈت جواہر لال نہرو کے سپرد کر دئے اس طرح تاریخ میں ایک اور "اگر" کا اضافہ ہو گیا۔ اگر وہ کاغذات قائداعظم تک پہنچ جاتے تو عین ممکن ہے کہ اس امر کا باعث ہوتے کہ سکھوں کی سیاسیات سردار بلدیو سنگھ کی قیادت میں وقتی مشکل کے مستقبل اور مہاراجہ پٹیالہ کی مسلم دشمنی کے باعث کانگرس کی سیاسیات کے تابع ہو چکی تھی تاہم اسبات کا امکان تھا کہ پنجاب کو متحد رکھنے کے خیال سے قائداعظم اکالیوں کے مطالبات پر ہمدردانہ غور کرنے پر تیار ہو جاتے اور یہ بھی ممکن ہے کہ باہمی افہام و تفہیم اور کچھ دو اور کچھ لو سے سکھوں اور مسلمانوں میں مفاہمت کی کوئی شکل نکل آتی اور اسطرح اگر پنجاب متحد رہ سکتا تو آج برصغیر کی سیاسیات کا نقشہ ہی کچھ اور ہوتا۔

یہاں یہ بیان کرنا دلچسپی سے خالی نہ ہوگا کہ سٹر گوپال سنگھ دردی کی اس خدمت کے عوض انہیں مشرقی پنجاب میں ایڈوائس کا پنڈت نہرو کی خصوصی ہدایت کے بعد رکن بھی منتخب کیا گیا تھا آج مگر عوام گوپال سنگھ دردی کو معاف کر کے کم سکے ہیں ۔۔۔

## ਅੰਤਿਕਾ ॥੪॥

### ਪੰਥ ਨੂੰ ਕੌਡੀਆਂ ਦੇ ਭਾਅ ਵੇਚਿਆ ਗਿਆ ॥

(ਅਣਵੰਡੇ ਪੰਜਾਬ ਦੇ ਪ੍ਰਸਿੱਧ ਪਤ੍ਰਕਾਰ ਅਤੇ ਪੱਛਮੀ ਪਾਕਿਸਤਾਨ ਦੇ ਪ੍ਰਤਿਸ਼ਟ ਅਖਬਾਰ ਨਵੀਸ ਮੀਆਂ ਮੁਹੰਮਦ ਸ਼ਫੀ ਨੇ, ਲਾਹੌਰ ਦੇ ਰੋਜ਼ਾਨਾ ਅਖ਼ਬਾਰ, "ਨਵਾਇ ਵਕਤ", ਦੇ 6 ਦਸੰਬਰ, ਸੰਨ 1968 ਦੇ ਅੰਕ ਵਿਚ "ਮ. ਸ. ਕੀ ਡਾਇਰੀ" ਦੇ ਸਿਰਲੇਖ ਹੇਠਾਂ ਇਉਂ ਲਿਖਿਆ ਹੈ :)

"ਯਹ ਏਕ ਖ਼ਤ ਕੀ ਕਹਾਨੀ ਹੈ ਜੋ ਮਕਤੂਬਾਲੈਹ (ਜਿਸ ਨੂੰ ਚਿੱਠੀ ਸੰਬੋਧਨ ਕੀਤੀ ਸੀ) ਕਾਇਦਿ-ਆਜ਼ਮ ਕੀ ਬਜਾਏ ਪੰਡਿਤ ਨਹਿਰੂ ਕੀ ਫ਼ਾਇਲ ਮੇਂ ਪਹੁੰਚ ਗਿਆ। ਤਫ਼ਸੀਲ ਇਸ ਅਜਮਾਲ (ਕਥਾ) ਕੀ ਯੂੰ ਹੈ ਕਿ ਕਾਇਦਿ-ਆਜ਼ਮ (ਮਿਸਟਰ ਜਿਨਾਹ) ਕੋ ਪੰਜਾਬ ਕੀ ਸਿੱਖ ਅਕਲੀਯਤ (ਘਟ ਗਿਣਤੀ) ਸੇ ਬੜੀ ਹਮਦਰਦੀ ਥੀ। ਯਹ ਖ਼ਿਆਲ ਥਾ ਕਿਹ ਅਗਰ ਪੰਜਾਬ ਕੇ ਛੱਪਨ ਫ਼ੀਸਦੀ ਮੁਸਲਮਾਨ ਤੇਰਾਂ ਫ਼ੀਸਦੀ ਸਿੱਖੋਂ ਸੇ ਮਿਲ ਕਰ ਕਾਂਗ੍ਰਸ ਕੇ ਖਿਲਾਫ਼ ਸਾਂਝਾ ਮੋਰਚਾ ਬਣਾ ਸਕੇਂ ਤੋ ਇਸ ਸੇ ਨਾ ਸਿਰਫ਼ ਪੰਜਾਬ ਕੋ ਤਕਸੀਮ ਹੋਨੇ ਸੇ ਮਹਫ਼ੂਜ਼ ਰਖਾ ਜਾ ਸਕੇਗਾ ਬਲਕਿ ਪੰਜਾਬ ਕੀ ਮਿਸਾਲ ਸੇ ਹਿੰਦੂਸਤਾਨ ਕੇ ਦੂਸਰੇ ਸੂਬੇ ਭੀ ਗ਼ੈਰਜ਼ਰੂਰੀ ਕਤਲੋ ਗ਼ਾਰਤ ਸੇ ਮਹਿਫ਼ੂਜ਼ ਬਣਾਏ ਜਾ ਸਕੇਂਗੇ ਔਰ ਪੰਜਾਬ ਮੇਂ ਸਿੱਖ-ਮੁਸਲਿਮ ਮੁਫ਼ਾਹਿਮਤ (ਏਕਾ) ਸੇ ਸਿੱਖੋਂ ਔਰ ਮੁਸਲਮਾਨੋਂ ਕੇ ਦਰਮਿਆਨ ਦੂਸਰੇ ਬਹੁਤ ਸੇ ਮੁਤਨਾਜ਼ਯਫ਼ੀ ਅਮੂਰ (ਝਗੜੇ) ਕੋ ਸੁਲਝਾਨੇ ਕੀ ਰਾਹ ਭੀ ਨਿਕਲ ਆਏਗੀ। ਇਸ ਖਿਆਲ ਸੇ ਕਾਇਦਿ ਆਜ਼ਮ ਔਰ ਸਿੱਖੋਂ ਕੇ ਬਾਅਜ਼ ਲੀਡਰੋਂ, ਖ਼ਸੂਸਨ ਗਿਆਨੀ ਕਰਤਾਰ ਸਿੰਘ ਕੇ ਦਰਮਿਆਨ, ਮੀਟਿੰਗੇਂ ਭੀ ਹੁਈਂ ਲੇਕਿਨ ਇਸ ਅਸਨਾ ਮੇਂ ਮਹਾਰਾਜਾ ਪਟਿਆਲਾ ਔਰ ਸਰਦਾਰ ਬਲਦੇਵ ਸਿੰਘ ਕਾ ਅਕਾਲੀਓਂ ਕੀ ਸਿਆਸਤ ਮੇਂ ਬੜਾ ਅਮਲ ਦਖਲ ਹੋ ਚੁਕਾ ਥਾ। ਵੁਹ ਸਿੱਖੋਂ ਕੋ ਕਾਂਗਰੈਸ ਕੇ ਨਜ਼ਦੀਕ ਤਰ ਲਾਨੇ ਮੇਂ ਕਾਮਯਾਬ ਹੋ ਚੁਕੇ ਥੇ। ਚੁਨਾਂਚਿ ਸਿੱਖ ਲੀਡਰ ਦਿਨ ਰਾਤ ਮੁਸਲਿਮ ਲੀਗ ਕੇ ਖ਼ਿਲਾਫ਼ ਹੰਕਾਰਨੇ ਮੇਂ ਮਸਰੂਫ਼ ਰਹਿਤੇ ਥੇ।

ਇਸ ਸੂਰਤੇ ਹਾਲ ਕੋ ਦੇਖ ਕਰ ਏਕ ਮੌਕਆ ਪਰ ਕਾਇਦਿ-ਆਜ਼ਮ ਨੇ ਏਕ ਅਖ਼ਬਾਰੀ ਬਿਆਨ ਮੇਂ ਏਲਾਨ ਫ਼ੁਰਮਾਇਆ ਕਿਹ ਸਿਖੋਂ ਔਰ ਮੁਸਲਮਾਨੋਂ ਕੋ ਏਕ ਦੂਸਰੇ ਕੇ ਖਿਲਾਫ਼ ਬਾਤੇਂ ਕਰਨੇ ਕੀ ਬਜਾਏ ਏਕ ਦੂਸਰੇ ਕੇ ਸਾਥ ਮਿਲ ਕਰ ਬਾਤੇਂ ਕਰਨੀ ਚਾਹੀਏਂ। ਇਨ ਕੇ ਏਲਾਨ ਕੇ ਬਾਅਦ ਆਲ ਇੰਡੀਆ ਸਿਖ ਸਟੂਡੈਂਟ ਫ਼ੈਡਰੇਸ਼ਨ ਕੇ ਬਾਅਜ਼ ਅਰਾਕੀਨ (ਪ੍ਰਤਿਨਿਧਾਂ) ਨੇ, ਜਿਨ ਮੇ ਸ. ਅਮਰ ਸਿੰਘ ਅੰਬਾਲਵੀ ਪੇਸ਼ ਪੇਸ਼ ਥੇ, ਹਮੀਦ ਨਜ਼ਾਮੀ ਮਰਹੂਮ ਕੀ ਵਸਾਤਤ ਸੇ ਕਾਇਦਿ-ਆਜ਼ਮ ਸੇ 'ਮਮਦੋਟ ਵਿੱਲਾ' ਮੇਂ ਮੁਲਾਕਾਤ ਕੀ। ਸਿੱਖ ਨੌਜਵਾਨੋਂ ਕੇ ਇਸ ਸਵਾਲ ਕੇ ਜਵਾਬ ਮੇਂ ਕਿਹ ਆਪਸ ਮੇਂ ਮਿਲ ਕਰ ਬਾਤੇਂ ਕਰਨੇ ਕੀ ਕਿਆ ਸੂਰਤ ਹੋ ਸਕਤੀ ਹੈ, ਕਾਇਦਿ-ਆਜ਼ਮ ਨੇ ਉਨੇ ਯਿਹ ਮਸ਼ਵਰਾ ਦੀਆ ਕਿ ਜ਼ਮੀਨੋਂ ਅਸਮਾਨ ਕੀ ਬਾਤੇਂ ਕਰਨੇ ਕੀ ਬਜਾਏ ਸਿੱਖੋਂ ਕੋ ਅਪਨੇ ਮੁਤਾਲਬਾਤ (ਮੰਗਾਂ) ਕੋ ਕਲਮਬੰਦ ਕਰਨਾ ਚਾਹੀਏ। ਜਹਾਂ ਤਕ ਮੁਸਲਿਮ ਲੀਗ ਕਾ ਤਅੱਲੁਕ ਹੈ ਵੁਹ ਉਨ ਪਰ ਦਾਨਸ਼ਮੰਦੀ ਔਰ ਹਮਦਰਦੀ ਸੇ ਗ਼ੌਰ ਕਰੇਗੀ।

ਸਿੱਖ ਨੌਜਵਾਨੋਂ ਨੇ ਕਾਇਦਿ-ਆਜ਼ਮ ਕਾ ਯਿਹ ਪੈਗ਼ਾਮ ਆਪਣੇ ਲੀਡਰੋਂ ਕੇ ਕਾਨੋਂ ਤਕ ਪਹੁੰਚਾਇਆ ਔਰ ਇਸ ਬਾਤ ਕਾ ਅਸਰਾਰ ਕੀਆ (ਡਟ ਗਏ) ਕਿ ਕਮ ਅਜ਼ ਕਮ ਅਤਮਾਮੇ-ਹੁਜੱਤ ਕੇ

ਤੌਰ ਪਰ (ਦਲੀਲ ਗੱਲ ਮੁਕਾਉਣ ਲਈ) ਕਾਇਦਿ-ਆਜ਼ਮ ਤਕ ਸਿੱਖੋਂ ਕੇ ਮੁਤਾਲਾਖਾਤ ਪਹੁਚਨੇ ਚਾਹੀਏਂ। ਚੁਨਾਂਚਿ ਗਿਆਨੀ ਕਰਤਾਰ ਸਿੰਘ ਨੇ, ਜਿਨ੍ਹੇਂ "ਸਿੱਖੋਂ ਕਾ ਦਿਮਾਗ" ਸਮਝਾ ਜਾਤਾ ਥਾ, ਕਾਇਦਿ-ਆਜ਼ਮ ਕੇ ਨਾਮ ਏਕ ਖ਼ਤ ਡਰਾਫਟ ਕੀਆਂ ਜਿਸ ਮੇਂ ਸਿੱਖੋਂ ਕੇ ਮੁਤਾਲਬਾਤ (ਮੰਗਾਂ) ਕੀ ਸਿਆਸੀ, ਮਜ਼ਹਬੀ ਔਰ ਸਕਾਫਤੀ (ਕਲਚਰਲ, ਸਾਂਸਕ੍ਰਤਕ) ਸ਼ੱਕੋਂ ਕੇ ਮਾਤਹਤ ਗਰਦਾਨ ਕੀ ਗਈ ਥੀ (ਮੱਦਾਂ ਹੇਠਾਂ ਗੇਣਤੀ ਕੀਤੀ ਗਈ ਸੀ।) ਇਸ ਮੇਂ ਸੂਬੇ ਕੇ ਇਲਾਵਾ ਮਰਕਜ਼ ਮੇਂ ਫੌਜੀ ਔਰ ਸਿਵਲ ਮੁਲਾਜ਼ਮਤੋਂ ਮੇਂ ਸਿੱਖੋਂ ਕੇ ਤਨਾਸਬ ਪਰ ਅਸਰਾਰ ਥਾ (ਜ਼ੋਰ ਦਿਤਾ ਗਿਆ ਸੀ)। ਸਿੱਖ ਰਿਆਸਤੋਂ, ਪਟਿਆਲਾ, ਨਾਭਾ, ਜੀਂਦ. ਫਰੀਦਕੋਟ ਔਰ ਕਪੂਰਥਲਾ ਕੇ ਮੁਸਤਕਬਿਲ ਕੇ ਮੁਤੱਲਕ ਜ਼ਮਾਨਤ ਤਲਬ ਕੀ ਗਈ ਥੀ ਔਰ ਇਸ ਬਾਤ ਕੀ ਆਈਨੀ ਜ਼ਮਾਨਤ ਮਾਂਗੀ ਗਈ ਥੀ ਕਿ ਮੁਤਹੱਦਾ ਪੰਜਾਬ ਮੇਂ ਵਜ਼ੀਰੇ-ਆਜ਼ਮ ਔਰ ਗਵਰਨਰ ਕੇ ਉਹਦੋਂ ਮੇਂ ਸੇ ਕਿਸੀ ਏਕ ਪਰ ਹਮੇਸ਼ਾ ਸਿਖ ਕੋ ਫ਼ਾਇਜ਼ ਰੱਖਾ ਜਾਏਗਾ। ਜਹਾਂ ਤਕ ਸਿਖੋਂ ਕੇ ਗੁਰਦੁਆਰੋਂ ਕਾ ਤਅੱਲੁਕ ਥਾ ਇਨ ਕੇ ਮਾਲੀਅਤ, ਇੰਤਜ਼ਾਮਾਤ ਔਰ ਇਤਖ਼ਾਕਾਤ ਪਰ ਸਿੱਖ਼ੋਂ ਕੇ ਲੀਏ ਖ਼ੁਦਮੁਖਤਾਰੀ ਕਾ ਮੁਤਾਲਕਾ ਕੀਆ ਥਾ। ਇਨ ਮੁਤਾਲਬਾਤ ਕੀ ਅਹਿਮਤਰੀਂ ਸ਼ੱਕ (ਸਭ ਤੋਂ ਜ਼ਰੂਰੀ ਮੱਦ) ਯਿਹ ਥੀ ਕਿ ਪਾਕਿਸਤਾਨ ਕੀ ਕਿਸੀ ਸੂਬਾਈ ਯਾ ਮਰਕਜ਼ੀ ਅੰਸਬਲੀ ਕੋ ਸਿੱਖੋਂ ਕੀ ਮਰਜ਼ੀ ਕੇ ਬਗੈਰ, ਐਸੇ ਮਸਾਇਲ ਪਰ, ਜਿਨ ਕਾ ਤਅੱਲੁਕ ਸਿੱਖੋਂ ਕੇ ਮਜ਼ਹਬੀ ਮਸਾਇਲ ਸੇ ਹੋ, ਕਾਨੂੰਨ ਸਾਜ਼ੀ ਕਾ ਹੱਕ ਹਾਸਲ ਨਹੀਂ ਹੋਗਾ। ਇਸ ਖ਼ਤ ਕਾ ਆਖ਼ਰੀ ਫ਼ਿਕਰਾ ਯਿਹ ਥਾ, "ਜਿਸ ਤਰਹ ਬਰਤਾਨੀਆਂ ਕੀ ਸਾਵਰਨ ਪਾਰਲੀਮੈਂਟ ਕੋ ਯਿਹ ਅਖ਼ਤਿਆਰ ਹਾਸਲ ਨਹੀਂ ਕਿ ਵੁਹ ਵੋਟੋਂ ਕੀ ਅਕਸਰੀਅਤ ਸੇ ਬਾਂਦਸ਼ਾਹਤ ਕੇ ਖ਼ਾਤਮਾ ਕਾ ਕਾਨੂੰਰ ਬਨਾ ਸਕੇਂ, ਇਸੀ ਤਰ੍ਹਾਂ ਪਾਕਿਸਤਾਨ ਕੀ ਮੁੱਜਵਜ਼ਹ (ਸਥਾਪਤ) ਕਿਸੀ ਸੂਬਾਈ ਯਾ ਮਰਕਜ਼ੀ ਅੰਸਬਲੀ ਕੋ ਮਹਿਜ਼ ਅਕਸਰੀਅਤ ਕੇ ਬਲ ਬੋਤੇ ਪਰ ਸਿੱਖੋਂ ਕੇ ਮਜ਼ਹਬੀ ਮੁਆਮਲਾਤ ਪਰ ਕਾਨੂੰਨ ਸਾਜ਼ੀ ਕਾ ਅਖ਼ਤਿਆਰ ਹਾਸਲ ਨਹੀਂ ਹੋਗਾ।" ਇਸ ਖ਼ਤ ਮੇਂ ਗਿਆਨੀ ਕਰਤਾਰ ਸਿੰਘ ਨੇ ਕਾਇਦਿ-ਆਜ਼ਮ ਕੋ ਯਿਹ ਯਕੀਨ ਦਿਲਾਇਆ ਥਾ ਕਿਹ ਅਗਰ ਮੁਸਲਿਮ ਲੀਗ ਸਿੱਖੋਂ ਕੇ ਇਨ ਕਮ-ਅਜ਼-ਕਮ ਮੁਤਾਲਬਾਤ ਕੋ ਕਬੂਲ ਕਰੇ ਤੋਂ ਅਕਾਲੀ ਦਲ ਔਰ ਮੁਸਲਿਮ ਲੀਗ ਦੋਨੋਂ ਮਿਲ ਕਰ ਪੰਜਾਬ ਕੋ ਮੁਤਹੱਦਾ ਰਖਨੇ ਕੇ ਲੀਏ ਜੱਦੋ ਜਹਿਦ ਕਰੇਂਗੇ।

ਗਿਆਨੀ ਕਰਤਾਰ ਸਿੰਘ ਨੇ ਯਿਹ ਮੈਮੋਰੰਡਮ ਮਾਸਟਰ ਤਾਰਾ ਸਿੰਘ ਕੋ ਭੀ ਪੜ੍ਹਾਇਆ ਔਰ ਜਬ ਉਨ੍ਹੋਂ ਨੇ ਇਸ ਪਰ ਸਾਦ ਕਰ ਦੀਆਂ (ਮਨਜ਼ੂਰ ਕਰ ਲਿਆ) ਤੋਂ ਪੋਸਟਸਕ੍ਰਿਪਟ ਕੇ ਤੌਰ ਪਰ ਯਿਹ ਫਿਕਰਾ ਈਜ਼ਾਦ ਕੀਆ ਗਿਆ, "ਮ: ਤਾਰਾ ਸਿੰਘ ਇਸ ਦਸਤਾਵੇਜ਼ ਕੇ ਮੰਦਰਜਾਤ ਸੇ ਮੁਤਫ਼ਿਕ ਹੈ।"

ਜਬ ਯਿਹ ਮੈਮੋਰੰਡਮ ਟਾਇਪ ਹੋ ਕਰ ਤਿਆਰ ਹੋ ਗਿਆ ਤੋ ਯਿਹ ਫੈਸਲਾ ਹੂਆ ਕਿਹ ਇਸੇ ਡਾਕ ਮੇਂ ਭੇਜਨੇ ਕੀ ਬਜਾਏ ਕਿਸੀ ਕਾਬਲੇ ਇਅਤਮਾਦ (ਭਰੋਸੇਯੋਗ) ਕਾਸਦ ਕੇ ਜ਼ਰੀਏ ਕਾਇਦਿ-ਆਜ਼ਮ ਤਕ ਪਹੁੰਚਾਇਆ ਜਾਏ। ਕੁਰਆਏ ਫ਼ਾਲ ਗਿਆਨੀ ਕਰਤਾਰ ਸਿੰਘ ਕੇ ਏਕ ਖ਼ਾਸ "ਮਹਿਰਮੇ ਰਾਜ਼" (ਭੇਤੀ), ਡਾਕਟਰ ਗੋਪਾਲ ਸਿੰਘ, 'ਦਰਦੀ' ਕੇ ਨਾਮ ਪੜਾ। ਗਿਆਨੀ ਜੀ ਨੇ 'ਦਰਦੀ' ਕੋ ਬੁਲਾ ਕਰ ਮੈਮੋਰੰਡਮ ਕੋ ਇਨ ਕੇ ਹਵਾਲੇ ਕਰਤੇ ਹੂਏ ਤਾਕੀਦ ਕੀ ਕਿਹ ਵੁਹ ਦਹਿਲੀ ਜਾਕਰ, ਜਹਾਂ ਉਨ੍ਹ ਦਿਨੋਂ 10-ਔਰੰਗਜ਼ੇਬ ਰੋਡ ਪਰ ਕਾਇਦਿ-ਆਜ਼ਮ ਮੁਕੀਮ ਥੇ, ਯਿਹ ਅਹਿਮ ਦਸਤਾਵੇਜ਼ ਉਨ੍ਹੇਂ ਦੇ ਆਏਂ। ਮਿਸਟਰ ਦਰਦੀ ਨੇ ਦਹਿਲੀ ਪਹੁੰਚ ਕਰ, 10-ਔਰੰਗਜ਼ੇਬ ਰੋਡ ਕੀ ਬਜਾਏ 'ਬਿਰਲਾ ਹਾਊਸ' ਕਾ ਰੁਖ ਕੀਆ ਜਹਾਂ ਇਨ੍ਹ ਦਿਨੋਂ ਕਾਂਗ੍ਰੇਸ ਕਾ ਕੋਈ ਇਜਲਾਸ ਜਾਰੀ ਥਾ ਔਰ ਯਿਹ ਕਾਗਜ਼ ਕਾਇਦਿ-ਆਜ਼ਮ ਕੀ ਬਜਾਏ ਪੰਡਿਤ ਜਵਾਹਰ ਲਾਲ ਨਹਿਰੂ ਕੇ ਸਪੁਰਦ ਕਰ ਦੀਏ। ਇਸ ਤਰਹ ਤਾਰੀਖ਼ ਮੇਂ ਏਕ ਔਰ "ਅਗਰ" ਕਾ ਇਜ਼ਾਫਾ ਹੋ ਗਿਆ। ਅਗਰ ਵੁਹ ਕਾਗਜ਼ ਕਾਇਦਿ-ਆਜਮ ਤਕ ਪਹੁੰਚ ਜਾਤੇ ਤੋ ਐਨ ਮੁਮਕਨ ਹੈ ਕਿਹ ਇਸ ਅਮਰ ਕੇ ਬਾਵਜੂਦ ਕਿਹ ਸਿੱਖੋਂ ਕੀ ਸਿਆਸਤ ਸ: ਬਲਦੇਵ ਸਿੰਘ ਕੀ ਭਾਰਤ ਮੇਂ ਵਾਕਿਆ ਸਟੀਲ

ਮਿਲ (ਲੋਹੇ ਦਾ ਕਾਰਖਾਨਾ) ਕੇ ਮੁਖਤਕਬਿਲ ਔਰ ਮਹਾਰਾਜਾ ਪਟਿਆਲਾ ਕੀ ਮੁਸਲਿਮ-ਦੁਸ਼ਮਨੀ ਕੇ ਬਾਇਸ ਕਾਂਗ੍ਰੇਸੀ ਸਿਆਸਤ ਕੇ ਤਾਬਿਆ ਹੋ ਚੁਕੀ ਥੀ, ਤਾਹਮ ਇਸ ਬਾਤ ਕਾ ਇਮਕਾਨ ਥਾ (ਸੰਭਵ ਸੀ) ਕਿ ਪੰਜਾਬ ਕੋ ਮੁਤਹਿੱਦ ਰਖਨੇ ਕੇ ਖਿਆਲ ਸੇ ਕਾਇਦਿ-ਆਜ਼ਮ ਅਕਾਲੀਓਂ ਕੇ ਮੁਤਾਲਬਾਤ ਪਰ ਹਮਦਰਦਾਨਾ ਗੌਰ ਕਰਨੇ ਪਰ ਤਿਆਰ ਹੋ ਜਾਤੇ ਔਰ ਯਿਹ ਭੀ ਮੁਮਕਨ ਹੈ ਕਿ ਬਾਹਿਮੀ ਅਫਹਾਮੋ ਤਫਹੀਮ ਔਰ ਕਸਰੋ ਇਨਕਸਾਰ ਸੇ (ਇਕ ਦੂਜੇ ਨੂੰ ਸਮਝਣ ਸਮਝਾਉਣ ਅਤੇ ਆਪਸੀ ਮਿਤ੍ਰਤਾ ਦੁਆਰਾ) ਸਿੱਖੋਂ ਔਰ ਮੁਸਲਮਾਨੋਂ ਮੇਂ ਮੁਫਾਹਮਿਤ (ਸਮਝੌਤੇ) ਕੀ ਕੋਈ ਸ਼ਕਲ ਨਿਕਲ ਆਤੀ ਔਰ ਇਸ ਤਰਹ ਅਗਰ ਪੰਜਾਬ ਮੁਤਹੱਦਾ ਰਹਿ ਸਕਤਾ ਤੋ ਆਜ ਬੱਰੇ ਸਗੀਰ (ਲਘੂ-ਖੰਡ, ਅਰਥਾਤ, ਹਿੰਦੁਸਤਾਂਨ) ਕੀ ਸਿਆਸਤ ਕਾ ਨਕਸ਼ਾ ਹੀ ਕੁਛ ਔਰ ਹੋਤਾ ।

ਯਹਾਂ ਯਿਹ ਬਿਆਨ ਕਰਨਾ ਦਿਲਚਸਪੀ ਸੇ ਖ਼ਾਲੀ ਨਾ ਹੋਗਾ ਕਿ ਮਿਸਟ੍ਰ ਗੋਪਾਲ ਸਿੰਘ 'ਦਰਦੀ' ਕੀ ਇਨ ਖ਼ਿਦਾਮਤ ਕੇ ਇਵਜ਼ ਇਨਹੇਂ ਮਸ਼ਰਕੀ ਪੰਜਾਬ ਸੇ ਅਪਰ ਹਾਊਸ (ਰਾਜਯ ਸਭਾ) ਕਾ ਪੰਡਿਤ ਨਹਿਰੂ ਕੀ ਮੁਦਾਖਲਤ ਕੇ ਬਾਅਦ ਰੁਕਨ ਭੀ ਮੁਨਤਖ਼ਿਬ ਕੀਆ ਗਿਆ ਥਾ । ਆਜ ਸਿੱਖ ਅੱਵਾਮ (ਪੰਥ) ਗੋਪਾਲ ਸਿੰਘ, 'ਦਰਦੀ' ਕੋ ਮੁਖਾਤਿਬ ਕਰ ਕੇ ਕਹਿ ਸਕਤੇ ਹੈਂ : "ਕੌਮੇ ਫਿਰੂਖਤੰਦੋ ਚਿਹ ਅਰਜ਼ਾਂ ਫ਼ਿਰਖਤੰਦ" (ਇਸ ਨੀਚ ਨੇ ਪੰਥ ਨੂੰ ਕੌਡੀਆਂ ਦੇ ਭਾਅ ਵੇਚ ਦਿੱਤਾ) ।*

---

* ਡਾ: ਗੁਪਾਲ ਸਿੰਘ ਜੀ 'ਦਰਦੀ' ਨੂੰ ਸੰਨ 1962 ਵਿੱਚ, ਪੰਜਾਬ ਵਿਧਾਨ ਸਭਾ ਨੇ ਰਾਜ ਸਭਾ ਦਾਂ ਮੈਂਬਰ ਨਹੀਂ ਸੀ ਚੁਣਿਆ । ਪੰਡਿਤ ਨਹਿਰੂ ਦੀ ਸਰਕਾਰ ਦੇ ਹੁਕਮ ਅਨੁਸਾਰ ਰਾਸ਼ਟ੍ਰਪਤੀ ਨੇ 'ਦਰਦੀ' ਜੀ ਨੂੰ ਨਾਮਜ਼ਦ ਕੀਤਾ ਸੀ । ਅਜ ਕਲ ਡਾਕਟਰ ਗੋਪਾਲ ਸਿੰਘ ਜੀ ਭਾਰਤ ਦੇ ਵਿਦੇਸ਼ੀ ਸਫੀਰ ਦੇ ਉੱਚ ਅਸਥਾਨ ਉਤੇ ਨਿਯੁਕਤ ਹਨ । ਕ. ਸ.

## ਅੰਤਿਕਾ ॥੫॥

(ਰੋਜ਼ਾਨਾਂ, "ਜੱਥੇਦਾਰ", ਜਲੰਧਰ ਦੇ 19 ਅਗਸਤ, ਸੰਨ, 1970 ਦੇ ਅੰਕ ਵਿਚ ਛਪਿਆ, ਸ: ਗੁਰਮੀਤ ਸਿੰਘ, ਐਡਵੋਕੇਟ ਦਾ ਪਾਕਿਸਤਾਨੀ, ਸ਼ਹਿਰੀ, ਗਿਆਨੀ ਹਰੀ ਸਿੰਘ ਨਾਲ ਇੰਟਰਵਿਊ ।)

### ਜਦ ਮਾਸਟਰ ਜੀ ਨੇ ਜਿਨਾਹ ਨੂੰ ਮਿਲਣ ਤੋਂ ਇਨਕਾਰ ਕਰ ਦਿਤਾ
### ਪਾਕ ਦੇ ਗਿਆਨੀ ਹਰੀ ਸਿੰਘ ਨਾਲ ਇੰਟਰਵਿਊ

(ਗੁਰਮੀਤ ਸਿੰਘ ਐਡਵੋਕੇਟ)

ਅਸੀਂ 4 ਜੂਨ 1970 ਨੂੰ ਰਾਤ ਦੇ 12 ਵਜੇ ਬਾਦਾਮੀ ਬਾਗ ਸਟੇਸ਼ਨ ਲਾਹੌਰ ਤੇ ਟਰੇਨ ਰਾਹੀਂ ਪਹੁੰਚ ਗਏ । ਸਟੇਸ਼ਨ ਤੋਂ ਟਾਂਗਾ ਕੀਤਾ ਤੇ ਗੁਰਦੁਆਰਾ ਡੇਰ੍ਹਾ ਸਾਹਿਬ ਵਿਚ ਜਾ ਪੁਜੇ । ਸਾਨੂੰ ਕਮਰਾ ਰਹਿਣ ਲਈ ਨਾ ਮਿਲ ਸਕਿਆ, ਪਰ ਇਕ ਵਾਕਫ਼ ਨੇ ਆਪਣੇ ਕਮਰੇ ਵਿਚ ਸਾਮਾਨ ਰਖ ਲੈਣ ਦਿਤਾ । ਮੈਂ ਸਾਮਾਨ ਰਖ ਕੇ ਬਿਸਤਰਾ ਚੁਕ ਕੇ ਉਪਰ ਦੀ ਛਤ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਕੋਲ ਸੰਗਮਰਮਰ ਦੇ ਠੰਢੇ ਫਰਸ਼ ਤੇ ਜਾ ਸੁਤਾ । ਸਵੇਰੇ 6 ਵਜੇ ਮੇਰੇ ਸਾਥੀਆਂ ਨੇ ਮੈਨੂੰ ਜਗਾਇਆ । ਗੁਰਦੁਆਰਾ ਸਾਹਿਬ ਵਿਚ ਪੱਕੇ ਗੁਸਲਖਾਨੇ ਤੇ ਫਲੱਸ਼ ਟਟੀਆਂ ਬਣੀਆਂ ਹੋਈਆਂ ਸਨ । ਮੈਂ ਛੇਤੀ ਹੀ ਤਿਆਰ ਹੋ ਗਿਆ । ਕਰੀਬਨ 7-30 ਵਜੇ ਅਖੰਡ ਪਾਠ ਰਖਿਆ ਗਿਆ ਤੇ ਸੰਗਤਾਂ ਪ੍ਰਸ਼ਾਦ ਲੈ ਕੇ ਬਾਹਰ ਆ ਗਈਆ । ਹਰ ਕੋਈ ਲਾਹੌਰ ਸ਼ਹਿਰ ਵੇਖਣ ਤੇ ਆਪਣੇ ਪੁਰਾਣੇ ਮੁਸਲਮਾਨ ਮਿਤਰਾਂ ਨੂੰ ਮਿਲਣ ਨੂੰ ਉਤਾਵਲਾ ਸੀ । ਪਰ ਪਾਕਿਸਤਾਨ ਗੌਰਮਿੰਟ ਦਾ ਹੁਕਮ ਸੀ, ਯਾਤਰੂ ਅਜ ਗੁਰਦੁਆਰੇ ਦੀ ਹਦ ਤੋਂ ਬਾਹਰ ਨਹੀਂ ਜਾ ਸਕਦੇ । ਹਰ ਇਕ ਯਾਤਰੂ ਦੇ ਚਿਹਰੇ ਤੋਂ ਗੁਸਾ ਉਭਰ ਆਇਆ । ਮੈਂ ਸੰਗਤਾਂ ਨੂੰ ਕਿਹਾ ਕਿ, ਸਾਨੂੰ ਇਸ ਤਰ੍ਹਾਂ ਕੈਦੀਆਂ ਵਾਂਗ ਰਹਿਣ ਦੀ ਥਾਂ ਪਰੋਟੈਸਟ ਦੇ ਤੌਰ ਤੇ ਵਾਪਸ ਚਲਾ ਜਾਣਾ ਚਾਹੀਦਾ ਹੈ । ਪੰਜ ਸਿੰਘ ਇਥੇ ਛਡ ਜਾਣੇ ਚਾਹੀਦੇ ਹਨ ਜੋ ਅਖੰਡ ਪਾਠ ਦਾ ਭੋਗ ਪਾ ਕੇ ਵਾਪਸ ਆ ਜਾਣ । ਸੰਗਤਾਂ ਮੇਰੇ ਨਾਲ ਸਹਿਮਤ ਹੋ ਗਈਆਂ ਤੇ ਉਹਨਾਂ ਨੇ ਮੈਨੂੰ ਪਰੋਟੈਸਟ ਦਾ ਮਜ਼ਮੂਨ ਲਿਖਣ ਲਈ ਕਿਹਾ । ਮੈਂ ਇਕ ਪਾਸੇ ਵਿਹਲੀ ਥਾਂ ਤੇ ਆਕੇ ਬਹਿ ਗਿਆ ਤੇ ਤਿੰਨ ਚਾਰ ਸਿੰਘ ਹੋਰ ਵੀ ਮੇਰੇ ਕੋਲ ਬਹਿ ਗਏ । ਇਹਨਾਂ ਵਿਚ ਇਕ ਪਤਲਾ ਜਿਹਾ ਛੋਟੀ ਜਿਹੀ ਸਫ਼ੈਦ ਦਾੜ੍ਹੀ ਵਾਲਾ ਬਜ਼ੁਰਗ ਸਿੰਘ ਵੀ ਸੀ ਜੋ ਪਹਿਰਾਵੇ ਤੇ ਗਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਮੁਲਾਜ਼ਮ ਮਾਲੂਮ ਹੁੰਦਾ ਸੀ । ਇਹ ਸਿੰਘ ਮੈਨੂੰ ਕਹਿ ਰਿਹਾ ਸੀ, ਉਹ ਨੀਲੀ ਪਗੜੀ ਵਾਲੇ ਪਤਲੇ ਜਿਹੇ ਲੰਮੇ ਸਿਖ ਨੂੰ ਵੇਖ ਰਹੇ ਹੋ, ਉਹ ਗਿਅਨੀ ਹਰੀ ਸਿੰਘ ਹੈ, ਉਹ ਪਾਕਿਸਤਾਨੀ ਸ਼ਹਿਰੀ ਹੈ, ਤੇ ਪਾਕਿਸਤਾਨ ਦਾ ਜਾਸੂਸ ਹੈ, ਅਤੇ ਗੁਰਦੁਆਰੇ ਅੰਦਰ ਜੋ ਗਲ ਬਾਤ ਹੁੰਦੀ ਹੈ, ਉਸ ਦੀ ਡਾਇਰੀ ਫੌਰਨ ਭੇਜ ਦਿੰਦਾ ਹੈ । ਤੁਸੀਂ ਉਸ ਨੂੰ ਵੀ ਇਸ ਪਰੋਟੈਸਟ ਬਾਰੇ ਦਸ ਦਿਉ, ਉਹ ਝੱਟ ਪਾਕਿਸਤਾਨੀ ਅਫ਼ਸਰਾਂ ਨੂੰ ਖਬਰ ਕਰ ਦੇਵੇਗਾ, ਇਸ ਤਰ੍ਹਾਂ ਸ਼ਾਇਦ ਸਾਡਾ ਕੰਮ ਬਣ ਜਾਵੇਗਾ ।

ਉਸ ਦੀ ਇਹ ਗਲ ਸੁਣ ਕੇ ਮੈਨੂੰ ਖਿਆਲ ਆਇਆ ਕਿ ਮੈਂ ਗਿਆਨੀ ਹਰੀ ਸਿੰਘ ਬਾਰੇ ਕੁਝ ਸਾਲ ਪਹਿਲਾਂ ਕਿਸੇ ਉਰਦੂ ਦੇ ਅਖ਼ਬਾਰ ਵਿਚ ਪੜ੍ਹਿਆ ਸੀ ਕਿ ਉਹ ਜਿਨਾਹ ਅਤੇ ਸਿਖ ਲੀਡਰਾਂ ਦਰਮਿਆਨ ਚਿਠੀ ਪੱਤਰ ਤੇ ਸੁਨੇਹੇ ਲੈ ਜਾਂਦਾ ਹੁੰਦਾ ਸੀ । ਮੇਰੇ ਦਿਲ ਵਿਚ ਉਸ ਨੂੰ ਮਿਲਣ ਦੀ ਖ਼ਾਹਿਸ਼

ਜ਼ਾਗੀ। ਮੈਂ ਉਸ ਮੁਲਾਜ਼ਮ ਸਿੰਘ ਨੂੰ ਕਿਹਾ ਕਿ ਜਾਕੇ ਹਰੀ ਸਿੰਘ ਨੂੰ ਕਹਿ ਕਿ ਮੈਂ ਉਸ ਨੂੰ ਮਿਲਣਾ ਚਾਹੁੰਦਾ ਹਾਂ। ਉਹ ਝਟ ਜਾ ਕੇ ਗਿਆਨੀ ਹਰੀ ਸਿੰਘ ਨੂੰ ਨਾਲ ਲੈ ਆਇਆ। ਮੇਰੇ ਕੋਲ ਬੈਠੇ ਸਿੰਘਾਂ ਨੇ ਉਸ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਬਾਹਰ ਘੁੰਮਣ ਦੀ ਇਜਾਜ਼ਤ ਲੈ ਦੇਵੇ। ਉਸ ਨੇ ਵਾਇਦਾ ਕੀਤਾ ਕਿ ਉਹ ਪੂਰੀ ਕੋਸ਼ਿਸ਼ ਕਰੇਗਾ। ਮੈਂ ਗਿਆਨੀ ਜੀ ਨੂੰ ਇਕ ਪਾਸੇ ਲੈ ਜਾਕੇ ਕਿਹਾ ਕਿ ਮੈਂ ਤੁਹਾਥੋਂ ਕੁਝ ਸਵਾਲ ਪੁਛਣੇ ਹਨ। ਉਹ ਰਜ਼ਾਮੰਦ ਹੋ ਗਏ। ਪਰ ਮੈਨੂੰ ਉਹਨਾ ਦੇ ਚਿਹਰੇ ਤੋਂ ਕੁਝ ਝਿਜਕ ਜਿਹੀ ਦਿਸੀ। ਮੈਂ ਸਮਝ ਗਿਆ ਤੇ ਗਿਆਨੀ ਇਬਾਦੁੱਲਾ ਜੋ ਪਾਕਿਸਤਾਨੀ ਰੇਡੀਓ ਲਾਹੌਰ ਤੋਂ ਪੰਜਾਬੀ ਦਰਬਾਰ ਪੇਸ਼ ਕਰਦੇ ਹਨ. ਤੇ ਜੋ ਮੇਰੇ ਸਾਹਿਤਕ ਦੋਸਤ ਹਨ, ਨੂੰ ਕਿਹਾ ਕਿ ਉਹ ਮੇਰੀ ਸਿਫਾਰਸ਼ ਗਿਆਨੀ ਹਰੀ ਸਿੰਘ ਕੋਲ ਕਰਨ। ਗਿਆਨੀ ਇਬਾਦੁੱਲਾ ਨੇ ਮੇਰੀ ਜਾਣ ਪਛਾਣ ਗਿਆਨੀ ਹਰੀ ਸਿੰਘ ਨਾਲ ਕਰਵਾ ਕੇ ਉਹਨਾਂ ਨੂੰ ਕਿਹਾ ਕਿ ਮੇਰੇ ਸਵਾਲਾਂ ਦੇ ਜਵਾਬ ਬਿਨਾ ਝਿਝਕ ਦੇ ਦੇਣ। ਮੈਂ ਗਿਆਨੀ ਹਰੀ ਸਿੰਘ ਨੂੰ ਨਾਲ ਲੈ ਕੇ ਗੁਰਦੁਆਰੇ ਦੇ ਨਾਲ ਬਣੇ ਇਕ ਹਰੀ ਹਰੀ ਤੇ ਸੁੰਦਰ ਘਾਹ ਵਾਲੇ ਮੈਦਾਨ'ਚ ਆ ਗਿਆ, ਤੇ ਇਕ ਪਾਸੇ ਬਹਿ ਕੇ ਉਹਨਾਂ ਨਾਲ ਹੇਠ ਲਿਖੀ ਗਲ ਬਾਤ ਕੀਤੀ।

ਸਵਾਲ—ਗਿਆਨੀ ਜੀ, ਮੈਨੂੰ ਪਤਾ ਲਗਾ ਹੈ ਕਿ ਤੁਸੀਂ ਪਾਕਿਸਤਾਨ ਵਿਚ ਰਹਿਣ ਵਾਲੇ ਇਕੋ ਇਕ ਸਿੱਖ ਹੋ ਜਿਸ ਨੇ ਪਾਕਿਸਤਾਨੀ ਸ਼ਹਿਰੀਅਤ ਹਾਸਲ ਕੀਤੀ ਹੈ।

ਜਵਾਬ—ਜੀ ਨਹੀ। ਫਰੰਟੀਅਰ ਸੂਬੇ ਵਿਚ ਕੁਝ ਹੋਰ ਵੀ ਸਿਖ ਘਰਾਣੇ ਰਹਿੰਦੇ ਹਨ। ਹਾਂ ਪੱਛਮੀ ਪੰਜਾਬ ਵਿਚ ਮੈਂ ਇਕਲਾ ਹੀ ਸਿਖ ਹਾਂ।

ਸਵਾਲ—ਤੁਹਾਡਾ ਜਨਮ, ਕਦੋਂ ਤੇ ਕਿਥੇ ਹੋਇਆ ਤੇ ਤੁਹਾਡੇ ਮਾਤਾ ਪਿਤਾ ਦਾ ਕੀ ਨਾਂ ਸੀ?

ਜਵਾਬ—ਮੇਰਾ ਜਨਮ ਸੰਮਤ 1908 ਵਿਚ ਕੋਟ ਬਾਬਾ ਦੀਪ ਸਿੰਘ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਮੇਰੇ ਪਿਤਾ ਦਾ ਨਾਮ ਹਵਲਦਾਰ ਸੋਹਨ ਸਿੰਘ ਤੇ ਮਾਤਾ ਦਾ ਨਾਮ ਪ੍ਰੀਤਮ ਕੌਰ ਸੀ।

ਸਵਾਲ—ਮੈਨੂੰ ਪਤਾ ਲਗਾ ਹੈ ਕਿ ਮਿਸਟਰ ਜਿਨਾਹ ਨਾਲ ਆਪ ਦੇ ਚੰਗੇ ਸੰਬੰਧ ਸਨ। ਆਪ ਜਿਨਾਹ ਨੂੰ ਪਹਿਲੀ ਵਾਰ ਕਿਥੇ ਤੇ ਕਦੋਂ ਮਿਲੇ ਸੀ।

ਜਵਾਬ—ਮੈਂ ਜਿਨਾਹ ਸਾਹਿਬ ਨੂੰ ਪਹਿਲੀ ਵਾਰ 1946 ਵਿਚ ਔਰੰਗਜ਼ੇਬ ਰੋਡ ਦਿਲੀ ਵਿਖੇ, ਜਿਥੇ ਕਿ ਉਹ ਠਹਿਰੇ ਹੋਏ ਸਨ, ਮਿਲਿਆ ਸੀ। ਮੇਰੇ ਨਾਲ ਇਕ ਹੋਰ ਸਿਖ ਸਜਨ, ਸ: ਹਜ਼ਾਰਾ ਸਿੰਘ ਮਜੀਠਾ, ਸਨ।

ਸਵਾਲ—ਆਪ ਉਹਨਾ ਨੂੰ ਕਿਸ ਹੈਸਿਅਤ ਵਿਚ ਤੇ ਕਿਸ ਕੰਮ ਲਈ ਮਿਲੇ ਸੀ।

ਜਵਾਬ—ਮੈਂ ਬਾਬਾ ਜੀਵਨ ਸਿੰਘ ਮਜ਼ਹਬੀ ਦਲ ਦਾ ਪਰਧਾਨ ਸਾਂ, ਤੇ ਦਲ ਨੇ ਰੈਜ਼ੂਲੇਸ਼ਨ ਪਾਸ ਕਰ ਕੇ ਮੈਨੂੰ ਅਖਤਿਆਰ ਦਿੱਤਾ ਸੀ, ਕਿ ਮੈਂ ਜਿਨਾਹ ਸਾਹਿਬ ਨਾਲ ਗਲਬਾਤ ਕਰ ਕੇ ਕੋਸ਼ਸ਼ ਕਰਾਂ ਕਿ ਪੰਜਾਬ ਦਾ ਬਟਵਾਰਾ ਨਾ ਹੋਵੇ, ਅਤੇ ਸਿਖਾਂ ਤੇ ਮੁਸਮਾਨਾਂ ਦਾ ਸਮਝੌਤਾ ਹੋ ਜਾਵੇ।

ਸਵਾਲ—ਅਜਿਹਾ ਰੈਜ਼ੂਲੇਸ਼ਨ ਪਾਸ ਕਰਨ ਦੀ ਕੀ ਵਜ੍ਹਾ ਸੀ।

ਜਵਾਬ—ਸਾਡਾ ਖਿਆਲ ਸੀ ਕਿ ਪੰਜਾਂਬ ਦੇ ਬਟਵਾਰੇ ਵਿਚ ਸਿਖਾਂ ਦਾ ਭਾਰੀ ਨੁਕਸਾਨ ਹੈ, ਕਿਉਂਕਿ ਉਹਨਾਂ ਨੂੰ ਆਪਣੀਆਂ ਜਾਇਦਾਦਾਂ ਛਡਣੀਆਂ ਪੈਣਗੀਆਂ ਤੇ ਉਹਨਾਂ ਦੇ ਧਾਰਮਿਕ ਅਸਥਾਨ ਵੀ ਉਹਨਾਂ ਤੋਂ ਖੁਸ ਜਾਣਗੇ। ਸਾਨੂੰ ਕਤਲੇ ਆਮ ਦਾ ਖਤਰਾ ਮਹਿਸੂਸ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਸੀ ਕਿ ਜੋ ਸਿਖ ਮੁਸਲਮਾਨ ਔਰਤ ਨਾਲ ਹਮਬਿਸਤਰੀ ਕਰੇਗਾ, ਉਹ ਮੇਰਾ ਸਿੰਘ ਨਹੀਂ ਰਹੇਗਾ। ਪਰ ਜਿਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਰਹੇ ਸਨ, ਸਾਨੂੰ ਡਰ ਸੀ ਕਿ ਬਹੁਤ ਸਾਰੇ ਸਿਖ ਇਸ ਅਸੂਲ ਤੋਂ ਗਿਰ ਜਾਣਗੇ।

ਸਵਾਲ—ਜਿਨਾਹ ਸਾਹਿਬ ਨੇ ਇਸ ਬਾਰੇ ਆਪ ਨੂੰ ਕੀ ਜਵਾਬ ਦਿਤਾ?

ਜਵਾਬ—ਜਿਨਾਹ ਸਾਹਿਬ ਬਹੁਤ ਖੁਸ਼ ਹੋਏ ਤੇ ਉਹਨਾਂ ਨੇ ਕਿਹਾ ਕਿ ਉਹ ਸਿਖਾਂ ਨੂੰ ਪਾਕਿਸਤਾਨ

ਦੇ ਅੰਦਰ ਇਕ ਖ਼ੁਦਮੁਖਤਿਆਰ ਸਿਖ ਸਟੇਟ ਦੇਣ ਲਈ ਤਿਆਰ ਹਨ, ਜਿਥੇ ਸਿਖਾਂ ਨੂੰ ਪੂਰੀ ਪੂਰੀ ਆਜ਼ਾਦੀ ਹੋਵੇਗੀ।

ਸਵਾਲ—ਉਹ ਸਿਖ ਸਟੇਟ ਵਿਚ ਕਿਹੜੇ ਇਲਾਕੇ ਸ਼ਾਮਲ ਕੀਤੇ ਜਾਣੇ ਸਨ ?

ਜਵਾਬ—ਜਿਨਾਹ ਸਾਹਿਬ ਜਲੰਧਰ ਡਵੀਜ਼ਨ ਤੇ ਜ਼ਿਲਾ ਅੰਮ੍ਰਿਤਸਰ ਤੇ ਸਾਰੀਆਂ ਸਿਖ ਰਿਆਸਤਾਂ ਸ਼ਾਮਲ ਕਰਨ ਲਈ ਤਿਆਰ ਸਣ ਤੇ ਹੋਰ ਇਲਾਕਿਆਂ ਬਾਰੇ ਗਲਬਾਤ ਰਾਹੀਂ ਸਮਝੌਤਾ ਕਰਨ ਲਈ ਤਿਆਰ ਸਨ।

ਸਵਾਲ—ਫਿਰ ਉਸ ਗਲ ਬਾਤ ਦਾ ਸਿਟਾ ਕੀ ਨਿਕਲਿਆ।

ਜਵਾਬ—ਜਿਨਾਹ ਸਾਹਿਬ ਨੇ ਸਾਨੂੰ ਕਿਹਾ ਕਿ ਅਸੀਂ ਮਾਸਟਰ ਤਾਰਾ ਸਿੰਘ ਜੀ ਨੂੰ ਮਨਾਈਏ ਤੇ ਜਿਨਾਹ-ਮਾਸਟਰ ਗਲ ਬਾਤ ਕਰਵਾਈਏ। ਮੈਂ ਜਿਨਾਹ ਸਾਹਿਬ ਦਾ ਸੁਨੇਹਾ ਲੈ ਕੇ ਮਾਸਟਰ ਤਾਰਾ ਸਿੰਘ ਜੀ ਨੂੰ ਉਹਨਾ ਦੇ ਨਿਵਾਸ ਸਥਾਨ, ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ਮਿਲਿਆ। ਮੇਰੇ ਨਾਲ ਤੀਹ ਚਾਲੀ ਸਿਖ ਹੋਰ ਵੀ ਸਣ। ਮਾਸਟਰ ਜੀ ਨੇ ਜਿਨਾਹ ਨੂੰ ਮਿਲਣ ਤੋਂ ਨਾਂਹ ਕਰ ਦਿਤੀ ਤੇ ਕਿਹਾ ਕਿ ਉਹ ਰਾਵਲਪਿੰਡੀ ਵਿਚ ਹੋਏ ਸਿਖਾਂ ਦੇ ਕਤਲ ਦਾ ਬਦਲਾ ਲੈਣਗੇ।

ਸਵਾਲ—ਸਿਖ ਲੀਡਰਾਂ ਵਿਚੋਂ ਹੋਰ ਕੌਣ ਕੌਣ ਲੀਡਰ ਆਪ ਨਾਲ ਸਹਿਮਤ ਸਨ।

ਜਵਾਬ—ਵੈਸੇ ਤੇ ਬਹੁਤ ਸਾਰੇ ਸਿਖ ਲੀਡਰ ਸਾਡੇ ਨਾਲ ਸਹਿਮਤ ਸਨ। ਪਰ ਉਹ ਮਾਸਟਰ ਜੀ ਦੀ ਮੁਖਾਲਫਤ ਦੇ ਕਾਰਨ ਚੁਪ ਸਨ। ਗਿਆਨੀ ਕਰਤਾਰ ਸਿੰਘ ਜੀ ਇਸ ਮਿਸ਼ਨ ਲਈ ਖੁਲ੍ਹਕੇ ਕੰਮ ਕਰਦੇ ਰਹੇ ਤੇ ਉਹ ਇਸ ਕੰਮ ਲਈ ਦਿੱਲੀ ਵਿਚ ਮੁਸਲਿਮ ਕਨਵੈਨਸ਼ਨ ਵਿਚ ਵੀ ਸ਼ਾਮਲ ਹੋਏ ਸੀ। ਬਾਅਦ ਵਿਚ ਉਹ ਮਾਸਟਰ ਜੀ ਦੇ ਅਸਰ ਹੇਠਾਂ ਆਕੇ ਪਰੇ ਹਟ ਗਏ।

ਸਵਾਲ—ਜਿਨਾਹ ਸਾਹਿਬ ਨੇ ਇਕ ਤਕਰੀਰ ਵਿਚ ਕਿਹਾ ਸੀ ਕਿ 'ਹਮਾਰੇ ਇਰਾਦੇ ਸਿਖ ਦੋਸਤੋਂ ਕੇ ਮੁਤਅਲਕ ਖਰਾਬ ਨਹੀਂ। ਮੈਂ ਉਨ ਸੇ ਅਪੀਲ ਕਰਤਾ ਹੂੰ ਕਿ ਵੋਹ ਆਪਣੇ ਦਿਲੋਂ ਕੋ ਬੈਰੂਨੀ ਅਸਰਾਤ ਸੇ ਆਜ਼ਾਦ ਕਰ ਲੇਂ-ਵੋਹ ਹਮੇਂ ਮਿਲੇਂ-ਮਸਾਇਲ ਪਰ ਗੁਫਤਗੂ ਕਰੇਂ-ਮੁਝੇ ਪੂਰਾ ਯਕੀਨ ਹੈ ਹਮ ਐਸੇ ਤਸਫ਼ੀਆਂ ਪਰ ਪਹੁੰਚ ਜਾਏਂਗੇ ਜੋ ਹਮਾਰੇ ਸਿਖ ਦੋਸਤੋਂ ਕੇ ਲੀਏ ਕਾਬਲੇ ਇਤਮੀਨਾਨ ਹੋਗਾ। ("ਮੇਰਾ ਪਾਕਿਸਤਾਨ" ਸਫ਼ਾ, 92)।' ਤੁਹਾਡੀ ਇਸ ਬਾਰੇ ਕੀ ਰਾਏ ਹੈ ?

ਜਵਾਬ—ਮੇਰੀ ਰਾਏ ਵਿਚ ਜੇਕਰ ਮਾਸਟਰ ਤਾਰਾ ਸਿੰਘ ਜੀ ਇਕ ਵਾਰੀ ਭੀ ਜਿਨਾਹ ਨੂੰ ਮਿਲ ਲੈਂਦੇ ਤਾਂ ਸਮਝੌਤਾ ਹੋ ਜਾਣਾਂ ਲਾਜ਼ਮੀ ਸੀ। ਜਿਨਾਹ ਸਿਖਾਂ ਦੀ ਹਰ ਸ਼ਰਤ ਮੰਨਣ ਲਈ ਤਿਆਰ ਸੀ। ਜੇ ਅਜਿਹਾ ਹੋ ਜਾਂਦਾ ਤਾਂ ਭਾਰਤ ਦਾ ਇਤਿਹਾਸ ਤੇ ਸ਼ਕਲ ਹੀ ਬਦਲ ਜਾਂਦੀ।